Golden State Realty
JASSI GILL Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Harmit S Toor
Bay East Brokers, Inc.
BEB BAY EAST BROKERS
Help you Buy, Sell & Loans:
♦Residential & Commercial Property
♦Business Opportunity
'2021 Platinum Award in recognition of outstanding achievement in Residential and/or Commercial Sales/Listing'
Broker - MLO
BRE Lic.# 01462579
NMLS ID 358820
Broker Corp Lic: 02007516
Ph: 925-202-7027
HDtoor@gmail.com, WWW.BayEastBrokers.Com

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fourth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 24, Issue 17; April 29, 2023
20451 N. Plum Grove Rd., Palatine, IL 60074
Ph:847-359-0746, Fax:847-705-9388

## ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ

### ਉਤਰਾਅ-ਚੜ੍ਹਾਅ ਵਾਲਾ ਸਿਆਸੀ ਸਫਰ ਮੁੱਕਿਆ

**ਚੰਡੀਗੜ੍ਹ:** ਪੰਜਾਬ ਦੇ ਸਾਬਕਾ ਮੁੱਖ ਮੰਤਰੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ ਹੋ ਗਿਆ ਹੈ। ਤਬੀਅਤ ਖ਼ਰਾਬ ਹੋਣ ਪਿੱਛੋਂ ਸਾਬਕਾ ਮੁੱਖ ਮੰਤਰੀ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਦੇ ਆਈ.ਸੀ.ਯੂ. ਵਾਰਡ ਵਿਚ ਦਾਖ਼ਲ ਕਰਵਾਇਆ ਗਿਆ ਸੀ ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਉਹ 95 ਸਾਲਾਂ ਦੇ ਸਨ।

ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੀ ਲੰਮੀ ਹਯਾਤੀ ਅਤੇ ਲੰਮੇ ਸਿਆਸੀ ਸਫਰ ਦੌਰਾਨ ਕਈ ਉਤਰਾਅ-ਚੜ੍ਹਾਅ ਦੇਖੇ। ਉਨ੍ਹਾਂ ਇਕ ਦੌਰ ਅਜਿਹਾ ਵੀ ਦੇਖਿਆ ਜਦੋਂ ਆਮ ਲੋਕ ਉਨ੍ਹਾਂ ਨੂੰ ਬੇਹੱਦ ਲਾਡ ਕਰਦੇ ਸਨ; ਖਾਸਕਰ ਪਾਰਟੀ ਕਾਰਕੁਨ ਉਨ੍ਹਾਂ ਦੇ ਅੱਗੇ-ਪਿੱਛੇ ਘੁੰਮਦੇ ਸਨ ਪਰ ਆਪਣੀ ਉਮਰ ਦੇ ਅਖੀਰਲੇ ਦੌਰ ਦੌਰਾਨ ਉਨ੍ਹਾਂ ਨੂੰ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਂਝ, ਇਹ ਵੀ ਸੱਚ ਹੈ ਕਿ ਉਹ ਭਾਰਤੀ ਸਿਆਸਤ ਦੇ ਵੱਡੇ ਕੱਦ ਵਾਲੇ ਖੇਤਰੀ ਆਗੂਆਂ ਵਿਚ ਸ਼ੁਮਾਰ ਸਨ। ਉਹ ਪੰਜਾਬ ਦੇ 5 ਵਾਰ ਮੁੱਖ ਮੰਤਰੀ ਬਣੇ ਅਤੇ 1996 ਤੋਂ 2008 ਤੱਕ ਸ਼੍ਰੋਮਣੀ ਅਕਾਲੀ ਦੇ ਪ੍ਰਧਾਨ ਵਜੋਂ ਕੰਮ ਕਰਦੇ ਰਹੇ। 1970 ਵਿਚ ਬਾਦਲ 43 ਸਾਲ ਦੀ ਉਮਰ ਵਿਚ ਪਹਿਲੀ ਵਾਰ ਕਿਸੇ ਭਾਰਤੀ ਸੂਬੇ ਦੇ ਮੁੱਖ ਮੰਤਰੀ ਬਣਨ ਵਾਲੇ ਸਭ ਤੋਂ ਛੋਟੀ ਉਮਰ ਦੇ ਆਗੂ ਸਨ। 2017 ਵਿਚ ਜਦੋਂ ਉਨ੍ਹਾਂ ਦਾ 5ਵਾਂ ਕਾਰਜਕਾਲ ਪੂਰਾ ਹੋਇਆ ਤਾਂ ਉਹ 90 ਸਾਲ ਦੀ ਉਮਰ ਦੇ ਕਿਸੇ ਭਾਰਤੀ ਸੂਬੇ ਦੇ ਸਭ ਤੋਂ ਵਡੇਰੀ ਉਮਰ ਦੇ ਮੁੱਖ ਮੰਤਰੀ ਸਨ।



ਸ. ਬਾਦਲ ਦਾ ਜਨਮ 8 ਦਸੰਬਰ 1927 ਨੂੰ ਬਠਿੰਡਾ ਜ਼ਿਲ੍ਹਾ ਦੇ ਪਿੰਡ ਅਬੁਲ ਖੁਰਾਣਾ ਵਿਚ ਹੋਇਆ। ਉਨ੍ਹਾਂ ਨੇ 1947 ਵਿਚ ਆਪਣਾ ਸਿਆਸੀ ਸਫਰ ਸ਼ੁਰੂ ਕੀਤਾ। ਪੰਜਾਬ ਦੀ ਸਿਆਸਤ ਵਿਚ ਆਉਣ ਤੋਂ ਪਹਿਲਾਂ ਉਹ ਪਿੰਡ ਬਾਦਲ ਦੇ ਸਰਪੰਚ ਅਤੇ ਬਲਾਕ ਸਮਿਤੀ ਮੈਂਬਰ ਅਤੇ ਚੇਅਰਮੈਨ ਰਹੇ ਸਨ। ਐਫ.ਸੀ ਕਾਲਜ, ਲਾਹੌਰ ਤੋਂ ਗ੍ਰੈਜੂਏਸ਼ਨ ਕਾਰਨ ਤੋਂ ਬਾਅਦ ਉਹ ਵਕੀਲ ਬਣਨਾ ਚਾਹੁੰਦੇ ਸਨ ਅਤੇ ਪੰਜਾਬ ਯੂਨੀਵਰਸਿਟੀ ਵਿਚ ਐਲ.ਐਲ.ਬੀ ਵਿਚ ਦਾਖਲਾ ਤਾਂ ਲਿਆ ਪਰ ਗਿਆਨੀ ਕਰਤਾਰ ਸਿੰਘ ਦੀ ਪ੍ਰੇਰਨਾ ਨਾਲ ਸਿਆਸੀ ਤੌਰ ਉਤੇ ਸਰਗਰਮ ਹੋ ਗਿਆ। 1957 ਵਿਚ ਬਾਦਲ ਨੇ ਪਹਿਲੀ ਵਾਰ ਵਿਧਾਨ ਸਭਾ ਚੋਣ ਜਿੱਤੀ। ਫਿਰ 1969 ਵਿਚ ਮੁੜ ਵਿਧਾਨ ਸਭਾ ਦੀ ਚੋਣ ਜਿੱਤੀ ਅਤੇ ਅਕਾਲੀ ਦਲ ਅਤੇ ਜਨਸੰਘ ਦੀ ਗੱਠਜੋੜ ਸਰਕਾਰ ਦੀ ਜਸਟਿਸ ਗੁਰਨਾਮ ਸਿੰਘ ਵਜ਼ਾਰਤ ਵਿਚ ਮੰਤਰੀ ਰਹੇ।

ਪ੍ਰਕਾਸ਼ ਸਿੰਘ ਬਾਦਲ 11 ਵਾਰ ਵਿਧਾਇਕ (1 ਵਾਰ ਮਲੋਟ ਅਤੇ 5-5 ਵਾਰ ਗਿੱਦੜਬਾਹਾ ਅਤੇ ਲੰਬੀ ਤੋਂ), 5 ਵਾਰ ਮੁੱਖ ਮੰਤਰੀ (1970, 1977, 1992, 2007, 2012) ਅਤੇ ਇਕ ਵਾਰ ਕੇਂਦਰੀ ਮੰਤਰੀ ਰਹੇ। ਉਹ 2022 ਪੰਜਾਬ ਵਿਧਾਨ ਸਭਾ ਚੋਣਾਂ ਵਿਚ ਉਹ ਲੰਬੀ ਵਿਧਾਨ ਸਭਾ

*(ਬਾਕੀ ਸਫਾ 6 'ਤੇ)*

## ਜਲੰਧਰ ਜ਼ਿਮਨੀ ਚੋਣ ਲਈ ਮਾਹੌਲ ਭਖਿਆ

**ਜਲੰਧਰ:** ਲੋਕ ਸਭਾ ਹਲਕਾ ਜਲੰਧਰ ਦੀ 10 ਮਈ ਨੂੰ ਹੋਣ ਵਾਲੀ ਜ਼ਿਮਨੀ ਚੋਣ ਲਈ ਸਿਆਸੀ ਮਾਹੌਲ ਭਖਿਆ ਹੋਇਆ ਹੈ। ਲੋਕ ਸਭਾ ਚੋਣਾਂ ਤੋਂ ਤਕਰੀਬਨ ਸਾਲ ਪਹਿਲਾਂ ਹੋ ਰਹੀ ਇਸ ਚੋਣ ਲਈ ਸਿਆਸੀ ਧਿਰਾਂ ਨੇ ਟਿੱਲ ਲਾਇਆ ਹੋਇਆ ਹੈ। ਇਸ ਚੋਣ ਵਿਚ ਭਾਜਪਾ ਵੱਲੋਂ ਇੰਦਰ ਇਕਬਾਲ ਸਿੰਘ, 'ਆਪ' ਵੱਲੋਂ ਸੁਸ਼ੀਲ ਕੁਮਾਰ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸੁਖਵਿੰਦਰ ਕੁਮਾਰ, ਕਾਂਗਰਸ ਵੱਲੋਂ ਕਰਮਜੀਤ ਕੌਰ, ਅਕਾਲੀ ਦਲ (ਅ) ਦੇ ਗੁਰਜੰਟ ਸਿੰਘ ਸਮੇਤ ਵੱਖ-ਵੱਖ ਪਾਰਟੀਆਂ ਤੇ ਆਜ਼ਾਦ ਉਮੀਦਵਾਰ ਮੈਦਾਨ ਵਿਚ ਹਨ।

ਜ਼ਿਮਨੀ ਚੋਣ ਵਿਚ ਸਭ ਤੋਂ ਵੱਡੀ ਪਰਖ ਦੀ ਘੜੀ ਸੂਬੇ ਵਿਚ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਲਈ ਹੈ। ਸੱਤਾ ਵਿਚ ਆਉਣ ਤੋਂ ਬਾਅਦ ਪਾਰਟੀ ਲਈ ਇਹ ਦੂਜੀ ਲੋਕ ਸਭਾ ਜ਼ਿਮਨੀ ਚੋਣ ਹੈ। ਇਸ ਤੋਂ ਪਹਿਲਾਂ 'ਆਪ' ਆਪਣੇ ਗੜ੍ਹ, ਸੰਗਰੂਰ ਵਿਚ ਲੋਕ ਸਭਾ ਚੋਣ ਹਾਰ ਗਈ ਸੀ। 'ਆਪ' ਨੂੰ ਇਹ ਚੋਣ ਉਸ ਸਮੇਂ ਲੜਨੀ ਪੈ ਰਹੀ ਹੈ ਕਿ ਜਦੋਂ ਸਰਕਾਰ 'ਵਾਰਿਸ ਪੰਜਾਬ ਦੇ' ਮੁਖੀ ਅੰਮ੍ਰਿਤਪਾਲ ਸਿੰਘ ਮਾਮਲੇ ਵਿਚ ਸਿੱਖ ਨੌਜਵਾਨਾਂ ਦੀ ਫੜ-ਫੜਾਈ, ਸਿੱਧੂ ਮੂਸੇਵਾਲਾ ਲਈ ਇਨਸਾਫ, ਮੁਲਾਜ਼ਮਾਂ-ਪੈਨਸ਼ਨਰਾਂ ਦੀਆਂ ਮੰਗਾਂ ਸਮੇਤ ਹੋਰ ਮਸਲਿਆਂ ਉਤੇ ਕਸੂਤੀ ਫਸੀ ਹੋਈ ਹੈ।

ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਇਨਸਾਫ ਵਿਚ ਦੇਰੀ ਦੇ ਰੋਸ ਵਜੋਂ ਆਪ ਨੂੰ ਵੋਟਾਂ ਨਾ ਪਾਉਣ ਲਈ ਪ੍ਰਚਾਰ ਸ਼ੁਰੂ ਕੀਤਾ ਹੋਇਆ ਹੈ। ਮੁਲਾਜ਼ਮ-ਪੈਨਸ਼ਨਰਾਂ ਨੇ ਸਰਕਾਰ ਖਿਲਾਫ ਪ੍ਰਚਾਰ ਮੁਹਿੰਮ ਛੇੜ ਦਿੱਤੀ ਹੈ। ਇਧਰ, ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਦਾ ਪ੍ਰਛਾਵਾਂ ਜਲੰਧਰ ਜ਼ਿਮਨੀ ਚੋਣ 'ਤੇ



ਵੀ ਪੈਣ ਦੀ ਸੰਭਾਵਨਾ ਹੈ। ਆਮ ਆਦਮੀ ਪਾਰਟੀ ਦੀ ਕਦੇ ਅੱਖਾਂ ਬੰਦ ਕਰ ਕੇ ਮਦਦ ਕਰਨ ਵਾਲੇ ਪਰਵਾਸੀ ਭਾਰਤੀਆਂ ਦਾ ਮਾਨ ਸਰਕਾਰ ਤੋਂ ਮਨ ਇਸ ਕਦਰ ਖੱਟਾ ਹੋ ਚੁੱਕਾ ਹੈ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਤੋਂ ਦੂਰੀ ਬਣਾ ਲਈ ਹੈ। ਪੰਜਾਬ ਦੀ ਸਿਆਸਤ 'ਚ ਡੂੰਘੀ ਦਿਲਚਸਪੀ ਰੱਖਣ ਵਾਲੇ ਪਰਵਾਸੀ ਭਾਰਤੀਆਂ ਵੱਲੋਂ ਇਸ ਵਾਰ ਜਲੰਧਰ ਦੀ ਜ਼ਿਮਨੀ ਚੋਣ 'ਚ ਕੋਈ ਬਹੁਤੀ ਦਿਲਚਸਪੀ ਨਹੀਂ ਦਿਖਾਈ ਜਾ ਰਹੀ ਤੇ ਚੋਣ ਸਰਗਰਮੀਆਂ ਸਿਖਰ ਉਤੇ ਹੋਣ ਦੇ ਬਾਵਜੂਦ ਅਜੇ ਤੱਕ ਪਰਵਾਸੀ ਭਾਰਤੀ ਚੋਣ ਪ੍ਰਚਾਰ ਲਈ ਪੰਜਾਬ ਨਹੀਂ ਆ ਰਹੇ। ਇਕ ਸਾਲ ਦੇ ਅੰਦਰ ਹੀ ਸੂਬੇ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਤੋਂ ਪਰਵਾਸੀ ਭਾਰਤੀਆਂ ਦਾ ਮੋਹ ਭੰਗ ਹੋਣਾ ਕੋਈ ਆਮ ਵਰਤਾਰਾ ਨਹੀਂ ਹੈ ਬਲਕਿ ਸਿਆਸੀ ਹਲਕਿਆਂ 'ਚ ਇਸ ਤਬਦੀਲੀ ਨੂੰ ਕਾਫੀ ਅਹਿਮ ਸਮਝਿਆ ਜਾ ਰਿਹਾ ਹੈ। ਦੱਸਿਆ ਜਾ ਰਿਹਾ ਹੈ ਕਿ ਕੇਂਦਰ ਨਾਲ ਮਿਲ ਕੇ ਪੰਜਾਬ ਵਿਚ ਸਿੱਖ ਨੌਜਵਾਨਾਂ ਦੀ ਫੜੋ-ਫੜੀ ਤੋਂ ਪਰਵਾਸੀ ਪੰਜਾਬੀ ਖਾਸੇ ਨਾਰਾਜ਼ ਹਨ।

ਪਾਰਟੀ ਨੇ ਇਸ ਹਲਕੇ ਦੀ ਕਮਾਨ ਰਾਜ ਸਭਾ ਮੈਂਬਰ ਸੰਦੀਪ ਪਾਠਕ ਦੇ ਹੱਥ ਦਿੱਤੀ ਹੋਈ ਹੈ। 'ਆਪ' ਨੇ ਸਾਰੀ ਤਾਕਤ ਜਲੰਧਰ ਹਲਕੇ ਵਿਚ ਲਾ ਦਿੱਤੀ ਹੈ। ਉਧਰ, ਵਿਰੋਧੀ ਧਿਰਾਂ ਦਾ

*(ਬਾਕੀ ਸਫਾ 6 'ਤੇ)*

Medicare COVERED CALIFORNIA
Life & Health Insurance
Call: 510-459-7537
MEHAR INSURANCE
Bhupinder Singh Dev
bdev_99@yahoo.com
Lic# 0F86916

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Call Makhan Bains or Ravinder Singh For Your Next Party
1-866-FOR-RAJA
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਅੰਮ੍ਰਿਤਪਾਲ ਦੀ ਪਤਨੀ ਨੂੰ ਯੂ.ਕੇ. ਜਾਣ ਤੋਂ ਰੋਕਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਇਮੀਗਰੇਸ਼ਨ ਅਤੇ ਪੰਜਾਬ ਪੁਲਿਸ ਨੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਯੂਕੇ ਰਵਾਨਾ ਹੋਣ ਤੋਂ ਰੋਕ ਦਿੱਤਾ। ਤਿੰਨ ਤੋਂ ਚਾਰ ਘੰਟੇ ਦੇ ਕਰੀਬ ਚੱਲੀ ਪੁੱਛਗਿੱਛ ਮਗਰੋਂ ਉਸ ਨੂੰ ਵਾਪਸ ਪਿੰਡ ਜੱਲੂਪੁਰ ਖੇੜਾ ਸਥਿਤ ਘਰ ਭੇਜ ਦਿੱਤਾ ਗਿਆ। ਉਧਰ, ਸਿੱਖ ਜਥੇਬੰਦੀਆਂ ਤੇ ਸਿਆਸੀ ਧਿਰਾਂ ਨੇ ਇਸ ਕਾਰਵਾਈ ਦਾ ਸਖਤ ਵਿਰੋਧ ਕੀਤਾ ਹੈ।

ਵੇਰਵਿਆਂ ਮੁਤਾਬਕ ਕਿਰਨਦੀਪ ਕੌਰ ਨੇ ਏਅਰ ਇੰਡੀਆ ਦੀ ਉਡਾਣ ਰਾਹੀਂ ਅੰਮ੍ਰਿਤਸਰ ਤੋਂ ਯੂਕੇ ਜਾਣਾ ਸੀ। ਉਹ ਲਗਭਗ ਸਾਢੇ ਗਿਆਰਾਂ ਵਜੇ ਸਥਾਨਕ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੀ ਤੇ ਇਸ ਮੌਕੇ ਉਸ ਦੇ ਨਾਲ ਕੁਝ ਪਰਿਵਾਰਕ ਮੈਂਬਰ ਵੀ ਸਨ। ਜਦੋਂ ਹਵਾਈ ਅੱਡੇ 'ਤੇ ਉਸ ਦੇ ਦਸਤਾਵੇਜ਼ਾਂ ਦੀ ਜਾਂਚ ਚੱਲ ਰਹੀ ਸੀ ਤਾਂ ਇਮੀਗਰੇਸ਼ਨ ਅਧਿਕਾਰੀਆਂ ਵੱਲੋਂ ਉਸ ਨੂੰ ਪੁੱਛਗਿੱਛ ਵਾਸਤੇ ਰੋਕ ਲਿਆ ਗਿਆ। ਜ਼ਿਲ੍ਹਾ ਦਿਹਾਤੀ ਪੁਲਿਸ ਅਤੇ ਵੱਖ ਵੱਖ ਖੁਫੀਆ ਏਜੰਸੀਆਂ ਦੇ ਅਧਿਕਾਰੀਆਂ ਨੇ ਲਗਪਗ ਤਿੰਨ ਤੋਂ ਚਾਰ ਘੰਟੇ ਉਸ ਕੋਲੋਂ ਪੁੱਛਗਿੱਛ ਕੀਤੀ।

ਇਸ ਦੌਰਾਨ ਉਸ ਦੀ ਹਵਾਈ ਉਡਾਣ ਰਵਾਨਾ ਹੋ ਗਈ। ਕਿਰਨਦੀਪ ਕੌਰ ਬਰਤਾਨਵੀ ਨਾਗਰਿਕ ਹੈ ਅਤੇ ਉਸ ਦਾ ਇਸੇ ਸਾਲ ਫਰਵਰੀ ਮਹੀਨੇ ਵਿਚ ਅੰਮ੍ਰਿਤਪਾਲ ਸਿੰਘ ਨਾਲ ਆਨੰਦ ਕਾਰਜ ਹੋਇਆ ਹੈ। ਇਹ ਆਨੰਦ ਕਾਰਜ ਅੰਮ੍ਰਿਤਪਾਲ ਦੇ ਜੱਦੀ ਪਿੰਡ ਜਲੂਪੁਰ ਖੇੜਾ ਵਿਖੇ ਹੋਇਆ ਸੀ। ਉਹ ਭਾਰਤੀ ਵੀਜ਼ਾ ਲੈ ਕੇ ਅੰਮ੍ਰਿਤਸਰ ਆਈ ਹੋਈ ਸੀ ਅਤੇ ਵਾਪਸ ਯੂਕੇ ਜਾਣ ਵਾਸਤੇ ਹਵਾਈ ਅੱਡੇ ਪੁੱਜੀ ਸੀ। ਉਸ ਨੇ ਏਅਰ ਇੰਡੀਆ ਦੀ ਜਿਸ ਉਡਾਣ ਰਾਹੀਂ ਯੂਕੇ ਜਾਣਾ ਸੀ, ਉਹ ਲਗਪਗ ਡੇਢ ਵਜੇ ਰਵਾਨਾ ਹੋਣੀ ਸੀ। ਕਿਰਨਦੀਪ ਕੋਲੋਂ ਕੀਤੀ ਜਾ ਰਹੀ ਪੁੱਛਗਿੱਛ ਕਾਰਨ ਇਹ ਹਵਾਈ ਉਡਾਣ ਇਕ ਘੰਟਾ ਦੇਰੀ ਨਾਲ ਰਵਾਨਾ ਹੋਈ। ਸੁਰੱਖਿਆ ਏਜੰਸੀਆਂ ਨੇ ਹਾਲਾਂਕਿ ਕਿਰਨਦੀਪ ਕੌਰ ਨੂੰ ਯੂਕੇ ਜਾਣ ਦੀ ਪ੍ਰਵਾਨਗੀ ਨਹੀਂ ਦਿੱਤੀ। ਪਤਾ ਲੱਗਾ ਹੈ ਕਿ ਕਿਰਨਦੀਪ ਕੌਰ ਨੇ ਪੁੱਛਗਿੱਛ ਦੌਰਾਨ ਆਖਿਆ ਕਿ ਉਹ ਬਰਤਾਨਵੀ ਨਾਗਰਿਕ ਹੈ ਅਤੇ ਉਸ ਵਿਰੁੱਧ ਇਥੇ ਕੋਈ ਕੇਸ ਦਰਜ ਨਹੀਂ ਹੈ, ਪਰ ਇਸ ਦੇ ਬਾਵਜੂਦ ਉਸ ਨੂੰ ਯੂਕੇ ਜਾਣ ਤੋਂ ਰੋਕਿਆ ਗਿਆ ਹੈ। ਉਸ ਵੱਲੋਂ ਵਿਦੇਸ਼ੀ ਫੰਡਿੰਗ ਅਤੇ ਬੱਬਰ ਖਾਲਸਾ ਸੰਗਠਨ ਨਾਲ ਸਬੰਧ ਬਾਰੇ ਦੋਸ਼ਾਂ ਤੋਂ ਵੀ ਇਨਕਾਰ ਕੀਤਾ ਗਿਆ ਹੈ।



### ਕਿਰਨਦੀਪ ਕੌਰ ਨੂੰ ਤੰਗ ਕਰ ਕੇ ਸੰਵਿਧਾਨ ਦੀ ਉਲੰਘਣਾ ਕੀਤੀ: ਸੁਖਬੀਰ ਬਾਦਲ

**ਜਲੰਧਰ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਪੰਜਾਬ ਪੁਲਿਸ ਤੇ ਕੇਂਦਰੀ ਬਲਾਂ ਵੱਲੋਂ ਤੰਗ ਪ੍ਰੇਸ਼ਾਨ ਕਰਨ ਦੀ ਨਿਖੇਧੀ ਕੀਤੀ ਹੈ। ਉਨ੍ਹਾਂ ਕਿਹਾ ਕਿ ਨਿਰਦੋਸ਼ ਪਰਿਵਾਰਕ ਮੈਂਬਰਾਂ ਖ਼ਾਸ ਕਰਕੇ ਔਰਤਾਂ ਨੂੰ ਤੰਗ ਕਰਨਾ ਕਿਸੇ ਵੀ ਤਰੀਕੇ ਵਾਜਬ ਨਹੀਂ। ਪੰਜਾਬ ਸਰਕਾਰ ਇਸ ਮਾਮਲੇ ਵਿਚ ਸੰਵਿਧਾਨ ਦੀ ਉਲੰਘਣਾ ਕਰ ਰਹੀ ਹੈ। ਸੁਖਬੀਰ ਨੇ ਕਿਹਾ ਕਿ ਭਗਵੰਤ ਮਾਨ ਦੋਗਲੇ ਮਿਆਰ ਅਪਣਾ ਰਹੇ ਹਨ।

### ਕਿਰਨਦੀਪ ਕੌਰ ਨੂੰ ਰੋਕਣਾ ਠੀਕ ਨਹੀਂ: ਜਥੇਦਾਰ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਦੋਸ਼ ਲਾਇਆ ਕਿ ਕੇਂਦਰ ਸਰਕਾਰ ਦੇਸ ਵਿਚ ਸਿੱਖ ਵਿਰੋਧੀ ਮਾਹੌਲ ਸਿਰਜ ਰਹੀ ਹੈ ਜੋ ਠੀਕ ਨਹੀਂ ਹੈ। ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਹਵਾਈ ਅੱਡੇ ਤੋਂ ਬਰਤਾਨੀਆ ਜਾਣ ਤੋਂ ਰੋਕੇ ਜਾਣ 'ਤੇ ਟਿੱਪਣੀ ਕਰਦਿਆਂ ਜਥੇਦਾਰ ਨੇ ਆਖਿਆ ਕਿ ਜੇਕਰ ਕੋਈ ਬੇਕਸੂਰ ਹੈ ਅਤੇ ਉਸ ਖਿਲਾਫ ਕੋਈ ਕੇਸ ਵੀ ਦਰਜ ਨਹੀਂ ਤਾਂ ਉਸ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ। ਪੁਲਿਸ ਮੁੜ ਉਨ੍ਹਾਂ ਦੇ ਘਰ ਜਾ ਕੇ ਉਸ ਕੋਲੋਂ ਪੁੱਛਗਿੱਛ ਕਰ ਸਕਦੀ ਸੀ ਪਰ ਉਸ ਨੂੰ ਆਪਣੇ ਘਰ ਜਾਣ ਤੋਂ ਰੋਕਣਾ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ।

### ਸਿਮਰਨਜੀਤ ਸਿੰਘ ਮਾਨ ਨੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ ਲਾਏ

**ਸੰਗਰੂਰ:** ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਰਨਦੀਪ ਕੌਰ ਦੇ ਮਾਮਲੇ ਵਿਚ ਦਿੱਲੀ ਯੂਕੇ ਸਫ਼ਾਰਤਖ਼ਾਨੇ ਦੇ ਸਫ਼ੀਰ ਨੂੰ ਪੱਤਰ ਭੇਜ ਕੇ ਦੋਸ਼ ਲਾਇਆ ਕਿ ਸਰਕਾਰ ਦੀ ਇਹ ਕਾਰਵਾਈ ਕਿਰਨਦੀਪ ਕੌਰ ਨੂੰ ਤੰਗ ਪ੍ਰੇਸ਼ਾਨ ਕਰਨ ਅਤੇ ਬੰਦੀ ਬਣਾ ਕੇ ਰੱਖਣ ਬਰਾਬਰ ਹੈ ਜੋ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਵੀ ਪੱਤਰ ਭੇਜ ਕੇ ਕਿਰਨਦੀਪ ਕੌਰ ਦੇ ਹੱਕਾਂ ਦੀ ਰਾਖੀ ਮੰਗੀ ਹੈ।

## ਕੈਲੀਫੋਰਨੀਆ 'ਚ ਗ੍ਰਿਫਤਾਰ ਗੈਂਗਸਟਰਾਂ ਨੂੰ ਵਤਨ ਲਿਆਏਗੀ ਪੰਜਾਬ ਪੁਲਿਸ

**ਅੰਮ੍ਰਿਤਸਰ:** ਕੈਲੀਫੋਰਨੀਆ ਦੀ ਪੁਲਿਸ ਵੱਲੋਂ ਵੱਖ-ਵੱਖ ਹਿੰਸਕ ਮਾਮਲਿਆਂ ਵਿਚ ਗ੍ਰਿਫਤਾਰ ਕੀਤੇ 17 ਸਿੱਖ ਵਿਅਕਤੀਆਂ 'ਚ ਸ਼ਾਮਲ ਕਥਿਤ ਗੈਂਗਸਟਰ ਪਵਿੱਤਰ ਸਿੰਘ ਨੂੰ ਭਾਰਤ ਲਿਆਉਣ ਵਾਸਤੇ ਪੰਜਾਬ ਪੁਲਿਸ ਵੱਲੋਂ ਹਵਾਲਗੀ ਪ੍ਰਕਿਰਿਆ ਆਰੰਭੀ ਜਾਵੇਗੀ।

ਇਸ ਦੀ ਪੁਸ਼ਟੀ ਜ਼ਿਲ੍ਹਾ ਦਿਹਾਤੀ ਪੁਲੀਸ ਦੇ ਐਸ.ਐਸ.ਪੀ. ਸਤਿੰਦਰ ਸਿੰਘ ਨੇ ਕੀਤੀ। ਉਨ੍ਹਾਂ ਦੱਸਿਆ ਕਿ ਪੁਲਿਸ ਅਜਿਹੇ ਵਿਅਕਤੀਆਂ ਦੇ ਅਪਰਾਧਕ ਰਿਕਾਰਡ ਦੀ ਜਾਂਚ ਕਰ ਰਹੀ ਹੈ ਤੇ ਛੇਤੀ ਹੀ ਉਨ੍ਹਾਂ ਦੀ ਹਵਾਲਗੀ ਲਈ ਕਾਰਵਾਈ ਸ਼ੁਰੂ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਮਾਮਲਿਆਂ ਨੂੰ ਉੱਚ ਪੱਧਰ 'ਤੇ ਵਿਚਾਰਿਆ ਜਾ ਰਿਹਾ ਹੈ। ਕੈਲੀਫੋਰਨੀਆ ਪੁਲਿਸ ਵੱਲੋਂ ਗ੍ਰਿਫਤਾਰ ਕੀਤੇ ਗਏ ਮੁਲਜ਼ਮਾਂ ਵਿਚ ਬਟਾਲਾ ਦਾ ਹੁਸਨਦੀਪ ਵੀ ਸ਼ਾਮਲ ਹੈ। ਇਹ ਦੋਵੇਂ ਮੁਲਜ਼ਮ ਪੰਜਾਬ ਪੁਲਿਸ ਨੂੰ ਲੋੜੀਂਦੇ ਹਨ। ਪ੍ਰਾਪਤ ਜਾਣਕਾਰੀ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਦੇ ਘੁਮਾਣ ਇਲਾਕੇ ਦਾ ਰਹਿਣ ਵਾਲਾ ਪਵਿੱਤਰ ਸਿੰਘ ਕਤਲ ਤੇ ਹਥਿਆਰਾਂ ਦੀ ਤਸਕਰੀ ਸਮੇਤ 8 ਅਪਰਾਧਕ ਮਾਮਲਿਆਂ ਵਿੱਚ ਪੰਜਾਬ ਪੁਲਿਸ ਨੂੰ ਲੋੜੀਂਦਾ ਹੈ। ਉਹ ਪਵਿੱਤਰ ਚੌੜਾ ਗੈਂਗ ਦਾ ਮੁਖੀ ਮੰਨਿਆ ਜਾਂਦਾ ਹੈ, ਜੋ ਗੈਂਗਸਟਰ ਜੱਗੂ ਭਗਵਾਨਪੁਰੀਆ ਦਾ ਵਿਰੋਧੀ ਹੈ। ਪਵਿੱਤਰ ਸਿੰਘ ਖਿਲਾਫ ਅੰਮ੍ਰਿਤਸਰ ਜ਼ਿਲ੍ਹੇ ਵਿਚ ਛੇ ਅਤੇ ਗੁਰਦਾਸਪੁਰ ਜ਼ਿਲ੍ਹੇ ਵਿਚ ਦੋ ਕੇਸ ਦਰਜ ਹਨ। ਇਸੇ ਤਰ੍ਹਾਂ ਹੁਸਨਦੀਪ ਖਿਲਾਫ ਤਿੰਨ ਅਪਰਾਧਕ ਮਾਮਲੇ ਦਰਜ ਹਨ।

## ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰੇਗਾ ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਇਸ ਸਾਲ ਭਾਰਤੀਆਂ ਨੂੰ 10 ਲੱਖ ਤੋਂ ਵੱਧ ਵੀਜ਼ੇ ਜਾਰੀ ਕਰਨ ਦੀ ਦਿਸ਼ਾ 'ਚ ਅੱਗੇ ਵੱਧ ਰਿਹਾ ਹੈ। ਬਾਇਡਨ ਪ੍ਰਸ਼ਾਸਨ 'ਚ ਦੱਖਣੀ ਏਸ਼ੀਆ ਦੇ ਮਾਮਲਿਆਂ ਲਈ ਇਕ ਸੀਨੀਅਰ ਅਧਿਕਾਰੀ ਨੇ ਇਹ ਗੱਲ ਕਹੀ। ਉਨ੍ਹਾਂ ਭਰੋਸਾ ਦਿੱਤਾ ਕਿ ਬਾਇਡਨ ਪ੍ਰਸ਼ਾਸਨ ਉਨ੍ਹਾਂ ਸਾਰੇ ਭਾਰਤੀਆਂ ਲਈ ਵਿਦਿਆਰਥੀ ਵੀਜ਼ਾ ਪ੍ਰਕਿਰਿਆ ਨੂੰ ਇਸ ਗਰਮੀਆਂ ਦੇ ਮੌਸਮ 'ਚ ਪੂਰੀ ਕਰ ਲਵੇਗਾ ਜਿਨ੍ਹਾਂ ਦੇ ਸਕੂਲ ਇਸ ਸਤੰਬਰ 'ਚ ਸ਼ੁਰੂ ਹੋਣੇ ਹਨ। ਦੱਖਣੀ ਤੇ ਮੱਧ ਏਸ਼ਿਆਈ ਮਾਮਲਿਆਂ ਦੇ ਸਹਾਇਕ ਵਿਦੇਸ਼ ਮੰਤਰੀ ਡੋਨਲਡ ਲੂ ਨੇ ਕਿਹਾ ਕਿ ਉਹ ਵਰਕ ਵੀਜ਼ਾ ਨੂੰ ਪਹਿਲ ਦੇ ਰਹੇ ਹਨ।

ਜ਼ਿਕਰਯੋਗ ਹੈ ਕਿ ਆਈ.ਟੀ. ਪੇਸ਼ੇਵਰਾਂ ਵਿਚਾਲੇ ਐਚ-1ਬੀ ਤੇ ਐੱਲ ਵੀਜ਼ਾ ਦੀ ਕਾਫੀ ਮੰਗ ਹੈ। ਐਚ-1ਬੀ ਗੈਰ-ਪਰਵਾਸੀ ਵੀਜ਼ਾ ਹੈ ਜਿਸ ਨਾਲ ਅਮਰੀਕੀ ਕੰਪਨੀਆਂ ਨੂੰ ਖਾਸ ਤੌਰ 'ਤੇ ਮਾਹਿਰ ਪੇਸ਼ੇਵਰਾਂ ਵਜੋਂ ਵਿਦੇਸ਼ੀ ਕਾਮਿਆਂ ਦੀ ਭਰਤੀ ਕਰਨ ਦੀ ਇਜਾਜ਼ਤ ਮਿਲਦੀ ਹੈ। ਤਕਨੀਕੀ ਕੰਪਨੀਆਂ ਭਾਰਤ ਤੇ ਚੀਨ ਵਰਗੇ ਦੇਸ਼ਾਂ ਤੋਂ ਹਰ ਸਾਲ ਹਜ਼ਾਰਾਂ ਕਾਮਿਆਂ ਦੀ ਭਰਤੀ ਕਰਨ ਲਈ ਇਸ 'ਤੇ ਨਿਰਭਰ ਰਹਿੰਦੀਆਂ ਹਨ।




ਲੂ ਨੇ ਕਿਹਾ, 'ਅਸੀਂ ਇਸ ਸਾਲ ਦਸ ਲੱਖ ਤੋਂ ਵੱਧ ਵੀਜ਼ਾ ਜਾਰੀ ਕਰਨ ਦੀ ਦਿਸ਼ਾ 'ਚ ਅੱਗੇ ਵਧ ਰਹੇ ਹਾਂ। ਵਿਦਿਆਰਥੀ ਵੀਜ਼ਾ ਤੇ ਗੈਰ-ਪਰਵਾਸੀ ਵੀਜ਼ਾ ਦੀ ਰਿਕਾਰਡ ਗਿਣਤੀ ਦੇ ਨਾਲ ਇਹ ਸਾਡੇ ਲਈ ਹੁਣ ਤੱਕ ਦੇ ਸਭ ਤੋਂ ਵੱਧ ਵੀਜ਼ਾ ਹਨ।' ਉਨ੍ਹਾਂ ਕਿਹਾ ਕਿ ਅਜਿਹੇ ਸਾਰੇ ਭਾਰਤੀਆਂ ਲਈ ਵਿਦਿਆਰਥੀ ਵੀਜ਼ਾ ਦੀ ਪ੍ਰਕਿਰਿਆ ਇਸ ਗਰਮੀ ਦੇ ਮੌਸਮ ਵਿਚ ਪੂਰੀ ਕਰ ਲਈ ਜਾਵੇਗੀ ਜਿਨ੍ਹਾਂ ਦੇ ਸਕੂਲ ਸਤੰਬਰ 'ਚ ਸ਼ੁਰੂ ਹੋਣੇ ਹਨ। ਭਾਰਤ 'ਚ ਪਹਿਲੀ ਵਾਰ ਵੀਜ਼ਾ ਅਰਜ਼ੀ ਦੇਣ ਵਾਲਿਆਂ ਲਈ ਉਡੀਕ ਦੀ ਮਿਆਦ ਵਧ ਰਹੀ ਹੈ। ਅਮਰੀਕਾ ਜਾਣ ਵਾਲੇ ਕੌਮਾਂਤਰੀ ਵਿਦਿਆਰਥੀਆਂ ਦੇ ਮਾਮਲੇ 'ਚ ਭਾਰਤ ਹੁਣ ਦੁਨੀਆਂ 'ਚ ਦੂਜੇ ਸਥਾਨ 'ਤੇ ਹੈ।

### ਮਸਕਟ 'ਚ ਫਸੇ ਪੰਜਾਬੀਆਂ ਵੱਲੋਂ ਮਦਦ ਲਈ ਤਰਲੇ

**ਮੱਤੇਵਾਲ:** ਹਲਕਾ ਮਜੀਠਾ ਦੇ ਪਿੰਡ ਖਿਦੋਵਾਲੀ ਦਾ ਇਕ ਨੌਜਵਾਨ ਸ਼ਰਨਦੀਪ ਸਿੰਘ ਤੇ ਉਸ ਦੇ ਨਾਲ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਦੇ 4 ਹੋਰ ਨੌਜਵਾਨ ਅਰਬ ਦੇਸ 'ਮਸਕਟ ਵਿਚ ਫਸੇ ਹੋਏ ਹਨ।

ਉਨ੍ਹਾਂ ਨੇ ਉਥੋਂ ਭੇਜੀ ਇਕ ਵੀਡਿਓ ਰਾਹੀਂ ਆਪਣੀ ਹੱਡਬੀਤੀ ਦੱਸੀ ਹੈ ਕਿ ਕਰੀਬ 4-5 ਮਹੀਨੇ ਪਹਿਲਾਂ ਉਹ ਗੁਰਦਾਸਪੁਰ ਦੇ ਇਕ ਏਜੰਟ ਰਾਹੀਂ ਰੋਜ਼ੀ ਰੋਟੀ ਦੀ ਖਾਤਰ ਮਸਕਟ ਵਿਚ ਕਵਿਕ ਲਜਿਸਟਿਕ ਨਾਮ ਕੰਪਨੀ ਵਿਚ ਪਹੁੰਚੇ ਸਨ ਤੇ 2 ਮਹੀਨੇ ਕੰਮ ਕਰਾਉਣ ਤੋਂ ਬਾਅਦ ਕੰਪਨੀ ਨੇ ਉਨ੍ਹਾਂ ਨੂੰ ਤਨਖਾਹ ਵੀ ਨਹੀਂ ਦਿੱਤੀ। ਤਨਖਾਹ ਮੰਗਣ ਉਤੇ ਉਨ੍ਹਾਂ ਨੂੰ ਕੰਮ ਤੋਂ ਵੀ ਕੱਢ ਦਿੱਤਾ ਗਿਆ, ਜਿਸ ਕਾਰਨ ਉਹ ਮਸਕਟ ਦੀਆਂ ਸੜਕਾਂ ਉਤੇ ਧੱਕੇ ਖਾਣ ਲਈ ਮਜਬੂਰ ਹਨ। ਉਨ੍ਹਾਂ ਨੌਜਵਾਨਾਂ ਵੱਲੋਂ ਵੀਡੀਓ ਰਾਹੀਂ ਦੱਸਿਆ ਕਿ ਕੰਪਨੀ ਵੱਲੋਂ ਉਨ੍ਹਾਂ ਦੇ ਪਾਸਪੋਰਟ ਵੀ ਜ਼ਬਤ ਕੀਤੇ ਹੋਏ ਹਨ ਜਿਸ ਕਰਕੇ ਉਹ ਆਪਣੇ ਘਰ ਵਾਪਸ ਵੀ ਨਹੀਂ ਜਾ ਸਕਦੇ। ਨੌਜਵਾਨਾਂ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਕੰਪਨੀ ਦੇ ਖਿਲਾਫ ਮਸਕਟ ਦੀ ਭਾਰਤੀ ਅੰਬੈਸੀ ਵਿਚ ਦਰਖਾਸਤ ਦਿੱਤੀ ਹੋਈ ਹੈ ਪਰ ਉਨ੍ਹਾਂ ਵੱਲੋਂ ਵੀ ਇਸ ਸਬੰਧੀ ਕੋਈ ਸੁਣਵਾਈ ਨਹੀਂ ਕੀਤੀ ਸਗੋਂ ਅਦਾਲਤ ਵਿਚ ਜਾਣ ਲਈ ਕਹਿ ਦਿੱਤਾ ਗਿਆ ਪਰ ਕੋਈ ਕੰਮਕਾਰ ਨਾ ਹੋਣ ਕਰਕੇ ਉਨ੍ਹਾਂ ਦਾ ਉਥੇ ਗੁਜਾਰਾ ਕਰਨਾ ਵੀ ਮੁਸ਼ਕਲ ਹੈ। ਨੌਜਵਾਨਾਂ ਵਿਚੋਂ ਇਕ ਸ਼ਰਨਦੀਪ ਸਿੰਘ ਵਾਸੀ ਪਿੰਡ ਖਿਦੋਵਾਲੀ ਦੇ ਪਿਤਾ ਕੁਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਬੱਚਿਆਂ ਨੂੰ ਮਸਕਟ ਦੀ ਉਪਰੋਕਤ ਕੰਪਨੀ ਵਿਚ ਭੇਜਣ ਵਾਲੇ ਏਜੰਟ ਪ੍ਰੇਮ ਸਿੰਘ ਅਤੇ ਅਰਜਨ ਸਿੰਘ ਵਾਸੀ ਪਿੰਡ ਜੋਗੀ ਚੀਮਾ ਜ਼ਿਲ੍ਹਾ ਗੁਰਦਾਸਪੁਰ ਜੋ ਕਿ ਦੋਵੇਂ ਭਰਾ ਹਨ, ਦੇ ਖਿਲਾਫ ਜ਼ਿਲ੍ਹਾ ਪੁਲਿਸ ਮੁਖੀ ਅੰਮ੍ਰਿਤਸਰ ਦਿਹਾਤੀ ਨੂੰ ਦਰਖਾਸਤ ਦਿੱਤੀ ਹੈ ਪਰ ਦੋ ਹਫਤੇ ਲੰਘ ਜਾਣ ਤੋਂ ਬਾਅਦ ਵੀ ਅਜੇ ਤੱਕ ਪ੍ਰਸ਼ਾਸਨ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ।

## ਸਰਕਾਰੀ ਸਕੂਲਾਂ ਵਿਚ ਲੈਕਚਰਾਰਾਂ ਦੀਆਂ 3434 ਅਸਾਮੀਆਂ ਖਾਲੀ

**ਮੁਹਾਲੀ:** ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਲੈਕਚਰਾਰਾਂ ਦੀਆਂ 3434 ਅਸਾਮੀਆਂ ਖਾਲੀ ਪਈਆਂ ਹਨ, ਜਿਸ ਕਰਕੇ ਵਿਦਿਆਰਥੀਆਂ ਦੀ ਪੜ੍ਹਾਈ ਪ੍ਰਭਾਵਿਤ ਹੋ ਰਹੀ ਹੈ। ਪਹਿਲੀ ਅਪਰੈਲ ਤੋਂ ਨਵਾਂ ਵਿੱਦਿਅਕ ਵਰ੍ਹਾ ਸ਼ੁਰੂ ਹੋ ਗਿਆ ਹੈ ਅਤੇ ਪੰਜਾਬ ਸਰਕਾਰ ਵੱਲੋਂ ਸਕੂਲਾਂ ਵਿਚ 80 ਤੋਂ 90 ਫੀਸਦ ਕਿਤਾਬਾਂ ਪੁੱਜਦੀਆਂ ਕਰਨ ਦਾ ਦਾਅਵਾ ਕੀਤਾ ਗਿਆ ਹੈ, ਪਰ ਸਕੂਲਾਂ ਵਿਚ ਪੜ੍ਹਾਉਣ ਵਾਲਿਆਂ ਦੀ ਵੱਡੀ ਘਾਟ ਹੈ।

ਗੌਰਮਿੰਟ ਸਕੂਲ ਲੈਕਚਰਾਰ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੰਜੀਵ ਕੁਮਾਰ ਤੇ ਸਰਪ੍ਰਸਤ ਹਾਕਮ ਸਿੰਘ ਵਾਲੀਆ ਨੇ ਦੱਸਿਆ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਵਿਚ ਇਸ ਵੇਲੇ ਮਾਤ ਭਾਸ਼ਾ ਪੰਜਾਬੀ ਦੀਆਂ 695, ਅੰਗਰੇਜ਼ੀ ਦੀਆਂ 655, ਇਤਿਹਾਸ ਦੀਆਂ 401, ਰਾਜਨੀਤੀ ਸ਼ਾਸਤਰ ਦੀਆਂ 377, ਕਾਮਰਸ ਦੀਆਂ 232, ਸਰੀਰਕ ਸਿੱਖਿਆ ਦੀਆਂ 226, ਹਿੰਦੀ ਦੀਆਂ 43, ਭੂਗੋਲ ਦੀਆਂ 38, ਹੋਮ ਸਾਇੰਸ ਦੀਆਂ 13, ਫਾਈਨ ਆਰਟ ਦੀਆਂ 8, ਸੰਗੀਤ ਦੀਆਂ 8 ਤੇ ਸਮਾਜਿਕ ਸਿੱਖਿਆ ਦੀਆਂ 8 ਅਸਾਮੀਆਂ ਖਾਲੀ ਹਨ।

ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਅਮਨ ਸ਼ਰਮਾ ਤੇ ਜਨਰਲ ਸਕੱਤਰ ਬਲਰਾਜ ਸਿੰਘ ਬਾਜਵਾ ਨੇ ਕਿਹਾ ਕਿ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਭੌਤਿਕ ਵਿਗਿਆਨ ਦੀਆਂ 216, ਰਸਾਇਣ ਦੀਆਂ 31, ਜੀਵ ਵਿਗਿਆਨ



ਦੀਆਂ 201 ਤੇ ਗਣਿਤ ਵਿਸ਼ੇ ਦੀਆਂ 96 ਅਸਾਮੀਆਂ ਖਾਲੀ ਹਨ। ਪ੍ਰੈੱਸ ਸਕੱਤਰ ਰਣਬੀਰ ਸਿੰਘ ਸੋਹਲ ਤੇ ਵਿੱਤ ਸਕੱਤਰ ਰਾਮ ਵੀਰ ਨੇ ਦੱਸਿਆ ਕਿ ਲੈਕਚਰਾਰਜ਼ ਦੀਆਂ ਅਸਾਮੀਆਂ ਤੋਂ ਇਲਾਵਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲਗਪਗ 550 ਪ੍ਰਿੰਸੀਪਲ ਦੀਆਂ ਅਸਾਮੀਆਂ ਵੀ ਖਾਲੀ ਹਨ।

## ਕੈਨੇਡਾ ਦੇ ਖੇਤੀਬਾੜੀ ਖੇਤਰ ਵਿਚ ਕਾਮਿਆਂ ਦੀ ਥੁੜ੍ਹ

**ਟੋਰਾਂਟੋ:** ਖੇਤੀਬਾੜੀ ਖੇਤਰ ਵਿਚ ਕਿਰਤ ਸੰਕਟ ਨਾਲ ਜੂਝ ਰਹੇ ਕੈਨੇਡਾ ਨੂੰ ਇਥੇ ਖੇਤੀ ਸ਼ੁਰੂ ਕਰਨ ਜਾਂ ਖੇਤਾਂ ਦੀ ਸਾਂਭ-ਸੰਭਾਲ ਲਈ ਅਗਲੇ ਇਕ ਦਹਾਕੇ ਦੌਰਾਨ 30,000 ਪੱਕੇ ਪਰਵਾਸੀਆਂ ਦੀ ਲੋੜ ਪਵੇਗੀ। ਇਕ ਅਧਿਐਨ ਵਿਚ ਇਹ ਜਾਣਕਾਰੀ ਦਿੱਤੀ ਗਈ ਹੈ।

ਰੌਇਲ ਬੈਂਕ ਆਫ ਕੈਨੇਡਾ (ਆਰ.ਬੀ.ਸੀ.) ਦੇ ਅਧਿਐਨ ਮੁਤਾਬਕ ਖੇਤੀ ਵਿਚ 40 ਫੀਸਦੀ ਕੈਨੇਡਿਆਈ ਕਾਮੇ 2033 ਤੱਕ ਸੇਵਾਮੁਕਤ ਹੋ ਜਾਣਗੇ, ਜਿਸ ਨਾਲ ਦੇਸ਼ ਦੇ ਇਤਿਹਾਸ ਵਿਚ ਸਭ ਤੋਂ ਵੱਡਾ ਕਿਰਤ ਸੰਕਟ ਪੈਦਾ ਹੋ ਜਾਵੇਗਾ। ਇਸੇ ਸਮੇਂ ਦੌਰਾਨ ਖੇਤੀ, ਨਰਸਰੀ ਅਤੇ ਗ੍ਰੀਨਹਾਊਸ ਵਿਚ 24,000 ਕਾਮਿਆਂ ਦੀ ਕਮੀ ਪੈਦਾ ਹੋਣ ਦੇ ਆਸਾਰ ਹਨ। ਅਗਲੇ ਦਸ ਸਾਲਾਂ ਵਿਚ ਮੌਜੂਦਾ 60 ਫੀਸਦੀ ਖੇਤੀ ਕਾਮਿਆਂ ਦੀ ਉਮਰ 65 ਸਾਲ ਨੂੰ ਪਾਰ ਕਰ ਜਾਵੇਗੀ, ਯਾਨੀ ਉਹ ਸੇਵਾਮੁਕਤੀ ਦੇ ਨੇੜੇ ਪਹੁੰਚ ਜਾਣਗੇ। ਅਧਿਐਨ ਵਿਚ ਕਿਹਾ ਗਿਆ ਹੈ ਕਿ 66 ਫੀਸਦੀ ਕਾਸ਼ਤਕਾਰਾਂ ਕੋਲ ਉਤਰਾਧਿਕਾਰੀ ਯੋਜਨਾ ਨਹੀਂ, ਜਿਸ ਨਾਲ ਵਾਹੀਯੋਗ ਖੇਤੀ ਦੇ ਭਵਿੱਖ 'ਤੇ ਖਤਰੇ ਦੇ ਬੱਦਲ ਹਨ। ਕੈਨੇਡਾ ਵੱਲੋਂ ਖੇਤੀ ਖੇਤਰ ਵਿੱਚ ਵਿਦੇਸ਼ੀ ਵਰਕਰਾਂ ਨੂੰ ਸੂਬੇ ਅਤੇ ਕਿੱਤੇ ਦੇ ਹਿਸਾਬ ਨਾਲ ਤਰਜੀਹ ਦਿੱਤੀ ਜਾਂਦੀ ਹੈ। ਹਾਲਾਂਕਿ, ਕੈਨੇਡਾ ਵਿਚ ਘੱਟ ਹੁਨਰਮੰਦ ਕਾਮਿਆਂ ਦੇ ਪਰਵਾਸ ਦੇ ਮਾਮਲੇ ਵਿਚ ਬਿਹਤਰ ਨੀਤੀਆਂ ਦੀ ਲੋੜ ਹੈ ਕਿਉਂਕਿ ਆਰਜ਼ੀ ਵਿਦੇਸ਼ੀ ਵਰਕਰ (ਟੀ.ਐਫ.ਡਬਲਿਊ.) ਪ੍ਰੋਗਰਾਮ ਇਸ ਗੰਭੀਰ ਮੁੱਦੇ ਦਾ ਆਰਜ਼ੀ ਹੱਲ ਹੈ। ਸੀ.ਬੀ.ਸੀ. ਨਿਊਜ ਦੀ ਖਬਰ ਵਿਚ ਕਿਹਾ ਗਿਆ ਹੈ ਕਿ ਕੈਨੇਡਾ ਨੇ ਤਜਰਬੇਕਾਰ ਗੈਰ-ਨਿਯਮਤ ਕਾਮਿਆਂ ਦੇ ਪੱਕੇ ਨਿਵਾਸ ਲਈ ਸਾਲ 2020 ਵਿਚ ਖੇਤੀ ਵਿਸ਼ੇਸ਼ ਇਮੀਗ੍ਰੇਸ਼ਨ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਸੀ, ਜੋ ਮਈ 2023 ਵਿਚ ਖਤਮ ਹੋ ਰਿਹਾ ਹੈ। ਸਰਕਾਰੀ ਬੁਲਾਰੇ ਨੇ ਸੀ.ਬੀ.ਸੀ. ਨੂੰ ਦੱਸਿਆ ਕਿ ਉਹ ਇਸ ਪਾਇਲਟ ਪ੍ਰੋਗਰਾਮ ਦਾ ਮੁਲਾਂਕਣ ਕਰ ਰਹੇ ਹਨ ਅਤੇ ਇਸ ਦੀ ਮਿਆਦ ਵਧਾਏ ਜਾਣ ਦੀ ਸੰਭਾਵਨਾ ਹੈ।

## ਸਰਹੱਦ ਨਾਲ ਲੱਗਦੇ ਖੇਤਾਂ ਵਿਚੋਂ ਡਰੋਨ ਬਰਾਮਦ

**ਗੁਰਦਾਸਪੁਰ:** ਗੁਰਦਾਸਪੁਰ ਦੇ ਸਰਹੱਦੀ ਪਿੰਡ ਸ਼ਾਹਪੁਰ ਗੋਰਾਇਆ ਦੇ ਖੇਤਾਂ ਵਿਚੋਂ ਇਕ ਡਰੋਨ ਬਰਾਮਦ ਕੀਤਾ ਗਿਆ ਹੈ। ਬੀ.ਐਸ.ਐਫ. ਨੇ ਦੱਸਿਆ ਕਿ ਕਾਊਂਟਰ ਇੰਟੈਲੀਜੈਂਸ ਨੂੰ ਇਸ ਸਬੰਧੀ ਗੁਪਤ ਸੂਚਨਾ ਮਿਲੀ ਸੀ। ਇਸ ਮਗਰੋਂ ਸਾਂਝਾ ਸਰਚ ਆਪਰੇਸ਼ਨ ਚਲਾਇਆ ਗਿਆ। ਇਸ ਦੌਰਾਨ ਇਹ ਡਰੋਨ ਬਰਾਮਦ ਹੋਇਆ। ਇਸ ਸਬੰਧੀ ਅਣਪਛਾਤੇ ਵਿਅਕਤੀ ਖਿਲਾਫ ਕੇਸ ਦਰਜ ਕੀਤਾ ਗਿਆ ਹੈ। ਬੀ.ਐਸ.ਐਫ. ਅਤੇ ਪੁਲਿਸ ਦੇ ਜਵਾਨਾਂ ਨੇ ਆਸਪਾਸ ਦੇ ਇਲਾਕੇ ਵਿਚ ਤਲਾਸ਼ੀ ਮੁਹਿੰਮ ਆਰੰਭ ਦਿੱਤੀ ਹੈ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਪਾਕਿਸਤਾਨ ਵੱਲੋਂ ਭਾਰਤੀ ਇਲਾਕੇ ਵਿਚ ਦਾਖਲ ਹੋਏ ਡਰੋਨ 'ਤੇ ਬੀ.ਐਸ.ਐਫ. ਵੱਲੋਂ ਫਾਇਰਿੰਗ ਕੀਤੀ ਗਈ ਸੀ ਅਤੇ ਇਹ ਡਰੋਨ ਵਾਪਸ ਨਹੀਂ ਪਰਤਿਆ ਸੀ।

# ਪੈਨਸਲਵੇਨੀਆ ਵਿਚ ਗੇਸ ਸਟੇਸ਼ਨ ਵਿਕਾਊ ਹੈ

**ਹੈਰਿਸ ਬਰਗ (ਪੈਨਸਲਵੇਨੀਆ) ਵਿਚ ਵੈਰੀ ਹਾਈ ਸੇਲ ਗੈਸ ਸਟੇਸ਼ਨ ਵਿਦ ਪ੍ਰਾਪਰਟੀ ਵਿਕਾਊ ਹੈ**

**ਚਾਹਵਾਨ ਸੰਪਰਕ ਕਰਨ: 717-525-1543**


# ਜ਼ਰੂਰੀ ਸੂਚਨਾ

## ਤਬਲਾਵਾਦਕ ਭਾਈ ਅੰਤਰ ਪ੍ਰੀਤ ਸਿੰਘ ਨੇ ਸਿੱਖ ਸੈਂਟਰ, ਗਲਫ ਕੋਸਟ ਏਰੀਆ, ਹਿਊਸਟਨ ਨਾਲ 30 ਮਹੀਨਿਆਂ ਲਈ ਹੋਇਆ ਇਕਰਾਰ ਸਾਢੇ ਚਾਰ ਮਹੀਨਿਆਂ ਵਿਚ ਹੀ ਤੋੜਿਆ

ਭਾਈ ਅੰਤਰ ਪ੍ਰੀਤ ਸਿੰਘ ਨੇ ਆਰ1 ਵੀਜ਼ੇ ਤਹਿਤ ਸਿੱਖ ਸੈਂਟਰ ਨਾਲ 30 ਮਹੀਨਿਆਂ ਦਾ ਇਕਰਾਰ ਕੀਤਾ ਸੀ ਪਰ ਉਹ ਆਪਣੀਆਂ ਸਾਢੇ ਚਾਰ ਮਹੀਨਿਆਂ ਦੀਆਂ ਸੇਵਾਵਾਂ ਤੋਂ ਬਾਅਦ ਹੀ, ਸਿੱਖ ਸੈਂਟਰ ਦੀ ਪ੍ਰਬੰਧਕ ਕਮੇਟੀ, ਹੈੱਡ ਗ੍ਰੰਥੀ ਅਤੇ ਮੁੱਖ ਹਜ਼ੂਰੀ ਰਾਗੀ ਨੂੰ ਕੋਈ ਇਤਲਾਹ ਕੀਤੇ ਬਗੈਰ ਚੁੱਪ-ਚਾਪ ਅਤੇ ਚੋਰੀ-ਛਿਪੇ ਛੱਡ ਕੇ ਕਿਤੇ ਛਿਪਨ ਹੋ ਗਏ।

ਸਿੱਖ ਸੈਂਟਰ ਨੇ ਭਾਈ ਅੰਤਰ ਪ੍ਰੀਤ ਸਿੰਘ ਨੂੰ ਆਰ1 ਵੀਜ਼ਾ ਅਤੇ ਰੁਜ਼ਗਾਰ ਦਿਵਾਉਣ ਲਈ ਧਨ ਰਾਸ਼ੀ, ਸਮਾਂ ਅਤੇ ਵਸੀਲੇ ਖਰਚ ਕੀਤੇ ਅਤੇ ਹੁਣ ਉਨ੍ਹਾਂ ਦੀ ਥਾਂ ਸੇਵਾਵਾਂ ਲੈਣ ਖਾਤਰ ਹੋਰ ਧਨ ਰਾਸ਼ੀ ਖਰਚਣ ਦੀ ਲੋੜ ਪਵੇਗੀ।




ਸਿੱਖ ਸੈਂਟਰ ਨਾਲ ਅਜਿਹਾ ਵਿਹਾਰ ਕਰ ਕੇ ਭਾਈ ਅੰਤਰਪ੍ਰੀਤ ਸਿੰਘ ਅਤੇ ਇਕ ਹੋਰ ਗੁਰਦੁਆਰਾ ਕਮੇਟੀ, ਦੋਹਾਂ ਨੇ ਸਿੱਖ ਸੈਂਟਰ ਨਾਲ ਵਿਸਾਹਘਾਤ ਕੀਤਾ ਹੈ। ਇਨ੍ਹਾਂ ਦੇ ਇਸ ਵਿਹਾਰ ਨਾਲ ਸਿੱਖ ਸੈਂਟਰ ਨੂੰ ਘੋਰ ਨਤੀਜਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸਾਡੀ ਅਪੀਲ ਹੈ ਕਿ ਸਾਰੇ ਗੁਰਦੁਆਰਾ ਸਾਹਿਬਾਨ ਇਸ ਬਹੁਤ ਗੰਭੀਰ ਮਸਲੇ ਬਾਰੇ ਵਿਚਾਰ ਕਰਨ। ਅਮਾਨਤ ਵਿਚ ਖਿਆਨਤ ਕਰ ਕੇ ਭਾਈ ਸਾਹਿਬਾਂ ਜਿਹੜੇ ਕਿਸੇ ਹੋਰ ਗੁਰਦੁਆਰੇ ਵਿਚ ਆਰਜ਼ੀ ਧਾਰਮਿਕ ਵਰਕਰ ਵਜੋਂ ਆਰ1 ਵੀਜ਼ੇ 'ਤੇ ਆਏ ਹੋਣ, ਨੂੰ ਇਸ ਤਰ੍ਹਾਂ ਚੋਰੀ-ਛਿਪੇ ਉਡਾ ਕੇ ਲਿਜਾਣ ਵਾਲਾ ਅਜਿਹਾ ਅਨੈਤਿਕ ਵਿਹਾਰ ਹਰ ਹਾਲ ਬੰਦ ਹੋਣਾ ਚਾਹੀਦਾ ਹੈ।

ਅਸੀਂ ਇਸ ਇਸ਼ਤਿਹਾਰ ਰਾਹੀਂ ਸਾਰੇ ਗੁਰਦੁਆਰਾ ਸਾਹਿਬਾਨ ਨੂੰ ਇਸ ਗੰਭੀਰ ਮਸਲੇ ਬਾਰੇ ਸਾਵਧਾਨ ਕਰਨਾ ਚਾਹੁੰਦੇ ਹਾਂ।

ਸਾਡੀ ਨਿਮਰਤਾ ਪੂਰਵਕ ਬੇਨਤੀ ਹੈ ਕਿ ਇਸ ਸਮੱਸਿਆ ਬਾਰੇ ਵੱਧ ਤੋਂ ਵੱਧ ਲੋਕਾਂ ਨੂੰ ਖਬਰਦਾਰ ਕੀਤਾ ਜਾਵੇ ਅਤੇ ਨਾਲ ਹੀ ਭਾਈ ਅੰਤਰਪ੍ਰੀਤ ਸਿੰਘ ਨੂੰ ਲੱਭਣ ਵਿਚ ਸਾਡੀ ਮਦਦ ਕੀਤੀ ਜਾਵੇ ਤਾਂ ਕਿ ਇਮੀਗ੍ਰੇਸ਼ਨ ਦੇ ਮਾਮਲੇ 'ਤੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਸਹਿਬਾਨ 'ਤੇ ਕੋਈ ਆਂਚ ਨਾ ਆਵੇ।

ਜਾਰੀ ਕਰਤਾ
ਅਮਰੀਕ ਸਿੰਘ ਨਿੱਜਰ
ਪ੍ਰਧਾਨ, ਸਿੱਖ ਸੈਂਟਰ, ਗਲਫ ਕੋਸਟ ਏਰੀਆ, ਹਿਊਸਟਨ, ਟੈਕਸਸ
ਫੋਨ: (832)-724-2822

# Matrimonials

## ਲੜਕੀ ਦੀ ਲੋੜ ਹੈ

Verma family looking for a suitable match for their son. Age 31, Ht 5'10", USA citizen, divorsed (No Kid), well settled. Caste no bar.
Please send biodata/pictures
Whatsapp: (224) 595-9926
inderjeetverma08@gmail.com

17-20

Jatt Sikh family looking for a suitable match for their handsome son, 31 years, 5'11'', USA green card holder, well settled. Girl in Canada or USA on study visa, F1B visa, or visitor visa will be preffered. Please contact and send biodata/ picture @ whatsapp : 559 944 9597.

15-18

Jatt Sikh family looking for a suitable Jatt Sikh match for their USA born and raised (1990) 5'10" handsome son. Bachelor in Cyber Security (Information Technology). Currently working. Prefer girl in USA or Canada. A girl on study visa or H1B visa holder can also be considered. Well educated family with liberal values. Please contact and send Bio-data/pic at WhatsApp no +919041452784.

14-17

Sikh Family looking for a suitable match for their USA Citizen handsome son 32, 5'11" , Well educated, Well Settled. Prefer Punjabi Girl in America or Canada. Minimum height 5'4". Serious enquiries only.
Please Contact us at: +15103968812

Sikh Arora family looking for a suitable match for their 5'-8" B.tech. PMIM son, living in Canada (getting P R soon). Father Associate Professor in a college having Urban Agriculture land also.Want sikh beautiful girl with professional qualifications. Please Contact us at: +9198963-19944 (India).

## ਲੜਕੇ ਦੀ ਲੋੜ ਹੈ

Looking for a suitable Ramgarhia Sikh Dhiman match for our beautiful daughter (US Citizen), 29 years, 5' 7", MSC - Physics (India), and licensed paraprofessional educator, residing in Chicago area. Please contact:
manpreets1211@gmail.com

17-20

Ramgarhia,Dhiman Sikh Family looking for a suitable match for their August 10,1990 born, 5'2" daughter , working as a nurse assistant in USA in Michigan. Ghotar- Munday, Virdi. Please contact us at :- 7343532316 or binnumunday@gmail.com

Jatt Sikh family seeks suitable match for their daughter who has her MD and is currently working in the Bay Area (California) as a doctor. 37 yrs old (never married). 5'-5" tall. The boy should be settled in the Bay Area (California) with a university degree and professionally employed. Please contact 408-763-3949


**SUPER TRAVEL**

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*

For Emergency
Call anytime at
847-673-3825



EARLY BIRD SALE!!!!

*Etihad, Air India, KLM, Lufthansa, Delta, Qatar Airlines.*

Domestic fares available



**UMA TRAVELS**

**2535 West Devon Ave., Chicago, IL 60659**


**For Delhi-Bombay Ahmedabad, Hydrabad-Madra**
**Call For Special Sale Fares**

**Call: 773-338-5603**

# ਇਤਿਹਾਸਕ ਗੁਰਦੁਆਰੇ ਨੂੰ ਬੋਧੀ ਧਰਮ ਅਸਥਾਨ ਬਣਾਉਣ ਦਾ ਮਾਮਲਾ ਭਖਿਆ

**ਅੰਮ੍ਰਿਤਸਰ:** ਹਰਿਦੁਆਰ ਵਿਚ ਗੁਰਦੁਆਰਾ ਗਿਆਨ ਗੋਦੜੀ ਦਾ ਮਾਮਲਾ ਹਾਲੇ ਠੰਢਾ ਨਹੀਂ ਹੋਇਆ ਕਿ ਹੁਣ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਚ ਪਹਿਲੇ ਪਾਤਸ਼ਾਹ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਅਸਥਾਨ ਨੂੰ ਬੋਧੀ ਅਸਥਾਨ ਵਿਚ ਤਬਦੀਲ ਕੀਤੇ ਜਾਣ ਦਾ ਮਾਮਲਾ ਸਾਹਮਣੇ ਆ ਗਿਆ ਹੈ ਜਿਸ ਦਾ ਸ਼੍ਰੋਮਣੀ ਕਮੇਟੀ ਨੇ ਸਖ਼ਤ ਨੋਟਿਸ ਲੈਂਦਿਆਂ ਇਸ ਮਾਮਲੇ ਵਿਚ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਤੁਰਤ ਦਖ਼ਲ ਦੇਣ ਦੀ ਅਪੀਲ ਕੀਤੀ ਹੈ।

ਸਿੱਖ ਸੰਸਥਾ ਨੇ ਦਾਅਵਾ ਕੀਤਾ ਹੈ ਕਿ ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਚ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਿਤ ਹੈ ਜਿਸ ਨੂੰ ਹਾਲ ਹੀ ਵਿਚ ਬੁੱਧ ਧਰਮ ਦੇ ਅਸਥਾਨ ਦੇ ਰੂਪ ਵਿਚ ਬਦਲ ਦਿੱਤਾ ਗਿਆ ਹੈ। ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ 8 ਅਪਰੈਲ ਨੂੰ ਸੋਸ਼ਲ ਮੀਡੀਆ 'ਤੇ ਆਪਣੇ ਦੌਰੇ




ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ ਜਿਸ ਤੋਂ ਸਾਫ਼ ਨਜ਼ਰ ਆ ਰਿਹਾ ਹੈ ਕਿ ਹੁਣ ਇਸ ਸਿੱਖ ਅਸਥਾਨ ਨੂੰ ਬੋਧੀ ਅਸਥਾਨ ਵਜੋਂ ਤਬਦੀਲ ਕੀਤਾ ਜਾ ਚੁੱਕਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਕਾਰਵਾਈ ਨੂੰ ਸਿੱਖਾਂ 'ਤੇ ਹਮਲਾ ਕਰਾਰ ਦਿੰਦਿਆਂ ਕਿਹਾ ਕਿ ਕਿਸੇ ਵੀ ਧਰਮ ਅਸਥਾਨ ਨੂੰ ਹੋਰ ਧਰਮ ਦੇ ਕੇਂਦਰ ਵਿਚ ਤਬਦੀਲ ਕਰ ਦੇਣਾ ਸੰਵਿਧਾਨ ਦੀ ਧਾਰਾ 25 ਦੀ ਸਿੱਧੀ ਉਲੰਘਣਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਦੀ ਭਲਾਈ ਲਈ ਵੱਖ-ਵੱਖ ਥਾਵਾਂ ਸਮੇਤ ਕਈ ਦੇਸ਼ਾਂ ਦੀ ਧਾਰਮਿਕ ਯਾਤਰਾ ਕੀਤੀ ਸੀ, ਜਿਸ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸੇ ਤਹਿਤ ਹੀ ਇਤਿਹਾਸ ਵਿਚ ਗੁਰੂ ਸਾਹਿਬ ਦੇ ਮੇਚੁਕਾ ਜਾਣ ਦਾ ਹਵਾਲਾ ਵੀ ਮਿਲਦਾ ਹੈ। ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਦੇ ਵਿਕਾਸ ਲਈ ਇਤਿਹਾਸਕਾਰ ਕਰਨਲ ਦਲਵਿੰਦਰ ਸਿੰਘ ਗਰੇਵਾਲ ਨੇ ਅਹਿਮ ਯੋਗਦਾਨ ਪਾਇਆ ਸੀ। ਸ੍ਰੀ ਗਰੇਵਾਲ ਨੇ ਭਾਰਤੀ ਫ਼ੌਜ ਦੇ ਸਹਿਯੋਗ ਨਾਲ ਮਾਰਚ 1987 'ਚ ਇਹ ਗੁਰਦੁਆਰਾ ਸੰਗਤ ਅਰਪਣ ਕੀਤਾ ਸੀ।

### ਸ਼੍ਰੋਮਣੀ ਕਮੇਟੀ ਨੇ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਇਸ ਦਾ ਸਖਤ ਨੋਟਿਸ ਲੈਂਦਿਆਂ ਇਸ ਨੂੰ ਸਿੱਖਾਂ ਉਤੇ ਹਮਲਾ ਕਰਾਰ ਦਿੰਦਿਆਂ ਰਾਸ਼ਟਰਪਤੀ, ਪ੍ਰਧਾਨ ਮੰਤਰੀ, ਗ੍ਰਹਿ ਮੰਤਰੀ ਅਤੇ ਕੌਮੀ ਘੱਟ ਗਿਣਤੀ ਕਮਿਸ਼ਨ ਨੂੰ ਤੁਰਤ ਦਖਲ ਦੇਣ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਅਨੁਸਾਰ ਮੇਚੁਕਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਸਥਿਤ ਗੁਰਦੁਆਰਾ ਗੁਰੂ ਨਾਨਕ ਤਪੋ ਅਸਥਾਨ ਸਥਿਤ ਹੈ, ਜਿਸ ਨੂੰ ਹਾਲ ਹੀ ਵਿਚ ਬੁੱਧ ਧਰਮ ਦੇ ਅਸਥਾਨ ਦੇ ਰੂਪ ਵਿਚ ਬਦਲ ਦਿੱਤਾ ਗਿਆ ਹੈ ਤੇ ਬੀਤੀ 8 ਅਪ੍ਰੈਲ ਨੂੰ ਅਰੁਣਾਚਲ ਪ੍ਰਦੇਸ ਦੇ ਮੁੱਖ ਮੰਤਰੀ ਸ੍ਰੀ ਪੇਮਾ ਖਾਂਡੂ ਨੇ ਸੋਸ਼ਲ ਮੀਡੀਆ 'ਤੇ ਆਪਣੇ ਦੌਰੇ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਹਨ, ਜਿਸ ਤੋਂ ਸਾਫ ਨਜ਼ਰ ਆ ਰਿਹਾ ਹੈ ਕਿ ਹੁਣ ਇਸ ਸਿੱਖ ਅਸਥਾਨ ਨੂੰ ਬੋਧੀ ਅਸਥਾਨ ਵਜੋਂ ਤਬਦੀਲ ਕੀਤਾ ਜਾ ਚੁੱਕਾ ਹੈ।

## ਮੁੱਖ ਮੰਤਰੀ ਵੱਲੋਂ ਤਗਮਾ ਜੇਤੂ 147 ਖਿਡਾਰੀਆਂ ਦਾ ਸਨਮਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ 'ਓਲੰਪੀਅਨ ਬਲਬੀਰ ਸਿੰਘ ਸੀਨੀਅਰ ਵਜ਼ੀਫ਼ਾ ਸਕੀਮ' ਤਹਿਤ ਖਿਡਾਰੀਆਂ ਨੂੰ 16 ਹਜ਼ਾਰ ਰੁਪਏ ਪ੍ਰਤੀ ਮਹੀਨਾ ਵਜ਼ੀਫ਼ਾ ਦੇਣ ਦਾ ਐਲਾਨ ਕਰਦਿਆਂ ਖੇਡਾਂ ਦੇ ਖੇਤਰ ਵਿਚ ਨਵਾਂ ਬਦਲਾਅ ਲਿਆਉਣ ਦਾ ਵਾਅਦਾ ਕੀਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕੌਮੀ ਖੇਡਾਂ ਵਿਚ ਤਗਮੇ ਜਿੱਤਣ ਵਾਲੇ 147 ਖਿਡਾਰੀਆਂ ਨੂੰ 5.43 ਕਰੋੜ ਦੀ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ। ਇਥੇ ਮਿਉਂਸਪਲ ਭਵਨ ਵਿਚ ਕਰਵਾਏ ਗਏ ਸਮਾਗਮ ਦੀ ਪ੍ਰਧਾਨਗੀ ਕਰਦਿਆਂ ਸ੍ਰੀ ਮਾਨ ਨੇ ਕਿਹਾ ਕਿ ਕੌਮੀ ਖੇਡਾਂ ਦੇ ਸੋਨ ਤਗਮਾ ਜੇਤੂਆਂ ਨੂੰ 5-5 ਲੱਖ ਰੁਪਏ, ਚਾਂਦੀ ਦੇ ਤਗਮੇ ਜਿੱਤਣ ਵਾਲਿਆਂ ਨੂੰ 3-3 ਲੱਖ ਰੁਪਏ ਤੇ ਕਾਂਸੀ ਦੇ ਤਗਮਾ ਜੇਤੂਆਂ ਨੂੰ 2-2 ਲੱਖ ਰੁਪਏ ਨਾਲ ਸਨਮਾਨਤ ਕੀਤਾ ਗਿਆ ਹੈ।

# ਸ਼ਤਾਬਦੀ ਸਮਾਗਮ ਬਾਰੇ ਸ਼੍ਰੋਮਣੀ ਤੇ ਦਿੱਲੀ ਕਮੇਟੀ ਵਿਚਾਲੇ ਸ਼ਬਦੀ ਜੰਗ

**ਅੰਮ੍ਰਿਤਸਰ:** ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜਨਮ ਸ਼ਤਾਬਦੀ ਸਮਾਗਮਾਂ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਅਤੇ ਦਿੱਲੀ ਕਮੇਟੀ ਵਿਚਾਲੇ ਸ਼ਬਦੀ ਜੰਗ ਸ਼ੁਰੂ ਹੋ ਗਈ ਹੈ। ਦਿੱਲੀ ਦੇ ਸਮਾਗਮਾਂ ਸਬੰਧੀ ਖਰਚਿਆਂ ਬਾਰੇ ਦਿੱਲੀ ਕਮੇਟੀ ਦੇ ਆਗੂਆਂ ਵੱਲੋਂ ਲਾਏ ਗਏ ਦੋਸ਼ ਦੇ ਜਵਾਬ ਵਿਚ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦੋਸ਼ਾਂ ਨੂੰ ਨਕਾਰਿਆ ਹੈ ਅਤੇ ਅਜਿਹੇ ਪ੍ਰਚਾਰ ਨੂੰ ਗੁਮਰਾਹਕੁੰਨ ਕਰਾਰ ਦਿੱਤਾ ਹੈ।

ਦੱਸ ਦਈਏ ਹੈ ਕਿ ਦਿੱਲੀ ਕਮੇਟੀ ਨੇ ਪਹਿਲਾਂ ਹੀ ਸ਼੍ਰੋਮਣੀ ਕਮੇਟੀ ਨੂੰ ਆਖਿਆ ਸੀ ਕਿ ਉਹ ਡੀ.ਡੀ.ਏ. ਮੈਦਾਨ ਵਿਚ ਸਮਾਗਮ ਨਾ ਕਰੇ ਅਤੇ ਇਹ ਸਮਾਗਮ ਲਾਲ ਕਿਲੇ ਵਿਚ ਕੀਤੇ ਜਾਣ। ਕੌਮੀ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਨੇ ਵੀ ਵੱਖ-ਵੱਖ ਸ਼ਤਾਬਦੀ ਸਮਾਗਮ ਕੀਤੇ ਜਾਣ 'ਤੇ ਇਤਰਾਜ਼ ਜਤਾਇਆ



ਸੀ। ਉਨ੍ਹਾਂ ਇਸ ਨੂੰ ਗੁਰੂ ਦੀ ਗੋਲਕ ਦੀ ਬਰਬਾਦੀ ਕਰਾਰ ਦਿੰਦਿਆਂ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਸ ਦਾ ਨੋਟਿਸ ਲੈਣ ਦੀ ਅਪੀਲ ਕੀਤੀ ਸੀ।

ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੋਸ਼ ਲਾਇਆ ਕਿ ਦਿੱਲੀ ਕਮੇਟੀ ਦੇ ਪ੍ਰਧਾਨ ਅਤੇ ਹੋਰ ਆਗੂ ਆਪਣੇ ਸਿਆਸੀ ਆਕਾ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਖਿਲਾਫ ਗੁਮਰਾਹਕੁੰਨ ਪ੍ਰਚਾਰ ਕਰ ਰਹੇ ਹਨ ਜਦੋਂ ਕਿ ਗੁਰਦੁਆਰਾ ਰਕਾਬ ਗੰਜ ਤੋਂ ਸ਼ੁਰੂ ਕੀਤੇ ਖਾਲਸਾ ਫਤਹਿ ਮਾਰਚ ਵਿਚ ਦਿੱਲੀ ਕਮੇਟੀ ਦੇ ਆਗੂ ਖੁਦ ਵੀ ਸ਼ਾਮਲ ਹੋਏ ਸਨ। ਉਨ੍ਹਾਂ ਕਿਹਾ ਕਿ ਸਿੱਖ ਗੁਰੂਆਂ ਅਤੇ ਜਰਨੈਲਾਂ ਨਾਲ ਸਬੰਧਤ ਸ਼ਤਾਬਦੀਆਂ ਨੂੰ ਮਨਾਉਣਾ ਸਿੱਖ ਸੰਸਥਾ ਦਾ ਫਰਜ਼ ਹੈ। ਉਨ੍ਹਾਂ ਦੋਸ਼ ਲਾਇਆ ਕਿ ਦਿੱਲੀ ਕਮੇਟੀ ਦੇ ਆਗੂ ਆਪਣੇ ਰਾਜਸੀ ਹਿੱਤਾਂ ਲਈ ਸਿੱਖ ਸੰਗਤ ਵਿੱਚ ਦੁਬਿਧਾ ਪੈਦਾ ਕਰਨ ਦਾ ਯਤਨ ਕਰ ਰਹੇ ਹਨ। ਇਨ੍ਹਾਂ ਸਮਾਗਮਾਂ 'ਤੇ ਤਿੰਨ ਕਰੋੜ ਖਰਚ ਕਰਨ ਦੇ ਕੀਤੇ ਗਏ ਦਾਅਵੇ ਨੂੰ ਸ਼੍ਰੋਮਣੀ ਕਮੇਟੀ ਨੇ ਨਕਾਰਿਆ ਹੈ। ਦੂਜੇ ਪਾਸੇ ਦਿੱਲੀ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਦਿੱਲੀ ਸਮਾਗਮਾਂ 'ਤੇ 3 ਕਰੋੜ ਬਰਬਾਦ ਕਰਨ ਦਾ ਦੋਸ਼ ਲਾਇਆ ਗਿਆ ਸੀ।

# ਚਰਨਜੀਤ ਸਿੰਘ ਅਟਵਾਲ ਵੱਲੋਂ ਅਕਾਲੀ ਦਲ ਨੂੰ ਅਲਵਿਦਾ

**ਲੁਧਿਆਣਾ**: ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਨੇੜਲੇ ਸਾਥੀ, ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਡਿਪਟੀ ਸਪੀਕਰ ਚਰਨਜੀਤ ਸਿੰਘ ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਆਖਦਿਆਂ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ।

ਇਸ ਮੌਕੇ ਸ੍ਰੀ ਅਟਵਾਲ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਲੜਕੇ ਇੰਦਰ ਇਕਬਾਲ ਸਿੰਘ ਅਟਵਾਲ ਦੇ ਸਮਰਥਨ 'ਚ ਅਕਾਲੀ ਦਲ ਛੱਡਿਆ ਹੈ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਹੀ ਇੰਦਰ ਇਕਬਾਲ ਸਿੰਘ ਅਟਵਾਲ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਦਾ ਹੱਥ ਫੜਿਆ ਸੀ। ਭਾਜਪਾ ਨੇ ਉਸ ਨੂੰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਐਲਾਨਿਆ ਹੈ।

ਦੱਸਿਆ ਜਾ ਰਿਹਾ ਹੈ ਕਿ ਬਾਦਲ ਪਰਿਵਾਰ ਦੀ ਕਥਿਤ ਅਣਦੇਖੀ ਕਾਰਨ ਹੀ ਇੰਦਰ ਇਕਬਾਲ ਸਿੰਘ ਅਟਵਾਲ ਨੇ ਭਾਜਪਾ ਜੁਆਇਨ ਕੀਤੀ ਹੈ। ਅਟਵਾਲ ਪਰਿਵਾਰ, ਜੋ ਆਜ਼ਾਦੀ ਤੋਂ ਬਾਅਦ ਸ਼੍ਰੋਮਣੀ ਅਕਾਲੀ ਦਲ ਨਾਲ ਜੁੜਿਆ ਰਿਹਾ, ਉਨ੍ਹਾਂ ਨੂੰ ਪਾਰਟੀ 'ਚ ਸਹੀ ਥਾਂ ਨਹੀਂ ਦਿੱਤੀ ਗਈ ਜਿਸ ਕਾਰਨ ਸਾਬਕਾ ਸਪੀਕਰ ਚਰਨਜੀਤ ਸਿੰਘ ਅਟਵਾਲ ਕਈ ਸਾਲਾਂ ਤੋਂ ਬਾਦਲ ਪਰਿਵਾਰ ਤੋਂ ਨਾਰਾਜ਼ ਵੀ ਚੱਲ ਰਹੇ ਸਨ।

ਦੂਜੇ ਪਾਸੇ ਭਾਰਤੀ ਜਨਤਾ ਪਾਰਟੀ ਵਿਚ ਜਾਂਦਿਆਂ ਹੀ ਪਾਰਟੀ ਨੇ ਇੰਦਰ ਇਕਬਾਲ ਸਿੰਘ ਅਟਵਾਲ ਨੂੰ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਲਈ ਉਮੀਦਵਾਰ ਬਣਾ ਦਿੱਤਾ ਹੈ। ਦੱਸ ਦਈਏ ਕਿ ਅਟਵਾਲ ਪਿਛਲੀਆਂ ਲੋਕ ਸਭਾ ਚੋਣਾਂ 'ਚ ਜਲੰਧਰ ਤੋਂ ਬਹੁਤ ਘੱਟ ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਤੋਂ ਹਾਰੇ ਸਨ। ਸ਼੍ਰੋਮਣੀ ਅਕਾਲੀ ਦਲ ਦੇ ਇਕਲੌਤੇ ਵੱਡੇ ਕੱਦ ਦੇ ਦਲਿਤ ਆਗੂ ਚਰਨਜੀਤ ਸਿੰਘ ਅਟਵਾਲ ਲੋਕ ਸਭਾ ਦੇ ਡਿਪਟੀ ਸਪੀਕਰ ਵੀ ਰਹਿ ਚੁੱਕੇ ਹਨ।

# ਵਰਜੀਨੀਆ ਸੂਬੇ ਦੇ ਸਕੂਲਾਂ 'ਚ ਪੜ੍ਹਾਇਆ ਜਾਵੇਗਾ ਸਿੱਖ ਧਰਮ

**ਵਾਸ਼ਿੰਗਟਨ:** ਅਮਰੀਕਾ ਦੇ ਸੂਬੇ ਵਰਜੀਨੀਆ ਵਿਚ ਹੁਣ 10 ਲੱਖ ਤੋਂ ਵੱਧ ਵਿਦਿਆਰਥੀ ਸਿੱਖ ਧਰਮ ਬਾਰੇ ਪੜ੍ਹਨਗੇ ਕਿਉਂਕਿ ਇਸ ਸੂਬੇ ਨੇ ਨਵੇਂ ਸਮਾਜਿਕ ਸਿੱਖਿਆ ਸਟੈਂਡਰਡ ਦੇ ਪੱਖ ਵਿਚ ਵੋਟ ਕੀਤੀ ਹੈ, ਜਿਸ 'ਚ ਪਹਿਲੀ ਵਾਰ ਸਕੂਲੀ ਪਾਠਕ੍ਰਮ ਵਿਚ ਸਿੱਖੀ, ਜਾਂ ਸਿੱਖ ਧਰਮ ਨੂੰ ਸ਼ਾਮਲ ਕੀਤਾ ਜਾਵੇਗਾ।

ਵਰਜੀਨੀਆ ਸਟੇਟ ਬੋਰਡ ਆਫ ਐਜੂਕੇਸ਼ਨ ਨੇ ਸਮਾਜਿਕ ਵਿਗਿਆਨ ਤੇ ਇਤਿਹਾਸ ਦੇ ਨਵੇਂ ਸਟੈਂਟਡਰਡ ਦੇ ਹੱਕ 'ਚ ਵੋਟ ਪਾਈ ਹੈ। ਸਿੱਖ ਕੁਲੀਸ਼ਨ ਨੇ ਆਪਣੇ ਬਿਆਨ 'ਚ ਕਿਹਾ ਕਿ ਵਰਜੀਨੀਆ ਹੁਣ



ਅਮਰੀਕੀ ਰਾਜਾਂ ਦੀ ਸੂਚੀ 'ਚ 17ਵੇਂ ਸਥਾਨ ਉਤੇ ਹੈ, ਜਿਨ੍ਹਾਂ ਨੇ ਸਿੱਖ ਕੁਲੀਸ਼ਨ ਨਾਲ ਮਿਲ ਕੇ ਆਪਣੇ ਸਰਕਾਰੀ ਸਕੂਲ ਸਮਾਜਿਕ ਸਿੱਖਿਆ ਦੇ ਮਿਆਰਾਂ 'ਚ ਸਿੱਖਾਂ ਬਾਰੇ ਸਹੀ ਜਾਣਕਾਰੀ ਸ਼ਾਮਲ ਕਰਨ ਲਈ ਕੰਮ ਕੀਤਾ ਹੈ। ਸਿੱਖ ਕੁਲੀਸ਼ਨ ਦੇ ਸੀਨੀਅਰ ਸਿੱਖਿਆ ਮੈਨੇਜਰ ਹਰਮਨ ਸਿੰਘ ਨੇ ਕਿਹਾ ਕਿ ਸਥਾਨਕ ਸੰਗਤ ਨਾਲ ਦੋ ਸਾਲਾਂ ਤੋਂ ਵੱਧ ਦੇ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਤਬਦੀਲੀ ਇਹ ਯਕੀਨੀ ਬਣਾਉਣ 'ਚ ਮਦਦ ਕਰੇਗੀ ਕਿ ਸਿੱਖੀ ਬਾਰੇ ਸਮੁੱਚੇ ਵਰਜੀਨੀਆ ਦੀਆਂ ਜਮਾਤਾਂ ਵਿਚ ਪੜ੍ਹਾਇਆ ਜਾ ਸਕੇਗਾ।

# ਰਾਜਪਾਲ ਨੂੰ ਸੌਂਪੇ ਜਾਣਗੇ ਬੰਦੀ ਸਿੰਘਾਂ ਦੀ ਰਿਹਾਈ ਲਈ ਭਰੇ ਫਾਰਮ

**ਅੰਮ੍ਰਿਤਸਰ:** ਬੰਦੀ ਸਿੰਘਾਂ ਦੀ ਰਿਹਾਈ ਦੀ ਮੰਗ ਤਹਿਤ ਸ਼੍ਰੋਮਣੀ ਕਮੇਟੀ ਵੱਲੋਂ ਹਸਤਾਖਰ ਮੁਹਿੰਮ ਤਹਿਤ 25 ਲੱਖ ਤੋਂ ਵੱਧ ਪ੍ਰੋਫਾਰਮੇ ਭਰਵਾਏ ਗਏ ਹਨ, ਜਿਨ੍ਹਾਂ ਦੀ ਸਪੁਰਦਗੀ ਸ਼੍ਰੋਮਣੀ ਕਮੇਟੀ ਵੱਲੋਂ 27 ਅਪਰੈਲ ਨੂੰ ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੂੰ ਸੌਂਪੇ ਜਾਣਗੇ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ 27 ਅਪਰੈਲ ਨੂੰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੀ ਅਗਵਾਈ ਹੇਠ ਚਾਰ ਮੈਂਬਰੀ ਵਫ਼ਦ ਜਾਵੇਗਾ। ਇਸ ਤੋਂ ਪਹਿਲਾਂ ਸਵੇਰੇ 7 ਵਜੇ ਅਕਾਲ ਤਖ਼ਤ ਸਾਹਿਬ ਵਿਖੇ ਪੰਥਕ ਇਕੱਠ ਕਰ ਕੇ ਅਰਦਾਸ ਕੀਤੀ ਜਾਵੇਗੀ।

# ਬਜ਼ੁਰਗ ਰਿਕਸ਼ਾ ਚਾਲਕ ਨੇ ਜਿੱਤਿਆ ਢਾਈ ਕਰੋੜ ਦਾ ਵਿਸਾਖੀ ਬੰਪਰ

**ਮੋਗਾ:** ਇਸ ਵਾਰ 'ਵਿਸਾਖੀ ਬੰਪਰ' ਧਰਮਕੋਟ ਸਬ-ਡਿਵੀਜ਼ਨ ਅਧੀਨ ਪੈਂਦੇ ਪਿੰਡ ਲੋਹਗੜ੍ਹ ਦੇ ਬਜ਼ੁਰਗ ਰਿਕਸ਼ਾ ਚਾਲਕ ਦੀ ਜ਼ਿੰਦਗੀ 'ਚ ਖੁਸ਼ੀਆਂ ਲੈ ਕੇ ਆਇਆ ਹੈ। ਉਸ ਨੇ ਢਾਈ ਕਰੋੜ ਰੁਪਏ ਦਾ ਇਨਾਮ ਜਿੱਤਿਆ ਹੈ। ਬਜ਼ੁਰਗ ਗੁਰਦੇਵ ਸਿੰਘ ਰਿਕਸ਼ਾ ਚਲਾਉਂਦਾ ਹੈ। ਉਸ ਨੇ ਦੱਸਿਆ ਕਿ 500 ਰੁਪਏ ਦੀ ਟਿਕਟ ਖਰੀਦੀ ਸੀ। ਉਹ ਪਹਿਲਾਂ ਵੀ ਲਾਟਰੀ ਦੀਆਂ ਟਿਕਟਾਂ ਖਰੀਦਦਾ ਸੀ ਪਰ ਉਸ ਨੂੰ ਨਹੀਂ ਪਤਾ ਸੀ ਕਿ ਇਸ ਵਾਰ ਉਹ ਕਰੋੜਪਤੀ ਬਣ ਜਾਵੇਗਾ। ਉਸ ਨੇ ਜਿਸ ਏਜੰਟ ਤੋਂ ਇਹ ਟਿਕਟ ਖਰੀਦੀ ਸੀ, ਉਸ ਨੇ ਗੁਰਦੇਵ ਸਿੰਘ ਦੇ ਘਰ ਆ ਕੇ ਦੱਸਿਆ ਕਿ ਉਸ ਨੇ ਢਾਈ ਕਰੋੜ ਰੁਪਏ ਦੀ ਲਾਟਰੀ ਜਿੱਤੀ ਹੈ। ਗੁਰਦੇਵ ਸਿੰਘ ਨੇ ਕਿਹਾ ਕਿ ਉਸ ਨੂੰ



ਪਿਛਲੇ 40 ਸਾਲਾਂ ਤੋਂ ਸੜਕ 'ਤੇ ਟੋਏ ਭਰਨ ਅਤੇ ਸੜਕਾਂ ਕੰਢੇ ਲੱਗੇ ਬੂਟਿਆਂ ਨੂੰ ਪਾਣੀ ਦੇਣ ਦੀ ਸੇਵਾ ਦਾ ਫਲ ਮਿਲਿਆ ਹੈ।

ਗੁਰਦੇਵ ਸਿੰਘ ਦੇ ਚਾਰ ਪੁੱਤ ਤੇ ਇਕ ਧੀ ਹੈ, ਉਹ ਸਾਰੇ ਵਿਆਹੇ ਹੋਏ ਹਨ। ਉਨ੍ਹਾਂ ਕਿਹਾ ਕਿ ਉਹ ਸਮਾਜ ਸੇਵਾ ਦੇ ਨਾਲ ਮਿਹਨਤ ਮਜ਼ਦੂਰੀ ਵੀ ਕਰਦਾ ਰਹੇਗਾ। ਪੈਸਿਆਂ ਨਾਲ ਉਹ ਆਪਣੇ ਬੱਚਿਆਂ ਨੂੰ ਵਧੀਆ ਘਰ ਬਣਾ ਕੇ ਦੇਵੇਗਾ ਅਤੇ ਆਪਣੇ ਪੋਤੇ-ਪੋਤੀਆਂ ਨੂੰ ਚੰਗੀ ਪੜ੍ਹਾਈ ਕਰਵਾਏਗਾ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਮੋਗਾ 'ਚ ਚਾਰ ਸਾਲ ਬਾਅਦ ਰਿਕਸ਼ਾ ਚਾਲਕ ਦੂਜਾ ਵਿਸਾਖੀ ਬੰਪਰ ਜੇਤੂ ਬਣਿਆ ਹੈ। ਸਾਲ 2019 ਵਿਚ ਮੋਗਾ ਜ਼ਿਲ੍ਹੇ ਦੇ ਪਿੰਡ ਨੱਥੂਵਾਲਾ ਜਦੀਦ ਵਾਸੀ ਕਿਸਾਨ ਪਰਵਿੰਦਰ ਸਿੰਘ ਦਾ ਦੋ ਕਰੋੜ ਰੁਪਏ ਦਾ 'ਵਿਸਾਖੀ ਬੰਪਰ' ਨਿਕਲਿਆ ਸੀ।

## ਦਰਬਾਰ ਸਾਹਿਬ ਤਰਨ ਤਾਰਨ ਦੀ ਕਾਰ ਪਾਰਕਿੰਗ ਦੀ ਉਸਾਰੀ ਦੌਰਾਨ ਬੰਬ ਮਿਲਿਆ

**ਤਰਨ ਤਾਰਨ:** ਇਥੋਂ ਦੇ ਸ੍ਰੀ ਦਰਬਾਰ ਸਾਹਿਬ ਦੀ ਉਸਾਰੀ ਅਧੀਨ ਕਾਰ ਪਾਰਕਿੰਗ ਦੀ ਖੁਦਾਈ ਕਰਦਿਆਂ ਇਕ ਬੰਬ (ਹੈਂਡ ਗਰੇਨੇਡ) ਮਿਲਿਆ ਹੈ, ਜਿਹੜਾ ਜੰਗਾਲ ਨਾਲ ਖਾਧਾ ਹੋਇਆ ਹੈ। ਡੀ.ਐਸ.ਪੀ. ਜਸਪਾਲ ਸਿੰਘ ਨੇ ਦੱਸਿਆ ਕਿ ਪੁਲਿਸ ਨੇ ਬੰਬ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ ਅਤੇ ਪੁਲਿਸ ਰੇਂਜ ਅੰਮ੍ਰਿਤਸਰ ਤੋਂ ਬੰਬ ਨਕਾਰਾ ਦਸਤੇ ਨੂੰ ਸੱਦਿਆ ਹੈ। ਇਹ ਬੰਬ ਕਾਰ ਪਾਰਕਿੰਗ ਦੇ ਨੇੜੇ ਰੇਹੜੀ ਲਾਉਂਦੇ ਵਿਅਕਤੀ ਨੂੰ ਮਿਲਿਆ ਸੀ ਜਿਸ ਨੇ ਇਸ ਦੀ ਜਾਣਕਾਰੀ ਸੇਵਾਦਾਰਾਂ ਜਰੀਏ ਪੁਲਿਸ ਨੂੰ ਦਿੱਤੀ। ਡੀ.ਐਸ.ਪੀ. ਨੇ ਦੱਸਿਆ ਕਿ ਬੰਬ ਨੂੰ ਕਿਧਰੇ ਦੂਰ ਲਿਜਾ ਕੇ ਨਸ਼ਟ ਕੀਤਾ ਜਾਵੇਗਾ। ਇਹ ਬੰਬ

# ਹੁਣ 20 ਹੋਰ ਨਵੀਆਂ ਖੱਡਾਂ ‘ਤੇ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਮਿਲੇਗਾ

**ਮੋਗਾ:** ਮੁੱਖ ਮੰਤਰੀ ਭਗਵੰਤ ਮਾਨ ਨੇ ਤੀਜੇ ਪੜਾਅ ਦੌਰਾਨ ਪੰਜ ਜ਼ਿਲ੍ਹਿਆਂ ਲੁਧਿਆਣਾ, ਫਿਰੋਜ਼ਪੁਰ, ਮੋਗਾ, ਹੁਸ਼ਿਆਰਪੁਰ ਅਤੇ ਐਸ.ਬੀ.ਐਸ. ਨਗਰ ਵਿਚ 20 ਨਵੀਆਂ ਖੱਡਾਂ ਸਸਤੇ ਭਾਅ ਰੇਤ ਲਈ ਜਨਤਕ ਕੀਤੀਆਂ ਜਿੱਥੋਂ 5.50 ਰੁਪਏ ਪ੍ਰਤੀ ਕਿਊਬਿਕ ਫੁੱਟ ਰੇਤਾ ਮਿਲੇਗਾ। ਮੁੱਖ ਮੰਤਰੀ ਨੇ ਆਖਿਆ ਕਿ ਸੂਬੇ ’ਚ ਪਹਿਲਾਂ ਰੇਤ ਮਹਿੰਗੇ ਭਾਅ ’ਤੇ ਮੁਸ਼ਕਲ ਨਾਲ ਅਤੇ ਨਸ਼ੇ ਬਾਜ਼ਾਰ ’ਚ ਆਸਾਨੀ ਨਾਲ ਮਿਲ ਜਾਂਦੇ ਸਨ।



ਇੱਥੇ ਧਰਮਕੋਟ ਸਬ ਡਿਵੀਜ਼ਨ ਅਧੀਨ ਪਿੰਡ ਸੰਘੇੜਾ ਵਿਚ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਆਖਿਆ ਕਿ ਸੂਬੇ ਵਿਚੋਂ ਮਾਫੀਆ ਰਾਜ ਦਾ ਖਾਤਮਾ ਤੇ ਲੋਕਾਂ ਦਾ ਰਾਜ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ‘ਆਪ’ ਸਰਕਾਰ ਨੇ ਪਿਛਲੀਆਂ ਸਰਕਾਰਾਂ ਸਮੇਂ ਵਧੇ-ਫੁਲੇ ਰੇਤ ਮਾਫ਼ੀਆ ਨੂੰ ਜੜ੍ਹੋਂ ਉਖਾੜ ਦਿੱਤਾ ਹੈ। ਹੁਣ ਸੂਬੇ ਭਰ ਵਿਚ ਚੱਲ ਰਹੀਆਂ ਜਨਤਕ ਖੱਡਾਂ ਦੀ ਗਿਣਤੀ ਵਧ ਕੇ 55 ਹੋ ਗਈ ਹੈ ਅਤੇ ਜਲਦੀ 150 ਜਨਤਕ ਖੱਡਾਂ ਨੂੰ ਕਾਰਜਸ਼ੀਲ ਕੀਤਾ ਜਾ ਰਿਹਾ ਹੈ। ਇਨ੍ਹਾਂ ਖੱਡਾਂ ਵਿੱਚ ਕੇਵਲ ਹੱਥਾਂ ਨਾਲ ਹੀ ਰੇਤੇ ਦੀ ਖੁਦਾਈ ਕਰਨ ਦੀ ਆਗਿਆ ਹੋਵੇਗੀ। ਉਨ੍ਹਾਂ ਦੱਸਿਆ ਕਿ ਰੇਤ ਦੀ ਵਿਕਰੀ ਸੂਰਜ ਡੁੱਬਣ ਤੱਕ ਹੀ ਹੋਵੇਗੀ ਅਤੇ ਹਰੇਕ ਜਨਤਕ ਮਾਈਨਿੰਗ ਵਾਲੀ ਥਾਂ ’ਤੇ ਰੇਤ ਦੀ ਨਿਕਾਸੀ ਲਈ ਇੱਕ ਸਰਕਾਰੀ ਅਧਿਕਾਰੀ ਹਮੇਸ਼ਾ ਮੌਜੂਦ ਰਹੇਗਾ। ਉਨ੍ਹਾਂ ਕਿਹਾ ਕਿ ਮੋਬਾਈਲ ਐਪ ਰਾਹੀਂ ਸਭ ਤੋਂ ਨੇੜਲੀ ਖੱਡ ਬਾਰੇ ਜਾਣਕਾਰੀ ਮਿਲ ਜਾਵੇਗੀ। ਲੋਕਾਂ ਨੂੰ ਟਰੈਕਟਰ-ਟਰਾਲੀ ਨਾਲ ਲੇਬਰ ਲਿਜਾਣੀ ਹੋਵੇਗੀ ਅਤੇ ਲੇਬਰ ਨਾ ਹੋਣ ’ਤੇ ਖੱਡਾਂ ’ਤੇ ਵੀ ਲੇਬਰ ਮੁਹੱਈਆ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਇਨ੍ਹਾਂ ਖੱਡਾਂ ’ਚ ਟਿੱਪਰਾਂ ਅਤੇ ਜੇ.ਸੀ.ਬੀ. ਨੂੰ ਲਿਜਾਣ ਦੀ ਆਗਿਆ ਨਹੀਂ ਹੋਵੇਗੀ। ਸਰਕਾਰ ਦਾ ਕੋਈ ਮੰਤਰੀ, ਵਿਧਾਇਕ, ਨੁਮਾਇੰਦਾ ਜਾਂ ਪਾਰਟੀ ਆਗੂ ਇਸ ਕੰਮ ’ਚ ਦਖ਼ਲ ਨਹੀਂ ਦੇਵੇਗਾ। ਉਨ੍ਹਾਂ ਪਿਛਲੀਆਂ ਸਰਕਾਰਾਂ ਉਤੇ ਰੇਤ ਮਾਫ਼ੀਆ ਦੀ ਪੁਸ਼ਤਪਨਾਹੀ ਦਾ ਦੋਸ਼ ਲਾਉਂਦਿਆਂ ਆਖਿਆ ਕਿ ਇਨ੍ਹਾਂ ਲੋਕਾਂ ਨੂੰ ਇਸ ਮੁੱਦੇ ’ਤੇ ਬੋਲਣ ਦਾ ਕੋਈ ਨੈਤਿਕ ਅਧਿਕਾਰ ਨਹੀਂ ਹੈ।

## ਆਮ ਲੋਕਾਂ ਨੂੰ ਸ਼ਰਾਬ ਮਾਫੀਆ ਦੀ ਲੁੱਟ ਤੋਂ ਬਚਾਇਆ: ਚੀਮਾ

**ਚੰਡੀਗੜ੍ਹ:** ਕਰ ਅਤੇ ਆਬਕਾਰੀ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਆਬਕਾਰੀ ਵਿਭਾਗ ਨੇ ਆਮ ਲੋਕਾਂ ਨੂੰ ਸ਼ਰਾਬ ਮਾਫੀਆ ਦੇ ਹੱਥੋਂ ਹੋਣ ਵਾਲੀ ਕਿਸੇ ਵੀ ਲੁੱਟ ਤੋਂ ਬਚਾਉਣ ਲਈ ਵਿਆਹ ਤੇ ਨਿੱਜੀ ਸਮਾਗਮਾਂ ਲਈ ਸ਼ਰਾਬ ਦੇ ਪਰਮਿਟ ਦੇ ਨਾਲ-ਨਾਲ ਸ਼ਰਾਬ ਦੀ ਵੱਧ ਤੋਂ ਵੱਧ ਪ੍ਰਚੂਨ ਕੀਮਤ ਸੂਚੀ ਮੁਹੱਈਆ ਕਰਨ ਦੀ ਪਹਿਲਕਦਮੀ ਕੀਤੀ ਹੈ। ਆਬਕਾਰੀ ਵਿਭਾਗ ਵੱਲੋਂ ਸ਼ਰਾਬ ਦੀ ਗੁਣਵੱਤਾ, ਮਾਤਰਾ ਅਤੇ ਸਮਾਗਮ ਦੀ ਮਿਤੀ ਅਤੇ ਸਥਾਨ ਦਾ ਜ਼ਿਕਰ ਕਰਦੇ ਹੋਏ ਸਬੰਧਤ ਵਿਅਕਤੀ ਦੇ ਨਾਂ ’ਤੇ ਇਹ ਪਰਮਿਟ ਜਾਰੀ ਕੀਤਾ ਜਾਇਆ ਕਰੇਗਾ ਅਤੇ ਸਬੰਧਤ ਵਿਅਕਤੀ ਜ਼ਿਲ੍ਹੇ ਦੇ ਕਿਸੇ ਵੀ ਠੇਕੇ ਤੋਂ ਸ਼ਰਾਬ ਦੀ ਖਰੀਦ ਕਰ ਸਕੇਗਾ। ਇਸ ਨਾਲ ਲੋਕਾਂ ਨੂੰ ਵਾਜਬ ਦਰਾਂ ’ਤੇ ਸ਼ਰਾਬ ਖਰੀਦਣ ਦੀ ਸਹੂਲਤ ਮਿਲੇਗੀ।

# ਪੰਜਾਬ ਦੇ ਮੁਲਾਜ਼ਮਾਂ ਵੱਲੋਂ ਹਿਮਾਚਲ ਦੀ ਤਰਜ਼ ‘ਤੇ ਐਨ.ਪੀ.ਐਸ. ਕਟੌਤੀ ਬੰਦ ਕਰਨ ਦੀ ਮੰਗ

**ਚੰਡੀਗੜ੍ਹ:** ਹਿਮਾਚਲ ਪ੍ਰਦੇਸ਼ ਵਿਚ ਮੁੱਖ ਮੰਤਰੀ ਸੁਖਵਿੰਦਰ ਕੁਮਾਰ ਸੁੱਖੂ ਦੀ ਅਗਵਾਈ ਵਾਲੀ ਸਰਕਾਰ ਨੇ ਸਾਲ-2004 ਤੋਂ ਬਾਅਦ ਭਰਤੀ ਹੋਏ ਮੁਲਾਜ਼ਮਾਂ ਦਾ ਨੈਸ਼ਨਲ ਪੈਨਸ਼ਨ ਸਕੀਮ (ਐਨ.ਪੀ.ਐਸ.) ਤਹਿਤ ਕਟੌਤੀ ਬੰਦ ਕਰਨ ਅਤੇ ਜੀ.ਪੀ.ਐਫ. ਖਾਤੇ ਖੋਲ੍ਹਣ ਦੀ ਨੋਟੀਫਿਕੇਸ਼ਨ ਜਾਰੀ ਕਰ ਦਿੱਤੀ ਹੈ।

ਇਸ ਸਬੰਧੀ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਬਾਰੇ ਲਗਾਤਾਰ ਸੰਘਰਸ਼ ਕਰਦੀ ਆ ਰਹੀ ਜਥੇਬੰਦੀ ਸੀ.ਪੀ.ਐਫ. ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਅਤੇ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਕਨਵੀਨਰ ਜਸਵੀਰ ਸਿੰਘ ਤਲਵਾੜਾ ਨੇ ਕਿਹਾ ਕਿ ਆਮ ਆਦਮੀ ਪਾਰਟੀ 2017 ਤੋਂ ਵਿਰੋਧੀ ਧਿਰ ਵਜੋਂ ਅਤੇ ਉਸ ਮਗਰੋਂ ਹੋਈਆਂ ਚੋਣਾਂ ਵੇਲੇ ਕੀਤੇ ਵਾਅਦਿਆਂ ਦੌਰਾਨ ਸੱਤਾ ਵਿਚ ਆਉਣ ਮਗਰੋਂ ਪੁਰਾਣੀ ਪੈਨਸ਼ਨ ਸਕੀਮ ਨੂੰ ਬਹਾਲ ਕਰਨ ਸਬੰਧੀ ਵਾਅਦੇ ਕਰਦੀ ਆਈ ਹੈ।

ਪਿਛਲੀ ਕਾਂਗਰਸ ਸਰਕਾਰ ਵੇਲੇ ਵਿਰੋਧੀ ਧਿਰ ਦੇ ਨੇਤਾ ਵਜੋਂ ਹਰਪਾਲ ਸਿੰਘ ਚੀਮਾ ਨੇ ਸਰਕਾਰ ਨੂੰ ਇਸ ਮੁੱਦੇ ’ਤੇ ਲਿਖਤੀ ਨੋਟ ਵੀ ਭੇਜੇ ਅਤੇ ਅਖ਼ਬਾਰਾਂ ਤੇ ਮੀਡੀਆ ਰਾਹੀਂ ਭਰਵੀਂ ਵਕਾਲਤ ਵੀ ਕੀਤੀ, ਪਰ ਸੱਤਾ ਵਿਚ ਆਉਣ ਮਗਰੋਂ ਹੁਣ ਤੱਕ ‘ਆਪ’ ਸਰਕਾਰ ਨੇ ਇਸ ਦਿਸ਼ਾ ਵਿਚ ਕੋਈ ਕਾਰਵਾਈ ਨਹੀਂ ਕੀਤੀ ਹੈ। ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਦੇ ਸੂਬਾ ਕਨਵੀਨਰ ਅਤਿੰਦਰਪਾਲ ਸਿੰਘ ਨੇ ਕਿਹਾ ਕਿ ਹਿਮਾਚਲ ਪ੍ਰਦੇਸ਼ ਸਰਕਾਰ ਵੱਲੋਂ ਪਹਿਲੀ ਅਪਰੈਲ ਤੋਂ ਐਨ.ਪੀ.ਐਸ. ਕਟੌਤੀ ਬੰਦ ਕਰ ਕੇ ਜੀ.ਪੀ.ਐਫ. ਖਾਤੇ ਖੋਲ੍ਹਣਾ ਪੈਨਸ਼ਨ ਬਹਾਲੀ ਦਾ ਮੁਢਲਾ ਪੜਾਅ ਹੈ, ਪਰ ਪੰਜਾਬ ਸਰਕਾਰ ਨੇ ਹਾਲੇ ਤੱਕ ਇਸ ਪੜਾਅ ਵੱਲ ਵਧਣ ਲਈ ਕੁਝ ਨਹੀਂ ਕੀਤਾ। ਸੀ.ਪੀ.ਐਫ. ਕਰਮਚਾਰੀ ਯੂਨੀਅਨ ਪੰਜਾਬ ਦੇ ਪ੍ਰਧਾਨ ਸੁਖਜੀਤ ਸਿੰਘ ਨੇ ਦੱਸਿਆ ਕਿ ਯੂਨੀਅਨ ਵੱਲੋਂ ਸੂਬਾ ਸਰਕਾਰ ਨੂੰ ਮੀਟਿੰਗਾਂ ਵਿੱਚ ਵਾਰ-ਵਾਰ ਸੁਝਾਅ ਦਿੱਤਾ ਗਿਆ ਹੈ ਕਿ ਮੁਲਾਜ਼ਮਾਂ ਦੀ




ਐਨ.ਪੀ.ਐਸ. ਕਟੌਤੀ ਤੁਰੰਤ ਬੰਦ ਕਰ ਕੇ ਜੀ.ਪੀ.ਐਫ. ਖਾਤੇ ਖੋਲ੍ਹ ਦਿੱਤੇ ਜਾਣ। ਦਿੱਲੀ ਦੀ ਕੇਜਰੀਵਾਲ ਸਰਕਾਰ ਸਾਲ-2018 ਵਿਚ ਤੇ ਪੰਜਾਬ ਦੀ ਮਾਨ ਸਰਕਾਰ ਕੈਬਨਿਟ ਵਿਚ ਪੁਰਾਣੀ ਪੈਨਸ਼ਨ ਸਕੀਮ ਬਹਾਲੀ ਸਬੰਧੀ ਮਤਾ ਪਾਸ ਕਰ ਚੁੱਕੀਆਂ ਹਨ, ਪਰ ਦੋਵੇਂ ਸਰਕਾਰਾਂ ਵੱਲੋਂ ਇਸ ਮਾਮਲੇ ਵਿਚ ਕੇਂਦਰ ਵੱਲੋਂ ਅੜਿੱਕੇ ਡਾਹੇ ਜਾਣ ਦੀ ਗੱਲ ਆਖੀ ਜਾ ਰਹੀ ਹੈ।

ਪੰਜਾਬ ਸਰਕਾਰ ਦਾ ਮੰਨਣਾ ਹੈ ਕਿ ਕੇਂਦਰ ਵੱਲੋਂ ਪੈਨਸ਼ਨ ਫੰਡ ਰੈਗੂਲੇਟਰੀ ਐਂਡ ਡਿਵੈਲਪਮੈਂਟ ਅਥਾਰਿਟੀ (ਪੀ.ਐਫ.ਆਰ.ਡੀ.ਏ) ਦਾ ਪੈਸਾ ਵਾਪਸ ਦਿੱਤੇ ਬਿਨਾਂ ਇਸ ਕਾਰਵਾਈ ਨੂੰ ਅੱਗੇ ਨਹੀਂ ਤੋਰਿਆ ਜਾ ਸਕਦਾ, ਜਦਕਿ ਕੇਂਦਰ ਇਹ ਪੈਸਾ ਵਾਪਸ ਕਰਨ ਤੋਂ ਜਵਾਬ ਦੇ ਚੁੱਕਾ ਹੈ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਲਈ ਕੰਮ ਕਰ ਰਹੀ ਹੈ ਤੇ ਹੋਰਨਾਂ ਸੂਬਿਆਂ ਨਾਲੋਂ ਵਧੀਆ ਢੰਗ ਨਾਲ ਲਾਗੂ ਕਰੇਗੀ। ਹਿਮਾਚਲ ਸਰਕਾਰ ਵੱਲੋਂ ਜਾਰੀ ਕੀਤੀ ਨੋਟੀਫਿਕੇਸ਼ਨ ਦੇ ਸਵਾਲ ਵਿਚ ਵਿੱਤ ਮੰਤਰੀ ਨੇ ਕਿਹਾ ਕਿ ਅਜਿਹੀ ਕੋਈ ਨੋਟੀਫਿਕੇਸ਼ਨ ਫਿਲਹਾਲ ਉਨ੍ਹਾਂ ਦੇ ਧਿਆਨ ਵਿਚ ਨਹੀਂ ਆਈ ਹੈ, ਪਰ ਪੰਜਾਬ ਸਰਕਾਰ ਆਪਣੇ ਹਿਸਾਬ ਨਾਲ ਕੰਮ ਕਰ ਰਹੀ ਹੈ।

# ਕੇਂਦਰ ਦੀ ਨਵੀਂ ਰਣਨੀਤੀ ਕਣਕ ਦੇ ਖਰੀਦ ਕੇਂਦਰਾਂ ਵਿਚ ਅੜਿੱਕਾ ਬਣੀ

**ਚੰਡੀਗੜ੍ਹ:** ਕੇਂਦਰ ਸਰਕਾਰ ਦੀ ਨਵੀਂ ਰਣਨੀਤੀ ਕਰਕੇ ਪੰਜਾਬ ਦੇ ਖਰੀਦ ਕੇਂਦਰਾਂ ’ਚ ਕਣਕ ਦੀ ਫਸਲ ਦੀ ਲਿਫਟਿੰਗ ਚੁਣੌਤੀ ਬਣ ਗਈ ਹੈ। ਪੰਜਾਬ ਦੀਆਂ ਮੰਡੀਆਂ ਵਿਚ ਕਰੀਬ ਅੱਠ ਕਰੋੜ ਬੋਰੀ ਚੁਕਾਈ ਦੀ ਉਡੀਕ ’ਚ ਪਈ ਹੈ ਅਤੇ ਬਹੁਤੇ ਖ਼ਰੀਦ ਕੇਂਦਰਾਂ ਵਿਚ ਨਵੀਂ ਫ਼ਸਲ ਉਤਾਰਨ ਵਾਸਤੇ ਥਾਂ ਨਹੀਂ ਬਚੀ ਹੈ। ਪਹਿਲੀ ਦਫ਼ਾ ਹੈ ਕਿ ਲਿਫਟਿੰਗ ਕੀੜੀ ਚਾਲ ਚੱਲ ਰਹੀ ਹੈ। 20 ਅਪਰੈਲ ਤੱਕ ਖ਼ਰੀਦ ਕੇਂਦਰਾਂ ਵਿਚ 7.87 ਲੱਖ ਬੋਰੀਆਂ ਦੇ ਅੰਬਾਰ ਲੱਗੇ ਹੋਏ ਸਨ। ਕੇਂਦਰੀ ਖੁਰਾਕ ਮੰਤਰਾਲੇ ਨੇ ਐਤਕੀਂ ਖ਼ਰੀਦ ਕੇਂਦਰਾਂ ਵਿਚੋਂ ਕਣਕ ਦੀ ਫ਼ਸਲ ਦੀ ਸਿੱਧੀ ਸਪਲਾਈ ਦੂਸਰੇ ਸੂਬਿਆਂ ਨੂੰ ਕਰਨੀ ਸ਼ੁਰੂ ਕੀਤੀ ਹੈ ਅਤੇ ਇਸੇ ਤਰ੍ਹਾਂ ਗੁਦਾਮਾਂ ਵਿਚ ਭੰਡਾਰ ਕੀਤੇ ਜਾਣ ਵਾਲੀ ਫ਼ਸਲ ਲਈ ਐਤਕੀਂ ਮੌਕੇ ਅਤੇ ਬਦਲ ਘੱਟ ਹਨ। ਗੁਦਾਮਾਂ ਅੱਗੇ ਲੰਮੀਆਂ ਕਤਾਰਾਂ ਲੱਗ ਗਈਆਂ ਹਨ ਅਤੇ ਕਣਕ ਦੀ ਫ਼ਸਲ ਗੁਦਾਮਾਂ ਵਿਚ ਅਨਲੋਡ ਹੋਣ ’ਤੇ ਸਮਾਂ ਲੱਗ ਰਿਹਾ ਹੈ। ਲੋੜੀਂਦੀ ਗਿਣਤੀ ਵਿਚ ਸਪੈਸ਼ਲ ਟਰੇਨਾਂ ਵੀ ਨਹੀਂ ਮਿਲ ਰਹੀਆਂ ਹਨ ਜਿਸ ਕਰਕੇ ਮੰਡੀਆਂ ਫ਼ਸਲ ਨਾਲ ਨੱਕੋ-ਨੱਕ ਭਰ ਗਈਆਂ ਹਨ। ਪੰਜਾਬ ਦੀਆਂ ਮੰਡੀਆਂ ਵਿਚ 20 ਅਪਰੈਲ ਤੱਕ 55.09 ਲੱਖ ਮੀਟਰਿਕ ਟਨ ਕਣਕ ਦੀ



ਆਮਦ ਹੋ ਚੁੱਕੀ ਹੈ ਜਿਸ ਵਿਚੋਂ 51.36 ਲੱਖ ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ। ਖਰੀਦ ਕੀਤੀ ਫ਼ਸਲ ਵਿਚੋਂ ਸਿਰਫ਼ 11.99 ਲੱਖ ਮੀਟਰਿਕ ਟਨ ਕਣਕ ਦੀ ਲਿਫਟਿੰਗ ਹੋਈ ਹੈ। ਕਰੀਬ 77 ਫ਼ੀਸਦੀ ਫ਼ਸਲ ਲਿਫਟਿੰਗ ਦੀ ਉਡੀਕ ਵਿਚ ਹੈ। ਵਾਢੀ ਵਿਚ ਤੇਜ਼ੀ ਹੋਣ ਕਰਕੇ ਮੰਡੀਆਂ ਵਿਚ ਰੋਜ਼ਾਨਾ ਫ਼ਸਲ ਦੀ ਆਮਦ ਵਧ ਰਹੀ ਹੈ ਪਰ ਬਹੁਤੇ ਖ਼ਰੀਦ ਕੇਂਦਰਾਂ ਵਿਚ ਜਗ੍ਹਾ ਨਹੀਂ ਬਚੀ ਹੈ। ਉਧਰ, ਕੇਂਦਰ ਸਰਕਾਰ ਵੱਲੋਂ ਕਣਕ ਦੀ ਫ਼ਸਲ ’ਤੇ ਖ਼ਰੀਦ ਮਾਪਦੰਡਾਂ ਵਿਚ ਛੋਟ ਦਿੰਦਿਆਂ ਲਗਾਏ ਵੈਲਿਊ ਕੱਟ ਨੂੰ ਵਾਪਸ ਲੈਣ ਦੀ ਚਰਚਾ ਛਿੜ ਗਈ ਹੈ। ਕੇਂਦਰੀ ਖੁਰਾਕ ਮੰਤਰਾਲੇ ਨੇ ਪੰਜਾਬ ਅਤੇ ਹਰਿਆਣਾ ਤੋਂ ਵੈਲਿਊ ਕੱਟ ਵਾਲੀ ਫ਼ਸਲ ਦੀ ਖ਼ਰੀਦ ਦੇ ਅੰਕੜੇ ਮੰਗੇ ਹਨ। ਬੇਸ਼ੱਕ ਪੰਜਾਬ ਸਰਕਾਰ ਤੇ ਭਾਰਤੀ ਖੁਰਾਕ ਨਿਗਮ ਇਸ ਗੱਲ ਤੋਂ ਇਨਕਾਰ ਕਰ ਰਿਹਾ ਹੈ ਪਰ ਵੈਲਿਊ ਕੱਟ ਦੀ ਵਾਪਸੀ ਦੀਆਂ ਅਟਕਲਾਂ ਜ਼ੋਰਾਂ ’ਤੇ ਹਨ।

# ਪੰਜਾਬ ਵਿਚ ਚਾਰ ਜਵਾਨਾਂ ਦੇ ਘਰ ਸੱਥਰ ਵਿਛੇ

**ਚੰਡੀਗੜ੍ਹ:** ਜੰਮੂ-ਕਸ਼ਮੀਰ ਦੇ ਪੁਣਛ ਵਿਚ ਅਤਿਵਾਦੀ ਹਮਲੇ ’ਚ ਸ਼ਹੀਦ ਹੋਏ ਕੌਮੀ ਰਾਈਫਲਜ਼ ਯੂਨਿਟ ਦੇ 5 ਜਵਾਨਾਂ ’ਚੋਂ ਚਾਰ ਜਵਾਨ ਪੰਜਾਬ ਨਾਲ ਸਬੰਧਤ ਹਨ। ਇਸ ਘਟਨਾ ਮਗਰੋਂ ਸ਼ਹੀਦ ਜਵਾਨਾਂ ਦੇ ਪਿੰਡਾਂ ਵਿਚ ਸੋਗ ਦੀ ਲਹਿਰ ਹੈ। ਇਨ੍ਹਾਂ ’ਚ ਜ਼ਿਲ੍ਹਾ ਮੋਗਾ ’ਚ ਪੈਂਦੇ ਪਿੰਡ ਚੜਿੱਕ ਦੀ ਪੱਤੀ ਜੰਗੀਰ ਦਾ ਫੌਜੀ ਜਵਾਨ ਕੁਲਵੰਤ ਸਿੰਘ ਵੀ ਸ਼ਾਮਲ ਹੈ। ਕੁਝ ਮਹੀਨੇ ਪਹਿਲਾਂ ਹੀ ਕੁਲਵੰਤ ਦੇ ਘਰ ਪੁੱਤਰ ਨੇ ਜਨਮ ਲਿਆ ਸੀ, ਜਿਸ ਦੀ ਖੁਸ਼ੀ ’ਚ ਉਹ ਛੁੱਟੀ ਆਇਆ ਹਾਲੇ ਤਿੰਨ ਮਹੀਨੇ ਪਹਿਲਾਂ ਹੀ ਡਿਊਟੀ ’ਤੇ ਪਰਤਿਆ ਸੀ। ਕੁਲਵੰਤ ਸਿੰਘ ਦੇ ਸ਼ਹੀਦ ਹੋਣ ਦੀ ਖ਼ਬਰ ਨਾਲ ਪੂਰੇ ਪਿੰਡ ਵਿਚ ਮਾਤਮ ਛਾ ਗਿਆ ਹੈ। ਕੁਲਵੰਤ ਲਗਭਗ 13 ਸਾਲ ਪਹਿਲਾਂ ਫੌਜ ’ਚ ਭਰਤੀ ਹੋਇਆ ਸੀ। ਦੋ ਸਾਲ ਪਹਿਲਾਂ ਉਸ ਦਾ ਵਿਆਹ ਹੋਇਆ ਸੀ ਤੇ ਉਸ ਦੇ ਦੋ ਬੱਚੇ ਹਨ।




ਇਸੇ ਤਰ੍ਹਾਂ ਸਬ-ਡਿਵੀਜ਼ਨ ਪਾਇਲ ਦੇ ਪਿੰਡ ਚਣਕੋਈਆਂ ਕਲਾਂ ਦਾ ਜਵਾਨ ਹੌਲਦਾਰ ਮਨਦੀਪ ਸਿੰਘ (39) ਪੁੱਤਰ ਸਾਬਕਾ ਸਰਪੰਚ ਰੂਪ ਸਿੰਘ ਅਤਿਵਾਦੀ ਹਮਲੇ ਦੌਰਾਨ ਸ਼ਹੀਦ ਹੋ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਮਨਦੀਪ ਸਿੰਘ ਮਾਰਚ ਮਹੀਨੇ ਵਿਚ ਇਕ ਮਹੀਨੇ ਦੀ ਛੁੱਟੀ ਕੱਟ ਕੇ ਡਿਊਟੀ ’ਤੇ ਮੁੜਿਆ ਸੀ। ਮਨਦੀਪ ਤਿੰਨ ਭਰਾਵਾਂ ਤੇ ਇਕ ਭੈਣ ਵਿਚੋਂ ਸਭ ਤੋਂ ਵੱਡਾ ਸੀ। ਮਨਦੀਪ ਦੀ ਗਿਆਰਾਂ ਸਾਲਾਂ ਦੀ ਬੇਟੀ ਤੇ ਅੱਠ ਸਾਲਾਂ ਦਾ ਪੁੱਤਰ ਸੀ। ਸ਼ਹੀਦ ਦੀ ਮਾਂ ਬਲਵਿੰਦਰ ਕੌਰ ਨੇ ਦੱਸਿਆ ਕਿ ਬੀਤੇ ਦਿਨ ਹੀ ਉਸ ਦੀ ਆਪਣੇ ਪੁੱਤਰ ਨਾਲ ਫੋਨ ’ਤੇ ਗੱਲ ਹੋਈ ਸੀ।

ਅਤਿਵਾਦੀ ਹਮਲੇ ਵਿਚ ਸ਼ਹੀਦ ਹੋਏ ਜਵਾਨਾਂ ਵਿਚ ਬਟਾਲਾ ਨੇੜਲੇ ਪਿੰਡ ਤਲਵੰਡੀ ਭਰਥਵਾਲ ਦਾ ਹਰਕ੍ਰਿਸ਼ਨ ਸਿੰਘ (27) ਪੁੱਤਰ ਮੰਗਲ ਸਿੰਘ ਵੀ ਸ਼ਾਮਲ ਹੈ। ਹਰਕ੍ਰਿਸ਼ਨ ਸਿੰਘ ਦੀ ਸ਼ਹੀਦੀ ਦੀ ਖਬਰ ਪਿੰਡ ਤਲਵੰਡੀ ਭਰਥਵਾਲ ਪਹੁੰਚਦਿਆਂ ਹੀ ਸਾਰੇ ਇਲਾਕੇ ਵਿਚ ਡੂੰਘੇ ਸੋਗ ਦੀ ਲਹਿਰ ਦੌੜ ਗਈ। ਉਹ 49 ਕੌਮੀ ਰਾਈਫਲਜ਼ ਵਿਚ ਸੇਵਾ ਨਿਭਾਅ ਰਿਹਾ ਸੀ। ਪਿੰਡ ਵਾਸੀਆਂ ਅਨੁਸਾਰ ਹਰਕ੍ਰਿਸ਼ਨ 2017 ਵਿਚ ਫੌਜ ’ਚ ਭਰਤੀ ਹੋਇਆ ਸੀ। ਉਹ ਵਿਆਹਿਆ ਹੋਇਆ ਸੀ ਤੇ ਉਸ ਦੀ ਤਿੰਨ ਸਾਲਾਂ ਦੀ ਧੀ ਸੀ। ਸ਼ਹੀਦ ਦੀ ਪਤਨੀ ਦਲਜੀਤ ਕੌਰ ਨੇ ਦੱਸਿਆ ਕਿ ਵੀਡੀਓ ਕਾਲ ਰਾਹੀਂ ਉਨ੍ਹਾਂ ਦੀ ਹਰਕ੍ਰਿਸ਼ਨ ਨਾਲ ਗੱਲਬਾਤ ਹੋਈ ਸੀ ਅਤੇ ਹਰਕ੍ਰਿਸ਼ਨ ਨੇ ਆਪਣੀ ਬੇਟੀ ਖੁਸ਼ਪ੍ਰੀਤ ਕੌਰ ਨਾਲ ਵੀ ਗੱਲ ਕੀਤੀ ਸੀ।

ਜੰਮੂ ਅਤੇ ਕਸ਼ਮੀਰ ਦੇ ਪੁਣਛ ਇਲਾਕੇ ਵਿਚ ਫ਼ੌਜੀ ਟਰੱਕ ’ਤੇ ਹੋਏ ਅਤਿਵਾਦੀ ਹਮਲੇ ਵਿਚ ਮਾਰੇ ਗਏ ਪੰਜ ਜਵਾਨਾਂ ਵਿਚ ਨੇੜਲੇ ਪਿੰਡ ਬਾਘਾ ਦਾ ਵਸਨੀਕ ਗੁਰਸੇਵਕ ਸਿੰਘ (23) ਪੁੱਤਰ ਗੁਰਚਰਨ ਸਿੰਘ ਵੀ ਸ਼ਹੀਦ ਹੋ ਗਿਆ ਹੈ। ਗੁਰਸੇਵਕ ਸਿੰਘ ਦੋ ਭੈਣਾਂ ਦਾ ਇਕਲੌਤਾ ਭਰਾ ਸੀ। ਉਸ ਨੇ ਬਾਰ੍ਹਵੀਂ ਤੱਕ ਦੀ ਪੜ੍ਹਾਈ ਕੀਤੀ ਹੋਈ ਸੀ ਤੇ ਹਾਲੇ ਕੁਆਰਾ ਸੀ। ਗੁਰਸੇਵਕ ਸਿੰਘ 2018 ਦੌਰਾਨ ਫੌਜ ਵਿਚ ਭਰਤੀ ਹੋਇਆ ਸੀ। ਪਰਿਵਾਰ ਤੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਗੁਰਸੇਵਕ ਹਾਲੇ ਇਕ ਦਿਨ ਪਹਿਲਾਂ ਹੀ ਛੁੱਟੀ ਕੱਟ ਕੇ ਡਿਊਟੀ ’ਤੇ ਪਰਤਿਆ ਸੀ। ਪਿੰਡ ਵਾਸੀਆਂ ਅਨੁਸਾਰ ਗੁਰਸੇਵਕ ਸਿੰਘ ਆਪਣੇ ਪਰਿਵਾਰ ਦੀ ਮਾੜੀ ਆਰਥਿਕ ਹਾਲਤ ਨੂੰ ਪੈਰਾਂ-ਸਿਰ ਕਰਨ ਲਈ ਫੌਜ ਵਿਚ ਭਰਤੀ ਹੋਇਆ ਸੀ।

## ਸੈਨਿਕਾਂ ਦੇ ਪਰਿਵਾਰਾਂ ਲਈ ਇਕ-ਇਕ ਕਰੋੜ ਦਾ ਐਲਾਨ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਜੰਮੂ ਕਸ਼ਮੀਰ ਵਿਚ ਸ਼ਹੀਦ ਹੋਏ ਪੰਜਾਬ ਦੇ ਚਾਰ ਬਹਾਦਰ ਸੈਨਿਕਾਂ ਦੇ ਪਰਿਵਾਰਾਂ ਨੂੰ ਇਕ-ਇਕ ਕਰੋੜ ਰੁਪਏ ਅਤੇ ਉਨ੍ਹਾਂ ਦੇ ਵਾਰਸਾਂ ਨੂੰ ਸਰਕਾਰੀ ਨੌਕਰੀ ਦੇਣ ਦਾ ਐਲਾਨ ਕੀਤਾ ਹੈ। ਸ਼ਹੀਦਾਂ ਦੀ ਕੁਰਬਾਨੀ ਨੂੰ ਪ੍ਰਣਾਮ ਕਰਦਿਆਂ ਉਨ੍ਹਾਂ ਪੁਣਛ ਜ਼ਿਲ੍ਹੇ ਵਿਚ ਦਹਿਸ਼ਤਗਰਦੀ ਹਮਲੇ ਵਿਚ ਸ਼ਹੀਦ ਹੋਏ ਸੈਨਿਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ ਹੈ। ਸ਼ਹੀਦ ਹੋਏ ਸੈਨਿਕਾਂ ਦੀ ਪਛਾਣ ਹਵਲਦਾਰ ਮਨਦੀਪ ਸਿੰਘ ਵਾਸੀ ਚਣਕੋਈਆਂ ਕਾਕਨ ਜ਼ਿਲ੍ਹਾ ਲੁਧਿਆਣਾ, ਲਾਂਸ ਨਾਇਕ ਕੁਲਵੰਤ ਸਿੰਘ ਵਾਸੀ ਪਿੰਡ ਚੜਿੱਕ ਜ਼ਿਲ੍ਹਾ ਮੋਗਾ, ਸਿਪਾਹੀ ਹਰਕ੍ਰਿਸ਼ਨ ਸਿੰਘ ਵਾਸੀ ਪਿੰਡ ਤਲਵੰਡੀ ਭਰਥ ਜ਼ਿਲ੍ਹਾ ਗੁਰਦਾਸਪੁਰ ਅਤੇ ਸਿਪਾਹੀ ਸੇਵਕ ਸਿੰਘ ਵਾਸੀ ਪਿੰਡ ਬਾਘਾ ਜ਼ਿਲ੍ਹਾ ਬਠਿੰਡਾ ਵਜੋਂ ਹੋਈ ਹੈ।

**Punjab Times**

**Established in 2000**
**24nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨੌਜਵਾਨ ਵੱਲੋਂ ਗੁਰਦੁਆਰੇ 'ਚ ਪਾਠ ਕਰਦੇ ਗ੍ਰੰਥੀਆਂ ਦੀ ਕੁੱਟਮਾਰ

**ਮੋਰਿੰਡਾ:** ਇਥੋਂ ਦੇ ਇਕ ਵਿਅਕਤੀ ਨੇ ਸਥਾਨਕ ਇਤਿਹਾਸਕ ਗੁਰਦੁਆਰਾ ਸ੍ਰੀ ਕੋਤਵਾਲੀ ਸਾਹਿਬ ਅੰਦਰ ਦਾਖਲ ਹੋ ਕੇ ਪਾਠ ਕਰ ਰਹੇ ਦੋ ਪਾਠੀ ਸਿੰਘਾਂ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਉਨ੍ਹਾਂ ਦੀਆਂ ਦਸਤਾਰਾਂ ਵੀ ਲਾਹ ਦਿੱਤੀਆਂ। ਇਸ ਬੰਦੇ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨਾਲ ਵੀ ਛੇੜਛਾੜ ਕੀਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਇਸ ਵਿਅਕਤੀ ਨੂੰ ਕਾਬੂ ਕਰ ਕੇ ਪੁਲਿਸ ਹਵਾਲੇ ਕਰ ਦਿੱਤਾ ਹੈ। ਮੁਲਜ਼ਮ ਦੀ ਪਛਾਣ ਜਸਵੀਰ ਸਿੰਘ ਵਾਸੀ ਵਾਰਡ ਨੰਬਰ 11 ਮੋਰਿੰਡਾ ਵਜੋਂ ਹੋਈ ਹੈ ਜਿਸ ਖਿਲਾਫ ਪਾਠੀ ਗੁਰਪ੍ਰੀਤ ਸਿੰਘ ਦੇ ਬਿਆਨਾਂ ਦੇ ਆਧਾਰ 'ਤੇ ਮੋਰਿੰਡਾ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਜਸਬੀਰ ਸਿੰਘ ਜੱਸੀ ਜਦੋਂ ਗੁਰਦੁਆਰੇ ਆਇਆ ਤਾਂ ਕੋਤਵਾਲੀ ਸਾਹਿਬ ਦੇ ਹੇਠਲੇ ਹਿੱਸੇ ਵਿਚ ਦੋ ਅਖੰਡ ਪਾਠ ਚੱਲ ਰਹੇ ਸਨ ਤੇ ਦੋ ਪਾਠੀ ਗੁਰਪ੍ਰੀਤ ਸਿੰਘ ਤੇ ਹਰਪਾਲ ਸਿੰਘ ਢੰਗਰਾਲੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਪਾਠ ਕਰ ਰਹੇ ਸਨ। ਮੁਲਜ਼ਮ ਨੇ ਅੰਦਰ ਹਾਲ ਵਿਚ ਜੰਗਲਾ ਟੱਪ ਕੇ ਪਾਠੀ ਸਿੰਘਾਂ ਦੀ ਕੁੱਟਮਾਰ ਕੀਤੀ ਤੇ ਗੁਰੂ ਗ੍ਰੰਥ ਸਾਹਿਬ ਦੇ ਅੰਗਾਂ ਨਾਲ ਵੀ ਬਦਸਲੂਕੀ ਕੀਤੀ। ਮੌਕੇ 'ਤੇ ਮੌਜੂਦ ਲੋਕਾਂ ਨੇ ਮੁਲਜ਼ਮ ਨੂੰ ਫੜ ਕੇ ਉਸ ਦੀ ਕੁੱਟਮਾਰ ਕੀਤੀ ਤੇ ਪੁਲਿਸ ਹਵਾਲੇ ਕਰ ਦਿੱਤਾ। ਬੇਅਦਬੀ ਦੀ ਇਹ ਘਟਨਾ ਦਾ ਪਤਾ ਲੱਗਣ 'ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵੀ ਮੌਕੇ 'ਤੇ ਪਹੁੰਚ ਗਏ।

ਇਸ ਘਟਨਾ ਦੇ ਵਿਰੋਧ ਵਿੱਚ ਸਥਾਨਕ ਲੋਕਾਂ ਨੇ ਗੁਰਦੁਆਰੇ ਦੇ ਪ੍ਰਬੰਧਕਾਂ ਅਤੇ ਪੁਲਿਸ ਪ੍ਰਸ਼ਾਸਨ ਖਿਲਾਫ ਰੋਸ ਜ਼ਾਹਰ ਕਰਦਿਆਂ ਮੋਰਿੰਡਾ ਸ਼ਹਿਰੀ ਥਾਣੇ ਸਮੇਤ ਸ਼ਹਿਰ ਦੇ ਚਾਰੇ ਪਾਸੇ ਧਰਨੇ ਲਾ ਕੇ ਆਵਾਜਾਈ ਜਾਮ ਕਰ ਦਿੱਤੀ। ਧਰਨਾਕਾਰੀਆਂ ਵੱਲੋਂ ਮੰਗ ਕੀਤੀ ਜਾ ਰਹੀ ਸੀ ਕਿ ਮੁਲਜ਼ਮ ਨੂੰ ਉਨ੍ਹਾਂ ਦੇ ਹਵਾਲੇ ਕੀਤਾ ਜਾਵੇ। ਇਸ ਮਗਰੋਂ ਮੋਰਿੰਡਾ ਦੇ ਵੱਡੀ ਗਿਣਤੀ ਦੁਕਾਨਦਾਰਾਂ ਨੇ ਦੁਕਾਨਾਂ ਬੰਦ ਕਰ ਦਿੱਤੀਆਂ।

## ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਵੱਲੋਂ ਬੇਅਦਬੀ ਦੀਆਂ ਘਟਨਾਵਾਂ ਦੀ ਨਿੰਦਾ

**ਅੰਮ੍ਰਿਤਸਰ:** ਸ੍ਰੀ ਅਕਾਲ ਤਖਤ ਦੇ ਜਥੇਦਾਰ ਹਰਪ੍ਰੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਮੋਰਿੰਡਾ ਦੇ ਗੁਰਦੁਆਰਾ ਕੋਤਵਾਲੀ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਫਰੀਦਕੋਟ ਦੇ ਪਿੰਡ ਗੋਲੇਵਾਲਾ ਵਿਚ ਗੁਟਕੇ ਦੇ ਅੰਗ ਖਿਲਾਰਨ ਦੀ ਘਟਨਾ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਉਨ੍ਹਾਂ ਮੰਗ ਕੀਤੀ ਹੈ ਕਿ ਬੇਅਦਬੀ ਕਰਨ ਵਾਲੇ ਦੋਸ਼ੀਆਂ ਖਿਲਾਫ਼ ਸਖਤ ਕਾਰਵਾਈ ਕੀਤੀ ਜਾਵੇ। ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਮੋਰਿੰਡਾ ਦੇ ਗੁਰਦੁਆਰੇ ਵਿਚ ਵਾਪਰੀ ਘਟਨਾ ਬੇਹੱਦ ਮੰਦਭਾਗੀ ਹੈ। ਇਸ ਦੇ ਨਾਲ ਹੀ ਫਰੀਦਕੋਟ ਦੇ ਪਿੰਡ ਗੋਲੇਵਾਲਾ ਵਿਚ ਵਾਪਰੀ ਘਟਨਾ ਦੇ ਸਬੰਧ ਵਿਚ ਦੋ ਗੈਰ ਸਿੱਖ ਵਿਅਕਤੀ ਕਾਬੂ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਨਾਲ ਪੰਜਾਬ ਦਾ ਮਾਹੌਲ ਖਰਾਬ ਕਰਨ ਦੀ ਸਾਜ਼ਿਸ਼ ਰਹੀ ਜਾ ਰਹੀ ਹੈ।

# ਪ੍ਰਧਾਨਗੀ ਪਿੱਛੇ ਗੁਰਦੁਆਰੇ ਵਿਚ ਕਿਰਪਾਨਾਂ ਚੱਲੀਆਂ

**ਕਪੂਰਥਲਾ:** ਸਥਾਨਕ ਅੰਮ੍ਰਿਤਸਰ ਰੋਡ ਸਥਿਤ ਗੁਰਦੁਆਰਾ ਸਾਹਿਬ ਬਾਵਿਆਂ ਵਿਚ ਲੰਮੇ ਸਮੇਂ ਤੋਂ ਚੱਲਦੀ ਪ੍ਰਧਾਨਗੀ ਦੀ ਲੜਾਈ ਅਰਦਾਸ ਸਮੇਂ ਖੂਨੀ ਝੜਪ 'ਚ ਬਦਲ ਗਈ ਅਤੇ ਦੋ ਗੁੱਟਾਂ ਵਿਚ ਸ਼ੁਰੂ ਹੋਏ ਤਕਰਾਰ ਦੌਰਾਨ ਤਲਵਾਰਾਂ ਚੱਲੀਆਂ, ਜਿਸ ਕਾਰਨ ਚਾਰ ਵਿਅਕਤੀ ਜ਼ਖਮੀ ਹੋ ਗਏ ਹਨ। ਜ਼ਖਮੀਆਂ ਦਾ ਸਿਵਲ ਹਸਪਤਾਲ ਕਪੂਰਥਲਾ 'ਚ ਇਲਾਜ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਇਕ ਵਿਅਕਤੀ ਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਅੰਮ੍ਰਿਤਸਰ ਲਈ ਰੈਫਰ ਕਰ ਦਿੱਤਾ ਗਿਆ। ਘਟਨਾ ਸੀ.ਸੀ.ਟੀ.ਵੀ. ਕੈਮਰਿਆਂ ਵਿਚ ਕੈਦ ਹੋ ਗਈ ਹੈ। ਦੋਵੇਂ ਧਿਰਾਂ ਇਕ ਦੂਜੇ 'ਤੇ ਇਲਜ਼ਾਮ ਲਗਾ ਰਹੀਆਂ ਹਨ। ਜ਼ਖ਼ਮੀਆਂ ਵਿਚ ਕਮਲਜੀਤ ਸਿੰਘ ਉਰਫ ਗਿੰਨੀ ਬਾਵਾ, ਮਨਜੀਤ ਬਹਾਦਰ ਸਿੰਘ ਬਾਵਾ, ਦਵਿੰਦਰ ਕੌਰ ਅਤੇ ਸਿਮਰਨਜੀਤ ਸਿੰਘ ਸ਼ਾਮਲ ਹਨ। ਗਿੰਨੀ ਬਾਵਾ ਨੂੰ ਡਾਕਟਰਾਂ ਨੇ ਗੰਭੀਰ ਹਾਲਤ ਹੋਣ ਕਾਰਨ ਅੰਮ੍ਰਿਤਸਰ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਹੈ। ਪਿਛਲੀ ਦਿਨੀਂ ਇਸ ਗੁਰਦੁਆਰਾ ਸਾਹਿਬ ਦੀ ਸੇਵਾ ਦੀ ਜ਼ਿੰਮੇਵਾਰੀ ਤਰਨਾ ਦਲ ਦੇ ਮੁਖੀ ਬਾਬਾ ਮੇਜਰ ਸਿੰਘ ਨੂੰ ਸੌਂਪੀ ਗਈ ਸੀ।

# 'ਆਪ' ਸਰਕਾਰ ਵੱਲੋਂ 28,000 ਤੋਂ ਵੱਧ ਨੌਕਰੀਆਂ ਦੇਣ ਦਾ ਦਾਅਵਾ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਕਾਂਗਰਸ ਨੂੰ ਘੇਰਦਿਆਂ ਕਿਹਾ ਕਿ ਕਾਂਗਰਸ ਸਰਕਾਰ ਵੇਲੇ ਸਰਕਾਰੀ ਨੌਕਰੀ ਸਿਰਫ ਇਕ ਸੁਫਨਾ ਸੀ ਜਦਕਿ ਮਾਨ ਸਰਕਾਰ ਨੇ ਆਪਣੇ ਵਾਅਦੇ ਮੁਤਾਬਕ ਪਹਿਲੇ ਸਾਲ ਵਿਚ ਹੀ 28,000 ਤੋਂ ਵੱਧ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਦਿੱਤੀਆਂ ਹਨ। ਸ੍ਰੀ ਕੰਗ ਨੇ ਕਾਂਗਰਸ 'ਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਕਾਂਗਰਸ ਸਰਕਾਰ ਨੇ ਪੰਜਾਬ ਦੇ ਬੇਰੁਜ਼ਗਾਰ ਨੌਜਵਾਨਾਂ ਦੀ ਥਾਂ ਆਪਣੇ ਆਗੂਆਂ-ਮੰਤਰੀਆਂ ਦੇ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ। ਮਾਨ ਸਰਕਾਰ ਨੇ ਪੰਜਾਬ ਦੇ ਆਮ ਘਰਾਂ ਦੇ ਕਾਬਲ ਨੌਜਵਾਨਾਂ ਨੂੰ ਨੌਕਰੀਆਂ ਵੰਡੀਆਂ। ਸ੍ਰੀ ਕੰਗ ਨੇ ਕਿਹਾ ਕਿ ਪੰਜਾਬ ਵਿਚ ਪਹਿਲੀ ਵਾਰ ਨੌਜਵਾਨਾਂ ਨੂੰ ਬਿਨਾਂ ਕਿਸੇ ਸਿਫ਼ਾਰਸ਼, ਪੈਸੇ ਜਾਂ ਭ੍ਰਿਸ਼ਟਾਚਾਰ ਦੇ ਸਰਕਾਰੀ ਨੌਕਰੀਆਂ ਮਿਲੀਆਂ ਹਨ।

## ਬੈਂਸ ਭਰਾਵਾਂ ਦੇ ਭਾਜਪਾ ਵਿਚ ਜਾਣ ਦੇ ਚਰਚੇ

**ਲੁਧਿਆਣਾ:** ਲੋਕ ਇਨਸਾਫ਼ ਪਾਰਟੀ ਦੇ ਆਗੂ ਅਤੇ ਸਾਬਕਾ ਵਿਧਾਇਕ ਬੈਂਸ ਭਰਾਵਾਂ ਦੇ ਹੁਣ ਭਾਜਪਾ 'ਚ ਸ਼ਾਮਲ ਹੋਣ ਦੀ ਚਰਚਾ ਹੈ। ਸੂਤਰ ਦੱਸਦੇ ਹਨ ਕਿ ਦੋਵੇਂ ਭਰਾ ਭਾਜਪਾ ਦੇ ਕੇਂਦਰੀ ਆਗੂਆਂ ਦੇ ਸੰਪਰਕ 'ਚ ਹਨ ਤੇ ਗੱਲਬਾਤ ਦਾ ਦੌਰ ਚੱਲ ਰਿਹਾ ਹੈ। ਆਉਣ ਵਾਲੀਆਂ ਨਿਗਮ ਚੋਣਾਂ ਤੇ ਲੋਕ ਸਭਾ ਚੋਣਾਂ 'ਚ ਦੋਵੇਂ ਭਾਜਪਾ ਦਾ ਪੱਲਾ ਫੜ ਕੇ ਚੋਣ ਲੜ ਸਕਦੇ ਹਨ। ਸਾਬਕਾ ਵਿਧਾਇਕ ਸਿਮਰਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਅਗਲੇ ਹਫ਼ਤੇ ਲੋਕ ਇਨਸਾਫ਼ ਪਾਰਟੀ ਦੀ ਕੋਰ ਕਮੇਟੀ ਦੀ ਮੀਟਿੰਗ ਹੈ ਜਿਸ ਤੋਂ ਬਾਅਦ ਫੈਸਲਾ ਕੀਤਾ ਜਾਵੇਗਾ ਕਿ ਉਹ ਕਿਸ ਪੰਜਾਬ ਹਿਤੈਸ਼ੀ ਪਾਰਟੀ ਨਾਲ ਗੱਠਜੋੜ ਕਰਨਗੇ ਜਾਂ ਫਿਰ ਆਪਣਾ ਸਮਰਥਨ ਦੇਣਗੇ। ਉਹ ਕਈ ਵੱਡੀਆਂ ਪਾਰਟੀਆਂ ਦੇ ਆਗੂਆਂ ਨਾਲ ਸੰਪਰਕ ਵਿਚ ਹਨ।

# ਜਲੰਧਰ ਜ਼ਿਮਨੀ ਚੋਣ ਲਈ ਮਾਹੌਲ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਦੋਸ਼ ਹੈ ਕਿ ਆਪ ਵੱਲੋਂ ਚੋਣ ਜਿੱਤਣ ਲਈ ਹਰ ਢੰਗ-ਤਰੀਕੇ ਵਰਤੇ ਜਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਨੇ ਭਾਰਤੀ ਚੋਣ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਹੈ ਕਿ 'ਆਪ' ਸਰਕਾਰ ਵੱਲੋਂ ਪੰਚਾਇਤੀ ਰਾਜ ਅਧਿਕਾਰੀਆਂ ਦੇ ਨਾਲ-ਨਾਲ ਸਰਪੰਚਾਂ ਨੂੰ ਧਮਕਾਇਆ ਜਾ ਰਿਹਾ ਹੈ ਕਿ ਜੇਕਰ ਉਨ੍ਹਾਂ ਦੇ ਇਲਾਕਿਆਂ ਵਿਚੋਂ 'ਆਪ' ਉਮੀਦਵਾਰ ਦੀ ਲੀਡ ਨਾ ਨਿਕਲੀ ਤਾਂ ਇਸ ਦੇ ਮਾੜੇ ਨਤੀਜੇ ਭੁਗਤਣ ਲਈ ਤਿਆਰ ਰਹਿਣ।

ਦੂਜੇ ਪਾਸੇ ਕਾਂਗਰਸ ਦੇ ਸਾਰੇ ਆਗੂ ਇੱਕਜੁੱਟਤਾ ਨਾਲ ਪ੍ਰਚਾਰ ਕਰ ਰਹੇ ਹਨ। ਕਾਂਗਰਸੀ ਆਗੂ ਨਵਜੋਤ ਸਿੱਧੂ ਸਿੱਧੇ ਤੌਰ 'ਤੇ ਮੁੱਖ ਮੰਤਰੀ ਨੂੰ ਨਿਸ਼ਾਨਾ ਬਣਾ ਰਹੇ ਹਨ। ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਸਰਕਾਰ ਨੂੰ ਘੇਰਦਿਆਂ ਆਖਿਆ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦਿੱਤੀਆਂ ਗਾਰੰਟੀਆਂ ਪੂਰੀਆਂ ਨਹੀਂ ਕੀਤੀਆਂ। ਉਨ੍ਹਾਂ ਮੁੜ ਭਗਵੰਤ ਮਾਨ ਨੂੰ ਖੁੱਲ੍ਹੀ ਚੁਣੌਤੀ ਦਿੰਦਿਆਂ ਕਿਹਾ ਕਿ ਮਾਨ ਉਨ੍ਹਾਂ ਨਾਲ ਪੰਜਾਬ ਦੇ ਮਸਲਿਆਂ 'ਤੇ ਬਹਿਸ ਕਰਨ। ਕਾਂਗਰਸੀ ਉਮੀਦਵਾਰ ਕਰਮਜੀਤ ਕੌਰ ਚੌਧਰੀ ਦੇ ਹੱਕ ਵਿਚ ਚੋਣ ਪ੍ਰਚਾਰ ਕਰਨ ਆਏ ਸਿੱਧੂ ਨੇ 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦੀਆਂ ਤਿੰਨ ਪੁਰਾਣੀਆਂ ਵੀਡੀਓਜ਼ ਦਿਖਾਈਆਂ ਜਿਸ ਵਿਚ ਉਨ੍ਹਾਂ ਮੀਡੀਆ ਸਾਹਮਣੇ ਆਪਣੀਆਂ ਗਾਰੰਟੀਆਂ ਦਾ ਐਲਾਨ ਕੀਤਾ ਸੀ। ਸਿੱਧੂ ਨੇ ਕਿਹਾ ਕਿ ਉਨ੍ਹਾਂ ਨੇ ਇਹ ਵੀਡੀਓਜ਼ ਲੋਕਾਂ ਨੂੰ ਕੇਜਰੀਵਾਲ ਵੱਲੋਂ ਕੀਤੇ ਗਏ ਵਾਅਦੇ ਯਾਦ ਕਰਵਾਉਣ ਲਈ ਦਿਖਾਈਆਂ ਹਨ। ਉਨ੍ਹਾਂ ਕਿਹਾ ਕਿ 'ਆਪ' ਆਗੂਆਂ ਨੇ ਅਧਿਆਪਕਾਂ ਦੇ ਸਾਰੇ ਮਸਲੇ ਹੱਲ ਕਰਨ ਦਾ ਦਾਅਵਾ ਕੀਤਾ ਸੀ ਪਰ ਅਧਿਆਪਕ ਅੱਜ ਵੀ ਹੜਤਾਲ 'ਤੇ ਬੈਠੇ ਹਨ। ਇਧਰ, ਪਹਿਲੀ ਵਾਰ ਇਕੱਲਿਆਂ ਚੋਣ ਮੈਦਾਨ ਵਿਚ ਨਿੱਤਰੀ ਭਾਜਪਾ ਵੀ ਆਪਣਾ ਪੂਰਾ ਜ਼ੋਰ ਲਾ ਰਹੀ ਹੈ। ਭਾਜਪਾ ਨੂੰ ਅਕਾਲੀ ਦਲ (ਸੰਯੁਕਤ) ਵੱਲੋਂ ਵੀ ਹਮਾਇਤ ਮਿਲੀ ਹੈ। ਭਾਜਪਾ ਨੇ 40 ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕੀਤੀ ਹੈ। ਇਸ ਸੂਚੀ ਵਿਚ ਭਾਜਪਾ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ, ਭਾਜਪਾ ਪੰਜਾਬ ਦੇ ਇੰਚਾਰਜ ਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੁਪਾਨੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਕੇਂਦਰੀ ਜਲ ਸ਼ਕਤੀ ਮੰਤਰੀ ਗਜੇਂਦਰ ਸਿੰਘ ਸ਼ੇਖਾਵਤ ਸਣੇ ਕਈ ਕੇਂਦਰੀ ਮੰਤਰੀ ਸ਼ਾਮਲ ਹਨ।

ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਦੇ ਹੱਕ ਵਿਚ ਵੋਟਾਂ ਮੰਗਣ ਆਏ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਇਹ ਉਪ ਚੋਣ ਕੇਂਦਰ ਦੀ ਮੋਦੀ (ਪ੍ਰਧਾਨ ਮੰਤਰੀ ਨਰਿੰਦਰ ਮੋਦੀ) ਸਰਕਾਰ ਦੀ ਕਾਰਗੁਜ਼ਾਰੀ ਲਈ ਵੋਟ ਹੋਵੇਗੀ।

## ਹਾਈ ਕੋਰਟ ਵੱਲੋਂ ਅੰਮ੍ਰਿਤਪਾਲ ਬਾਰੇ ਪਟੀਸ਼ਨ ਖਾਰਜ

**ਚੰਡੀਗੜ੍ਹ:** ਅੰਮ੍ਰਿਤਪਾਲ ਸਿੰਘ ਦੀ ਮੋਗਾ ਦੇ ਰੋਡੇ ਪਿੰਡ 'ਚੋਂ ਗ੍ਰਿਫਤਾਰੀ ਮਗਰੋਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਦੇ ਪੁਲਿਸ ਦੀ 'ਗੈਰਕਾਨੂੰਨੀ ਹਿਰਾਸਤ' ਵਿਚ ਹੋਣ ਦਾ ਦਾਅਵਾ ਕਰਦੀ ਪਟੀਸ਼ਨ 'ਅਰਥਹੀਣ' ਦੱਸ ਕੇ ਖਾਰਜ ਕਰ ਦਿੱਤੀ ਹੈ। ਅੰਮ੍ਰਿਤਪਾਲ ਦੇ ਕਾਨੂੰਨੀ ਸਲਾਹਕਾਰ ਈਮਾਨ ਸਿੰਘ ਖਾਰਾ ਤੇ ਉਸ ਦੀ ਜਥੇਬੰਦੀ 'ਵਾਰਿਸ ਪੰਜਾਬ ਦੇ' ਨੇ 19 ਮਾਰਚ ਨੂੰ ਹਾਈ ਕੋਰਟ ਵਿਚ ਹੈਬੀਅਸ ਕੋਰਪਸ ਪਟੀਸ਼ਨ ਦਾਖਲ ਕਰਦਿਆਂ ਸਿੰਘ ਨੂੰ ਕੋਰਟ ਵਿਚ ਪੇਸ਼ ਕੀਤੇ ਜਾਣ ਦੀ ਮੰਗ ਕੀਤੀ ਸੀ। ਪੰਜਾਬ ਸਰਕਾਰ ਹਾਲਾਂਕਿ ਪਿਛਲੀਆਂ ਸੁਣਵਾਈਆਂ ਦੌਰਾਨ ਦਾਅਵਾ ਕਰਦੀ ਰਹੀ ਹੈ ਕਿ ਅੰਮ੍ਰਿਤਪਾਲ ਨਾ ਤਾਂ ਉਨ੍ਹਾਂ ਦੀ ਹਿਰਾਸਤ 'ਚ ਹੈ ਤੇ ਨਾ ਹੀ ਉਨ੍ਹਾਂ ਉਸ ਨੂੰ ਗ੍ਰਿਫਤਾਰ ਕੀਤਾ ਹੈ।

# ਗੁਰਦੁਆਰੇ ਨੂੰ ਬੁੱਧ ਮੰਦਰ 'ਚ ਬਦਲਣ ਦੇ ਮਾਮਲੇ ਬਾਰੇ ਰਿਪੋਰਟ ਮੰਗੀ

**ਨਵੀਂ ਦਿੱਲੀ:** ਕੌਮੀ ਘੱਟ ਗਿਣਤੀ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਕੋਲੋਂ ਸ਼੍ਰੋਮਣੀ ਕਮੇਟੀ ਦੀ ਇਸ ਦਲੀਲ 'ਤੇ ਵਿਸਥਾਰ ਵਿਚ ਰਿਪੋਰਟ ਮੰਗੀ ਹੈ ਕਿ ਮੇਚੁਕਾ ਵਿਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਕ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿਚ ਤਬਦੀਲ ਕਰ ਦਿੱਤਾ ਗਿਆ ਹੈ। ਇਸੇ ਦੌਰਾਨ ਕਮਿਸ਼ਨ ਨੇ ਪੰਜਾਬ ਦੇ ਮੁੱਖ ਸਕੱਤਰ ਨੂੰ ਪੱਤਰ ਲਿਖ ਕੇ ਅਪੀਲ ਕੀਤੀ ਹੈ ਕਿ ਪੰਜਾਬ ਵਿਚ ਪਿਛਲੇ 45 ਸਾਲਾਂ 'ਚ ਬੇਅਦਬੀ ਦੀਆਂ ਜਿੰਨੀਆਂ ਘਟਨਾਵਾਂ ਵਾਪਰੀਆਂ ਹਨ ਉਨ੍ਹਾਂ ਦੀ ਸੂਚੀ ਦਿੱਤੀ ਜਾਵੇ।

ਕਮਿਸ਼ਨ ਵੱਲੋਂ ਜਾਰੀ ਇਕ ਬਿਆਨ ਅਨੁਸਾਰ ਕਮਿਸ਼ਨ ਨੇ 'ਅਰੁਣਾਚਲ ਪ੍ਰਦੇਸ਼ ਦੇ ਮੇਚੁਕਾ ਵਿਚ ਗੁਰੂ ਨਾਨਕ ਦੇਵ ਨਾਲ ਸਬੰਧਤ ਇਤਿਹਾਸਕ ਸਥਾਨ ਨੂੰ ਬੁੱਧ ਮੰਦਰ ਵਿਚ ਤਬਦੀਲ ਕਰਨ' ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਇਤਰਾਜ਼ ਦਾ ਨੋਟਿਸ ਲਿਆ ਹੈ। ਬਿਆਨ ਮੁਤਾਬਕ, ''ਕਿਉਂਕਿ ਇਸ ਤਰ੍ਹਾਂ ਦੀਆਂ ਘਟਨਾਵਾਂ ਸਿੱਖਾਂ ਦੀ ਧਾਰਮਿਕ ਆਸਥਾ ਨੂੰ ਠੇਸ ਪਹੁੰਚਾਉਂਦੀਆਂ ਹਨ ਅਤੇ ਉਨ੍ਹਾਂ ਵਿਚਾਲੇ ਭੇਦਭਾਵ ਦੀ ਭਾਵਨਾ ਪੈਦਾ ਕਰਦੀਆਂ ਹਨ, ਇਸ ਵਾਸਤੇ ਕਮਿਸ਼ਨ ਨੇ ਅਰੁਣਾਚਲ ਪ੍ਰਦੇਸ਼ ਦੇ ਮੁੱਖ ਸਕੱਤਰ ਨੂੰ 24 ਅਪਰੈਲ 2023 ਨੂੰ ਇਕ ਪੱਤਰ ਭੇਜ ਕੇ ਕਮਿਸ਼ਨ ਸਾਹਮਣੇ ਵਿਚਾਰ ਅਧੀਨ ਮਾਮਲੇ 'ਤੇ ਵਿਸਥਾਰ 'ਚ ਰਿਪੋਰਟ ਮੰਗੀ ਹੈ।''

## ਪ੍ਰਕਾਸ਼ ਸਿੰਘ ਬਾਦਲ ਦਾ ਦੇਹਾਂਤ

*(ਪਹਿਲੇ ਸਫੇ ਦੀ ਬਾਕੀ)*

ਹਲਕੇ ਤੋਂ ਚੋਣ ਹਾਰ ਗਏ। ਪਿਛਲੇ ਸਮੇਂ ਤੋਂ ਉਨ੍ਹਾਂ ਦੀ ਸਿਹਤ ਕੁਝ ਢਿੱਲੀ ਚੱਲ ਰਹੀ ਸੀ। ਉਨ੍ਹਾਂ ਨੂੰ ਪਿਛਲੇ ਹਫਤੇ ਮੁਹਾਲੀ ਦੇ ਫੋਰਟਿਸ ਹਸਪਤਾਲ ਦੇ ਆਈ.ਸੀ.ਯੂ. ਵਾਰਡ ਵਿਚ ਦਾਖ਼ਲ ਕਰਵਾਇਆ ਗਿਆ ਸੀ ਜਿਥੇ ਉਨ੍ਹਾਂ ਨੇ ਆਖਰੀ ਸਾਹ ਲਿਆ। ਯਾਦ ਰਹੇ ਕਿ ਉਨ੍ਹਾਂ ਦਾ ਦੇਹਾਂਤ ਉਸ ਵਕਤ ਹੋਇਆ ਹੇ ਕਿ ਉਨ੍ਹਾਂ ਦੀ ਪਾਰਟੀ ਨੂੰ ਬੇਅਦਬੀ ਅਤੇ ਕਈ ਹੋਰ ਮਸਲਿਆਂ ਦੇ ਦੂਸ਼ਣਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਉਨ੍ਹਾਂ ਦੇ ਪੁੱਤਰ ਤੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਸਿਆਸੀ ਪਿੜ ਵਿਚ ਮੁੜ ਪੈਰ ਜਮਾਉਣ ਲਈ ਤਰਲੇ ਕਰਨੇ ਪੈ ਰਹੇ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸੂਡਾਨ 'ਚੋਂ ਕੂਟਨੀਤਕਾਂ ਤੇ ਨਾਗਰਿਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਤੇਜ਼ ਹੋਈਆਂ



**ਖਰਤੂਮ:** ਅਫਰੀਕਾ ਦੇ ਸਭ ਤੋਂ ਵੱਡੇ ਮੁਲਕ ਸੂਡਾਨ 'ਚ ਸੱਤਾ ਲਈ ਜਾਰੀ ਸੰਘਰਸ਼ ਦਰਮਿਆਨ ਅਮਰੀਕੀ ਫੌਜ ਨੇ ਆਪਣੇ ਸਫ਼ਾਰਤਖਾਨੇ ਦੇ ਅਧਿਕਾਰੀਆਂ ਨੂੰ ਮੁਲਕ 'ਚੋਂ ਸੁਰੱਖਿਅਤ ਬਾਹਰ ਕੱਢਿਆ। ਕਈ ਹੋਰ ਮੁਲਕਾਂ ਦੀਆਂ ਸਰਕਾਰਾਂ ਵੀ ਆਪਣੇ-ਆਪਣੇ ਸਫ਼ਾਰਤਖਾਨਿਆਂ ਦੇ ਅਮਲੇ ਅਤੇ ਨਾਗਰਿਕਾਂ ਨੂੰ ਕੱਢਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ।

ਰਾਜਧਾਨੀ ਖਰਤੂਮ ਤੋਂ ਨੀਲ ਦਰਿਆ ਨੇੜਲੇ ਸ਼ਹਿਰ ਓਮਡਰਮੈਨ 'ਚ ਜੰਗ ਤੇਜ਼ੀ ਹੋ ਗਈ ਹੈ। ਈਦ 'ਤੇ ਤਿੰਨ ਦਿਨ ਦੀ ਛੁੱਟੀ ਦੇ ਨਾਲ ਐਲਾਨੀ ਗਈ ਗੋਲੀਬੰਦੀ ਦੇ ਬਾਵਜੂਦ ਹਿੰਸਾ ਹੋਈ। ਓਮਡਰਮੈਨ 'ਚ ਸਰਕਾਰੀ ਟੀਵੀ ਦੇ ਦਫਤਰ ਨੇੜੇ ਰਹਿੰਦੇ ਆਮੀਨ ਅਲ ਤੈਯਦ ਨੇ ਕਿਹਾ ਕਿ ਉਨ੍ਹਾਂ ਅਜਿਹੀ ਗੋਲੀਬੰਦੀ ਨਹੀਂ ਦੇਖੀ ਹੈ। ਉਸ ਨੇ ਕਿਹਾ ਕਿ ਭਾਰੀ ਗੋਲਾਬਾਰੀ ਹੋਈ ਹੈ ਅਤੇ ਸ਼ਹਿਰ ਧਮਾਕਿਆਂ ਨਾਲ ਗੂੰਜ ਉਠਿਆ ਹੈ। ਨੀਮ ਫੌਜੀ ਬਲ ਨੇ ਦਾਅਵਾ ਕੀਤਾ ਕਿ ਖਰਤੂਮ ਦੇ ਉੱਤਰ 'ਚ ਕਾਫੌਰੀ 'ਚ ਫੌਜ ਨੇ ਹਵਾਈ ਹਮਲੇ ਕੀਤੇ।

ਖੂਨ-ਖਰਾਬੇ ਦਰਮਿਆਨ ਅਮਰੀਕਾ ਦੇ ਵਿਸ਼ੇਸ਼ ਬਲਾਂ ਨੇ ਤੜਕੇ ਖਰਤੂਮ 'ਚ ਅਮਰੀਕੀ ਸਫ਼ਾਰਤਖਾਨੇ ਦੇ 70 ਮੁਲਾਜ਼ਮਾਂ ਨੂੰ ਇਥੋਪੀਆ ਪਹੁੰਚਾਇਆ। ਫਰਾਂਸ ਅਤੇ ਨੈਦਰਲੈਂਡਜ਼ ਨੇ ਕਿਹਾ ਕਿ ਉਹ ਸਹਿਯੋਗੀ ਮੁਲਕਾਂ ਦੇ ਕੁਝ ਨਾਗਰਿਕਾਂ ਦੇ ਨਾਲ ਨਾਲ ਸਫ਼ਾਰਤਖਾਨੇ ਦੇ ਮੁਲਾਜ਼ਮਾਂ ਤੇ ਨਾਗਰਿਕਾਂ ਨੂੰ ਸੁਰੱਖਿਅਤ ਕੱਢਣ ਦੀ ਮੁਹਿੰਮ ਸ਼ੁਰੂ ਕਰ ਰਹੇ ਹਨ।

### ਅਮਰੀਕੀ ਸਫ਼ਾਰਤਖਾਨੇ ਦਾ ਸਾਰਾ ਅਮਲਾ ਸੁਰੱਖਿਅਤ ਕੱਢਿਆ: ਬਾਇਡਨ

**ਵਾਸ਼ਿੰਗਟਨ:** ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਸੂਡਾਨ 'ਚੋਂ ਅਮਰੀਕੀ ਸਫ਼ਾਰਤਖਾਨੇ ਦੇ ਸਾਰੇ ਅਮਲੇ ਨੂੰ ਸੁਰੱਖਿਅਤ ਕੱਢ ਲਿਆ ਗਿਆ ਹੈ। ਬਾਇਡਨ ਨੇ ਅਮਰੀਕੀ ਅਮਲੇ ਨੂੰ ਕੱਢਣ ਦੇ ਮਿਸ਼ਨ 'ਚ ਸਹਾਇਤਾ ਕਰਨ ਵਾਲੇ ਫੌਜੀਆਂ ਦਾ ਧੰਨਵਾਦ ਕੀਤਾ ਹੈ। ਇਸ ਮਗਰੋਂ ਖਰਤੂਮ 'ਚ ਅਮਰੀਕੀ ਮਿਸ਼ਨ ਅਣਮਿੱਥੇ ਸਮੇਂ ਲਈ ਬੰਦ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਨੇ ਮਿਸ਼ਨ 'ਚ ਸਹਾਇਤਾ ਦੇਣ ਲਈ ਜਬੂਤੀ, ਇਥੋਪੀਆ ਅਤੇ ਸਾਊਦੀ ਅਰਬ ਦਾ ਧੰਨਵਾਦ ਕੀਤਾ ਹੈ।

ਸੂਡਾਨ ਦੀ ਫੌਜ ਅਤੇ ਤਾਕਤਵਰ ਨੀਮ ਫੌਜੀ ਬਲ 'ਰੈਪਿਡ ਸਪੋਰਟ ਫੋਰਸ' ਵਿਚਕਾਰ ਟਕਰਾਅ ਦੌਰਾਨ ਮੁਲਕ ਦੇ ਮੁੱਖ ਕੌਮਾਂਤਰੀ ਹਵਾਈ ਅੱਡੇ ਨੂੰ ਨਿਸ਼ਾਨਾ ਬਣਾਇਆ ਗਿਆ। ਸਾਊਦੀ ਅਰਬ ਨੇ ਕਿਹਾ ਕਿ ਮੁਲਕ ਨੇ 157 ਲੋਕਾਂ ਨੂੰ ਸਫਲਤਾਪੂਰਬਕ ਕੱਢਿਆ ਜਿਨ੍ਹਾਂ 'ਚ 91 ਸਾਊਦੀ ਅਰਬ ਅਤੇ ਬਾਕੀ ਹੋਰ ਮੁਲਕਾਂ ਦੇ ਨਾਗਰਿਕ ਸ਼ਾਮਲ ਹਨ। ਇਨ੍ਹਾਂ ਲੋਕਾਂ ਨੂੰ ਜਲ ਸੈਨਾ ਦੇ ਜਹਾਜ਼ ਰਾਹੀਂ ਲਾਲ ਸਾਗਰ ਪਾਰ ਜੇਦਾਹ ਦੀ ਸਾਊਦੀ ਬੰਦਰਗਾਹ ਤੱਕ ਪਹੁੰਚਾਇਆ ਗਿਆ।

# ਟਵਿੱਟਰ ਨੇ ਅਹਿਮ ਹਸਤੀਆਂ ਦੇ ਬਲਿਊ ਟਿਕ ਬਹਾਲ ਕੀਤੇ

**ਨਵੀਂ ਦਿੱਲੀ:** ਟਵਿੱਟਰ ਨੇ ਅਹਿਮ ਹਸਤੀਆਂ ਦੇ ਬਲਿਊ ਟਿਕ (ਵੈਰੀਫਿਕੇਸ਼ਨ ਬੈਜ) ਬਹਾਲ ਕਰ ਦਿੱਤੇ ਹਨ। ਜ਼ਿਕਰਯੋਗ ਹੈ ਕਿ ਕੁਝ ਦਿਨ ਪਹਿਲਾਂ ਕੰਪਨੀ ਨੇ ਭੁਗਤਾਨ ਨਾ ਕਰਨ ਵਾਲੇ ਖਾਤਿਆਂ ਦੇ ਬਲਿਊ ਟਿਕ ਹਟਾ ਦਿੱਤੇ ਸਨ। ਟਵਿੱਟਰ ਦੇ ਮਾਲਕ ਐਲਨ ਮਸਕ ਦੀ ਮਾਈਕਰੋਬਲਾਗਿੰਗ ਸਾਈਟ ਨੇ ਇਸ ਹਫਤੇ ਭੁਗਤਾਨ ਨਾ ਕਰਨ ਵਾਲਿਆਂ ਦੇ ਟਵਿੱਟਰ ਖਾਤਿਆਂ ਦੇ ਬਲਿਊ ਟਿਕ ਹਟਾਉਣੇ ਸ਼ੁਰੂ ਕਰ ਦਿੱਤੇ ਸਨ ਜਿਨ੍ਹਾਂ 'ਚ ਕਾਂਗਰਸ ਆਗੂ ਰਾਹੁਲ ਗਾਂਧੀ, ਅਦਾਕਾਰ ਸ਼ਾਹਰੁਖ ਖਾਨ ਅਤੇ ਸਲਮਾਨ ਖਾਨ ਦੇ ਨਾਮ ਵੀ ਸ਼ਾਮਲ ਹਨ।

ਹੁਣ ਕਈ ਖਾਤਿਆਂ 'ਤੇ ਬਲਿਊ ਟਿਕ ਵਾਪਸ ਆ ਗਏ ਹਨ। ਸਚਿਨ ਤੇਂਦੁਲਕਰ ਤੇ ਵਿਰਾਟ ਕੋਹਲੀ ਵਰਗੇ ਸਿਖਰਲੇ ਕ੍ਰਿਕਟਰਾਂ ਦਾ ਬਲਿਊ ਟਿਕ ਵਾਪਸ ਆ ਗਿਆ ਹੈ। ਇਹ ਜਾਣਕਾਰੀ ਨਹੀਂ ਮਿਲ ਸਕੀ ਕਿ ਇਨ੍ਹਾਂ ਖਾਤੇਦਾਰਾਂ ਨੇ ਰਕਮ ਅਦਾ ਕੀਤੀ ਹੈ ਜਾਂ ਨਹੀਂ। ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ, ਜਿਨ੍ਹਾਂ ਦੇ ਟਵਿੱਟਰ ਹੈਂਡਲ ਦਾ ਬਲਿਊ ਟਿਕ ਵਾਪਸ ਆ ਗਿਆ ਹੈ, ਨੇ ਟਵੀਟ ਕਰਕੇ ਕਿਹਾ ਕਿ ਉਨ੍ਹਾਂ ਇਸ ਲਈ ਰਕਮ ਅਦਾ ਨਹੀਂ ਕੀਤੀ ਹੈ। ਨੋਬੇਲ ਪੁਰਸਕਾਰ ਜੇਤੂ ਮਲਾਲਾ ਯੂਸਫਜ਼ਈ ਨੇ ਬਲਿਊ ਟਿਕ ਬਹਾਲ ਹੋਣ 'ਤੇ ਹੈਰਾਨੀ ਅਤੇ ਖੁਸ਼ੀ ਜਤਾਈ ਹੈ। ਟਵਿੱਟਰ ਨੇ ਬਲਿਊ ਟਿਕ ਬਹਾਲ ਕਰਨ ਬਾਰੇ ਕੋਈ ਬਿਆਨ ਜਾਰੀ ਨਹੀਂ ਕੀਤਾ ਹੈ ਪਰ ਮੰਨਿਆ ਜਾ ਰਿਹਾ ਹੈ ਕਿ ਕੰਪਨੀ ਨੇ ਵਧੇਰੇ ਪ੍ਰਸ਼ੰਸਕਾਂ ਵਾਲੇ ਖਾਤਿਆਂ



ਦੇ ਬਲਿਊ ਟਿਕ ਬਹਾਲ ਕਰ ਦਿੱਤੇ ਹਨ। ਕੁਝ ਆਲਮੀ ਹਸਤੀਆਂ, ਜੋ ਹੁਣ ਇਸ ਦੁਨੀਆ 'ਚ ਨਹੀਂ ਹਨ, ਚੈਡਵਿਕ ਬੋਸਮੈਨ, ਕੋਬੇ ਬ੍ਰਾਇੰਟ ਅਤੇ ਮਾਈਕਲ ਜੈਕਸਨ ਆਦਿ ਦੇ ਖਾਤਿਆਂ ਦੇ ਬਲਿਊ ਟਿਕ ਵੀ ਵਾਪਸ ਆ ਗਏ ਹਨ।

## ਪਾਕਿਸਤਾਨ 'ਚ ਮੁਸਲਿਮ ਭਾਈਚਾਰੇ ਨੇ ਕਰਵਾਇਆ ਗੁਰਦੁਆਰੇ ਦਾ ਨਵੀਨੀਕਰਨ

**ਫੈਸਲਾਬਾਦ:** ਲਹਿੰਦੇ ਪੰਜਾਬ ਦੇ ਜ਼ਿਲ੍ਹਾ ਫੈਸਲਾਬਾਦ (ਲਾਇਲਪੁਰ) ਦੇ ਪਿੰਡ ਖਿਆਲਾ ਕਲਾਂ ਜੇਬੀ-57 ਵਿਚ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਦਿੱਤਾ ਮੱਲ ਜੀ ਦਾ ਮੁਸਲਮਾਨ ਭਾਈਚਾਰੇ ਨੇ 75 ਸਾਲਾਂ ਬਾਅਦ ਈਦ-ਉਲ-ਫਿਤਰ ਦੇ ਪਵਿੱਤਰ ਦਿਹਾੜੇ 'ਤੇ ਨਵੀਨੀਕਰਨ ਕੀਤਾ ਹੈ। ਉਨ੍ਹਾਂ ਗੁਰਦੁਆਰੇ ਦੀ ਇਮਾਰਤ ਨੂੰ ਰੰਗ ਰੋਗਨ ਕਰਕੇ ਕਰਤਾਰਪੁਰ ਸਾਹਿਬ (ਪਾਕਿਸਤਾਨ) ਤੋਂ ਦਸਾਂ ਗੁਰੂਆਂ ਦੀ ਫੋਟੋ ਲਿਆ ਕੇ ਗੁਰਦੁਆਰੇ ਵਿਚ ਸੁਸ਼ੋਭਿਤ ਕੀਤੀ ਹੈ। ਜ਼ਿਕਰਯੋਗ ਹੈ ਕਿ ਦੇਸ ਵੰਡ ਤੋਂ ਪਹਿਲਾਂ ਪਾਕਿਸਤਾਨ ਦੇ ਜ਼ਿਲ੍ਹਾ ਫੈਸਲਾਬਾਦ ਦਾ ਪਿੰਡ ਖਿਆਲਾ ਕਲਾਂ ਜੇਬੀ-57 ਸਿੱਖ ਭਾਈਚਾਰੇ ਦਾ ਪਿੰਡ ਸੀ। ਗੌਰਤਲਬ ਹੈ ਕਿ ਛੇਵੀਂ ਪਾਤਸ਼ਾਹੀ ਗੁਰੂ ਹਰਿਗੋਬਿੰਦ ਜੀ ਦੇ ਨੇੜਲੇ ਗੁਰਸਿੱਖ ਬਾਬਾ ਦਿੱਤਾ ਮੱਲ ਨੇ ਗੁਰੂ ਜੀ ਵੱਲੋਂ ਅੰਮ੍ਰਿਤਸਰ ਵਿਚ ਲੜੀ ਪਹਿਲੀ ਲੜਾਈ ਵਿਚ ਸ਼ਹੀਦੀ ਜਾਮ ਪੀਤਾ ਸੀ। ਬਾਬਾ ਜੀ ਦੇ ਭਾਈਚਾਰੇ ਅਤੇ ਪੈਰੋਕਾਰਾਂ ਨੇ ਪਿੰਡ ਖਿਆਲਾ ਕਲਾਂ ਜੇ ਬੀ -57 ਵਿਚ ਉਨ੍ਹਾਂ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਬਾਬਾ ਦਿੱਤਾ ਮੱਲ ਜੀ ਬਣਾਇਆ। ਵੰਡ ਸਮੇਂ ਸਿੱਖ ਭਾਈਚਾਰਾ ਅਤੇ ਪੈਰੋਕਾਰ ਚੜ੍ਹਦੇ ਪੰਜਾਬ ਵਿਚ ਭੋਗਪੁਰ ਇਲਾਕੇ ਵਿਚ ਰਹਿਣ ਲੱਗੇ ਅਤੇ ਉਸ ਪਿੰਡ ਵਿਚ ਚੜ੍ਹਦੇ ਪੰਜਾਬ ਵਿਚੋਂ ਉੱਠ ਕੇ ਗਿਆ ਮੁਸਲਮਾਨ ਭਾਈਚਾਰਾ ਰਹਿਣ ਲੱਗਿਆ। ਉਨ੍ਹਾਂ ਗੁਰਦੁਆਰੇ ਦੀ ਇਮਾਰਤ ਨਾਲ ਕੋਈ ਛੇੜਖਾਨੀ ਨਹੀਂ ਕੀਤੀ। ਪਿੰਡ ਦੇ ਸਰਕਾਰੀ ਮਾਸਟਰ ਅੱਲ੍ਹਾ ਦਿੱਤਾ ਨੇ ਵੀਡੀਓ ਰਾਹੀਂ ਬਾਬਾ ਜੀ ਦੇ ਭੋਗਪੁਰ ਨੇੜੇ ਰਹਿ ਰਹੇ ਸਿੱਖਾਂ ਨਾਲ ਰਾਬਤਾ ਕਰਕੇ ਪਿੰਡ ਵਾਸੀਆਂ ਨੂੰ ਬਾਬਾ ਦਿੱਤਾ ਮੱਲ ਦੇ ਇਤਿਹਾਸ ਬਾਰੇ ਜਾਣੂ ਕਰਾਇਆ। ਮੁਸਲਮਾਨ ਭਾਈਚਾਰੇ ਨੇ ਪ੍ਰਭਾਵਿਤ ਹੋ ਕੇ ਗੁਰਦੁਆਰੇ ਦੀ ਇਮਾਰਤ ਨੂੰ ਰੰਗ ਰੋਗਨ ਕਰਵਾਇਆ।

# ਬਰਾਮਦ ਉਤੇ ਪਾਬੰਦੀ ਲਾਈ ਤਾਂ ਅਨਾਜ ਸਮਝੌਤਾ ਰੱਦ ਕਰਾਂਗੇ: ਰੂਸ

**ਮਾਸਕੋ:** ਰੂਸ ਦੇ ਸਾਬਕਾ ਰਾਸ਼ਟਰਪਤੀ ਦਮਿਤਰੀ ਮੈਦਵੇਦੇਵ ਨੇ ਕਿਹਾ ਕਿ ਜੇਕਰ ਜੀ-7 ਮੁਲਕਾਂ ਨੇ ਰੂਸ ਲਈ ਬਰਾਮਦ 'ਤੇ ਪਾਬੰਦੀ ਲਾਈ ਤਾਂ ਉਨ੍ਹਾਂ ਦਾ ਮੁਲਕ ਕਾਲਾ ਸਾਗਰ ਅਨਾਜ ਸਮਝੌਤੇ ਨੂੰ ਰੱਦ ਕਰਕੇ ਇਸ ਦਾ ਠੋਕਵਾਂ ਜਵਾਬ ਦੇਵੇਗਾ। ਜਪਾਨ ਦੀ ਕਯੋਡੋ ਖਬਰ ਏਜੰਸੀ ਨੇ ਪਿਛਲੇ ਹਫਤੇ ਜਪਾਨੀ ਸਰਕਾਰ ਦੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ ਜੀ-7 ਮੁਲਕ ਰੂਸ ਨੂੰ ਬਰਾਮਦ 'ਤੇ ਮੁਕੰਮਲ ਪਾਬੰਦੀ ਲਾਉਣ ਬਾਰੇ ਵਿਚਾਰ ਕਰ ਰਹੇ ਹਨ।

ਰੂਸ ਅਨਾਜ ਸਮਝੌਤੇ 'ਚ ਆਪਣੀ ਸ਼ਮੂਲੀਅਤ ਨੂੰ ਰੱਦ ਕਰਨ ਦੀ ਵਾਰ ਵਾਰ ਧਮਕੀ ਦੇ ਰਿਹਾ ਹੈ ਜਿਸ ਦੀ ਮਿਆਦ 18 ਮਈ ਨੂੰ ਖਤਮ ਹੋਣ ਵਾਲੀ ਹੈ। ਟੈਲੀਗ੍ਰਾਮ ਚੈਨਲ 'ਤੇ ਮੈਦਵੇਦੇਵ ਵੱਲੋਂ ਪਾਈ ਗਈ ਪੋਸਟ 'ਚ ਕਿਹਾ ਗਿਆ ਹੈ ਕਿ ਜੇਕਰ ਜੀ-7 ਮੁਲਕ ਬਰਾਮਦ 'ਤੇ ਪਾਬੰਦੀ



ਲਾਉਣਗੇ ਤਾਂ ਅਨਾਜ ਸਮਝੌਤੇ ਸਮੇਤ ਹੋਰ ਲੋੜੀਂਦੀਆਂ ਵਸਤਾਂ, ਜੋ ਇਨ੍ਹਾਂ ਮੁਲਕਾਂ ਨੂੰ ਚਾਹੀਦੀਆਂ ਹਨ, ਉਨ੍ਹਾਂ ਲਈ ਖਤਮ ਹੋ ਜਾਣਗੀਆਂ। ਰੂਸ ਨੇ ਪਹਿਲਾਂ ਹੀ ਚਿਤਾਵਨੀ ਦਿੱਤੀ ਹੋਈ ਹੈ ਕਿ ਜੇਕਰ ਪੱਛਮੀ ਮੁਲਕਾਂ ਵੱਲੋਂ ਰੂਸੀ ਖੇਤੀਬਾੜੀ ਅਤੇ ਖਾਦ ਬਰਾਮਦਗੀ 'ਤੇ ਲਾਈਆਂ ਗਈਆਂ ਰੋਕਾਂ ਨਾ ਹਟਾਈਆਂ ਗਈਆਂ ਤਾਂ ਉਹ 18 ਮਈ ਤੋਂ ਪਹਿਲਾਂ ਹੀ ਸਮਝੌਤੇ ਤੋਂ ਪਿੱਛੇ ਹਟ ਜਾਣਗੇ।

# ਲਖੀਮਪੁਰ ਖੀਰੀ ਮਾਮਲਾ: ਅਸ਼ੀਸ਼ ਮਿਸ਼ਰਾ ਦੀ ਅੰਤਰਿਮ ਜ਼ਮਾਨਤ 11 ਜੁਲਾਈ ਤੱਕ ਵਧਾਈ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਲਖੀਮਪੁਰ ਖੀਰੀ ਹਿੰਸਾ ਮਾਮਲੇ ਵਿਚ ਮੁਲਜ਼ਮ ਅਸ਼ੀਸ਼ ਮਿਸ਼ਰਾ ਦੀ ਅੰਤਰਿਮ ਜ਼ਮਾਨਤ 11 ਜੁਲਾਈ ਤੱਕ ਵਧਾ ਦਿੱਤੀ ਹੈ। ਜਸਟਿਸ ਸੂਰਿਆ ਕਾਂਤ ਅਤੇ ਜੇ.ਕੇ. ਮਹੇਸ਼ਵਰੀ ਦੇ ਬੈਂਚ ਨੇ ਮਾਮਲੇ ਦੀ ਸੁਣਵਾਈ ਮੁਲਤਵੀ ਕਰਦਿਆਂ ਕਿਹਾ ਕਿ ਇਸ ਸਬੰਧੀ ਅੰਤਰਿਮ ਆਦੇਸ਼ 11 ਜੁਲਾਈ ਤੱਕ ਜਾਰੀ ਰਹੇਗਾ। ਪੀੜਤ ਪਰਿਵਾਰ ਵੱਲੋਂ ਪੇਸ਼ ਹੋਏ ਐਡਵੋਕੇਟ ਪ੍ਰਸ਼ਾਂਤ ਭੂਸ਼ਨ ਨੇ ਸਿਖਰਲੀ ਅਦਾਲਤ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਰੋਜ਼ਾਨਾ ਸੁਣਵਾਈ ਲਈ ਹੇਠਲੀ ਅਦਾਲਤ ਨੂੰ ਨਿਰਦੇਸ਼ ਦਿੱਤਾ ਜਾਵੇ। ਹਾਲਾਂਕਿ ਅਦਾਲਤ ਨੇ ਕਿਹਾ ਕਿ ਇਹ ਸੰਭਵ ਨਹੀਂ ਹੋ ਸਕਦਾ ਕਿਉਂਕਿ ਹੇਠਲੀ ਅਦਾਲਤ ਅਜਿਹੇ ਹੋਰ ਮਾਮਲਿਆਂ ਨੂੰ ਦੇਖ ਰਹੀ ਹੈ। ਹਾਲਾਂਕਿ, ਭੂਸ਼ਨ ਨੇ ਜ਼ੋਰ ਦੇ ਕੇ ਕਿਹਾ ਕਿ ਅਜਿਹੇ ਕੇਸ 20 ਸਾਲ ਤੱਕ ਚੱਲਦੇ ਰਹਿੰਦੇ ਹਨ ਅਤੇ ਉਦੋਂ ਤੱਕ ਕੇਸ ਨਾਲ ਸਬੰਧਿਤ ਕਈ ਗਵਾਹਾਂ



ਦੀ ਮੌਤ ਹੋ ਜਾਂਦੀ ਹੈ। ਬੈਂਚ ਨੇ ਕਿਹਾ ਕਿ ਇਹੀ ਕਾਰਨ ਹੈ ਕਿ ਉਨ੍ਹਾਂ ਨੇ ਮਾਮਲੇ ਨੂੰ ਪੈਂਡਿੰਗ ਰੱਖਿਆ ਹੈ। ਜ਼ਿਕਰਯੋਗ ਹੈ ਕਿ ਸਿਖਰਲੀ ਅਦਾਲਤ ਨੇ 25 ਜਨਵਰੀ ਨੂੰ ਅਸ਼ੀਸ਼ ਮਿਸ਼ਰਾ ਨੂੰ ਸ਼ਰਤਾਂ ਤਹਿਤ ਅੰਤਰਿਮ ਜ਼ਮਾਨਤ ਦਿੱਤੀ ਸੀ।

# ਤਾਜਪੋਸ਼ੀ ਸਮਾਗਮ ਦਾ ਹਿੱਸਾ ਨਹੀਂ ਹੋਵੇਗਾ ਕੋਹਿਨੂਰ

**ਲੰਡਨ:** ਬਕਿੰਘਮ ਪੈਲੇਸ ਨੇ ਭਾਰਤ ਦੇ ਦਾਅਵੇ ਵਾਲੇ ਤੇ ਬਸਤੀਵਾਦੀ ਯੁੱਗ ਦੇ ਕੋਹਿਨੂਰ ਹੀਰੇ ਨਾਲ ਜੁੜੇ ਵਿਵਾਦ ਦੇ ਮੱਦੇਨਜ਼ਰ ਚੌਕਸੀ ਵਰਤਦਿਆਂ ਇਸ ਨੂੰ ਅਗਲੇ ਮਹੀਨੇ ਸਮਰਾਟ ਚਾਰਲਸ ਤਿੰਨ ਤੇ ਮਹਾਰਾਣੀ ਕੈਮਿਲਾ ਦੇ ਤਾਜਪੋਸ਼ੀ ਸਮਾਗਮ ਦਾ ਹਿੱਸਾ ਨਾ ਬਣਾਉਣ ਦਾ ਫੈਸਲਾ ਕੀਤਾ ਹੈ। ਬਰਤਾਨਵੀ ਰਾਜ ਪਰਿਵਾਰ ਨਾਲ ਜੁੜੇ ਮਾਮਲਿਆਂ ਦੇ ਮਾਹਿਰ ਨੇ ਇਹ ਜਾਣਕਾਰੀ ਦਿੱਤੀ ਹੈ।

'ਦਿ ਡੇਲੀ ਟੈਲੀਗ੍ਰਾਫ' ਅਖਬਾਰ ਦੀ ਸਹਾਇਕ ਸੰਪਾਦਕ ਕੈਮਿਲਾ ਟੋਮਿਨੀ ਨੇ ਖਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਵਿਚ ਕਿਹਾ ਕਿ ਰਵਾਇਤੀ ਤਾਜ ਵਿਚ ਕੋਹਿਨੂਰ ਹੀਰਾ ਜੜਿਆ ਹੋਣ ਕਰਕੇ ਇਸ ਦੀ ਵਰਤੋਂ ਨਾ ਕੀਤੇ ਜਾਣ ਦੇ ਕੈਮਿਲਾ ਦੇ ਫੈਸਲੇ 'ਤੇ ਉਨ੍ਹਾਂ ਗੌਰ ਕੀਤਾ। ਅਗਲੇ ਮਹੀਨੇ (6 ਮਈ) ਹੋਣ ਵਾਲੇ ਤਾਜਪੋਸ਼ੀ ਸਮਾਗਮ ਲਈ ਬਕਿੰਘਮ ਪੈਲੇਸ ਵੱਲੋਂ ਕੱਢੇ ਗਏ ਸ਼ਾਹੀ ਗਹਿਣਿਆਂ ਤੋਂ ਇਹ ਪੁਸ਼ਟੀ ਹੁੰਦੀ ਹੈ ਕਿ ਮਹਾਰਾਣੀ ਕੈਮਿਲਾ ਨੇ ਮਹਾਰਾਣੀ ਮੈਰੀ ਦੇ ਤਾਜ ਨੂੰ ਚੁਣਿਆ ਹੈ।

ਟੋਮਿਨੀ ਨੇ ਕਿਹਾ, ''ਮੈਨੂੰ ਲੱਗਦਾ ਹੈ ਕਿ ਕੋਹਿਨੂਰ ਦੇ ਵਿਵਾਦਾਂ ਵਿਚ ਰਹਿਣ ਕਰਕੇ ਸ਼ਾਇਦ ਬਕਿੰਘਮ ਪੈਲੇਸ ਵਧੇਰੇ ਚੌਕਸ ਰਿਹਾ ਹੋਵੇਗਾ ਤੇ ਲਿਹਾਜ਼ਾ ਇਸ ਹੀਰੇ ਦੇ ਮੂਲ ਸਥਾਨ ਨਾਲ ਜੁੜੀ ਕਹਾਣੀ ਨੂੰ ਹੋਰ ਅੱਗੇ ਨਾ ਵਧਾਉਣ ਦਾ ਫੈਸਲਾ ਕੀਤਾ ਹੈ।'' ਇਸ ਮਹੀਨੇ ਦੀ ਸ਼ੁਰੂਆਤ ਵਿਚ ਪੈਲੇਸ



ਨੇ ਕਿਹਾ ਸੀ ਕਿ ਮਹਾਰਾਣੀ ਮੈਰੀ ਦੇ ਤਾਜ ਵਿਚ ਮਾਮੂਲੀ ਬਦਲਾਅ ਕੀਤੇ ਜਾ ਰਹੇ ਹਨ, ਜਿਵੇਂ ਕਿ ਇਸ ਵਿਚ ਕਲੀਨਨ 3, 4 ਤੇ 5 ਹੀਰੇ ਨੂੰ ਸ਼ਾਮਲ ਕਰਨਾ, ਜੋ ਕਈ ਸਾਲਾਂ ਤੋਂ ਮਹਾਰਾਣੀ ਐਲਿਜ਼ਬੈੱਥ ਦੋਇਮ ਦੇ ਨਿੱਜੀ ਗਹਿਣਿਆਂ ਦੇ ਸੰਗ੍ਰਹਿ ਦਾ ਹਿੱਸਾ ਰਹੇ ਹਨ। ਡਿਜ਼ਾਈਨ ਮਹਾਰਾਣੀ ਐਲੈਗਜੈਂਡਰਾ ਦੇ 1902 ਦੇ ਤਾਜ ਤੋਂ ਪ੍ਰੇਰਿਤ ਹੈ, ਜਿਸ ਨੂੰ ਮੂਲ ਰੂਪ ਵਿਚ ਕੋਹਿਨੂਰ ਨਾਲ ਜੜਿਆ ਗਿਆ ਸੀ, ਜੋ ਮਹਾਰਾਣੀ ਐਲਿਜ਼ਬੈੱਥ ਦੋਇਮ ਦੀ ਮਾਂ ਮਹਾਰਾਣੀ ਐਲਿਜ਼ਬੈੱਥ ਦੇ ਤਾਜ ਵਿਚ 1937 ਤੋਂ ਜੜਿਆ ਹੋਇਆ ਹੈ।

ਪਿਛਲੇ ਮਹੀਨੇ ਬਰਤਾਨਵੀ ਮਹਿਲਾਂ ਦਾ ਪ੍ਰਬੰਧ ਵੇਖਦੀ ਚੈਰਿਟੀ 'ਹਿਸਟੋਰਿਕ ਰੌਇਲ ਪੈਲੇਸਿਜ਼' (ਐਚ.ਆਰ.ਪੀ.) ਨੇ ਕਿਹਾ ਸੀ ਕਿ ਕੋਹਿਨੂਰ ਹੀਰੇ ਨੂੰ ਮਈ ਵਿਚ 'ਟਾਵਰ ਆਫ ਲੰਡਨ' ਵਿਚ ਹੋਣ ਵਾਲੀ ਜਨਤਕ ਪ੍ਰਦਰਸ਼ਨੀ ਵਿਚ 'ਜਿੱਤ ਦੇ ਪ੍ਰਤੀਕ' ਵਜੋਂ ਪ੍ਰਦਰਸ਼ਿਤ ਕੀਤਾ ਜਾਵੇਗਾ। ਨੁਮਾਇਸ਼ ਵਿਚ ਕੋਹਿਨੂਰ ਦੇ ਇਤਿਹਾਸ ਨੂੰ ਵੀ ਵਿਖਾਇਆ ਜਾਵੇਗਾ। ਚੇਤੇ ਰਹੇ ਕਿ ਭਾਰਤ, ਕੋਹਿਨੂਰ 'ਤੇ ਆਪਣਾ ਦਾਅਵਾ ਜਤਾਉਂਦਾ ਰਿਹਾ ਹੈ। ਐਚ.ਆਰ.ਪੀ. ਨੇ ਨਵੀਂ ਤਜਵੀਜ਼ਤ ਪ੍ਰਦਰਸ਼ਨੀ ਦਾ ਜ਼ਿਕਰ ਕਰਦੇ ਹੋਏ ਕਿਹਾ, ''ਮਹਾਰਾਣੀ ਐਲਿਜ਼ਬੈੱਥ ਦੇ ਤਾਜ ਵਿਚ ਜੜੇ ਕੋਹਿਨੂਰ ਦੇ ਇਤਿਹਾਸ ਨੂੰ ਜਿੱਤ ਦੇ ਪ੍ਰਤੀਕ ਵਜੋਂ ਬਿਆਨ ਕੀਤਾ ਜਾਵੇਗਾ। ਇਸ ਵਿਚ ਉਹ ਇਤਿਹਾਸ ਵੀ ਸ਼ਾਮਲ ਹੈ, ਜਦੋਂ ਇਹ ਹੀਰਾ ਮੁਗਲ ਸਾਮਰਾਜ, ਇਰਾਨ ਦੇ ਸ਼ਾਹਾਂ, ਅਫ਼ਗਾਨਿਸਤਾਨ ਦੇ ਅਮੀਰਾਂ ਤੇ ਸਿੱਖ ਰਾਜਿਆਂ ਕੋਲ ਹੁੰਦਾ ਸੀ।'' ਫਾਰਸੀ ਭਾਸ਼ਾ ਵਿਚ ਕੋਹਿਨੂਰ ਦਾ ਮਤਲਬ ਪ੍ਰਕਾਸ਼ ਦਾ ਪਰਬਤ ਹੁੰਦਾ ਹੈ। ਇਹ ਹੀਰਾ ਕਿਸੇ ਵੇਲੇ ਮਹਾਰਾਜਾ ਰਣਜੀਤ ਸਿੰਘ ਦੇ ਖਜ਼ਾਨੇ ਵਿਚ ਸ਼ਾਮਲ ਸੀ, ਪਰ ਮਹਾਰਾਣੀ ਵਿਕਟੋਰੀਆ ਨੂੰ ਭਾਰਤ ਦੀ ਮਹਾਰਾਣੀ ਬਣਾਏ ਜਾਣ ਦੇ ਕੁਝ ਸਾਲ ਪਹਿਲਾਂ ਇਹ ਉਨ੍ਹਾਂ ਦੇ ਕਬਜ਼ੇ ਵਿਚ ਚਲਾ ਗਿਆ। ਐਚ.ਆਰ.ਪੀ. ਮੁਤਾਬਕ ਇਹ ਹੀਰਾ ਦੱਖਣੀ ਭਾਰਤ ਵਿਚ ਗੋਲਕੁੰਡਾ ਦੀਆਂ ਖਾਣਾਂ 'ਚੋਂ ਨਿਕਲਿਆ ਤੇ ਇਸ ਦਾ ਵਜ਼ਨ 105.6 ਕੈਰੇਟ ਹੈ।

# ਰੂਸ ਵੱਲੋਂ ਹੋਰ ਮੋਰਚੇ ਫਤਿਹ ਕਰਨ ਦਾ ਦਾਅਵਾ

**ਮਾਸਕੋ:** ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਹੈ ਕਿ ਉਸ ਦੀ ਫੌਜ ਨੇ ਯੂਕਰੇਨ ਦੇ ਬਖਮੁਤ 'ਚ ਹੋਰ ਇਲਾਕਿਆਂ 'ਤੇ ਕਬਜ਼ਾ ਕਰ ਲਿਆ ਹੈ। ਬਖਮੁਤ 'ਤੇ ਕਬਜ਼ੇ ਦੀ ਜੰਗ ਦੌਰਾਨ ਭਾਰੀ ਖੂਨ-ਖਰਾਬਾ ਹੋਇਆ ਹੈ ਅਤੇ ਯੂਕਰੇਨ ਦਾ ਪੂਰਬੀ ਸ਼ਹਿਰ ਤਕਰੀਬਨ ਪੂਰੀ ਤਰ੍ਹਾਂ ਨਾਲ ਤਬਾਹ ਹੋ ਗਿਆ ਹੈ। ਰੂਸ ਦਾ ਮੰਨਣਾ ਹੈ ਕਿ ਬਖਮੁਤ 'ਤੇ ਕਬਜ਼ੇ ਨਾਲ ਉਨ੍ਹਾਂ ਦਾ ਪੂਰਬੀ ਯੂਕਰੇਨ 'ਚ ਹੋਰ ਦਬਦਬਾ ਵਧ ਜਾਵੇਗਾ। ਜੇਕਰ ਮਾਸਕੋ ਨੂੰ ਸਫਲਤਾ ਮਿਲੀ ਤਾਂ ਕ੍ਰਾਮਾਤੋਰਸਕ ਅਤੇ ਸਲੋਵਿਆਂਸਕ 'ਤੇ ਕਬਜ਼ੇ ਦੀ ਵੀ ਸੰਭਾਵਨਾ ਵਧ ਜਾਵੇਗੀ। ਰੂਸ ਦੇ ਰੱਖਿਆ ਮੰਤਰਾਲੇ ਨੇ ਕਿਹਾ ਕਿ ਫੌਜ ਨੇ ਬਖਮੁਤ ਦੇ ਪੱਛਮੀ ਜ਼ਿਲ੍ਹਿਆਂ ਦੇ ਦੋ ਹੋਰ ਸਥਾਨਾਂ 'ਤੇ ਕਬਜ਼ਾ ਕਰ ਲਿਆ ਹੈ ਅਤੇ ਹਵਾਈ ਫੌਜ ਦੀਆਂ ਇਕਾਈਆਂ ਉੱਤਰ ਅਤੇ ਦੱਖਣ 'ਚ ਸਹਾਇਤਾ ਪ੍ਰਦਾਨ ਕਰ ਰਹੀਆਂ ਹਨ।

# ਸੁਪਰੀਮ ਕੋਰਟ ਵੱਲੋਂ ਕਾਮੇਡੀਅਨ ਖਿਲਾਫ ਦਰਜ ਕੇਸ ਇੰਦੌਰ ਤਬਦੀਲ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਇਕ ਸ਼ੋਅ ਦੌਰਾਨ ਹਿੰਦੂ ਦੇਵੀ-ਦੇਵਤਿਆਂ ਖਿਲਾਫ ਕਥਿਤ ਟਿੱਪਣੀ ਕਰਨ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਦੇ ਦੋਸ਼ ਵਿਚ ਕਾਮੇਡੀਅਨ ਮੁਨੱਵਰ ਫਾਰੂਕੀ ਖਿਲਾਫ ਦਰਜ ਕੀਤੇ ਸਾਰੇ ਕੇਸ ਮੱਧ ਪ੍ਰਦੇਸ਼ ਦੇ ਇੰਦੌਰ ਸ਼ਹਿਰ ਤਬਦੀਲ ਕਰ ਦਿੱਤੇ ਹਨ।

ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੰਜੈ ਕੈਰੋਲ ਦੀ ਬੈਂਚ ਨੇ ਦਿੱਲੀ ਵਿਚ ਫਾਰੂਕੀ ਖਿਲਾਫ ਜਾਰੀ 'ਪ੍ਰੋਡਕਸ਼ਨ ਵਾਰੰਟ' ਸਬੰਧੀ ਉਸ ਨੂੰ ਦਿੱਤੀ ਗਈ ਅੰਤਰਿਮ ਰਾਹਤ ਵੀ ਤਿੰਨ ਹਫਤੇ ਹੋਰ ਵਧਾ ਦਿੱਤੀ ਹੈ।

ਸਿਖਰਲੀ ਅਦਾਲਤ ਨੇ ਸਪੱਸ਼ਟ ਕੀਤਾ ਕਿ ਉਸ ਨੇ ਇਸ ਨੂੰ ਰੱਦ ਕਰਨ ਦੀ ਪਟੀਸ਼ਨ ਦੇ ਗੁਣ-ਦੋਸ਼ 'ਤੇ ਕੋਈ ਟਿੱਪਣੀ ਨਹੀਂ ਕੀਤੀ ਹੈ। ਜੇਕਰ ਕੋਈ ਪਟੀਸ਼ਨ ਪਾਈ ਜਾਂਦੀ ਹੈ ਤਾਂ ਉਸ ਦੇ ਗੁਣ-ਦੋਸ਼ ਦੇ ਆਧਾਰ 'ਤੇ ਕਾਨੂੰਨ ਮੁਤਾਬਕ ਵਿਚਾਰ ਕੀਤਾ ਜਾਵੇਗਾ।

# ਅੰਮ੍ਰਿਤਪਾਲ ਸਿੰਘ ਨੂੰ ਵੀ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜਿਆ

ਚੰਡੀਗੜ੍ਹ: ਪੰਜਾਬ ਪੁਲਿਸ ਨੇ ਸਾਂਝਾ ਅਪਰੇਸ਼ਨ ਕਰਕੇ 35 ਦਿਨਾਂ ਤੋਂ ਫਰਾਰ ਚੱਲ ਰਹੇ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਪ੍ਰਮੁੱਖ ਅੰਮ੍ਰਿਤਪਾਲ ਸਿੰਘ ਨੂੰ ਤੜਕਸਾਰ ਮੋਗਾ ਜ਼ਿਲ੍ਹੇ ਦੇ ਪਿੰਡ ਰੋਡੇ ਤੋਂ ਗ੍ਰਿਫ਼ਤਾਰ ਕਰ ਲਿਆ ਹੈ। ਪੰਜਾਬ ਪੁਲਿਸ ਦੇ ਆਈ.ਜੀ. ਡਾ. ਸੁਖਚੈਨ ਸਿੰਘ ਗਿੱਲ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੌਮੀ ਸੁਰੱਖਿਆ ਐਕਟ ਤਹਿਤ ਅੰਮ੍ਰਿਤਪਾਲ ਸਿੰਘ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਗਿਆ ਹੈ। ਅੰਮ੍ਰਿਤਪਾਲ ਨੂੰ ਫੜਨ ਲਈ 18 ਮਾਰਚ ਤੋਂ ਸ਼ੁਰੂ ਹੋਇਆ ਅਪਰੇਸ਼ਨ ਖ਼ਤਮ ਹੋ ਗਿਆ ਹੈ।



ਪੰਜਾਬ ਪੁਲਿਸ ਦੇ ਬੁਲਾਰੇ ਡਾ.ਗਿੱਲ ਨੇ ਦਾਅਵਾ ਕੀਤਾ ਕਿ ਪਿੰਡ ਰੋਡੇ ਦੀ ਏਨੀ ਘੇਰਾਬੰਦੀ ਕੀਤੀ ਗਈ ਕਿ ਅੰਮ੍ਰਿਤਪਾਲ ਨੂੰ ਬਚਣ ਦਾ ਕੋਈ ਰਾਹ ਨਾ ਲੱਭਾ ਤੇ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਹਾਲਾਂਕਿ ਦੂਸਰੇ ਪਾਸੇ ਅੰਮ੍ਰਿਤਪਾਲ ਸਿੰਘ ਵੱਲੋਂ ਪਿੰਡ ਰੋਡੇ ਦੇ ਗੁਰਦੁਆਰਾ ਸੰਤ ਖ਼ਾਲਸਾ 'ਚ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ ਤੇ ਉਸ ਨੇ ਸੰਗਤਾਂ ਨੂੰ ਵੀ ਸੰਬੋਧਨ ਕੀਤਾ। ਉਸ ਮਗਰੋਂ ਅੰਮ੍ਰਿਤਪਾਲ ਵੱਲੋਂ ਆਤਮ ਸਮਰਪਣ ਕੀਤੇ ਜਾਣ ਦੀ ਗੱਲ ਵੀ ਆਖੀ ਗਈ। ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਵੀ ਕਿਹਾ ਕਿ ਅੰਮ੍ਰਿਤਪਾਲ ਨੇ ਖ਼ੁਦ ਹੀ ਗੁਰੂ ਘਰ 'ਚੋਂ ਬਾਹਰ ਜਾ ਕੇ ਆਪਣੀ ਮਰਜ਼ੀ ਨਾਲ ਆਤਮ ਸਮਰਪਣ ਕੀਤਾ ਹੈ। ਪੁਲਿਸ ਗ੍ਰਿਫ਼ਤਾਰੀ ਮਗਰੋਂ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਅੰਮ੍ਰਿਤਪਾਲ ਸਿੰਘ ਨੂੰ ਬਠਿੰਡਾ ਦੇ ਹਵਾਈ ਅੱਡੇ 'ਤੇ ਲੈ ਕੇ ਗਈ, ਜਿੱਥੋਂ ਵਿਸ਼ੇਸ਼ ਹਵਾਈ ਜਹਾਜ਼ ਵਿਚ ਉਸ ਨੂੰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਲਿਜਾਇਆ ਗਿਆ। ਡਿਬਰੂਗੜ੍ਹ ਦੇ ਹਵਾਈ ਅੱਡੇ ਤੋਂ ਜੇਲ੍ਹ ਤੱਕ ਦੇ ਰਸਤੇ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਗਿਆ ਅਤੇ ਕਰੀਬ ਸਵਾ ਦੋ ਵਜੇ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ 'ਚ ਛੱਡਿਆ ਗਿਆ, ਜਿੱਥੇ ਉਸ ਦੇ 9 ਸਾਥੀ ਪਹਿਲਾਂ ਹੀ ਐਨ.ਐਸ.ਏ. ਤਹਿਤ ਬੰਦ ਹਨ। ਪੰਜਾਬ ਪੁਲਿਸ ਨੇ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਪੂਰੇ ਪੰਜਾਬ ਵਿਚ ਚੌਕਸੀ ਵਧਾ ਦਿੱਤੀ ਹੈ। ਪੁਲਿਸ ਨੇ ਪਿੰਡ ਰੋਡੇ, ਮੁਹਾਲੀ ਅਤੇ ਮੁਕਤਸਰ ਸਮੇਤ ਦਰਜਨਾਂ ਸ਼ਹਿਰਾਂ ਵਿਚ ਫਲੈਗ ਮਾਰਚ ਵੀ ਕੀਤਾ। ਉਧਰ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਉਹ ਅੰਮ੍ਰਿਤਪਾਲ ਨੂੰ ਫੜਨ ਲਈ ਚੱਲ ਰਹੇ ਅਪ੍ਰੇਸ਼ਨ ਬਾਰੇ ਜਾਣੂ ਸਨ। ਸਨਿੱਚਰਵਾਰ-ਐਤਵਾਰ ਦੀ ਰਾਤ ਉਹ ਸੁੱਤੇ ਵੀ ਨਹੀਂ ਕਿਉਂਕਿ ਉਹ ਅਧਿਕਾਰੀਆਂ ਤੋਂ ਹਰ 15 ਮਿੰਟ ਬਾਅਦ ਜਾਣਕਾਰੀ ਲੈਂਦੇ ਸਨ। ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਮਗਰੋਂ ਆਈ.ਜੀ. ਡਾ.ਗਿੱਲ ਨੇ ਦੱਸਿਆ ਕਿ ਕਿਸੇ ਖ਼ਾਸ ਸੂਚਨਾ ਦੇ ਆਧਾਰ 'ਤੇ ਪੁਲਿਸ ਵੱਲੋਂ ਸਾਂਝਾ ਅਪਰੇਸ਼ਨ ਚਲਾ ਕੇ ਸਵੇਰ ਵਕਤ ਪਿੰਡ ਰੋਡੇ ਤੋਂ ਅੰਮ੍ਰਿਤਪਾਲ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਪੁਲਿਸ ਨੇ ਪੂਰੇ ਸੰਜਮ ਤੇ ਠਰ੍ਹੰਮੇ ਤੋਂ ਕੰਮ ਲੈਂਦਿਆਂ ਗੁਰੂ ਘਰ ਦੀ ਮਰਿਆਦਾ ਦਾ ਪੂਰਾ ਖ਼ਿਆਲ ਰੱਖਿਆ। ਪੁਲਿਸ ਗੁਰੂ ਘਰ ਵਿਚ ਦਾਖ਼ਲ ਨਹੀਂ ਹੋਈ ਅਤੇ ਜਦੋਂ ਅੰਮ੍ਰਿਤਪਾਲ ਕੋਲ ਭੱਜਣ ਦਾ ਕੋਈ ਰਾਹ ਨਾ ਬਚਿਆ ਤਾਂ ਉਸ ਨੇ ਗ੍ਰਿਫ਼ਤਾਰੀ ਦੇ ਦਿੱਤੀ। ਚੇਤੇ ਰਹੇ ਕਿ ਪਿੰਡ ਰੋਡੇ ਵਿਚ ਦਸਤਾਰਬੰਦੀ ਹੋਣ ਮਗਰੋਂ ਅੰਮ੍ਰਿਤਪਾਲ ਨੇ ਆਪਣੇ ਮਿਸ਼ਨ ਦੀ ਸ਼ੁਰੂਆਤ ਕੀਤੀ ਸੀ। ਅੰਮ੍ਰਿਤਪਾਲ ਸਿੰਘ ਨੇ ਆਪਣੇ ਇਕ ਸਾਥੀ (ਲਵਪ੍ਰੀਤ ਸਿੰਘ ਤੂਫ਼ਾਨ) ਨੂੰ ਥਾਣੇ 'ਚੋਂ ਛੁਡਾਉਣ ਲਈ 23 ਫਰਵਰੀ ਨੂੰ ਆਪਣੇ ਸਮਰਥਕਾਂ ਸਣੇ ਅਜਨਾਲਾ ਥਾਣੇ 'ਤੇ ਹਮਲਾ ਬੋਲਿਆ ਸੀ। ਉਸ ਮਗਰੋਂ ਪੁਲਿਸ ਨੇ ਅੰਮ੍ਰਿਤਪਾਲ ਨੂੰ ਫੜਨ ਲਈ ਵਿਸ਼ੇਸ਼ ਅਪਰੇਸ਼ਨ ਚਲਾਇਆ। ਇਸ ਦੌਰਾਨ ਉਸ ਦੇ ਸਾਥੀ ਫੜੇ ਗਏ, ਪਰ ਉਹ ਬਚ ਕੇ ਨਿਕਲਣ ਵਿਚ ਕਾਮਯਾਬ ਹੋ ਗਿਆ ਸੀ। ਕਈ ਸੂਬਿਆਂ ਵਿਚ ਗੇੜਾ ਮਾਰਨ ਮਗਰੋਂ ਉਹ 28 ਮਾਰਚ ਨੂੰ ਮੁੜ ਹੁਸ਼ਿਆਰਪੁਰ ਨਜ਼ਰ ਆਇਆ, ਪਰ ਇਸ ਵਾਰ ਵੀ ਉਹ ਬਚ ਕੇ ਨਿਕਲ ਗਿਆ। ਪੰਜਾਬ ਪੁਲਿਸ ਲਈ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਵੱਕਾਰ ਦਾ ਸੁਆਲ ਬਣੀ ਹੋਈ ਸੀ। ਡੀ.ਆਈ.ਜੀ. (ਬਾਰਡਰ ਰੇਂਜ) ਨਰਿੰਦਰ ਭਾਰਗਵ ਅਤੇ ਸਮੁੱਚੀ ਟੀਮ ਨੇ ਅੰਮ੍ਰਿਤਪਾਲ ਦੇ ਨੇੜਲੇ ਸਾਥੀਆਂ ਪੱਪਲਪ੍ਰੀਤ ਸਿੰਘ ਅਤੇ ਜੋਗਾ ਸਿੰਘ ਆਦਿ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਸੀ। ਫ਼ਰਾਰੀ ਦੌਰਾਨ ਅੰਮ੍ਰਿਤਪਾਲ ਵੱਲੋਂ ਦੋ ਵੀਡੀਓਜ਼ ਅਤੇ ਇਕ ਆਡੀਓ ਕਲਿੱਪ ਵੀ ਜਾਰੀ ਕੀਤੀ ਗਈ ਸੀ।

### ਅੰਮ੍ਰਿਤਪਾਲ ਨੇ ਆਤਮ-ਸਮਰਪਣ ਕੀਤਾ: ਰੋਡੇ

**ਮੋਗਾ:** ਸੰਤ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੇ ਭਤੀਜੇ ਅਤੇ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਮੀਡੀਆ ਨੂੰ ਦੱਸਿਆ ਕਿ ਉਨ੍ਹਾਂ ਨੂੰ ਦੇਰ ਰਾਤ ਪੁਲਿਸ ਤੋਂ ਪਤਾ ਲੱਗਾ ਸੀ ਕਿ ਅੰਮ੍ਰਿਤਪਾਲ ਸਿੰਘ ਪਿੰਡ ਰੋਡੇ ਪੁੱਜ ਕੇ ਗ੍ਰਿਫ਼ਤਾਰੀ ਦੇ ਰਿਹਾ ਹੈ। ਉਹ ਅੰਮ੍ਰਿਤਪਾਲ ਦੀ ਗ੍ਰਿਫ਼ਤਾਰੀ ਤੋਂ ਕੁਝ ਸਮਾਂ ਪਹਿਲਾਂ ਪਿੰਡ ਰੋਡੇ ਪੁੱਜੇ ਅਤੇ ਅੰਮ੍ਰਿਤਪਾਲ ਨਾਲ ਗੱਲਬਾਤ ਕੀਤੀ। ਅੰਮ੍ਰਿਤਪਾਲ ਨੇ ਖ਼ੁਦ ਕਹਿ ਦਿੱਤਾ ਸੀ ਕਿ ਉਹ ਗੁਰਦੁਆਰੇ ਮੱਥਾ ਟੇਕਣ ਉਪਰੰਤ ਸੰਗਤ ਨੂੰ ਸੰਬੋਧਨ ਕਰੇਗਾ ਜਿਸ ਵਿਚ ਉਹ ਦੱਸੇਗਾ ਕਿ ਉਹ ਆਪਣੀ ਮਰਜ਼ੀ ਨਾਲ ਗ੍ਰਿਫ਼ਤਾਰੀ ਦੇ ਰਿਹਾ ਹੈ ਅਤੇ ਹੁਣ ਤੱਕ ਗ੍ਰਿਫ਼ਤਾਰੀ ਨਾ ਦੇਣ ਦੇ ਕੀ ਕਾਰਨ ਸਨ। ਉਨ੍ਹਾਂ ਕਿਹਾ ਕਿ ਪੁਲਿਸ ਨੇ ਆਪਣਾ ਦਾਅਵਾ ਰੱਖਣਾ ਹੁੰਦਾ ਹੈ ਪਰ ਅਸਲੀਅਤ ਹੈ ਕਿ ਅੰਮ੍ਰਿਤਪਾਲ ਸਿੰਘ ਨੇ ਮਰਜ਼ੀ ਨਾਲ ਗੁਰਦੁਆਰੇ ਬਾਹਰ ਗ੍ਰਿਫ਼ਤਾਰੀ ਦਿੱਤੀ ਹੈ।

## ਦੁਬਈ 'ਚ ਟਰਾਂਸਪੋਰਟ ਕਾਰੋਬਾਰ ਕਰਦਾ ਸੀ ਅੰਮ੍ਰਿਤਪਾਲ ਸਿੰਘ



**ਚੰਡੀਗੜ੍ਹ:** ਦੁਬਈ ਤੋਂ ਮੁੜਿਆ ਅੰਮ੍ਰਿਤਪਾਲ ਪਹਿਲਾਂ ਆਪਣੇ ਪਰਿਵਾਰ ਦੀ ਮਾਲਕੀ ਵਾਲੇ ਟਰਾਂਸਪੋਰਟ ਕਾਰੋਬਾਰ ਵਿਚ ਸੀ। ਅੰਮ੍ਰਿਤਸਰ ਦੇ ਪਿੰਡ ਜੱਲੂਪੁਰ ਖੈੜਾ ਦਾ ਵਸਨੀਕ ਅੰਮ੍ਰਿਤਪਾਲ ਖ਼ੁਦ ਨੂੰ ਭਿੰਡਰਾਂਵਾਲੇ ਦਾ ਸੇਵਕ ਦੱਸਦਾ ਸੀ। ਉਹ ਭਿੰਡਰਾਂਵਾਲੇ ਵਾਂਗ ਹੀ ਸਫੇਦ ਰੰਗ ਦਾ ਲੰਮਾ ਚੋਲਾ ਪਾਉਂਦਾ ਸੀ, ਸਿਰ 'ਤੇ ਅਕਸਰ ਨੀਲੀ ਦਸਤਾਰ ਸਜਾਉਂਦਾ ਤੇ ਹੱਥ 'ਚ ਕਿਰਪਾਨ ਰੱਖਦਾ ਸੀ। ਭਿੰਡਰਾਂਵਾਲੇ ਦੀ ਤਰਜ਼ 'ਤੇ ਹੀ ਜੋਸ਼ੀਲੀਆਂ ਤਕਰੀਰਾਂ ਕਰਦਾ ਸੀ। ਇਹੀ ਨਹੀਂ ਭਿੰਡਰਾਂਵਾਲੇ ਵਾਂਗ ਹੀ ਉਹ ਆਪਣੇ ਆਲੇ ਦੁਆਲੇ ਹਥਿਆਰਬੰਦ ਸਾਥੀਆਂ ਨੂੰ ਲੈ ਕੇ ਤੁਰਦਾ ਸੀ। ਉਸ ਦੇ ਹਮਾਇਤੀ ਉਸ ਨੂੰ 'ਭਿੰਡਰਾਂਵਾਲੇ 2.0' ਕਹਿੰਦੇ ਸਨ। ਜਰਨੈਲ ਸਿੰਘ ਭਿੰਡਰਾਂਵਾਲੇ ਦੇ ਜੱਦੀ ਪਿੰਡ ਰੋਡੇ ਵਿਚ ਹੀ ਪਿਛਲੇ ਸਾਲ 29 ਸਤੰਬਰ ਨੂੰ ਅੰਮ੍ਰਿਤਪਾਲ ਦੀ 'ਦਸਤਾਰਬੰਦੀ' ਕੀਤੀ ਗਈ ਸੀ। ਅੰਮ੍ਰਿਤਪਾਲ ਵੱਲੋਂ ਨੌਜਵਾਨਾਂ ਨੂੰ ਸਿੱਖੀ ਨਾਲ ਜੋੜਨ ਲਈ 'ਖਾਲਸਾ ਵਹੀਰ' ਸ਼ੁਰੂ ਕੀਤੀ ਗਈ ਸੀ, ਜਿਸ ਦਾ ਮੁੱਖ ਮਕਸਦ ਨੌਜਵਾਨਾਂ ਨੂੰ ਨਸ਼ਿਆਂ ਜਿਹੀ ਅਲਾਮਤ ਬਾਰੇ ਜਾਗਰੂਕ ਕਰਨਾ ਸੀ।

## ਅੰਮ੍ਰਿਤਪਾਲ ਨੇ ਆਪਣਾ ਸਿੱਖੀ ਸਰੂਪ ਕਾਇਮ ਰੱਖਿਆ: ਮਾਪੇ

**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਆਖਿਆ ਕਿ ਪੁਲਿਸ ਨੇ ਅੰਮ੍ਰਿਤਪਾਲ ਨੂੰ ਗ੍ਰਿਫਤਾਰ ਨਹੀਂ ਕੀਤਾ, ਸਗੋਂ ਉਸ ਨੇ ਆਤਮ ਸਮਰਪਣ ਕੀਤਾ ਹੈ। ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੀ ਖਬਰ ਮਗਰੋਂ ਅੰਮ੍ਰਿਤਪਾਲ ਦੀ ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਉਨ੍ਹਾਂ ਦੇ ਪੁੱਤਰ ਨੇ ਆਤਮ ਸਮਰਪਣ ਕੀਤਾ ਹੈ। ਉਨ੍ਹਾਂ ਕਿਹਾ ਕਿ ਪੁਲਿਸ ਅੱਗੇ ਪੇਸ਼ ਹੋਣ ਤੋਂ ਪਹਿਲਾਂ ਅੰਮ੍ਰਿਤਪਾਲ ਨੇ ਇਸਨਾਨ ਕੀਤਾ ਤੇ ਗੁਰਦੁਆਰੇ ਵਿਚ ਬੈਠ ਕੇ ਪਾਠ ਕੀਤਾ। ਅੰਮ੍ਰਿਤਪਾਲ ਨੇ ਗੁਰਦੁਆਰੇ 'ਚੋਂ ਪਿੰਡ ਵਾਸੀਆਂ ਨੂੰ ਸੰਬੋਧਨ ਵੀ ਕੀਤਾ।



ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਨੇ ਕਿਹਾ ਕਿ ਉਹ ਮੌਕੇ 'ਤੇ ਨਹੀਂ ਗਏ, ਪਰ ਜੋ ਕੁਝ ਸੁਣਨ ਨੂੰ ਮਿਲਿਆ ਹੈ, ਉਸ ਮੁਤਾਬਕ ਅੰਮ੍ਰਿਤਪਾਲ ਨੇ ਖ਼ੁਦ ਗ੍ਰਿਫਤਾਰੀ ਦਿੱਤੀ ਹੈ। ਉਨ੍ਹਾਂ ਤਸੱਲੀ ਪ੍ਰਗਟਾਈ ਕਿ ਉਨ੍ਹਾਂ ਦਾ ਪੁੱਤਰ ਠੀਕ ਹੈ ਤੇ ਉਸ ਨੇ ਆਪਣਾ ਸਿੱਖੀ ਸਰੂਪ ਕਾਇਮ ਰੱਖਿਆ ਹੈ।

ਉਨ੍ਹਾਂ ਕਿਹਾ ਕਿ ਨਸ਼ਿਆਂ ਖਿਲਾਫ ਲੜਾਈ ਸਾਹਮਣੇ ਆ ਕੇ ਹੀ ਲੜਨੀ ਪਵੇਗੀ। ਤਰਸੇਮ ਸਿੰਘ ਨੇ ਦੱਸਿਆ ਕਿ ਪਰਿਵਾਰ ਨੂੰ ਅੰਮ੍ਰਿਤਪਾਲ ਦੀ ਗ੍ਰਿਫਤਾਰੀ ਦੀ ਖਬਰ ਉਸ ਦੇ ਚਾਚੇ ਰਾਹੀਂ ਮਿਲੀ ਹੈ, ਜਿਸ ਨੇ ਇਹ ਖਬਰ ਕਿਸੇ ਟੀਵੀ ਚੈਨਲ 'ਤੇ ਦੇਖੀ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਪਰਿਵਾਰ ਨੂੰ ਅੰਮ੍ਰਿਤਪਾਲ ਵੱਲੋਂ ਗ੍ਰਿਫਤਾਰੀ ਦਿੱਤੇ ਜਾਣ ਬਾਰੇ ਕੋਈ ਜਾਣਕਾਰੀ ਨਹੀਂ ਸੀ।

## ਗ੍ਰਿਫਤਾਰੀ ਅੰਤ ਨਹੀਂ ਬਲਕਿ ਸ਼ੁਰੂਆਤ ਹੈ: ਅੰਮ੍ਰਿਤਪਾਲ ਸਿੰਘ

**ਚੰਡੀਗੜ੍ਹ:** ਅੰਮ੍ਰਿਤਪਾਲ ਦਾ ਇਕ ਵੀਡੀਓ ਸਾਹਮਣੇ ਆਇਆ ਹੈ ਜਿਸ ਵਿਚ ਉਹ 23 ਅਪਰੈਲ ਨੂੰ ਆਤਮ ਸਮਰਪਣ ਕਰਨ ਦੀ ਗੱਲ ਆਖ ਰਿਹਾ ਹੈ। ਸਵੇਰੇ ਉਹ ਪਿੰਡ ਰੋਡੇ ਦੇ ਗੁਰੂ ਘਰ ਵਿਚ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਤਮ ਸਮਰਪਣ ਦਾ ਐਲਾਨ ਕਰਦਾ ਹੈ। ਇਸ ਵੀਡੀਓ ਤੋਂ ਇੰਜ ਲੱਗਦਾ ਹੈ ਕਿ ਅੰਮ੍ਰਿਤਪਾਲ ਨੇ ਆਤਮ ਸਮਰਪਣ ਕੀਤਾ ਹੈ। ਦੂਜੇ ਪਾਸੇ ਪੁਲਿਸ ਦਾ ਕਹਿਣਾ ਹੈ ਕਿ ਉਸ ਵੱਲੋਂ ਕੀਤੀ ਘੇਰਾਬੰਦੀ ਕਰਕੇ ਦਬਾਅ ਬਣਨ ਮਗਰੋਂ ਹੀ ਅੰਮ੍ਰਿਤਪਾਲ ਕੋਲ ਕੋਈ ਰਾਹ ਨਹੀਂ ਬਚਿਆ ਜਿਸ ਕਰਕੇ ਉਸ ਨੂੰ ਗ੍ਰਿਫਤਾਰੀ ਦੇਣੀ ਪਈ। ਅੰਮ੍ਰਿਤਪਾਲ ਸਿੰਘ ਨੇ ਗੁਰੂ ਘਰ ਵਿਚੋਂ ਜਾਰੀ ਸੰਦੇਸ਼ 'ਚ ਕਿਹਾ ਕਿ 'ਗ੍ਰਿਫਤਾਰੀ ਅੰਤ ਨਹੀਂ ਬਲਕਿ ਸ਼ੁਰੂਆਤ ਹੈ, ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਜਨਮ ਭੂਮੀ 'ਤੇ ਉਨ੍ਹਾਂ ਦੀ ਦਸਤਾਰਬੰਦੀ ਹੋਈ ਸੀ।



ਉਹ ਇਕ ਦਿਨ ਮੁੜ ਆਪਣੇ ਲੋਕਾਂ ਵਿਚ ਆਉਣ ਦੇ ਯੋਗ ਹੋਣਗੇ ਅਤੇ ਅੰਦੋਲਨ ਇਸੇ ਤਰ੍ਹਾਂ ਜਾਰੀ ਰਹੇਗਾ।

ਮੈਨੂੰ ਪਹਿਲਾਂ ਵੀ ਗ੍ਰਿਫਤਾਰੀ ਦਾ ਡਰ ਨਹੀਂ ਸੀ ਅਤੇ ਨਾ ਹੁਣ ਕੋਈ ਡਰ ਹੈ। ਉਹ ਝੂਠੇ ਕੇਸਾਂ ਦਾ ਸਾਹਮਣਾ ਕਰੇਗਾ। ਉਸ ਦੇ ਸਮਰਥਕਾਂ 'ਤੇ ਪੁਲਿਸ ਵੱਲੋਂ ਜ਼ੁਲਮ ਕੀਤੇ ਜਾ ਰਹੇ ਸਨ ਜਿਸ ਕਰਕੇ ਉਨ੍ਹਾਂ ਆਤਮ ਸਮਰਪਣ ਕਰਨ ਦਾ ਫ਼ੈਸਲਾ ਕੀਤਾ ਜਦੋਂ ਕਿ ਉਸ ਕੋਲ ਦੂਸਰੇ ਦੇਸ਼ਾਂ ਵਿਚ ਜਾਣ ਦੇ ਮੌਕੇ ਸਨ।"

## ਗ੍ਰਿਫਤਾਰੀ ਤੋਂ ਬਾਅਦ ਮਾਨ ਸਰਕਾਰ ਨੇ ਸੁੱਖ ਦਾ ਸਾਹ ਲਿਆ

**ਚੰਡੀਗੜ੍ਹ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫ਼ਤਾਰੀ ਪੰਜਾਬ ਸਰਕਾਰ ਲਈ ਕਿਸੇ ਚੁਣੌਤੀ ਤੋਂ ਘੱਟ ਨਹੀਂ ਸੀ। 'ਆਪ' ਸਰਕਾਰ ਦੇ ਇਕ ਸਾਲ ਤੋਂ ਉੱਪਰ ਦੇ ਕਾਰਜਕਾਲ ਦੌਰਾਨ 'ਅੰਮ੍ਰਿਤਪਾਲ ਅਪਰੇਸ਼ਨ' ਸਭ ਤੋਂ ਵੱਡਾ ਸੰਕਟ ਬਣ ਕੇ ਉੱਭਰਿਆ ਸੀ। 35 ਦਿਨਾਂ ਦੇ ਅਪਰੇਸ਼ਨ ਮਗਰੋਂ ਪੁਲਿਸ ਨੇ ਅੰਮ੍ਰਿਤਪਾਲ ਨੂੰ ਡਿਬਰੂਗੜ੍ਹ ਜੇਲ੍ਹ ਭੇਜ ਦਿੱਤਾ ਹੈ। ਅਪਰੇਸ਼ਨ ਅੰਮ੍ਰਿਤਪਾਲ ਦੌਰਾਨ ਪੰਜਾਬ ਦੀਆਂ ਨਜ਼ਰਾਂ ਪੁਲਿਸ ਕਾਰਵਾਈ 'ਤੇ ਟਿਕੀਆਂ ਰਹੀਆਂ। ਮੁਸ਼ਕਲਾਂ ਦੇ ਮੁਹਾਣ 'ਤੇ ਖੜ੍ਹੇ ਪੰਜਾਬ ਲਈ ਇਹ ਸਮਾਂ ਔਖਾ ਰਿਹਾ ਕਿਉਂਕਿ ਕਾਲਾ ਦੌਰ ਦੇਖ ਚੁੱਕੇ ਲੋਕਾਂ ਵਿਚ ਮਾਹੌਲ ਤੌਖਲੇ ਖੜ੍ਹੇ ਕਰ ਰਿਹਾ ਸੀ।

ਉਧਰ, ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਦੀ ਅਮਨ-ਸ਼ਾਂਤੀ, ਏਕਤਾ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀ ਇਹ ਡੂੰਘੀ ਸਾਜ਼ਿਸ਼ ਸੀ, ਪਰ ਸੂਬਾ ਸਰਕਾਰ ਨੇ ਅੰਮ੍ਰਿਤਪਾਲ ਸਮੇਤ ਅਜਿਹੇ ਸਾਰੇ ਲੋਕਾਂ ਨੂੰ ਗ੍ਰਿਫਤਾਰ ਕਰਕੇ ਇਸ ਸਾਜ਼ਿਸ਼ ਨੂੰ ਨਾਕਾਮ ਕਰ ਦਿੱਤਾ ਹੈ।



ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਨੌਜਵਾਨਾਂ ਨੂੰ ਹਥਿਆਰ ਚੁੱਕਣ ਅਤੇ ਦੇਸ ਵਿਰੁੱਧ ਗੈਰ-ਕਾਨੂੰਨੀ ਗਤੀਵਿਧੀਆਂ ਲਈ ਉਕਸਾਉਣ ਵਾਲੀ ਸੰਸਥਾ ਚਲਾ ਰਿਹਾ ਸੀ। ਉਨ੍ਹਾਂ ਕਿਹਾ ਕਿ ਕਾਨੂੰਨ ਤੋੜਨ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾਵੇਗਾ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਵਿਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਨੂੰ ਕਾਇਮ ਰੱਖਣ ਲਈ ਸਰਕਾਰ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ 18 ਮਾਰਚ ਨੂੰ ਹੀ ਅੰਮ੍ਰਿਤਪਾਲ ਨੂੰ ਗ੍ਰਿਫਤਾਰ ਕਰ ਸਕਦੀ ਸੀ, ਪਰ ਉਹ ਕਦੇ ਵੀ ਖ਼ੂਨ-ਖ਼ਰਾਬਾ ਨਹੀਂ ਹੋਣ ਦੇਣਾ ਚਾਹੁੰਦੇ ਸਨ ਅਤੇ ਇਕ ਵੀ ਗੋਲੀ ਚਲਾਏ ਬਿਨਾਂ ਵੱਖਵਾਦੀ ਨੇਤਾ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਨੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਢਾਲ ਬਣਾ ਕੇ ਅਜਨਾਲਾ ਥਾਣੇ 'ਤੇ ਹਮਲਾ ਕੀਤਾ ਸੀ।

ਉਨ੍ਹਾਂ ਪੁਲਿਸ ਨੂੰ ਹਦਾਇਤ ਕੀਤੀ ਸੀ ਕਿ ਕਿਸੇ ਵੀ ਸੂਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਨਾ ਹੋਵੇ। ਮੁੱਖ ਮੰਤਰੀ ਨੇ ਸੰਕਟ ਦੀ ਇਸ ਘੜੀ ਵਿਚ ਸ਼ਾਂਤੀ ਅਤੇ ਸੰਜਮ ਵਰਤਣ ਲਈ ਸੂਬੇ ਦੇ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਵੀ ਕੀਤਾ। ਮੁੱਖ ਮੰਤਰੀ ਨੇ ਸੁਨੇਹਾ ਦਿੱਤਾ ਕਿ ਉਹ ਨੌਜਵਾਨਾਂ ਨੂੰ ਧਰਮ ਦੇ ਨਾਂ 'ਤੇ ਚਲਾਈਆਂ ਜਾ ਰਹੀਆਂ ਨਫ਼ਰਤ ਦੀਆਂ ਫੈਕਟਰੀਆਂ ਦਾ ਕੱਚਾ ਮਾਲ ਨਹੀਂ ਬਣਨ ਦੇਣਗੇ। ਉਨ੍ਹਾਂ ਕਿਹਾ ਕਿ ਕੁਝ ਤਾਕਤਾਂ ਲੋਕਾਂ ਨੂੰ ਫ਼ਿਰਕੂ ਲੀਹਾਂ 'ਤੇ ਵੰਡ ਸਕਦੀਆਂ ਹਨ, ਪਰ ਅਜਿਹਾ ਪੰਜਾਬ 'ਚ ਕਿਸੇ ਵੀ ਕੀਮਤ ਉੱਤੇ ਸੰਭਵ ਨਹੀਂ ਕਿਉਂਕਿ ਅਮਨ ਪਸੰਦ ਪੰਜਾਬੀ ਅਜਿਹੀ ਕਿਸੇ ਵੀ ਕੋਸ਼ਿਸ਼ ਨੂੰ ਮੂੰਹ ਤੋੜਵਾਂ ਜਵਾਬ ਦੇਣਗੇ।

### ਮਾਨ ਸਰਕਾਰ ਨੇ ਸਖਤ ਸੁਨੇਹਾ ਦਿੱਤਾ: ਕੇਜਰੀਵਾਲ

**ਨਵੀਂ ਦਿੱਲੀ:** 'ਆਪ' ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਅੰਮ੍ਰਿਤਪਾਲ ਨੂੰ ਗ੍ਰਿਫਤਾਰ ਕਰ ਕੇ ਕਾਨੂੰਨ ਵਿਵਸਥਾ ਭੰਗ ਕਰਨ ਦੀ ਕੋਸ਼ਿਸ਼ ਕਰਨ ਵਾਲਿਆਂ ਨੂੰ ਸਖ਼ਤ ਸੰਦੇਸ਼ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਅਮਨ-ਕਾਨੂੰਨ ਨੂੰ ਭੰਗ ਕਰਨ ਵਾਲਿਆਂ ਖ਼ਿਲਾਫ ਅਜਿਹੀ ਹੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਕੇਜਰੀਵਾਲ ਨੇ ਪੰਜਾਬ ਪੁਲਿਸ ਨੂੰ ਇਸ ਸ਼ਲਾਘਾਯੋਗ ਕੰਮ ਲਈ ਵਧਾਈ ਦਿੱਤੀ ਹੈ।

# ਡਰੱਗ ਮਾਫੀਆ ਨਾਲ ਗੱਠਜੋੜ ਵਾਲੇ ਪੁਲਿਸ ਅਫਸਰਾਂ ਦੇ ਖੁੱਲ੍ਹਣਗੇ ਰਾਜ਼



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਡਰੱਗ ਮਾਫੀਆ-ਪੁਲਿਸ ਗੱਠਜੋੜ ਤੋਂ ਪਰਦਾ ਚੁੱਕਣ ਲਈ ਵਿੱਢੀ ਜਾਂਚ ਦੇ ਘੇਰੇ ਨੂੰ ਹੋਰ ਮੋਕਲਾ ਕਰਦਿਆਂ ਡੀ.ਜੀ.ਪੀ. ਗੌਰਵ ਯਾਦਵ ਨੂੰ ਉਨ੍ਹਾਂ ਸਾਰੇ ਪੁਲਿਸ ਅਧਿਕਾਰੀਆਂ ਦੀ ਭੂਮਿਕਾ ਘੋਖਣ ਲਈ ਆਖ ਦਿੱਤਾ ਹੈ, ਜਿਨ੍ਹਾਂ ਬਰਖਾਸਤ ਇੰਸਪੈਕਟਰ ਇੰਦਰਜੀਤ ਸਿੰਘ ਦੀ ਸਿੱਧੇ ਜਾਂ ਅਸਿੱਧੇ ਰੂਪ ਵਿਚ ਮਦਦ ਕੀਤੀ ਸੀ। ਸਰਕਾਰ ਨੇ ਹੁਕਮਾਂ ਵਿਚ ਸਾਫ ਕਰ ਦਿੱਤਾ ਕਿ ਪੁਲਿਸ ਅਧਿਕਾਰੀ ਕਿੰਨੇ ਵੀ ਉਚੇ ਅਹੁਦੇ 'ਤੇ ਹੋਵੇ, ਉਸ ਦੀ ਭੂਮਿਕਾ ਦੀ ਜਾਂਚ ਕੀਤੀ ਜਾਵੇ। ਡੀ.ਜੀ.ਪੀ. ਯਾਦਵ ਨੇ ਇਸ ਪੂਰੇ ਮਾਮਲੇ ਦੀ ਜਾਂਚ ਲਈ ਏ.ਡੀ.ਜੀ.ਪੀ. ਆਰ.ਕੇ.ਜੈਸਵਾਲ ਦੀ ਡਿਊਟੀ ਲਾਈ ਹੈ।

ਗ੍ਰਹਿ ਵਿਭਾਗ ਦੇ ਵਿਸ਼ੇਸ਼ ਸਕੱਤਰ ਰਾਹੀਂ ਜਾਰੀ ਹੁਕਮਾਂ ਵਿਚ ਡੀ.ਜੀ.ਪੀ. ਨੂੰ ਕਿਹਾ ਗਿਆ ਹੈ ਕਿ ਉਹ ਇੰਸਪੈਕਟਰ (ਬਰਖਾਸਤ) ਇੰਦਰਜੀਤ ਖਿਲਾਫ 12 ਜੂਨ 2017 ਨੂੰ ਤਤਕਾਲੀਨ ਏ.ਡੀ.ਜੀ.ਪੀ. ਹਰਪ੍ਰੀਤ ਸਿੰਘ ਸਿੱਧੂ ਦੀ ਅਗਵਾਈ ਵਾਲੀ ਵਿਸ਼ੇਸ਼ ਟਾਸਕ ਫੋਰਸ ਵੱਲੋਂ ਦਰਜ ਐਫ.ਆਈ.ਆਰ. ਵਿਚ ਏ.ਆਈ.ਜੀ. ਰਾਜਜੀਤ ਸਿੰਘ ਨੂੰ ਨਾਮਜ਼ਦ ਕਰਨ। ਡੀ.ਜੀ.ਪੀ. ਨੂੰ ਮੁਹਾਲੀ ਦੇ ਐਸ.ਟੀ.ਐਫ. ਪੁਲਿਸ ਸਟੇਸ਼ਨ ਵਿਚ ਦਰਜ ਐਫ.ਆਈ.ਆਰ. ਦੀ ਜਾਂਚ ਲਈ ਸੀਨੀਅਰ ਆਈ.ਪੀ.ਐਸ. ਅਧਿਕਾਰੀ ਦੀ ਡਿਊਟੀ ਲਾਉਣ ਲਈ ਵੀ ਕਿਹਾ ਗਿਆ ਹੈ। ਉਂਜ ਤਫਤੀਸ਼ ਦੌਰਾਨ ਵਿਸ਼ੇਸ਼ ਜਾਂਚ ਟੀਮ ਦੀਆਂ ਤਿੰਨੋਂ ਰਿਪੋਰਟਾਂ ਨੂੰ ਜ਼ਿਹਨ 'ਚ ਰੱਖਿਆ ਜਾਵੇਗਾ। ਤਫਤੀਸ਼ੀ ਅਧਿਕਾਰੀਆਂ ਨੂੰ ਜਾਂਚ ਦਾ ਅਮਲ ਨਿਬੇੜ ਕੇ ਇਕ ਮਹੀਨੇ 'ਚ ਰਿਪੋਰਟ ਸੌਂਪਣ ਲਈ ਕਿਹਾ ਗਿਆ ਹੈ। ਹੁਕਮਾਂ ਵਿਚ ਸਪਸ਼ਟ ਲਿਖਿਆ ਹੈ ਕਿ ਹੇਠਲੇ ਦਰਜੇ ਦਾ ਓ.ਆਰ.ਪੀ. ਇੰਸਪੈਕਟਰ ਇਕੱਲਾ ਆਪਣੇ ਦਮ 'ਤੇ ਫਿਰੌਤੀ ਤੇ ਨਸ਼ਾ ਤਸਕਰੀ ਦਾ ਇੰਨਾ ਵੱਡਾ ਨੈੱਟਵਰਕ ਨਹੀਂ ਚਲਾ ਸਕਦਾ। ਸਰਕਾਰ ਨੇ ਕਿਹਾ ਕਿ ਪੀ.ਪੀ.ਐਸ. ਅਧਿਕਾਰੀ ਰਾਜਜੀਤ ਸਿੰਘ ਦੀ ਸਿਫਾਰਸ਼ 'ਤੇ ਇੰਸਪੈਕਟਰ (ਬਰਖਾਸਤ) ਇੰਦਰਜੀਤ ਸਿੰਘ ਦੇ ਤਬਾਦਲੇ/ਤਰੱਕੀ/ਸਥਾਨਕ ਰੈਂਕ ਦੀ ਮਨਜ਼ੂਰੀ ਦੇਣ ਵਾਲੇ ਸੀਨੀਅਰ ਅਧਿਕਾਰੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

## ਪੀ.ਪੀ.ਐਸ. ਅਧਿਕਾਰੀ ਰਾਜਜੀਤ 'ਤੇ ਸਖਤ ਧਾਰਾਵਾਂ ਲਾਈਆਂ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਬਰਖਾਸਤ ਕੀਤੇ ਗਏ ਪੀ.ਪੀ.ਐਸ. ਅਧਿਕਾਰੀ ਰਾਜਜੀਤ ਸਿੰਘ ਹੁੰਦਲ ਦੁਆਲੇ ਕਾਨੂੰਨੀ ਸ਼ਿਕੰਜਾ ਕੱਸਦਾ ਜਾ ਰਿਹਾ ਹੈ। ਬਰਖਾਸਤਗੀ ਤੋਂ ਬਾਅਦ ਵਿਸ਼ੇਸ਼ ਟਾਸਕ ਫੋਰਸ ਨੇ ਐਨ.ਡੀ.ਪੀ.ਐਸ. ਐਕਟ ਅਤੇ ਆਈ.ਪੀ.ਸੀ. ਦੀਆਂ ਸਖ਼ਤ ਧਾਰਾਵਾਂ ਤਹਿਤ ਨਸ਼ਾ ਤਸਕਰੀ ਨਾਲ ਸਬੰਧਤ 2017 ਵਿਚ ਦਰਜ ਕੀਤੇ ਮਾਮਲੇ ਵਿਚ ਰਾਜਜੀਤ ਨੂੰ ਨਾਮਜ਼ਦ ਕਰ ਲਿਆ ਹੈ। ਸੂਤਰਾਂ ਮੁਤਾਬਕ ਰਾਜਜੀਤ ਸਿੰਘ ਵਿਰੁੱਧ ਧਾਰਾ 120 ਬੀ, 218 ਅਤੇ 384 ਸਮੇਤ ਐਨ.ਡੀ.ਪੀ.ਐਸ. ਐਕਟ ਦੀਆਂ ਧਾਰਾਵਾਂ 59 ਅਤੇ 39 ਵੀ ਲਾਈਆਂ ਗਈਆਂ ਹਨ। ਇਨ੍ਹਾਂ ਧਾਰਾਵਾਂ 'ਚ ਪੁਲਿਸ ਅਧਿਕਾਰੀ ਵੱਲੋਂ ਮੁਢਲੇ ਤੌਰ 'ਤੇ ਫਿਰੌਤੀ ਲੈਣ ਅਤੇ ਅਪਰਾਧੀਆਂ ਨੂੰ ਸਜ਼ਾ ਤੋਂ ਬਚਾਉਣ ਵਿਚ ਸਹਿਯੋਗ ਕਰਨ ਦੇ ਦੋਸ਼ ਹਨ।

# ਪੰਜਾਬ ਵਿਚ ਛੇਤੀ ਲਾਗੂ ਹੋਵੇਗੀ ਨਵੀਂ ਖੇਡ ਨੀਤੀ



**ਚੰਡੀਗੜ੍ਹ:** ਖੇਡ ਮੰਤਰੀ ਮੀਤ ਹੇਅਰ ਨੇ ਆਖਿਆ ਹੈ ਕਿ ਸੂਬਾ ਸਰਕਾਰ ਵੱਲੋਂ ਪੰਜਾਬ ਨੂੰ ਖੇਡਾਂ ਦੇ ਖੇਤਰ 'ਚ ਮੋਹਰੀ ਬਣਾਉਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਇਸ ਤਹਿਤ ਖਿਡਾਰੀਆਂ ਨੂੰ ਸਾਜ਼ਗਾਰ ਮਾਹੌਲ ਮੁਹੱਈਆ ਕਰਵਾਉਣ ਲਈ ਕੌਮਾਂਤਰੀ ਪੱਧਰ 'ਤੇ ਸੂਬੇ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਨਕਦ ਇਨਾਮ ਰਾਸ਼ੀ ਨਾਲ ਸਨਮਾਨਿਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਪਿਛਲੇ ਇਕ ਸਾਲ ਵਿਚ ਸਰਕਾਰ ਵੱਲੋਂ ਖਿਡਾਰੀਆਂ ਨੂੰ 21.63 ਕਰੋੜ ਰੁਪਏ ਦੀ ਨਕਦ ਰਾਸ਼ੀ ਨਾਲ ਸਨਮਾਨਿਆ ਗਿਆ ਹੈ। ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਛੇਤੀ ਹੀ ਨਵੀਂ ਖੇਡ ਨੀਤੀ ਲਾਗੂ ਕੀਤੀ ਜਾਵੇਗੀ, ਜਿਸ ਤਹਿਤ ਉਲੰਪਿਕ ਤੇ ਹੋਰ ਕੌਮਾਂਤਰੀ ਮੁਕਾਬਲਿਆਂ ਦੇ ਤਗਮਾ ਜਿੱਤਣ 'ਤੇ ਜ਼ੋਰ ਦਿੱਤਾ ਜਾਵੇਗਾ। ਖੇਡ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਦਾ ਪੱਧਰ ਉੱਚਾ ਚੁੱਕਣ ਲਈ ਵਚਨਬੱਧ ਹੈ ਤੇ ਮੁੱਖ ਮੰਤਰੀ ਭਗਵੰਤ ਮਾਨ ਨਿੱਜੀ ਤੌਰ 'ਤੇ ਵੀ ਖੇਡਾਂ ਵਿਚ ਦਿਲਚਸਪੀ ਰੱਖਦੇ ਹਨ। ਉਨ੍ਹਾਂ ਕਿਹਾ ਕਿ ਖੇਡ ਵਿਭਾਗ ਵੱਲੋਂ ਕੌਮੀ ਪੱਧਰ ਦੇ ਮੁਕਾਬਲਿਆਂ 'ਚ ਤਗਮਾ ਜੇਤੂਆਂ ਨੂੰ ਇਕ ਸਾਲ ਲਈ 8000 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਦੇਣ ਲਈ ਹਾਕੀ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਵਜ਼ੀਫਾ ਸਕੀਮ ਸ਼ੁਰੂ ਕੀਤੀ ਸੀ, ਜਿਸ ਵਿਚ ਵਾਧਾ ਕਰਦਿਆਂ ਮੁੱਖ ਮੰਤਰੀ ਨੇ ਇਹ ਰਾਸ਼ੀ ਹੁਣ 16 ਹਜ਼ਾਰ ਰੁਪਏ ਪ੍ਰਤੀ ਮਹੀਨਾ ਕਰ ਦਿੱਤੀ ਹੈ। ਇਸ ਦੇ ਨਾਲ ਹੀ ਇਸ ਸਾਲ ਦੇ ਬਜਟ ਵਿਚ ਖੇਡਾਂ ਲਈ ਪਿਛਲੇ ਬਜਟ ਨਾਲੋਂ 55 ਫੀਸਦ ਵੱਧ ਫੰਡ ਰੱਖੇ ਗਏ ਹਨ।

# ਮੂਸੇਵਾਲੇ ਦੇ ਪਰਿਵਾਰ ਵੱਲੋਂ ਜ਼ਿਮਨੀ ਚੋਣ 'ਚ ਸਰਕਾਰ ਖਿਲਾਫ਼ ਪ੍ਰਚਾਰ ਦਾ ਐਲਾਨ

**ਮਾਨਸਾ:** ਮਰਹੂਮ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਮਾਪਿਆਂ ਨੇ ਕਿਹਾ ਕਿ ਉਹ ਲਗਾਤਾਰ ਆਪਣੇ ਪੁੱਤਰ ਵਾਸਤੇ ਇਨਸਾਫ ਹਾਸਲ ਕਰਨ ਲਈ ਦਰ-ਦਰ ਦੀਆਂ ਠੋਕਰਾਂ ਖਾ ਰਹੇ ਹਨ। ਇਨਸਾਫ ਦੇਣ ਦੀ ਬਜਾਏ ਉਲਟਾ ਉਨ੍ਹਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਨੇ ਸਾਫ ਕਿਹਾ ਕਿ ਉਹ ਜਲੰਧਰ ਦੀ ਜ਼ਿਮਨੀ ਚੋਣ ਦੌਰਾਨ ਪੰਜਾਬ ਸਰਕਾਰ ਖਿਲਾਫ ਪ੍ਰਚਾਰ ਕਰਨ ਜਾਣਗੇ। ਪਿੰਡ ਮੂਸਾ ਵਿਚ ਮੂਸੇਵਾਲਾ ਦੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰਦਿਆਂ ਬਲਕੌਰ ਸਿੰਘ ਸਿੱਧੂ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੇ ਅਕਸ ਨੂੰ ਬਦਨਾਮ ਕਰਨ ਲਈ ਨਿੱਤ ਨਵੀਆਂ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਉਨ੍ਹਾਂ 'ਆਪ' ਦੇ ਨਾਭਾ ਤੋਂ ਵਿਧਾਇਕ ਦੇਵ ਮਾਨ ਵੱਲੋਂ ਸਿੱਧੂ ਮੂਸੇਵਾਲਾ ਨੂੰ ਲੈ ਕੇ ਦਿੱਤੇ ਗਏ ਬਿਆਨ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਪੁੱਤ ਨੂੰ ਮਾਰਨ ਲਈ ਹਮਲਾਵਰ ਲਗਾਤਾਰ 10 ਦਿਨ ਹਥਿਆਰ ਲੈ ਕੇ ਉਨ੍ਹਾਂ ਦੇ ਘਰ ਦੇ ਬਾਹਰ ਘੁੰਮਦੇ ਰਹੇ ਪਰ ਸਰਕਾਰ ਦਾ ਖੁਫ਼ੀਆ ਵਿੰਗ ਫੇਲ੍ਹ ਹੋ ਕੇ ਰਹਿ ਗਿਆ। ਉਨ੍ਹਾਂ ਕਿਹਾ ਕਿ ਰਹਿੰਦੀ ਕਸਰ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾ ਕੇ ਅਤੇ ਅਖ਼ਬਾਰਾਂ ਵਿਚ ਖਬਰਾਂ ਛਪਵਾ ਕੇ ਕੱਢੀ ਗਈ। ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਫਿਲਹਾਲ ਰਾਜਨੀਤੀ ਵਿਚ ਆਉਣ ਦਾ ਉਨ੍ਹਾਂ ਦਾ ਨਿੱਜੀ ਤੌਰ 'ਤੇ ਕੋਈ ਫੈਸਲਾ ਨਹੀਂ ਪਰ ਉਨ੍ਹਾਂ ਦਾ ਪਰਿਵਾਰ ਲੰਬੇ ਸਮੇਂ ਤੋਂ ਕਾਂਗਰਸ ਨਾਲ ਜੁੜਿਆ ਹੋਇਆ ਹੈ।

## ਜਗੀਰ ਕੌਰ ਵੱਲੋਂ ਰੂਪਾਨੀ ਨਾਲ ਮੁਲਾਕਾਤ

**ਜਲੰਧਰ:** ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਬੇਗੋਵਾਲ ਵਿਚ ਭਾਜਪਾ ਦੇ ਸੀਨੀਅਰ ਆਗੂ ਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੈ ਰੂਪਾਨੀ ਨਾਲ ਮੁਲਾਕਾਤ ਕੀਤੀ। ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੇ ਅਸਥਾਨ 'ਤੇ ਹੋਈ ਮੁਲਾਕਾਤ ਦੌਰਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਜਿਹੜੇ ਸਿੱਖ ਨੌਜਵਾਨਾਂ ਨੂੰ ਪੁਲਿਸ ਡਿਬਰੂਗੜ੍ਹ ਜੇਲ੍ਹ ਲੈ ਗਈ ਹੈ, ਉਨ੍ਹਾਂ ਨੂੰ ਵਾਪਸ ਪੰਜਾਬ ਲਿਆਂਦਾ ਜਾਵੇ। ਬੀਬੀ ਜਗੀਰ ਕੌਰ ਨੇ ਜ਼ੋਰ ਦਿੱਤਾ ਕਿ ਸੋਸ਼ਲ ਮੀਡੀਆ ਤੇ ਹੋਰ ਪਲੇਟਫਾਰਮਾਂ 'ਤੇ ਸਿੱਖਾਂ ਵਿਰੁੱਧ ਪੈਦਾ ਕੀਤੀ ਜਾ ਰਹੀ ਇਸ ਨਫ਼ਰਤੀ ਹਵਾ ਨੂੰ ਕੇਂਦਰ ਸਰਕਾਰ ਠੱਲ੍ਹ ਪਾਵੇ।

# ਆਪਸੀ ਮੱਤਭੇਦ ਭੁਲਾ ਕੇ ਅਕਾਲੀ ਦਲ ਨਾਲ ਖੜ੍ਹਨ ਦੀ ਲੋੜ: ਧਾਮੀ



**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਜਲੰਧਰ ਦੀਆਂ ਸਿੰਘ ਸਭਾਵਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਆਗੂਆਂ ਨਾਲ ਨਿਊ ਵਿਨੈ ਨਗਰ ਵਿਚ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਸਿੱਖ ਕੌਮ ਨੂੰ ਕਮਜ਼ੋਰ ਕਰਨ ਅਤੇ ਢਾਹ ਲਗਾਉਣ ਵਿਚ ਲੱਗੀਆਂ ਹੋਈਆਂ ਹਨ।

ਐਡਵੋਕੇਟ ਧਾਮੀ ਨੇ ਕਿਹਾ ਕਿ ਦੋਵੇਂ ਸਰਕਾਰਾਂ ਸਿੱਖ ਕੌਮ ਨੂੰ ਬਦਨਾਮ ਕਰਨ ਵਿਚ ਲੱਗੀਆਂ ਹੋਈਆਂ ਹਨ, ਅਜਿਹੇ ਨਾਜ਼ੁਕ ਮੌਕੇ ਆਪਸੀ ਮੱਤਭੇਦ ਭੁਲਾ ਕੇ ਸਿੱਖਾਂ ਦੀ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਨਾਲ ਖੜ੍ਹੇ ਹੋਣ ਦੀ ਲੋੜ ਹੈ। ਉਧਰ, ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਤਾਂ ਅੰਮ੍ਰਿਤਧਾਰੀ ਉਮੀਦਵਾਰ ਹੀ ਨਹੀਂ ਲੱਭਿਆ ਫਿਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਕਿਹੜੀ ਪੰਥਕ ਸੋਚ ਨੂੰ ਮਜ਼ਬੂਤ ਕਰਨ ਦੀਆਂ ਅਪੀਲਾਂ ਕਰ ਰਹੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਅਕਾਲੀ ਦਲ ਨੇ ਤਾਂ ਪੰਥਕ ਏਜੰਡੇ ਨੂੰ ਕਦੋਂ ਦੀ ਤਿਲਾਂਜਲੀ ਦਿੱਤੀ ਹੋਈ ਹੈ।

## ਕਾਂਗਰਸ ਆਗੂ ਪਰਮਜੀਤ ਸਿੰਘ ਰਾਏਪੁਰ 'ਆਪ' ਵਿਚ ਸ਼ਾਮਲ

**ਜਲੰਧਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਤੇ ਨਗਰ ਸੁਧਾਰ ਟਰੱਸਟ ਜਲੰਧਰ ਦੇ ਸਾਬਕਾ ਚੇਅਰਮੈਨ ਪਰਮਜੀਤ ਸਿੰਘ ਰਾਏਪੁਰ ਕਾਂਗਰਸ ਨੂੰ ਅਲਵਿਦਾ ਆਖ ਕੇ ਮੁੱਖ ਮੰਤਰੀ ਭਗਵੰਤ ਮਾਨ ਦੀ ਮੌਜੂਦਗੀ ਵਿਚ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਉਨ੍ਹਾਂ ਦੇ 'ਆਪ' ਵਿਚ ਸ਼ਾਮਲ ਹੋਣ ਨਾਲ ਸੁਸ਼ੀਲ ਰਿੰਕੂ ਦੀ ਸਥਿਤੀ ਮਜ਼ਬੂਤ ਹੋ ਸਕਦੀ ਹੈ।

# ਪੰਜਾਬ ਵਿਚ ਹੁਣ ਮੋਬਾਈਲ ਫੋਨਾਂ ਉਤੇ ਮਿਲਣਗੇ ਸਰਟੀਫਿਕੇਟ

**ਚੰਡੀਗੜ੍ਹ:** ਪੰਜਾਬ ਦੇ ਨਾਗਰਿਕਾਂ ਨੂੰ ਸਰਟੀਫਿਕੇਟ ਪ੍ਰਾਪਤ ਕਰਨ ਲਈ ਹੁਣ ਦਫਤਰਾਂ ਦੇ ਗੇੜੇ ਲਗਾਉਣ ਦੀ ਲੋੜ ਨਹੀਂ ਪਵੇਗੀ ਕਿਉਂਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਪ੍ਰਵਾਨਿਤ ਸਰਟੀਫਿਕੇਟ ਐਸ.ਐਮ.ਐਸ. ਜ਼ਰੀਏ ਸਿੱਧੇ ਨਾਗਰਿਕਾਂ ਦੇ ਮੋਬਾਈਲ ਫੋਨਾਂ ਉਤੇ ਦੇਣੇ ਸ਼ੁਰੂ ਕਰ ਦਿੱਤੇ ਹਨ।

ਇਹ ਜਾਣਕਾਰੀ ਸਾਂਝੀ ਕਰਦਿਆਂ ਪੰਜਾਬ ਦੇ ਪ੍ਰਸ਼ਾਸਕੀ ਸੁਧਾਰ ਅਤੇ ਜਨ ਸ਼ਿਕਾਇਤ ਨਿਵਾਰਨ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਨਾਗਰਿਕਾਂ ਨੂੰ ਸਰਟੀਫਿਕੇਟਾਂ ਦੀਆਂ ਹਾਰਡ ਕਾਪੀਆਂ ਲੈਣ ਲਈ ਹੁਣ ਕਿਸੇ ਦਫਤਰ/ਸੇਵਾ ਕੇਂਦਰ ਵਿਖੇ ਜਾਣ ਦੀ ਲੋੜ ਨਹੀਂ ਪਵੇਗੀ। ਕਿਸੇ ਸੇਵਾ ਲਈ ਅਪਲਾਈ ਕਰਨ ਵਾਲੇ ਨਾਗਰਿਕ ਦੇ ਮੋਬਾਈਲ ਫੋਨ ਉਤੇ ਐਸ.ਐਮ.ਐਸ. ਰਾਹੀਂ ਲਿੰਕ ਭੇਜਿਆ ਜਾਂਦਾ ਹੈ, ਜਿਸ ਉਤੇ ਕਲਿੱਕ ਕਰਕੇ ਸਰਟੀਫਿਕੇਟ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਸਰਟੀਫਿਕੇਟ ਨੂੰ ਸਾਰੇ ਦਫਤਰਾਂ ਵਿਚ ਸਵੀਕਾਰ ਕੀਤਾ ਜਾਵੇਗਾ ਅਤੇ ਇਨ੍ਹਾਂ ਸਰਟੀਫਿਕੇਟਾਂ ਦੀ ਪ੍ਰਮਾਣਿਕਤਾ ਨੂੰ ਈ-ਸੇਵਾ ਪੋਰਟਲ 'ਤੇ ਆਨਲਾਈਨ ਵੀ ਚੈੱਕ ਕੀਤਾ ਜਾ ਸਕਦਾ ਹੈ। ਇਸ ਕਦਮ ਨਾਲ ਕੇਵਲ ਲੋਕਾਂ ਦੇ ਸਮੇਂ ਤੇ ਊਰਜਾ ਦੀ ਬੱਚਤ ਹੀ ਨਹੀਂ ਹੋਵੇਗੀ ਬਲਕਿ ਪੈਸਾ ਵੀ ਬਚੇਗਾ ਕਿਉਂਕਿ ਇਸ ਤੋਂ ਪਹਿਲਾਂ ਲੋਕਾਂ ਨੂੰ 50 ਰੁਪਏ ਤੋਂ ਵੱਧ ਪ੍ਰਤੀ ਸਰਟੀਫਿਕੇਟ ਦੇ ਹਿਸਾਬ ਨਾਲ ਦੇਣੇ ਪੈਂਦੇ ਸਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਹੁਣ ਤੱਕ ਤਕਰੀਬਨ 15 ਲੱਖ ਸਰਟੀਫਿਕੇਟ ਨਾਗਰਿਕਾਂ ਨੂੰ ਮੋਬਾਈਲ ਫੋਨਾਂ ਰਾਹੀਂ ਦਿੱਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ ਹੁਣ ਉਹ ਸਮਾਂ ਲੰਘ ਗਿਆ ਹੈ ਜਦੋਂ ਸਰਟੀਫਿਕੇਟ ਬਣਵਾਉਣ ਲਈ ਵੱਡੀਆਂ-ਵੱਡੀਆਂ ਫਾਈਲਾਂ ਸਰਕਾਰੀ ਦਫਤਰਾਂ ਵਿਚ ਇਕ ਟੇਬਲ ਤੋਂ ਦੂਜੇ ਟੇਬਲ ਤੱਕ ਜਾਂਦੀਆਂ ਸਨ ਅਤੇ ਉਨ੍ਹਾਂ ਦੀ ਕੋਈ ਟਰੈਕਿੰਗ, ਸਟੇਟਸ ਚੈਕਿੰਗ ਅਤੇ ਸਮਾਂ ਸੀਮਾ ਨਹੀਂ ਹੁੰਦੀ ਸੀ। ਈ-ਸੇਵਾ ਪੋਰਟਲ ਨੇ ਅਜਿਹੇ ਸਾਰੇ ਮਸਲਿਆਂ ਨੂੰ ਹੱਲ ਕਰ ਦਿੱਤਾ ਹੈ ਅਤੇ ਫਾਈਲ ਨੂੰ ਇਕ ਤੋਂ ਦੂਜੀ ਥਾਂ ਭੇਜੇ ਬਿਨਾਂ ਬਿਨੈਪੱਤਰਾਂ ਉਤੇ ਕਾਰਵਾਈ ਦੀ ਪ੍ਰਕਿਰਿਆ ਤੇਜ਼ ਹੋ ਗਈ ਹੈ। ਈ-ਸੇਵਾ ਦੇ ਲੰਬਿਤ ਕੇਸਾਂ ਦੀ ਗਿਣਤੀ 0.25 ਫ਼ੀਸਦ ਤੋਂ ਵੀ ਘੱਟ ਹੈ।

# ਮੁੱਖ ਮੰਤਰੀ ਦੀ ਸਖਤੀ ਮਗਰੋਂ ਬੀਜ ਖੋਜ ਕੇਂਦਰ ਮੁੜ ਸ਼ੁਰੂ

**ਫਰੀਦਕੋਟ:** ਮੁੱਖ ਮੰਤਰੀ ਭਗਵੰਤ ਮਾਨ ਦੇ ਸਖਤ ਨਿਰਦੇਸ਼ਾਂ ਮਗਰੋਂ ਜ਼ਿਲ੍ਹੇ ਦੇ ਪਿੰਡ ਬੀੜ ਸਿੱਖਾਂਵਾਲਾ ਵਿਚ ਪਿਛਲੇ ਦੋ ਸਾਲਾਂ ਤੋਂ ਬੰਦ ਪਿਆ ਰਾਜਾ ਹਰਿੰਦਰ ਸਿੰਘ ਬੀਜ ਖੋਜ ਕੇਂਦਰ ਮੁੜ ਸ਼ੁਰੂ ਹੋ ਗਿਆ ਹੈ। ਇਹ ਬੀਜ ਖੋਜ ਕੇਂਦਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਚਲਾਇਆ ਜਾ ਰਿਹਾ ਸੀ, ਪਰ ਫਰੀਦਕੋਟ ਰਿਆਸਤ ਦੀ ਜਾਇਦਾਦ ਸਬੰਧੀ ਚੱਲ ਰਹੇ ਵਿਵਾਦ ਕਾਰਨ ਖੇਤੀਬਾੜੀ ਯੂਨੀਵਰਸਿਟੀ ਨੇ ਵੀਹ ਮਹੀਨੇ ਪਹਿਲਾਂ ਇਸ ਬੀਜ ਖੋਜ ਕੇਂਦਰ ਵਿਚ ਕਾਸ਼ਤ ਤੇ ਖੋਜ ਕਰਨੀ ਬੰਦ ਕਰ ਦਿੱਤੀ ਸੀ।

ਇਸ ਦੇ ਸਿੱਟੇ ਵਜੋਂ 1200 ਏਕੜ ਦੇ ਰਕਬੇ 'ਚ ਫੈਲੇ ਖੋਜ ਕੇਂਦਰ 'ਚ ਝਾੜ-ਬੂਟੇ ਉੱਗ ਆਏ ਹਨ। ਇਹ ਮਾਮਲਾ ਸੁਰਖੀਆਂ ਵਿਚ ਆਉਣ ਤੋਂ ਬਾਅਦ ਮੁੱਖ ਮੰਤਰੀ ਭਗਵੰਤ ਮਾਨ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਆਦੇਸ਼ ਦਿੱਤਾ ਸੀ ਕਿ ਬੀਜ ਖੋਜ ਕੇਂਦਰ ਦਾ ਮੁੱਦਾ ਤੁਰਤ ਹੱਲ ਕੀਤਾ ਜਾਵੇ। ਇਸ ਮਗਰੋਂ ਡਿਪਟੀ ਕਮਿਸ਼ਨਰ ਫਰੀਦਕੋਟ ਨੇ ਰਿਆਸਤ ਦੀ ਸੰਭਾਲ ਕਰ ਰਹੇ ਮਹਰਾਵਲ ਖੇਵਾ ਜੀ ਟਰੱਸਟ ਤੇ ਖੇਤੀਬਾੜੀ ਅਧਿਕਾਰੀਆਂ ਨਾਲ ਉੱਚ ਪੱਧਰੀ ਮੀਟਿੰਗ ਕੀਤੀ, ਜਿਸ ਵਿਚ ਟਰੱਸਟ ਦੇ ਮੁਖੀ ਨੇ ਦੱਸਿਆ ਕਿ ਉਨ੍ਹਾਂ ਨੇ ਖੇਤੀਬਾੜੀ ਯੂਨੀਵਰਸਿਟੀ ਨੂੰ ਖੋਜ ਕੇਂਦਰ ਬੰਦ ਕਰਨ ਲਈ ਨਹੀਂ ਕਿਹਾ, ਸਗੋਂ ਯੂਨੀਵਰਸਿਟੀ ਅਧਿਕਾਰੀਆਂ ਨੇ ਆਪਣੇ ਪੱਧਰ 'ਤੇ ਹੀ ਫਸਲਾਂ ਦੀ ਕਾਸ਼ਤ ਰੋਕ ਦਿੱਤੀ ਸੀ। ਟਰੱਸਟ ਦੇ ਅਧਿਕਾਰੀਆਂ ਨੇ ਕਿਹਾ



ਕਿ ਪਹਿਲਾਂ ਵਾਂਗ ਕਾਸ਼ਤ ਸ਼ੁਰੂ ਹੋਣ 'ਤੇ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਇਸ ਮਗਰੋਂ ਖੇਤੀਬਾੜੀ ਯੂਨੀਵਰਸਿਟੀ ਨੇ 1200 ਏਕੜ ਦੇ ਬੀਜ ਖੋਜ ਕੇਂਦਰ ਵਿਚ ਮੂੰਗੀ, ਕਣਕ, ਝੋਨਾ, ਬਾਸਪਤੀ ਆਦਿ ਫਸਲਾਂ ਦੀ ਕਾਸ਼ਤ ਲਈ ਲੋੜੀਂਦਾ ਸਟਾਫ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਦੋ ਸਾਲਾਂ ਬਾਅਦ ਇੱਥੇ ਇਕ ਦਰਜਨ ਤੋਂ ਵੱਧ ਟਰੈਕਟਰ ਵਾਹੀ 'ਚ ਲੱਗ ਗਏ ਹਨ।

ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਪ੍ਰਧਾਨ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਖੇਤੀਬਾੜੀ ਯੂਨੀਵਰਸਿਟੀ ਦੇ ਅਧਿਕਾਰੀਆਂ ਦੀ ਅਣਗਹਿਲੀ ਕਾਰਨ ਇਹ ਬੀਜ ਖੋਜ ਕੇਂਦਰ ਬੰਦ ਹੋਇਆ ਸੀ, ਜਿਸ ਕਰਕੇ ਖੇਤੀਬਾੜੀ ਯੂਨੀਵਰਸਿਟੀ ਨੂੰ 20 ਕਰੋੜ ਰੁਪਏ ਸਾਲਾਨਾ ਘਾਟਾ ਪਿਆ ਹੈ। ਉਨ੍ਹਾਂ ਮੰਗ ਕੀਤੀ ਕਿ ਇਸ ਮਾਮਲੇ ਦੀ ਪੜਤਾਲ ਕਰਕੇ ਕਸੂਰਵਾਰ ਅਧਿਕਾਰੀਆਂ ਤੋਂ ਨੁਕਸਾਨ ਦੀ ਭਰਪਾਈ ਕਰਵਾਈ ਜਾਵੇ।

# ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਅਤੇ ਸਿਆਸਤ

ਡਾ. ਅਮਨਦੀਪ ਕੌਰ
ਫੋਨ: +91-86995-60020

ਖਤਮ ਹੋ ਚੁੱਕੀਆਂ ਸੱਭਿਆਤਾਵਾਂ ਦੇ ਵਿਨਾਸ਼ ਦੇ ਕਾਰਨਾਂ ਦਾ ਅਧਿਐਨ ਕਰਨ ਤੋਂ ਬਾਅਦ ਮਹਿਸੂਸ ਹੁੰਦਾ ਹੈ ਕਿ ਸਮਕਾਲੀ ਪੰਜਾਬ ਅਜਿਹੇ ਧਰਾਤਲ ਵੱਲ ਧਕੇਲ ਦਿੱਤਾ ਗਿਆ ਹੈ ਜਿੱਥੇ ਬੇਹੱਦ ਚੁਣੌਤੀਆਂ ਗੰਭੀਰ ਹਨ। ਨਵ-ਉਦਾਰਵਾਦ ਦੇ ਦੌਰ ਵਿਚ ਰਾਜਨੀਤਕ ਅਰਥਚਾਰਾ ਹਮੇਸ਼ਾ ਸਮਾਜ ਦੇ ਬੌਧਿਕ, ਨੈਤਿਕ ਅਤੇ ਸਮਾਜਿਕ ਪ੍ਰਬੰਧ ਵਿਚ ਨਵੇਂ ਦ੍ਰਿਸ਼ਟੀਕੋਣ ਮੁਹੱਈਆ ਕਰਦਾ ਰਿਹਾ ਹੈ। 1947 ਦੀ ਵੰਡ, ਹਰੀ ਕ੍ਰਾਂਤੀ ਦੇ ਚੰਗੇ-ਮਾੜੇ ਨਤੀਜੇ, ਖਾੜਕੂਵਾਦ ਦੇ ਦੌਰ ਅਤੇ ਉੱਤਰ ਆਧੁਨਿਕਤਾ ਦੇ ਪ੍ਰਭਾਵਾਂ ਵਿਚੋਂ ਉਪਜੇ ਬਹੁਪੱਖੀ ਸੰਕਟਾਂ ਵਿਚੋਂ ਪੰਜਾਬ ਨੂੰ ਕੱਢਣ ਲਈ ਬੁੱਧੀਜੀਵੀ ਵਰਗ ਅਤੇ ਸਾਧਾਰਨ ਲੋਕਾਂ ਨੂੰ ਇਕਜੁੱਟ ਹੋ ਕੇ ਨਵਾਂ ਸੰਵਾਦ ਰਚਾਉਣ ਦੀ ਲੋੜ ਹੈ। ਪੰਜਾਬ ਸਦਾ ਗ਼ੈਰ-ਜਮਹੂਰੀਅਤ ਅਤੇ ਸਮਾਜਿਕ ਨਾ-ਬਰਾਬਰੀ ਦੀ ਸਥਾਪਨਾ ਦਾ ਵਿਰੋਧੀ ਰਿਹਾ ਹੈ। ਇਸੇ ਲਈ ਪੰਜਾਬੀਆਂ ਨੇ ਕਾਰਜਸ਼ੈਲੀ ਅਤੇ ਵਿਚਾਰਧਾਰਾ ਦਾ ਲੋਕ ਪੱਖੀ ਪ੍ਰਭਾਵ ਸਿਰਜਣ ਵਾਲੀ ਆਮ ਆਦਮੀ ਪਾਰਟੀ ਨੂੰ ਪੰਜਾਬ ਦੀ ਜ਼ਿੰਮੇਵਾਰੀ ਸੌਂਪੀ ਹੈ। ਪੰਜਾਬ ਦੀ ਪੀੜਾ ਸਮਝਣ ਅਤੇ ਉਸ ਨੂੰ ਸੁਲਝਾਉਣ ਦੇ ਯਤਨ ਅਤੇ ਸਾਰਥਕ ਉਪਰਾਲੇ ਮੌਜੂਦਾ ਸਰਕਾਰ ਲਈ ਬਹੁਤ ਵੱਡੀ ਚੁਣੌਤੀ ਹਨ। ਸਿਹਤ, ਸਿੱਖਿਆ, ਪੇਟ, ਪਰਵਾਸ, ਨਸ਼ੇ ਅਤੇ ਗੈਂਗਸਟਰ ਕਲਚਰ ਦੇ ਨਾਲ-ਨਾਲ ਪੰਜਾਬ ਦੀ ਬੁਨਿਆਦ ਨੂੰ ਜੜ੍ਹੋਂ ਹਿਲਾਉਣ ਲਈ ਨਵੇਂ ਬੁਣੇ ਜਾ ਰਹੇ ਬਿਰਤਾਂਤ ਨਾਲ ਜੁੜੇ ਅਹਿਮ, ਗੰਭੀਰ ਅਤੇ ਸੰਵੇਦਨਸ਼ੀਲ ਮਸਲੇ ਪੰਜਾਬੀ ਸਮਾਜ ਲਈ ਚਿਰੰਜੀਵ ਵਿਕਾਸ ਮਾਡਲ ਦੀ ਮੰਗ ਕਰਦੇ ਹਨ।

ਪੰਜਾਬ ਦੀ ਸਰਵਪੱਖੀ ਸਮੀਖਿਆ ਤੋਂ ਇਹ ਤੱਥ ਉੱਭਰ ਕੇ ਸਾਹਮਣੇ ਆਉਂਦੇ ਹਨ ਕਿ ਹੁਣ ਤੱਕ ਦੀ ਸ਼ਾਸਨ ਵਿਵਸਥਾ ਵੱਲੋਂ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦਾ ਸਾਰਥਕ ਹੱਲ ਦੇਣ ਦੀ ਬਜਾਇ ਨਵੀਆਂ ਬੇਲੋੜੀਆਂ ਸਮੱਸਿਆਵਾਂ ਨੂੰ ਹੀ ਧਰਾਤਲ ਮੁਹੱਈਆ ਕੀਤਾ ਗਿਆ ਹੈ, ਜਾਂ ਸਮੱਸਿਆ ਨੂੰ ਨਾਸੂਰ ਬਣਾ ਦੇਣ ਲਈ ਬੇਲੋੜੀ ਦੇਰ ਕੀਤੀ ਗਈ ਹੈ। ਬਾਜ਼ਾਰ ਅਰਥਚਾਰੇ ਦੇ ਪ੍ਰਭਾਵ ਅਧੀਨ ਸਿਰਜੇ ਜਾ ਚੁੱਕੇ 'ਬਾਜ਼ਾਰ ਸਮਾਜ' ਦੇ ਦੋਗਲੇ ਮਾਪਦੰਡਾਂ ਨੇ ਅਸੱਭਿਆ, ਅਧਰਮ ਅਤੇ ਅਗਿਆਨਤਾ ਦਾ ਪਾਸਾਰ ਵਧਾ ਕੇ ਕੌਮ ਨੂੰ ਹਾਸ਼ੀਏ ਵੱਲ ਧੱਕ ਕੇ ਰੂਹਾਨੀ ਉਜਾੜਾ ਹੀ ਪੰਜਾਬ ਦੀ ਝੋਲੀ ਪਾਇਆ ਹੈ। ਵਰਤਮਾਨ ਹਕੂਮਤ ਵੱਲੋਂ ਇਮਾਨਦਾਰੀ ਅਤੇ ਸਟੇਟ ਦੀ ਤਰੱਕੀ ਲਈ ਆਪਣੀ ਵਚਨਬੱਧਤਾ ਦੇ ਨਜ਼ਰੀਏ ਦੇ ਪੱਖ ਤੋਂ ਰੋਜ਼ ਨਵੇਂ ਐਲਾਨ, ਭ੍ਰਿਸ਼ਟਾਚਾਰ ਰਹਿਤ ਸਮਾਜ ਅਤੇ ਅਮਨ ਕਾਨੂੰਨ ਵਿਵਸਥਾ ਦੀ ਬਹਾਲੀ ਦਾ ਪੱਖ ਰੱਖਿਆ ਜਾ ਰਿਹਾ ਹੈ ਪਰ ਪੰਜਾਬ ਦੀਆਂ ਜ਼ਮੀਨੀ ਹਕੀਕਤਾਂ ਕੁਝ ਵੱਖਰੀਆਂ ਹਨ। ਜਦੋਂ ਤੱਕ ਸਰਕਾਰ ਗੰਭੀਰਤਾ ਨਾਲ ਪੰਜਾਬੀ ਸਮਾਜ ਦੀਆਂ ਭਾਵਨਾਵਾਂ ਨਾਲ ਜੁੜੇ ਬੁਨਿਆਦੀ ਅਤੇ ਸੰਵੇਦਨਸ਼ੀਲ ਮਸਲਿਆਂ ਦੇ ਸਦੀਵੀ ਹੱਲ ਕੱਢਣ ਲਈ ਪੰਜਾਬ ਅਨੁਕੂਲ ਵਿਵਸਥਾ ਮਾਡਲ ਨਹੀਂ ਅਪਣਾਉਂਦੀ ਤਾਂ ਬਿਨਾ ਸ਼ੱਕ ਸਮਾਜ ਵਿਚ ਅਸਮਾਜਿਕਤਾ ਫੈਲਣਾ ਸੁਭਾਵਿਕ ਹੈ। ਧਾਰਮਿਕ ਦਾਰਸ਼ਨਿਕਾਂ ਦੇ ਨਾਮ 'ਤੇ ਵਸਦਾ ਪੰਜਾਬ ਇਸ ਕਦਰ ਘਿਨਾਉਣੀ ਸਿਆਸਤ ਦੇ ਚੱਕਰਵਿਊ ਵਿਚ ਫਸ ਰਿਹਾ ਹੈ ਕਿ ਇਸ ਦੀ ਹੋਂਦ ਉੱਪਰ ਲੱਗਿਆ ਪ੍ਰਸ਼ਨ ਚਿੰਨ੍ਹ ਜਿੱਥੇ ਅਨੇਕਾਂ ਉੱਤਰ ਰਹਿਤ ਪ੍ਰਸ਼ਨਾਂ ਵੱਲ ਸੰਕੇਤ ਕਰਦਾ ਹੈ, ਉੱਥੇ ਆਪਣੀ ਪਹਿਲੀ ਪਾਰੀ ਖੇਡ ਰਹੀ ਮੌਜੂਦਾ ਸਰਕਾਰ ਲਈ ਵੀ ਮੁਸ਼ਕਿਲਾਂ ਅਤੇ ਚੁਣੌਤੀਆਂ ਵਧਾ ਰਿਹਾ ਹੈ। ਹਰ ਰੋਜ਼ ਨਵੀਆਂ ਉੱਭਰ ਰਹੀਆਂ ਸਮਾਜਿਕ ਸਮੱਸਿਆਵਾਂ ਨੇ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਬੁਨਿਆਦ ਨੂੰ ਅਜਿਹਾ ਖੋਰਾ ਲਾਇਆ ਹੈ ਕਿ ਇਸ ਦੀ ਆਜ਼ਾਦ ਹਸਤੀ ਡਗਮਗਾਉਣ ਲੱਗ ਪਈ ਹੈ। ਬਸਤੀਵਾਦ ਤੋਂ ਛੁਟਕਾਰੇ ਤੋਂ ਬਾਅਦ 75 ਸਾਲਾਂ ਵਿਚ ਪੰਜਾਬ ਕੇਂਦਰ ਸਰਕਾਰ ਦੀਆਂ ਨੀਤੀਆਂ ਕਾਰਨ ਖਲਾਅ ਵਿਚ ਰਿਹਾ ਹੈ।

ਪੰਜਾਬ ਕੋਈ ਭੂਗੋਲਿਕ ਆਕ੍ਰਿਤੀ ਹੀ ਨਹੀਂ ਹੈ ਸਗੋਂ ਅਜਿਹਾ ਵਿਸ਼ਥਾਰ ਹੈ ਜੋ ਸਮਾਜ ਸਿਰਜਣਾ ਲਈ ਅੰਦੋਲਨਾਂ ਦੀ ਤਵਾਰੀਖ ਉੱਪਰ ਖੜ੍ਹਾ ਹੈ। ਪੰਜਾਬ ਨੇ ਦੁਨੀਆ ਨੂੰ ਸਿਖਾਇਆ ਕਿ ਨਾਇਕਤਵ ਕੀ ਹੁੰਦਾ ਹੈ ਅਤੇ ਇਸ ਨੇ ਸਭ ਤੋਂ ਪਹਿਲਾਂ ਦੁਨੀਆ ਅੱਗੇ ਸਮਾਨਤਾ ਉੱਪਰ ਆਧਾਰਿਤ 'ਬੇਗਮਪੁਰਾ ਸਮਾਜ' ਦਾ ਸੰਕਲਪ ਪੇਸ਼ ਕੀਤਾ। ਇਹ ਵਕਤ ਦੀ ਸਿਤਮਜ਼ਰੀਫੀ ਹੀ ਹੈ ਕਿ ਰਾਜਸੀ ਧੱਕਿਆਂ ਅਤੇ ਕੌਮਾਂਤਰੀ ਭੂ-ਰਾਜਨੀਤੀ ਉੱਪਰ ਰਚੀਆਂ ਜਾ ਰਹੀਆਂ ਘਿਨਾਉਣੀਆਂ ਸਿਆਸੀ ਨੀਤੀਆਂ ਦੁਆਰਾ ਪੈਦਾ ਕੀਤੇ ਜਾ ਰਹੇ ਗ਼ੈਰ-ਇਖਲਾਕੀ ਅਤੇ ਗ਼ੈਰ-ਸੰਜੀਦਾ ਤੱਤਾਂ ਨੇ ਸਾਡੇ ਦਰਪੇਸ਼ ਡੂੰਘਾ ਸਮਾਜਿਕ ਸੰਕਟ ਖੜ੍ਹਾ ਕਰ ਦਿੱਤਾ ਹੈ। ਹਰ ਸਮਾਜ ਵਿਚ ਸਿਰਜਣਾਤਮਕ ਸ਼ਕਤੀ ਨਾਲ ਭਰਪੂਰ ਨੌਜਵਾਨ ਬਹੁਤ ਅਹਿਮ ਰੋਲ ਅਦਾ ਕਰਦਾ ਹੈ ਪਰ ਸਮੇਂ ਅਤੇ ਸਥਿਤੀ ਦੀ ਵਿਡੰਬਨਾ ਹੈ ਕਿ ਪੰਜਾਬੀ ਨੌਜਵਾਨ ਆਪਣੀ ਚੇਤਨਾ ਅਤੇ



ਸਮਰੱਥਾ ਦੇ ਉਲਟ ਨਿਰ-ਆਧਾਰ ਭੀੜਤੰਤਰ ਵੱਲ ਆਕਰਸ਼ਿਤ ਹੋ ਰਹੇ ਹਨ। ਇਹ ਰੁਝਾਨ ਵਿਅਕਤੀਗਤ ਸੋਚ ਅਤੇ ਆਪਸੀ ਸੰਵਾਦ ਰਚਾਉਣ ਦੀ ਸਮਰੱਥਾ ਉੱਪਰ ਕਾਫ਼ੀ ਹੱਦ ਤੱਕ ਰੋਕ ਲਾਉਂਦਾ ਹੈ ਜੋ ਪੰਜਾਬ ਨੂੰ ਅਸਹਿ ਪੀੜ, ਖੰਡਿਤ ਅਸਤਿਤਵ ਅਤੇ ਦੁਸ਼ਵਾਰੀਆਂ ਦੇ ਦੁਖਦ ਅਹਿਸਾਸਾਂ ਦੀ ਦਲਦਲ ਵਿਚ ਗਲਤਾਨ ਕਰ ਰਿਹਾ ਹੈ। ਪੰਜਾਬੀ ਸਮਾਜ ਜਿਸ ਗੰਭੀਰ ਆਰਥਿਕ ਅਤੇ ਸਮਾਜਿਕ ਸੰਕਟ ਵਿਚੋਂ ਗੁਜ਼ਰ ਰਿਹਾ ਹੈ, ਉਸ ਤੋਂ ਉਪਰਾਮ ਨੌਜਵਾਨ ਅਨੈਤਿਕਤਾ, ਨਸ਼ੇ ਅਤੇ ਪਲਾਇਨਵਾਦ ਦੀ ਬਿਰਤੀ ਵਿਚ ਗ੍ਰਸੇ ਜਾ ਰਹੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸਾਨੀ ਸੰਘਰਸ਼ ਨੇ ਪੰਜਾਬ ਦੇ ਨੌਜਵਾਨਾਂ ਦੀ ਸ਼ਕਤੀ ਨੂੰ ਦਿਸ਼ਾ ਦੇ ਕੇ ਉਨ੍ਹਾਂ ਨੂੰ ਹੱਕਾਂ ਪ੍ਰਤੀ ਜਾਗਰੂਕ ਕੀਤਾ ਪਰ ਕਿਸਾਨੀ ਜਥੇਬੰਦੀਆਂ ਦੀ ਧੜੇਬੰਦੀ ਤੋਂ ਬਾਅਦ ਪੰਜਾਬ ਦਾ ਹਰਿਆਲਾ ਦਸਤਾ ਫਿਰ ਖਲਾਅ ਵਿਚ ਹੈ। ਇਸ ਨੂੰ ਗੁਮਰਾਹ ਹੋਣ ਤੋਂ ਬਚਾਉਣ ਲਈ ਇਸ ਸਮੇਂ ਯੋਗ ਅਗਵਾਈ, ਦਿਸ਼ਾ ਅਤੇ ਵਿਚਾਰਧਾਰਾ ਦੀ ਲੋੜ ਹੈ। ਦੁਬਿਧਾ ਦੇ ਹਨੇਰੇ ਵਿਚ ਉਲਝੀ ਜਵਾਨੀ ਨੂੰ ਉਨ੍ਹਾਂ ਦੇ ਦਿਮਾਗ ਵਿਚ ਫੈਲੀ ਨਕਾਰਾਤਮਕ ਸੋਚ, ਅਸ਼ਾਂਤੀ ਅਤੇ ਦਿਸ਼ਾਹੀਣਤਾ ਵਿਚੋਂ ਕੱਢਣ ਲਈ ਲਾਜ਼ਮੀ ਹੈ ਕਿ ਮੌਜੂਦਾ ਸਰਕਾਰ ਉਨ੍ਹਾਂ ਨੂੰ ਵਿਸ਼ਵਾਸ ਦੀ ਕਿਰਨ ਦਿਖਾਏ ਜਿਸ ਨਾਲ ਨੌਜਵਾਨਾਂ ਨੂੰ ਮਾਨਸਿਕ ਸਪੇਸ ਮਿਲਣ ਦੇ ਨਾਲ-ਨਾਲ ਪੰਜਾਬ ਦੀਆਂ ਵੀ ਕਈ ਸਮੱਸਿਆਵਾਂ ਆਪਣੇ ਆਪ ਹੱਲ ਹੋ ਜਾਣਗੀਆਂ।

ਕੌਮੀ ਪੱਧਰ ਉੱਪਰ ਦੱਖਣ ਪੰਥੀ ਰਾਜਨੀਤੀ ਦੁਆਰਾ ਸਿਰਜੇ ਧਰਮ ਅਤੇ ਰਾਸ਼ਟਰੀਅਤਾ ਆਧਾਰਿਤ ਸਿਆਸਤ ਦੇ ਨਮੂਨੇ ਨੇ ਪੰਜਾਬੀਆਂ ਵਿਚ ਭਰਮ ਅਤੇ ਖਲਾਅ ਦੀ ਸਥਿਤੀ ਪੈਦਾ ਕਰ ਦਿੱਤੀ ਹੈ। ਦੂਜੇ ਹੱਥ ਕੌਮੀ ਖੱਬੇ ਪੱਖੀ ਸੋਚ ਪਹਿਲਾਂ ਹੀ ਆਪਣਾ ਵਿਸ਼ਵਾਸ ਗੁਆ ਬੈਠੀ ਹੈ। ਇਨ੍ਹਾਂ ਦੋਹਾਂ ਵਿਚਾਰਧਾਰਾਵਾਂ ਦੇ ਨਿਹਿਤ ਸਵਾਰਥਾਂ ਵੱਲੋਂ ਪੰਜਾਬ ਨੂੰ ਮਹਿਜ਼ ਪ੍ਰਯੋਗਸ਼ਾਲਾ ਸਮਝਣ ਦੀ ਭੁੱਲ ਅਕਸਰ ਕੀਤੀ ਜਾਂਦੀ ਹੈ। ਹਕੀਕਤ ਇਹ ਹੈ ਕਿ ਪੰਜਾਬ ਦੀ ਪ੍ਰਗਤੀ ਦਿਖਾਉਣ ਵਾਲੇ ਮਾਪਦੰਡ ਲਗਾਤਾਰ ਹੇਠਾਂ ਡਿੱਗ ਰਹੇ ਹਨ। ਆਮ ਲੋਕ ਸਹੀ ਅਤੇ ਗਲਤ ਵਿਚ ਫਰਕ ਸਪਾਂਸਰ ਖ਼ਬਰਾਂ ਅਤੇ ਵ੍ਹੱਟਸਐਪ ਸਿਰਜਤ ਹਾਈਬ੍ਰਿਡ ਗਿਆਨ ਉੱਪਰ ਕਰਨ ਲਈ ਮਜਬੂਰ ਹਨ ਜੋ ਨਿਰਪੱਖ ਹਸਤੀ ਲਈ ਨੁਕਸਾਨਦਾਇਕ ਹੈ। ਸਮਕਾਲ ਵਿਚ ਪੰਜਾਬ ਭਾਵੇਂ ਧਾਰਮਿਕ ਸਹਿਣਸ਼ੀਲਤਾ ਦੇ ਸੰਕਟ ਨਾਲ ਜੂਝਦਾ ਜਾਪਦਾ ਹੈ ਪਰ ਅਸਲੀਅਤ ਵਿਚ ਇਹ ਪੰਜਾਬ ਦੀ ਬੁਨਿਆਦ ਹਿਲਾਉਣ ਲਈ ਡੂੰਘੀ ਸਿਆਸੀ ਖੇਡ ਜਾਪਦੀ ਹੈ। ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਮੋਹਰਾ ਬਣਾ ਕੇ ਖੇਡੀ ਜਾ ਰਹੀ ਰਾਜਨੀਤੀ ਡੂੰਘੇ ਸੰਕਟਾਂ ਦਾ ਸੰਕੇਤ ਦਿੰਦੀ ਹੈ। ਪੰਜਾਬ ਵਿਚੋਂ ਇਕ ਹੋਰ ਪੰਜਾਬ ਕੱਢਣ ਦੀ ਹਾਮੀ ਭਰਨ ਵਾਲਾ ਵਿਦੇਸ਼ੀ ਤਬਕਾ ਸ਼ਾਇਦ ਸੰਤਾਲੀ ਅਤੇ ਚੁਰਾਸੀ ਨੂੰ ਭੁੱਲ ਬੈਠਾ ਹੈ। ਚੁਰਾਸੀ ਦੇ ਉੱਜੜਿਆਂ ਨੂੰ ਤਾਂ ਹਕੂਮਤਾਂ ਅਜੇ ਤੱਕ ਵਸਾ ਨਹੀਂ ਸਕੀਆਂ। ਪੰਜਾਬ ਨੂੰ ਨੇਸਤੋ-ਨਾਬੂਦ ਕਰ ਕੇ ਨਵੇਂ ਪ੍ਰਬੰਧ ਦੀ ਸਥਾਪਤੀ ਦਾ ਦੂਸ਼ਿਤ ਪ੍ਰਸੰਗ ਸਿਰਜ ਕੇ ਲੋਕਾਂ ਨੂੰ ਖਲਾਅ ਵੱਲ ਧੱਕ ਕੇ ਮਨੁੱਖਤਾ ਵਿਰੋਧੀ ਕੁਝ ਅਨਸਰ ਦੇਸ਼ ਅਤੇ ਵਿਦੇਸ਼ਾਂ ਵਿਚ ਅਨੈਤਿਕਤਾ ਫੈਲਾ ਕੇ ਪੰਜਾਬੀਆਂ ਦੀ ਗਲਤ ਤਸਵੀਰ ਪੇਸ਼ ਕਰ ਕੇ ਅਦਬੀ ਤਵਾਰੀਖ ਨੂੰ ਲੀਰੋ-ਲੀਰ ਕਰ ਰਹੇ ਹਨ। ਦੰਭ ਅਤੇ ਪਾਖੰਡ ਦਾ ਗ਼ਲਤ ਰੁਝਾਨ ਪੈਦਾ ਕਰਨ ਵਾਲੇ ਅਜਿਹੇ ਚਰਿੱਤਰ ਸਮਾਜ ਅਤੇ ਸਟੇਟ ਲਈ ਘਾਤਕ ਹਨ।

ਆਧੁਨਿਕ ਲੀਹਾਂ 'ਤੇ ਸਮੁੱਚੀ ਮਾਨਵਤਾ ਦੀ ਰਹਿਨੁਮਾਈ ਕਰਦੇ ਸਿੱਖ ਧਰਮ ਨੇ ਸਾਂਝੀਵਾਲਤਾ ਉੱਪਰ ਆਧਾਰਿਤ ਵਿਹਾਰਕ ਜੀਵਨ ਫਲਸਫੇ ਦਾ ਸਿਧਾਂਤ ਦਿੱਤਾ। ਸਾਡੇ ਗੁਰੂਆਂ ਨੇ ਦਸ ਮਨੁੱਖੀ ਜਾਮਿਆਂ ਵਿਚ ਪੰਜਾਬ ਦੇ ਸੱਭਿਆਚਾਰ ਨੂੰ ਹਰ ਪੱਖ ਤੋਂ ਸੰਵਾਰਦੇ, ਤਰਾਸ਼ਦੇ, ਘੜਦੇ ਹੋਏ ਸੰਪੂਰਨ ਅਤੇ ਸੰਤੁਲਿਤ ਜੀਵਨ-ਜਾਚ ਦਿੱਤੀ। ਅੱਜ ਸਾਨੂੰ ਇਹ ਵਿਚਾਰਨ ਦੀ ਲੋੜ ਹੈ ਕਿ ਸਮਾਜ ਵਿਚਲੇ ਲੋਕਾਂ ਅੰਦਰ ਸਕਾਰਾਤਮਕ ਤੱਤਾਂ ਦੀ ਬਜਾਇ ਨਕਾਰਾਤਮਕ ਤੱਤ ਪ੍ਰਬਲ ਨਾ ਹੋ ਜਾਣ। ਸਾਰੀਆਂ ਰਾਜਨੀਤਕ ਪਾਰਟੀਆਂ ਨੂੰ ਗੂੜ੍ਹੀ ਨੀਂਦ ਤੋਂ ਜਾਗ ਕੇ ਇਹ ਮੰਥਨ ਕਰਨ ਦੀ ਲੋੜ ਹੈ ਕਿ ਪੰਜਾਬ ਸੰਤਾਪ ਵੱਲ ਨਾ ਜਾਵੇ। ਜੇ ਰਾਜਨੀਤਕ ਪਾਰਟੀਆਂ ਲੋਕ ਹਿਤੈਸ਼ੀ ਹਨ ਅਤੇ ਪੰਜਾਬ ਦਾ ਦਰਦ ਸਮਝਦੀਆਂ ਹਨ ਤਾਂ ਉਹ ਪਾਰਟੀਆਂ ਤੋਂ ਉੱਪਰ ਉੱਠ ਕੇ ਪੰਜਾਬ ਨੂੰ ਇਸ ਡੂੰਘੇ ਸੰਕਟ ਅਤੇ ਬਹੁਪੱਖੀ ਕੰਗਾਲੀ ਵਿਚੋਂ ਕੱਢਣ ਲਈ ਲਈ ਨਿੱਜੀ ਮੁਫਾਦਾਂ ਨੂੰ ਲਾਂਭੇ ਕਰ ਕੇ ਸੰਜੀਦਗੀ ਨਾਲ ਹੰਭਲਾ ਮਾਰਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜਿਹੀ ਲੀਡਰਸ਼ਿਪ ਰਾਜ ਅਤੇ ਲੋਕਾਂ ਦੇ ਦਿਲਾਂ 'ਤੇ ਰਾਜ ਕਰੇਗੀ।

ਪੰਜਾਬ ਦਾ ਕੋਈ ਆਗੂ ਕਲਮ ਅਤੇ ਬੌਧਿਕਤਾ ਦੀ ਤਾਕਤ ਨਾਲ ਵਿਸ਼ਵ ਵਿਚ ਸਥਾਪਿਤ ਹੋਣ ਦੀ ਭਾਲ ਕਿਉਂ ਨਹੀਂ ਕਰਦਾ। ਉੱਤਰ ਸਪੱਸ਼ਟ ਹੈ ਕਿ ਪੰਜਾਬ ਵਿਚ ਕਿਤਾਬ, ਕਲਾ ਅਤੇ ਹੁਨਰ ਦੀ ਕਦਰ ਘਟ ਗਈ ਹੈ। ਪੰਜਾਬ ਦੀਆਂ ਸਮੱਸਿਆਵਾਂ ਦੇ ਸਥਾਈ ਹੱਲ ਕੱਢਣ ਲਈ ਸਰਕਾਰ ਅਤੇ ਬੁੱਧੀਜੀਵੀ ਵਰਗ ਨੂੰ ਪੰਜਾਬ ਦੇ ਧਰਾਤਲ ਨਾਲ ਜੁੜਨਾ ਪਵੇਗਾ ਅਤੇ ਪੰਜਾਬ ਦੀਆਂ ਨਵੀਆਂ ਚੁਣੌਤੀਆਂ ਨੂੰ ਸਮਝਣਾ ਪਵੇਗਾ। ਰਾਜ ਸਰਕਾਰ ਨੂੰ ਆਪਣੇ ਇਖਲਾਕੀ ਫਰਜ਼ਾਂ ਨੂੰ ਪਛਾਣਦੇ ਹੋਏ ਮੌਲਿਕ, ਸੁਤੰਤਰ ਅਤੇ ਵਿਲੱਖਣ ਨੁਹਾਰ ਵਾਲੇ ਪੰਜਾਬ ਦੇ ਧਰਾਤਲ ਦੇ ਅਨੁਕੂਲ ਵਿਕਾਸ ਮਾਡਲ ਸਿਰਜਣ ਦੀ ਲੋੜ ਹੈ।

# ਕਰਨਾਟਕ ਚੋਣਾਂ ਭਾਜਪਾ ਤੇ ਕਾਂਗਰਸ ਲਈ ਵੱਕਾਰ ਦਾ ਸਵਾਲ

ਅਭੈ ਕੁਮਾਰ ਦੂਬੇ

ਕਰਨਾਟਕ ਦੀਆਂ ਚੋਣ ਸਰਗਰਮੀਆਂ ਦੇਖ ਕੇ ਕੁਝ ਸਮਾਂ ਪਹਿਲਾਂ ਹੋਈਆਂ ਹਿਮਾਚਲ ਪ੍ਰਦੇਸ਼ ਦੀਆਂ ਚੋਣਾਂ ਦੀ ਯਾਦ ਆ ਜਾਂਦੀ ਹੈ। ਕਹਿਣ ਦੀ ਲੋੜ ਨਹੀਂ ਹੈ ਕਿ ਇਨ੍ਹਾਂ ਦੋਵਾਂ ਸੂਬਿਆਂ 'ਚ ਇਕੋ ਜਿਹਾ ਕੁਝ ਵੀ ਨਹੀਂ। ਇਕ ਸੂਬਾ ਉੱਤਰ ਭਾਰਤ ਦਾ ਛੋਟਾ ਅਤੇ ਠੰਢਾ ਹਿਮਾਲਿਆ ਇਲਾਕਾ ਹੈ ਜਿਸ ਦਾ ਆਰਥਿਕ ਆਧਾਰ ਸੇਬ ਦੀ ਖੇਤੀ ਅਤੇ ਸੈਰ-ਸਪਾਟਾ ਹੈ। ਦੂਜਾ ਦੱਖਣ ਭਾਰਤ ਦਾ ਗਰਮ ਅਤੇ ਕਾਫ਼ੀ ਵੱਡਾ ਮੈਦਾਨੀ ਖੇਤਰ ਹੈ ਜੋ ਆਪਣੀ ਅਮੀਰੀ ਅਤੇ ਬੰਗਲੁਰੂ ਸਥਿਤ ਸੂਚਨਾ ਤਕਨੀਕੀ ਕੰਪਨੀਆਂ ਦੇ ਕੇਂਦਰ ਦੇ ਤੌਰ 'ਤੇ ਜਾਣਿਆ ਜਾਂਦਾ ਹੈ ਪਰ ਚੋਣਾਂ ਦੇ ਮੱਦੇਨਜ਼ਰ ਦੋਵਾਂ ਵਿਚਾਲੇ ਕਈ ਸਮਾਨਤਾਵਾਂ ਹਨ।

ਜਿਸ ਤਰ੍ਹਾਂ ਹਿਮਾਚਲ ਪ੍ਰਦੇਸ਼ 'ਚ ਭਾਜਪਾ ਦੀ ਸੂਬਾ ਸਰਕਾਰ ਖ਼ਿਲਾਫ਼ ਜ਼ਬਰਦਸਤ ਸੱਤਾ ਵਿਰੋਧੀ ਲਹਿਰ ਸੀ, ਉਸੇ ਤਰ੍ਹਾਂ ਕਰਨਾਟਕ 'ਚ ਵੀ ਹੈ। ਜਿਸ ਤਰ੍ਹਾਂ ਭਾਜਪਾ ਦੇ ਮੁੱਖ ਮੰਤਰੀ ਨਾਲ ਹਿਮਾਚਲ ਦੀ ਜਨਤਾ ਨਾਰਾਜ਼ ਸੀ, ਉਸੇ ਤਰ੍ਹਾਂ ਕਰਨਾਟਕ 'ਚ ਵੀ ਮੌਜੂਦਾ ਮੁੱਖ ਮੰਤਰੀ ਲੋਕਾਂ ਦਰਮਿਆਨ ਇੰਨੇ ਹਰਮਨ ਪਿਆਰੇ ਨਹੀਂ। ਜਿਸ ਤਰ੍ਹਾਂ ਹਿਮਾਚਲ 'ਚ ਭਾਜਪਾ ਅੰਦਰ ਜ਼ਬਰਦਸਤ ਗੁੱਟਬਾਜ਼ੀ ਤੇ ਲੜਾਈ ਸੀ, ਉਸੇ ਤਰ੍ਹਾਂ ਕਰਨਾਟਕ 'ਚ ਵੀ ਹੈ, ਲੱਗਦਾ ਹੈ ਕਿ ਉਸ ਤੋਂ ਵੀ ਕੁਝ ਜ਼ਿਆਦਾ ਹੈ। ਇਕ ਗੱਲ ਅਜਿਹੀ ਵੀ ਹੈ ਜੋ ਹਿਮਾਚਲ ਦੇ ਮੁਕਾਬਲੇ ਵੱਖਰੀ ਹੈ ਪਰ ਇਸ ਵੱਖਰੇਪਣ ਦਾ ਪੈਟਰਨ ਉਸੇ ਕਿਸਮ ਦਾ ਹੈ, ਭਾਵ, ਭਾਜਪਾ ਦੀਆਂ ਮੁਸ਼ਕਿਲਾਂ ਨੂੰ ਵਧਾਉਣ ਵਾਲਾ।

ਹਿਮਾਚਲ 'ਚ ਕਾਂਗਰਸ ਕੋਲ ਮੁੱਖ ਮੰਤਰੀ ਦੇ ਅਹੁਦੇ ਲਈ ਇਕ, ਸਭ ਨੂੰ ਪ੍ਰਵਾਨ ਚਿਹਰਾ ਨਹੀਂ ਸੀ ਪਰ ਕਰਨਾਟਕ 'ਚ ਉਸ ਕੋਲ ਸਾਬਕਾ ਮੁੱਖ ਮੰਤਰੀ ਸਿਧਾਰਮਈਆ ਹਨ ਜੋ ਪੱਛੜੀਆਂ ਜਾਤੀਆਂ, ਘੱਟ ਗਿਣਤੀਆਂ ਅਤੇ ਦਲਿਤਾਂ ਵਿਚਾਲੇ ਹੀ ਨਹੀਂ, ਪੂਰੇ ਕਰਨਾਟਕ 'ਚ ਮੁੱਖ ਮੰਤਰੀ ਦੇ ਤੌਰ 'ਤੇ ਸਭ ਤੋਂ ਵੱਡੀ ਪਸੰਦ ਹਨ। ਕਰਨਾਟਕ 'ਚ ਕਾਂਗਰਸ ਅੰਦਰ ਵੀ ਗੁੱਟਬਾਜ਼ੀ ਹੈ ਪਰ ਇਸ ਚੋਣ 'ਚ ਉਹ ਕੁਝ ਸ਼ਾਂਤ ਹੈ। ਇਹ ਵੀ ਹਿਮਾਚਲ ਵਰਗੀ ਸਥਿਤੀ ਹੈ। ਉੱਥੇ ਵੀ ਕਾਂਗਰਸ ਅੰਦਰਲੀ ਗੁੱਟਬਾਜ਼ੀ ਇਸ ਲਈ ਧੀਮੀ ਸੀ ਕਿ ਸਾਰਿਆਂ ਨੂੰ ਲੱਗ ਰਿਹਾ ਸੀ ਕਿ ਉਹ ਚੋਣ ਜਿੱਤ ਸਕਦੀ ਹੈ, ਇਸ ਲਈ ਪਹਿਲਾਂ ਹੀ ਕਿਉਂ ਆਪਸ 'ਚ ਲੜੀਏ। ਕਰਨਾਟਕ 'ਚ ਡੀ.ਕੇ. ਸ਼ਿਵ ਕੁਮਾਰ ਅਤੇ ਸਿਧਾਰਮਈਆ ਦੀ ਆਪਸੀ ਨਾਪਸੰਦਗੀ ਕਿਸੇ ਤੋਂ ਛੁਪੀ ਨਹੀਂ; ਫ਼ਿਲਹਾਲ ਦੋਵਾਂ ਦੇ ਇਨ੍ਹਾਂ ਸੰਬੰਧਾਂ ਨਾਲ ਪਾਰਟੀ ਨੂੰ ਕੋਈ ਨੁਕਸਾਨ ਨਹੀਂ ਹੋ ਰਿਹਾ।

2018 ਦੀਆਂ ਵਿਧਾਨ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਨ ਤੋਂ ਬਾਅਦ ਦੇਵਗੌੜਾ ਦਾ ਜਨਤਾ ਦਲ (ਸੈਕੂਲਰ) ਸਾਲ ਭਰ ਬਾਅਦ ਹੋਈਆਂ ਲੋਕ ਸਭਾ ਚੋਣਾਂ 'ਚ ਬੁਰੀ ਗਤੀ ਨੂੰ ਪ੍ਰਾਪਤ ਹੋਇਆ ਸੀ। ਉਸ ਦੇ ਸੁਭਾਵਿਕ ਤੌਰ 'ਤੇ ਕਾਂਗਰਸ ਵਿਰੋਧੀ ਵੋਟ ਭਾਜਪਾ ਵਿਚ ਚਲੇ ਗਏ ਸਨ ਜਿਸ ਕਾਰਨ ਨਰਿੰਦਰ ਮੋਦੀ ਨੂੰ ਮਿਲਣ ਵਾਲੇ ਸਮਰਥਨ 'ਚ ਵਿਧਾਨ ਸਭਾ ਦੇ ਮੁਕਾਬਲੇ ਜ਼ਬਰਦਸਤ ਉਛਾਲ ਆਇਆ ਸੀ। ਇਸ ਵਾਰ ਭਾਜਪਾ ਦਾ ਦਾਅ ਇਹ ਹੈ ਕਿ ਦੇਵਗੌੜਾ ਦੀਆਂ ਇਹ ਵੋਟਾਂ ਵਿਧਾਨ ਸਭਾ 'ਚ ਫਿਰ ਤੋਂ ਉਨ੍ਹਾਂ ਦੇ ਕੋਲ ਪਰਤ ਕੇ ਨਾ ਜਾਣ। ਕਰਨਾਟਕ ਦੀ ਰਾਜਨੀਤੀ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਪੁਰਾਣੇ ਮੈਸੂਰ ਇਲਾਕੇ 'ਚ ਭਾਜਪਾ ਕੋਲ ਸਮਰਥਨ ਆਧਾਰ ਨਹੀਂ ਹੈ। ਉੱਥੇ ਜ਼ਿਆਦਾਤਰ ਮੁਕਾਬਲੇ ਕਾਂਗਰਸ ਅਤੇ ਦੇਵਗੌੜਾ ਦੀ ਪਾਰਟੀ ਵਿਚਾਲੇ ਹੁੰਦੇ। ਇਸ ਵਾਰ ਭਾਜਪਾ ਨੇ ਵੋਕਲਿਗਾ ਵੋਟਰਾਂ ਜੋ ਦੇਵਗੌੜਾ ਨੂੰ ਆਪਣਾ ਨੇਤਾ ਮੰਨਦੇ ਹਨ, ਨੂੰ ਆਪਣੇ ਨਾਲ ਬਣਾਈ ਰੱਖਣ ਲਈ ਰਾਖਵੇਂਕਰਨ ਦਾ ਲਾਲਚ ਦਿੱਤਾ ਗਿਆ ਹੈ। ਪਸਮਾਂਦਾ ਮੁਸਲਮਾਨਾਂ ਦਾ ਰਾਖਵਾਂਕਰਨ ਖੋਹ ਕੇ ਉਸ ਨੂੰ ਲਿੰਗਾਇਤਾਂ ਅਤੇ ਵੋਕਲਿਗਾਵਾਂ 'ਚ ਵੰਡ ਦਿੱਤਾ ਗਿਆ ਹੈ। ਭਾਜਪਾ ਚਾਹੁੰਦੀ ਹੈ ਕਿ ਇਸ ਵਾਰ ਵੋਕਲਿਗਾਵਾਂ ਦੀ ਹਮਦਰਦੀ ਉਸ ਨੂੰ ਹੀ ਮਿਲੇ। ਜੇ ਅਜਿਹਾ ਹੋਇਆ ਤਾਂ ਕਰਨਾਟਕ ਦੀ ਖੇਤਰੀ ਰਾਜਨੀਤੀ 'ਚ ਦੇਵਗੌੜਾ ਦਾ ਬਹੁਤ ਵੱਡਾ ਪ੍ਰਭਾਵ ਨਹੀਂ ਰਹੇਗਾ। 'ਕਿੰਗਮੇਕਰ' ਬਣਨ ਦੀ ਤਾਂ ਦੂਰ ਰਹੀ, ਉਹ ਸੂਬੇ 'ਚ ਮਜ਼ਬੂਤ ਦਾਅਵੇਦਾਰ ਵੀ ਨਹੀਂ ਰਹਿ ਸਕਣਗੇ। ਉਹ ਇਸ ਖ਼ਤਰੇ ਨੂੰ ਜਾਣਦੇ ਹਨ, ਇਸ ਲਈ ਕਾਂਗਰਸ ਜਾਂ ਭਾਜਪਾ ਨਾਲ ਕਿਸੇ ਵੀ ਤਰ੍ਹਾਂ ਦੇ ਮੇਲਜੋਲ ਦੀ ਕੋਸ਼ਿਸ਼ ਕਰਨ ਦੀ ਬਜਾਇ ਇਕਾਗਰ ਹੋ ਕੇ ਉਹ ਆਪਣੀ ਪਾਰਟੀ ਨੂੰ ਚੋਣ ਲੜਾ ਰਹੇ ਹਨ। ਉਨ੍ਹਾਂ ਦੇ ਸਾਹਮਣੇ ਹੋਂਦ ਦਾ ਸੰਕਟ ਹੈ। ਭਾਜਪਾ ਦਾ ਵਿਚਾਰ ਹੈ ਕਿ ਜੇ ਦੇਵਗੌੜਾ ਦਾ ਗਰਾਫ ਡਿਗਿਆ ਤਾਂ ਉਹ ਚੋਣਾਂ ਹਾਰਨ ਦੇ ਬਾਵਜੂਦ ਬੁਰੀ ਤਰ੍ਹਾਂ ਨਾਲ ਨਹੀਂ ਹਾਰੇਗੀ। ਦੂਜਾ ਉਸ ਨੂੰ 2024 ਦੀਆਂ ਲੋਕ ਸਭਾ ਚੋਣਾਂ 'ਚ ਪਹਿਲਾਂ ਵਰਗੇ ਪ੍ਰਦਰਸ਼ਨ ਦੀ ਗਾਰੰਟੀ ਵੀ ਮਿਲ ਜਾਵੇਗੀ।

ਕਾਂਗਰਸ ਦੀ ਚੁਣਾਵੀ ਰਣਨੀਤੀ 'ਅਹਿੰਦਾ' ਦੀ ਹੈ। ਇਹ ਸ਼ਬਦ ਮਰਹੂਮ ਦੇਵਰਾਜ ਉਰਸ ਦਾ ਈਜਾਦ ਕੀਤਾ ਹੋਇਆ ਹੈ। ਕੰਨੜ ਭਾਸ਼ਾ ਦੇ ਇਸ ਸ਼ਬਦ ਦਾ ਮਤਲਬ ਹੈ- ਪੱਛੜੀ ਜਾਤੀਆਂ, ਮੁਸਲਮਾਨਾਂ ਅਤੇ ਦਲਿਤਾਂ ਦਾ ਗੱਠਜੋੜ। ਸਿਧਾਰਮਈਆ ਨੇ ਪਿਛਲੀਆਂ ਚੋਣਾਂ ਵਿਚ ਵੀ 'ਅਹਿੰਦਾ' ਚਲਾਉਣ ਦੀ ਕੋਸ਼ਿਸ਼ ਕੀਤੀ ਸੀ ਪਰ ਨਾਕਾਮ ਰਹੇ ਸਨ। ਕਾਂਗਰਸ ਨੇ 46 ਲਿੰਗਾਇਤਾਂ (ਭਾਜਪਾ-68) ਅਤੇ 41 ਵੋਕਲਿਗਾਵਾਂ (ਭਾਜਪਾ-42) ਨੂੰ ਟਿਕਟਾਂ ਦਿੱਤੀਆਂ ਹਨ। ਇਸ ਤੋਂ ਇਲਾਵਾ ਸਿਧਾਰਮਈਆ ਦੇ ਕੁਰਬਾ ਭਾਈਚਾਰੇ (ਗਡਰੀਆ) ਨੂੰ ਵੀਹ ਟਿਕਟਾਂ (ਪੱਛੜਿਆਂ ਨੂੰ ਕੁਲ ਮਿਲਾ ਕੇ 57) ਮਿਲੀਆਂ ਹਨ। ਕਾਂਗਰਸ ਨੇ ਦਲਿਤਾਂ ਨੂੰ 17 ਅਤੇ ਮੁਸਲਮਾਨਾਂ ਨੂੰ 15 ਟਿਕਟਾਂ ਦਿੱਤੀਆਂ ਹਨ। ਕਾਂਗਰਸ ਦਾ ਸਮਰਥਨ ਆਧਾਰ ਭਾਜਪਾ ਦੇ ਮੁਕਾਬਲੇ ਹਮੇਸ਼ਾ ਤੋਂ ਵੱਡਾ ਅਤੇ ਵਿਆਪਕ ਰਿਹਾ ਹੈ। ਸਾਰੇ ਸੂਬੇ ਅਤੇ ਸਾਰੇ ਭਾਈਚਾਰਿਆਂ 'ਚ ਫੈਲਿਆ ਹੋਇਆ ਹੈ। ਇਕ ਜ਼ਮਾਨੇ 'ਚ ਕਾਂਗਰਸ ਲਿੰਗਾਇਤਾਂ ਦੀ ਵੀ ਪਹਿਲੀ ਪਸੰਦ ਹੁੰਦੀ ਸੀ ਪਰ ਜਦੋਂ ਤੋਂ ਲਿੰਗਾਇਤ ਨੇਤਾ ਅਤੇ ਮੁੱਖ ਮੰਤਰੀ ਵਰਿੰਦਰ ਪਾਟਿਲ ਦਾ ਰਾਜੀਵ ਗਾਂਧੀ ਵਲੋਂ ਅਪਮਾਨ ਕਰਨ ਦੀ ਘਟਨਾ ਵਾਪਰੀ, ਉਦੋਂ ਤੋਂ ਲਿੰਗਾਇਤ ਭਾਜਪਾ ਵੱਲ ਝੁਕਦੇ ਚਲੇ ਗਏ। ਭਾਜਪਾ ਦੀ ਦਿੱਕਤ ਇਹ ਹੈ ਕਿ ਉਹ ਲਿੰਗਾਇਤਾਂ ਦੇ ਦਾਇਰੇ ਨੂੰ ਤੋੜ ਕੇ ਬਾਹਰ ਨਹੀਂ ਨਿਕਲ ਸਕੀ। ਕਰਨਾਟਕ ਉਸ ਦੇ ਲਈ ਦੱਖਣ ਭਾਰਤ ਦਾ ਦਰਵਾਜ਼ਾ ਜ਼ਰੂਰ ਰਿਹਾ ਹੈ ਪਰ ਲਿੰਗਾਇਤਾਂ 'ਚ ਸੀਮਤ ਹੋਣ ਦੇ ਕਾਰਨ ਉਸ ਨੂੰ ਅੱਜ ਤੱਕ ਕਿਸੇ ਵੀ ਚੋਣ 'ਚ ਸੁਤੰਤਰ ਤੌਰ 'ਤੇ ਬਹੁਮਤ ਨਹੀਂ ਮਿਲ ਸਕਿਆ।

ਕਾਂਗਰਸ ਫ਼ਾਇਦੇ ਦੀ ਹਾਲਤ 'ਚ ਹੈ, ਇਹ ਸਮਝਣ ਲਈ ਰਾਜਨੀਤੀ ਦਾ ਮਾਹਿਰ ਹੋਣ ਦੀ ਜ਼ਰੂਰਤ ਨਹੀਂ। ਭਾਜਪਾ ਦੇ ਅਸੰਤੁਸ਼ਟ ਨੇਤਾ ਵੀ ਇਹ ਸਮਝਦੇ ਹਨ। ਇਸ ਲਈ ਉਹ ਵੱਡੇ ਪੱਧਰ 'ਤੇ ਕਾਂਗਰਸ 'ਚ ਆ ਰਹੇ ਹਨ। ਸਾਰੇ ਦੇਸ਼ 'ਚ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਬਹਿਸ ਚੱਲ ਰਹੀ ਹੈ। ਮੋਦੀ ਵਿਰੋਧੀ ਧਿਰ 'ਤੇ ਅਤੇ ਵਿਰੋਧੀ ਧਿਰਾਂ ਮੋਦੀ 'ਤੇ ਭ੍ਰਿਸ਼ਟਾਚਾਰ ਦਾ ਦੋਸ਼ ਲਗਾ ਰਹੀਆਂ ਹਨ। ਵੋਟਰ ਇਸ ਬਹਿਸ ਨੂੰ ਦਿਲਚਸਪੀ ਨਾਲ ਦੇਖ-ਸੁਣ ਰਹੇ ਹਨ। ਮੱਧਵਰਤੀ ਵੋਟਰ ਇਸ ਬਹਿਸ ਤੋਂ ਪ੍ਰਭਾਵਿਤ ਹੋ ਸਕਦਾ ਹੈ ਕਿਉਂਕਿ ਉਸ ਦੀ ਵੋਟ ਪਾਉਣ ਲਈ ਨਿਸ਼ਠਾ ਪਹਿਲਾਂ ਤੋਂ ਤੈਅ ਨਹੀਂ। ਕਰਨਾਟਕ 'ਚ ਹਾਲਤ ਇਹ ਹੈ ਕਿ ਕਾਂਗਰਸ ਵਲੋਂ ਭਾਜਪਾ ਸਰਕਾਰ 'ਤੇ ਲਗਾਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਜਵਾਬ ਦੇਣਾ ਸਰਕਾਰ ਲਈ ਮੁਸ਼ਕਿਲ ਹੋ ਰਿਹਾ ਹੈ। ਕਾਂਗਰਸ ਬੋਮਈ ਸਰਕਾਰ ਨੂੰ 'ਪੇ.ਸੀ.ਐਮ.' ਅਤੇ ਚਾਲੀ ਫ਼ੀਸਦੀ ਦੀ ਸਰਕਾਰ ਕਹਿ ਰਹੀ ਹੈ। ਸਰਵੇਖਣ ਦੇ ਅੰਕੜਿਆਂ 'ਤੇ ਝਾਤ ਪਾਈਏ ਤਾਂ ਜਨਤਾ ਇਸ 'ਤੇ ਯਕੀਨ ਕਰਦੀ ਵੀ ਦਿਖ ਰਹੀ ਹੈ। ਇਹ ਭਾਜਪਾ ਲਈ ਬੁਰੀ ਖ਼ਬਰ ਹੈ; ਭਾਵ ਕਰਨਾਟਕ 'ਚ ਇਹ ਬਹਿਸ ਮੱਧਵਰਤੀ ਵੋਟਰਾਂ ਤੋਂ ਪਰ੍ਹੇ ਸਮੁੱਚੇ ਵੋਟਰ ਮੰਡਲ ਨੂੰ ਪ੍ਰਭਾਵਿਤ ਕਰ ਰਹੀ ਹੈ।

ਦੂਜੇ ਕਰਨਾਟਕ 'ਚ ਭਾਜਪਾ ਦੀ ਹਾਰ ਦੇ ਮਾਇਨੇ ਹੋਣਗੇ, ਦੱਖਣ 'ਚ ਉਸ ਦੇ ਪ੍ਰਸਾਰ ਦੀ ਯੋਜਨਾ ਦਾ ਹੋਰ ਪਿੱਛੇ ਚਲੇ ਜਾਣਾ। ਅਤੇ ਕਾਂਗਰਸ? ਕਾਂਗਰਸ ਨੇ ਜੇ ਇਹ ਚੋਣ ਚੰਗੇ ਬਹੁਮਤ ਦੇ ਨਾਲ ਨਾ ਜਿੱਤੀ ਤਾਂ ਉਸ ਨੂੰ ਲੋਕ ਸਭਾ ਚੋਣਾਂ ਦੀਆਂ ਆਪਣੀਆਂ ਸੰਭਾਵਨਾਵਾਂ ਨੂੰ ਭੁਲਾ ਦੇਣਾ ਚਾਹੀਦਾ ਹੈ। ਉਂਝ, ਜੇ ਇੰਨੀ ਬੁਰੀ ਸਰਕਾਰ ਚਲਾਉਣ ਦੇ ਬਾਵਜੂਦ ਭਾਜਪਾ ਇਸ ਚੋਣ 'ਚ ਕਾਂਗਰਸ ਤੋਂ ਅੱਗੇ ਨਿਕਲ ਕੇ ਸਭ ਤੋਂ ਵੱਡੇ ਦਲ ਦੇ ਰੂਪ 'ਚ ਉੱਭਰਦੀ ਹੈ ਤਾਂ ਸਾਨੂੰ ਮੰਨ ਲੈਣਾ ਚਾਹੀਦਾ ਹੈ ਕਿ ਭਾਰਤੀ ਰਾਜਨੀਤੀ 'ਚ ਚੋਣਾਂ ਦੇ ਮੈਦਾਨ 'ਚ ਇਕ ਹੀ ਟੀਮ ਖੇਡ ਰਹੀ ਹੈ; ਉਹ ਹੈ ਭਾਜਪਾ ਜਿਸ ਦੀ ਕਪਤਾਨੀ ਨਰਿੰਦਰ ਮੋਦੀ ਦੇ ਹੱਥ 'ਚ ਹੈ ਅਤੇ ਉਸ ਦੇ ਮੈਨੇਜਰ ਅਮਿਤ ਸ਼ਾਹ ਹਨ। ਹੁਣ ਜੇ ਭਾਜਪਾ ਨੂੰ ਕੋਈ ਜਿਤਾ ਸਕਦਾ ਹੈ ਤਾਂ ਉਹ ਮੋਦੀ ਦੇ ਭਾਸ਼ਣ ਅਤੇ ਸ਼ਾਹ ਦਾ ਪ੍ਰਬੰਧਨ ਹੀ ਹੈ ਪਰ ਕੀ ਸੂਬਾ ਪੱਧਰ 'ਤੇ ਇਨ੍ਹਾਂ ਦੋਵਾਂ 'ਚ ਇੰਨੀ ਸਮਰੱਥਾ ਹੈ ਕਿ ਸੱਤਾ ਵਿਰੋਧੀ ਲਹਿਰ ਦੇ ਬਾਵਜੂਦ ਅਜਿਹਾ ਕਮਾਲ ਕਰ ਦਿਖਾਉਣਗੇ?

# ਭਾਜਪਾ 'ਚ ਸ਼ਮੂਲੀਅਤ ਕਰਨ ਵਾਲਿਆਂ ਨੂੰ ਵੀ ਹੱਥ ਪਾਉਣ ਲੱਗੀ ਵਿਜੀਲੈਂਸ

**ਚੰਡੀਗੜ੍ਹ:** ਸਰੋਤਾਂ ਤੋਂ ਵੱਧ ਆਮਦਨ ਅਤੇ ਭ੍ਰਿਸ਼ਟਾਚਾਰ ਦੇ ਮਾਮਲੇ ਦੀ ਜਾਂਚ ਦੌਰਾਨ ਪੰਜਾਬ ਦੇ ਸਾਬਕਾ ਕਾਂਗਰਸੀ ਮੰਤਰੀ ਤੇ ਭਾਜਪਾ ਦੇ ਸੀਨੀਅਰ ਆਗੂ ਬਲਬੀਰ ਸਿੰਘ ਸਿੱਧੂ ਨੂੰ ਵਿਜੀਲੈਂਸ ਦੇ ਕਈ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਵਿਜੀਲੈਂਸ ਨੇ ਸਾਬਕਾ ਮੰਤਰੀ ਤੋਂ ਸਿਹਤ ਵਿਭਾਗ ਵਿਚ ਹੋਈਆਂ ਕਰੋੜਾਂ ਰੁਪਏ ਦੀਆਂ ਖਰੀਦਦਾਰੀਆਂ, ਜ਼ਮੀਨਾਂ 'ਤੇ ਕਬਜ਼ੇ, ਰੇਤ ਮਾਈਨਿੰਗ, ਸ਼ਰਾਬ ਦੇ ਕਾਰੋਬਾਰ 'ਤੇ ਏਕਾਅਧਿਕਾਰ ਤੇ ਨਾਜਾਇਜ਼ ਸ਼ਰਾਬ ਦੀ ਵਿਕਰੀ ਆਦਿ ਮਾਮਲਿਆਂ ਬਾਰੇ ਘੰਟਿਆਂ ਬੱਧੀ ਪੁੱਛ-ਪੜਤਾਲ ਕੀਤੀ।




ਵਿਜੀਲੈਂਸ ਨੇ ਕਾਂਗਰਸ ਛੱਡ ਕੇ ਭਾਜਪਾ 'ਚ ਸ਼ਮੂਲੀਅਤ ਕਰਨ ਵਾਲੇ ਤੀਜੇ ਸਾਬਕਾ ਮੰਤਰੀ ਖਿਲਾਫ਼ ਜਾਂਚ ਅਰੰਭੀ ਹੈ। ਇਸ ਤੋਂ ਪਹਿਲਾਂ ਸ਼ਾਮ ਸੁੰਦਰ ਅਰੋੜਾ ਵਿਜੀਲੈਂਸ ਦੇ ਕਾਬੂ ਆ ਚੁੱਕੇ ਹਨ ਤੇ ਸਾਬਕਾ ਮੰਤਰੀ ਗੁਰਪ੍ਰੀਤ ਕਾਂਗੜ ਵਿਰੁੱਧ ਵਿਜੀਲੈਂਸ ਵੱਲੋਂ ਜਾਂਚ ਕੀਤੀ ਜਾ ਰਹੀ ਹੈ। ਸ੍ਰੀ ਸਿੱਧੂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਵਜ਼ਾਰਤ ਵਿਚ ਮੰਤਰੀ ਰਹੇ ਹਨ। ਚਰਨਜੀਤ ਚੰਨੀ ਦੇ ਮੁੱਖ ਮੰਤਰੀ ਬਣਦਿਆਂ ਹੀ ਉਨ੍ਹਾਂ ਤੋਂ ਮੰਤਰੀ ਦਾ ਅਹੁਦਾ ਖੁੱਸ ਗਿਆ ਸੀ। ਵਿਜੀਲੈਂਸ ਦਾ ਕਹਿਣਾ ਹੈ ਕਿ ਸਿੱਧੂ ਭਰਾਵਾਂ ਨੇ ਆਪਣੇ ਸਰਕਾਰੀ ਰੁਤਬੇ ਦੀ ਦੁਰਵਰਤੋਂ ਕਰ ਕੇ ਮੁਹਾਲੀ, ਰੋਪੜ, ਬਰਨਾਲਾ ਤੇ ਬਠਿੰਡਾ ਜ਼ਿਲ੍ਹਿਆਂ ਸਮੇਤ ਚੰਡੀਗੜ੍ਹ 'ਚ ਜਾਇਦਾਦਾਂ ਬਣਾਈਆਂ।

ਵਿਜੀਲੈਂਸ ਅਧਿਕਾਰੀਆਂ ਦਾ ਦੱਸਣਾ ਹੈ ਕਿ ਬਲਬੀਰ ਸਿੰਘ ਸਿੱਧੂ ਕਾਂਗਰਸ ਦੀ ਸਰਕਾਰ ਸਮੇਂ ਜਦੋਂ ਸਿਹਤ ਵਿਭਾਗ ਦੇ ਮੰਤਰੀ ਸਨ ਤਾਂ ਕਈ ਵਿੱਤੀ ਬੇਨਿਯਮੀਆਂ ਅਤੇ ਗੜਬੜੀਆਂ ਦੇ ਦੋਸ਼ਾਂ ਦੀਆਂ ਸ਼ਿਕਾਇਤਾਂ ਹਾਸਲ ਹੋਈਆਂ ਸਨ। ਇਸ ਲਈ ਸਾਬਕਾ ਸਿਹਤ ਮੰਤਰੀ ਨੂੰ ਕਰੋਨਾ ਦੇ ਸਮੇਂ ਦੌਰਾਨ ਸਰਕਾਰ ਵੱਲੋਂ 'ਕਿੱਟਾਂ' ਦੀ ਖ਼ਰੀਦ ਵਿੱਚ ਹੋਈਆਂ ਬੇਨਿਯਮੀਆਂ ਬਾਰੇ ਸਪੱਸ਼ਟ ਕਰਨ ਲਈ ਕਿਹਾ ਗਿਆ। ਇਸੇ ਤਰ੍ਹਾਂ ਕੁਝ ਹੋਰ ਕਥਿਤ ਬੇਨਿਯਮੀਆਂ ਬਾਰੇ ਵੀ ਪੁੱਛਗਿੱਛ ਕੀਤੀ ਗਈ।

ਜ਼ਿਕਰਯੋਗ ਹੈ ਕਿ 'ਆਪ' ਦੇ ਸੱਤਾ ਵਿਚ ਆਉਣ ਤੋਂ ਬਾਅਦ ਬਲਬੀਰ ਸਿੰਘ ਸਿੱਧੂ ਅਤੇ ਉਨ੍ਹਾਂ ਦਾ ਭਰਾ ਜੀਤੀ ਸਿੱਧੂ ਭਾਜਪਾ ਵਿਚ ਸ਼ਾਮਲ ਹੋ ਗਏ ਸਨ।

ਉਧਰ, ਸਾਬਕਾ ਮਾਲ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ ਨੇ ਆਪਣੇ ਗੋਡਿਆਂ ਦਾ ਅਪਰੇਸ਼ਨ ਕਰਵਾ ਲਿਆ ਹੈ ਜਿਸ ਕਾਰਨ ਉਹ ਕਰੀਬ ਡੇਢ ਮਹੀਨਾ ਹੁਣ ਵਿਜੀਲੈਂਸ ਜਾਂਚ ਵਿਚ ਪੇਸ਼ ਨਹੀਂ ਹੋ ਸਕਣਗੇ। ਵਿਜੀਲੈਂਸ ਰੇਂਜ ਬਠਿੰਡਾ ਨੇ ਸਾਬਕਾ ਮੰਤਰੀ ਕਾਂਗੜ ਨੂੰ ਆਮਦਨ ਦੇ ਸਰੋਤਾਂ ਤੋਂ ਵੱਧ ਬਣਾਈ ਜਾਇਦਾਦ ਨੂੰ ਲੈ ਕੇ 17 ਅਪਰੈਲ ਨੂੰ ਮੁੜ ਤਲਬ ਕੀਤਾ ਸੀ ਪਰ ਉਨ੍ਹਾਂ ਨੇ ਇਸ ਦਿਨ ਮੈਡੀਕਲ ਸਰਟੀਫਿਕੇਟ ਭੇਜ ਦਿੱਤਾ ਸੀ। ਫੋਰਟਿਸ ਹਸਪਤਾਲ ਮੁਹਾਲੀ ਵੱਲੋਂ 17 ਅਪਰੈਲ ਨੂੰ ਕਾਂਗੜ ਦਾ ਮੈਡੀਕਲ ਸਰਟੀਫਿਕੇਟ ਜਾਰੀ ਕੀਤਾ ਗਿਆ ਸੀ। ਵਿਜੀਲੈਂਸ ਰੇਂਜ ਵੱਲੋਂ ਗੁਰਪ੍ਰੀਤ ਕਾਂਗੜ ਨੂੰ ਇਕ ਪ੍ਰੋਫਾਰਮਾ ਜਾਰੀ ਕੀਤਾ ਗਿਆ ਸੀ ਜਿਸ 'ਚ ਖ਼ੁਦ ਕਾਂਗੜ ਵੱਲੋਂ ਆਪਣੀ ਸੰਪਤੀ ਦੇ ਵੇਰਵਿਆਂ ਦਾ ਵਿਸਥਾਰ ਦਿੱਤਾ ਜਾਣਾ ਸੀ। ਇਹ ਪ੍ਰੋਫਾਰਮਾ ਭਰ ਕੇ ਕਾਂਗੜ ਨੇ ਵਿਜੀਲੈਂਸ ਨੂੰ 17 ਅਪਰੈਲ ਨੂੰ ਵਾਪਸ ਕਰਨਾ ਸੀ। ਪ੍ਰੋਫਾਰਮੇ ਦੀ ਥਾਂ ਵਿਜੀਲੈਂਸ ਨੂੰ ਕਾਂਗੜ ਦਾ ਮੈਡੀਕਲ ਸਰਟੀਫਿਕੇਟ ਪ੍ਰਾਪਤ ਹੋਇਆ। ਵਿਜੀਲੈਂਸ ਅਧਿਕਾਰੀ ਨੇ ਦੱਸਿਆ ਕਿ ਉਹ ਇਸ ਮਾਮਲੇ ਦੀ ਜਾਂਚ ਕਰਨਗੇ ਕਿ ਵਾਕਿਆ ਹੀ ਕਾਂਗੜ ਨੂੰ ਏਨਾ ਲੰਮਾ ਆਰਾਮ ਕਰਨ ਦੀ ਲੋੜ ਹੈ ਅਤੇ ਕਿਤੇ ਇਹ ਵਿਜੀਲੈਂਸ ਜਾਂਚ ਤੋਂ ਟਾਲ਼ਾ ਵੱਟਣ ਦਾ ਤਰੀਕਾ ਤਾਂ ਨਹੀਂ ਹੈ।

## ਭਰਤਇੰਦਰ ਚਾਹਲ ਨੇ ਪੇਸ਼ ਹੋਣ ਲਈ ਹੋਰ ਮੋਹਲਤ ਮੰਗੀ

**ਚੰਡੀਗੜ੍ਹ:** ਵਿਜੀਲੈਂਸ ਬਿਊਰੋ ਕੋਲ ਹੁਣ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਸਾਬਕਾ ਮੀਡੀਆ ਸਲਾਹਕਾਰ ਭਰਤਇੰਦਰ ਸਿੰਘ ਚਾਹਲ ਦਾ 'ਕਰੋਨਾ ਪਾਜ਼ੇਟਿਵ' ਹੋਣ ਦਾ ਮੈਡੀਕਲ ਪੱਤਰ ਪੁੱਜਿਆ ਹੈ। ਵਿਜੀਲੈਂਸ ਅਫ਼ਸਰਾਂ ਦੀਆਂ ਭਰਤਇੰਦਰ ਚਾਹਲ ਦੀ ਉਡੀਕ ਵਿਚ ਅੱਖਾਂ ਪੱਕ ਗਈਆਂ ਹਨ ਪਰ ਚਾਹਲ ਵਿਜੀਲੈਂਸ ਦੀ ਪੁੱਛਗਿੱਛ ਵਿਚ ਸ਼ਾਮਲ ਨਹੀਂ ਹੋ ਰਹੇ ਹਨ। ਸੂਤਰ ਦੱਸਦੇ ਹਨ ਕਿ ਜਦੋਂ ਵਿਜੀਲੈਂਸ ਬਿਊਰੋ ਨੇ ਚਾਹਲ ਖ਼ਿਲਾਫ਼ ਅਗਲਾ ਕਦਮ ਚੁੱਕਣ ਦਾ ਮਨ ਬਣਾ ਲਿਆ ਤਾਂ ਅਖੀਰਲੀ ਪੇਸ਼ੀ ਤੋਂ ਪਹਿਲਾਂ ਹੀ ਭਰਤਇੰਦਰ ਚਾਹਲ ਨੇ ਪੇਸ਼ੀ ਲਈ ਮੋਹਲਤ ਮੰਗ ਲਈ ਹੈ। ਵਿਜੀਲੈਂਸ ਰੇਂਜ ਪਟਿਆਲਾ ਨੇ ਸਾਬਕਾ ਮੀਡੀਆ ਸਲਾਹਕਾਰ ਚਾਹਲ ਖ਼ਿਲਾਫ਼ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ 24 ਨਵੰਬਰ 2022 ਨੂੰ ਜਾਂਚ ਸ਼ੁਰੂ ਕੀਤੀ ਸੀ। ਵਿਜੀਲੈਂਸ ਅਧਿਕਾਰੀ ਕਰੀਬ ਦਸ ਵਾਰ ਚਾਹਲ ਨੂੰ ਨੋਟਿਸ ਭੇਜ ਚੁੱਕੇ ਹਨ ਪਰ ਚਾਹਲ ਕਿਸੇ ਵੀ ਪੇਸ਼ੀ 'ਤੇ ਹਾਜ਼ਰ ਨਹੀਂ ਹੋਏ।

## ਦੋਸ਼ ਬੇਬੁਨਿਆਦ ਹਨ: ਸਿੱਧੂ

**ਮੁਹਾਲੀ:** ਭਾਜਪਾ ਆਗੂ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਵਿਜੀਲੈਂਸ ਵੱਲੋਂ ਉਨ੍ਹਾਂ ਕੋਲੋਂ ਜਾਇਦਾਦਾਂ ਸਬੰਧੀ ਲਿਖਤੀ ਰੂਪ ਵਿਚ ਮੰਗਿਆ ਗਿਆ ਹੈ ਅਤੇ ਉਨ੍ਹਾਂ ਨੂੰ 5 ਮਈ ਨੂੰ ਦੁਬਾਰਾ ਪੇਸ਼ ਹੋਣ ਲਈ ਕਿਹਾ ਗਿਆ ਹੈ। ਉਂਜ ਸਿੱਧੂ ਨੇ ਇੰਨਾ ਜ਼ਰੂਰ ਕਿਹਾ ਕਿ ਉਹ ਵਿਜੀਲੈਂਸ ਦੇ ਪੁੱਛ ਪੜਤਾਲ ਦੇ ਢੰਗ ਤੋਂ ਖੁਸ਼ ਹਨ। ਜਾਂਚ ਵਿਚ ਸ਼ਾਮਲ ਹੋਣ ਤੋਂ ਪਹਿਲਾਂ ਸਿੱਧੂ ਨੇ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਸਾਰੇ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ। ਉਨ੍ਹਾਂ ਵਿਜੀਲੈਂਸ ਦੀ ਇਸ ਕਾਰਵਾਈ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਦਿਆਂ ਕਿਹਾ ਕਿ ਉਸ ਦੀ ਤਮਾਮ ਜਾਇਦਾਦ ਰਿਕਾਰਡ ਉਤੇ ਹੈ।

# ਗਾਇਕਾਂ ਨਾਲ ਨਜ਼ਰ ਆਇਆ ਲਾਰੈਂਸ ਬਿਸ਼ਨੋਈ ਦਾ ਭਰਾ

**ਮਾਨਸਾ:** ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਨੂੰ ਪੰਜਾਬੀ ਗਾਇਕ ਕਰਨ ਔਜਲਾ ਤੇ ਸ਼ੈਰੀ ਮਾਨ ਦੇ ਨਾਲ ਅਮਰੀਕਾ ਦੇ ਬੇਕਰਸਫੀਲਡ, ਕੈਲੀਫੋਰਨੀਆ ਵਿਚ ਇਕ ਵਿਆਹ ਸਮਾਰੋਹ ਵਿਚ ਦੇਖਿਆ ਗਿਆ ਹੈ। 16 ਅਪਰੈਲ ਦੀ ਦੱਸੀ ਜਾ ਰਹੀ ਇਸ ਵੀਡੀਓ ਵਿਚ ਅਮਨ ਬਿਸ਼ਨੋਈ ਦੋਵੇਂ ਗਾਇਕਾਂ ਵੱਲੋਂ ਪੇਸ਼ਕਾਰੀਆਂ ਦਿੱਤੇ ਜਾਣ ਮੌਕੇ ਸਟੇਜ 'ਤੇ ਉਨ੍ਹਾਂ ਨਾਲ ਸੈਲਫੀਆਂ ਲੈਂਦਾ ਦਿਖਾਈ ਦੇ ਰਿਹਾ ਹੈ।

ਇਨ੍ਹਾਂ ਗਾਇਕਾਂ ਨਾਲ ਅਨਮੋਲ ਬਿਸ਼ਨੋਈ ਦਾ ਨਜ਼ਰ ਆਉਣਾ ਇਸ ਲਈ ਵੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਮੂਸੇਵਾਲਾ ਦੇ ਮਾਪਿਆਂ ਨੇ ਕੁਝ ਗਾਇਕਾਂ 'ਤੇ ਸਵਾਲ ਖੜ੍ਹੇ ਕਰਦਿਆਂ ਆਪਣੇ ਪੁੱਤਰ ਦੇ ਕਤਲ ਵਿਚ ਸੰਗੀਤ ਜਗਤ ਦੇ ਕੁਝ ਲੋਕਾਂ ਦੇ ਸ਼ਾਮਲ ਹੋਣ ਦੀ ਗੱਲ ਕੀਤੀ ਹੈ।

ਜ਼ਿਕਰਯੋਗ ਹੈ ਕਿ ਕੁੱਝ ਸਮਾਂ ਪਹਿਲਾਂ ਹੀ ਗ੍ਰਹਿ ਮੰਤਰਾਲੇ (ਐਮ.ਐਚ.ਏ.) ਵੱਲੋਂ ਤਿਆਰ ਕੀਤੀ ਗਈ ਵਿਦੇਸ਼ਾਂ ਵਿੱਚ ਰਹਿਣ ਵਾਲੇ ਗੈਂਗਸਟਰਾਂ ਦੀ ਤਾਜ਼ਾ ਸੂਚੀ ਵਿਚ ਅਨਮੋਲ ਬਿਸ਼ਨੋਈ ਵੀ ਸ਼ਾਮਲ ਹੈ। ਅਨਮੋਲ ਬਿਸ਼ਨੋਈ ਉਰਫ ਭਾਨੂ ਖਿਲਾਫ ਕੌਮੀ ਜਾਂਚ ਏਜੰਸੀ ਵੱਲੋਂ ਚਾਰਜਸ਼ੀਟ ਵੀ ਦਾਖਲ ਕੀਤੀ ਗਈ ਹੈ ਤੇ ਦਾਅਵਾ ਕੀਤਾ ਗਿਆ ਸੀ ਕਿ ਉਹ ਅਮਰੀਕਾ 'ਚ ਕਿਤੇ ਲੁਕਿਆ ਹੋਇਆ ਹੈ। ਇਸ ਵੀਡੀਓ ਦੇ ਸਾਹਮਣੇ ਆਉਣ ਨਾਲ ਪਤਾ ਲੱਗਦਾ ਹੈ ਕਿ ਇੰਟਰਪੋਲ ਦੇ ਰੈੱਡ ਕਾਰਨਰ ਨੋਟਿਸ ਦੇ ਬਾਵਜੂਦ ਗੈਂਗਸਟਰ ਅਨਮੋਲ ਬਿਸ਼ਨੋਈ ਵਿਦੇਸ਼ਾਂ 'ਚ ਖੁੱਲ੍ਹੇਆਮ ਘੁੰਮ ਰਿਹਾ ਹੈ।

ਮੂਸੇਵਾਲਾ ਕਤਲ ਕੇਸ ਦੀ ਜਾਂਚ ਕਰ ਰਹੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਨੇ ਦਾਅਵਾ ਕੀਤਾ ਹੈ ਕਿ ਅਨਮੋਲ ਬਿਸ਼ਨੋਈ ਇਸ ਕੇਸ ਦਾ ਕਥਿਤ ਸਾਜ਼ਿਸ਼ਘਾੜਾ ਹੈ ਤੇ ਕਤਲ ਤੋਂ ਦੋ ਮਹੀਨੇ ਪਹਿਲਾਂ ਫਰਜ਼ੀ ਪਾਸਪੋਰਟ ਦੀ ਵਰਤੋਂ ਕਰਕੇ ਭਾਰਤ ਤੋਂ ਭੱਜ ਗਿਆ ਸੀ।

ਐਸ.ਆਈ.ਟੀ. ਨੇ ਚਾਰਜਸ਼ੀਟ ਵਿਚ ਅੱਗੇ ਦਾਅਵਾ ਕੀਤਾ ਕਿ ਉਹ ਸ਼ੁਰੂ ਤੋਂ ਹੀ ਯੋਜਨਾ ਦਾ ਹਿੱਸਾ ਸੀ ਤੇ ਦੇਸ਼ ਛੱਡਣ ਤੋਂ ਪਹਿਲਾਂ ਉਸ ਨੇ ਸ਼ੂਟਰਾਂ ਦੀ ਸਹਾਇਤਾ ਵੀ ਕੀਤੀ ਸੀ। ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਡਾ. ਨਾਨਕ ਸਿੰਘ ਨੇ ਦੱਸਿਆ ਕਿ ਮੂਸੇਵਾਲਾ ਕਤਲ ਕੇਸ ਦੇ ਬਾਕੀ ਮੁਲਜ਼ਮਾਂ ਦੀ ਹਵਾਲਗੀ ਦੀ ਪ੍ਰਕਿਰਿਆ ਜਾਰੀ ਹੈ ਤੇ ਤਾਜ਼ਾ ਘਟਨਾਕ੍ਰਮ ਦੀ ਜਾਂਚ ਕੀਤੀ ਜਾਵੇਗੀ।

## ਸਮਾਗਮ ਦੇ ਪ੍ਰਬੰਧਕਾਂ ਬਾਰੇ ਤੁਰੰਤ ਪੜਤਾਲ ਕੀਤੀ ਜਾਵੇ: ਬਲਕੌਰ ਸਿੰਘ

**ਮਾਨਸਾ:** ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਸਿੱਧੂ ਇਸ ਬਾਰੇ ਕਿਹਾ ਹੈ ਕਿ ਸਮਾਗਮ ਦੇ ਪ੍ਰਬੰਧਕਾਂ ਬਾਰੇ ਪੜਤਾਲ ਕੀਤੀ ਜਾਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪੁਲਿਸ ਵੱਲੋਂ ਸਮਾਗਮ ਦੇ ਪ੍ਰਬੰਧਕਾਂ ਅਤੇ ਉਨ੍ਹਾਂ ਦੇ ਸਾਥੀਆਂ ਤੇ ਸੰਪਰਕਾਂ ਬਾਰੇ ਜਾਂਚ ਕੀਤੀ ਜਾਵੇ। ਉਧਰ, ਗਾਇਕ ਕਰਨ ਔਜਲਾ ਤੇ ਸ਼ੈਰੀ ਮਾਨ ਨੇ ਬਿਆਨ ਜਾਰੀ ਕਰਕੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਨੂੰ ਸਮਾਗਮ ਵਿਚ ਅਨਮੋਲ ਬਿਸ਼ਨੋਈ ਦੀ ਮੌਜੂਦਗੀ ਬਾਰੇ ਪਤਾ ਨਹੀਂ ਸੀ। ਸ਼ੈਰੀ ਮਾਨ ਨੇ ਵੀ ਕਿਹਾ ਕਿ ਉਸ ਦੇ ਪ੍ਰੋਗਰਾਮ ਬੁੱਕ ਕਰਨ ਵਾਲੀ ਟੀਮ ਕੋਲ ਦਰਸ਼ਕਾਂ ਵਿਚ ਸ਼ਾਮਲ ਹੋਣ ਵਾਲੇ ਲੋਕਾਂ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ।

# ਚੋਪੜਾ ਤੇ ਰਾਘਵ ਚੱਢਾ ਦੀ ਮੰਗਣੀ, ਅਕਤੂਬਰ 'ਚ ਹੋਵੇਗਾ ਵਿਆਹ

**ਮੁੰਬਈ:** ਅਦਾਕਾਰਾ ਪਰਿਨੀਤੀ ਚੋਪੜਾ ਤੇ ਸਿਆਸਤਦਾਨ ਰਾਘਵ ਚੱਢਾ ਨੇ ਮੰਗਣੀ ਹੋ ਗਈ ਹੈ। ਸੂਤਰਾਂ ਦੀ ਮੰਨੀਏ ਤਾਂ ਦੋਵਾਂ ਨੇ ਪਰਿਵਾਰਕ ਮੈਂਬਰਾਂ ਅਤੇ ਨੇੜਲੇ ਰਿਸ਼ਤੇਦਾਰਾਂ ਦੀ ਹਾਜਰੀ ਵਿਚ ਇਕ ਸੰਖੇਪ ਜਿਹੇ ਸਮਾਗਮ ਦੌਰਾਨ ਮੰਗਣੀ ਦੀ ਰਸਮ ਅਦਾ ਕੀਤੀ। ਸੰਭਾਵਨਾ ਜਤਾਈ ਜਾ ਰਹੀ ਹੈ ਕਿ ਦੋਵੇਂ ਅਕਤੂਬਰ ਮਹੀਨੇ ਵਿਚ ਵਿਆਹ ਬੰਧਨ ਵਿਚ ਬੱਝਣਗੇ।



ਕੁਝ ਸਮਾਂ ਪਹਿਲਾਂ ਦੋਵਾਂ ਵੱਲੋਂ ਇਕ ਦੂਜੇ ਨੂੰ ਡੇਟ ਕਰਨ ਦੀਆਂ ਖਬਰਾਂ ਮੀਡੀਆ 'ਚ ਵਾਇਰਲ ਹੋਈਆਂ ਸਨ, ਜਿਸ ਦੌਰਾਨ ਦੋਵੇਂ ਕਈ ਵਾਰ ਇਕੱਠੇ ਵੀ ਦਿਖਾਈ ਦਿੱਤੇ ਸਨ। ਅਦਾਕਾਰਾ ਪਰਿਨੀਤੀ ਚੋਪੜਾ ਹਾਲ ਦੀ ਘੜੀ ਆਪਣੇ ਕਈ ਪ੍ਰੋਜੈਕਟਾਂ ਵਿਚ ਰੁੱਝੀ ਹੋਈ ਹੈ। ਉਹ ਛੇਤੀ ਹੀ ਇਮਤਿਆਜ਼ ਅਲੀ ਦੀ ਚਰਚਿਤ ਫਿਲਮ 'ਚਮਕੀਲਾ' ਵਿਚ ਦਿਲਜੀਤ ਦੋਸਾਂਝ ਨਾਲ ਦਿਖਾਈ ਦੇਵੇਗੀ। ਇਹ ਫਿਲਮ ਪੰਜਾਬੀ ਗਾਇਕ ਅਮਰ ਸਿੰਘ ਚਮਕੀਲਾ ਦੇ ਜੀਵਨ 'ਤੇ ਆਧਾਰਿਤ ਹੈ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਪਰਿਨੀਤੀ ਦੀ ਚਚੇਰੀ ਭੈਣ ਪ੍ਰਿਅੰਕਾ ਚੋਪੜਾ ਅਕਤੂਬਰ ਦੇ ਆਖਰੀ ਹਫਤੇ ਭਾਰਤ ਆਏਗੀ ਅਤੇ ਇਥੇ ਹੋਣ ਵਾਲੇ ਜੀਓ ਮਾਮੀ ਫਿਲਮ ਫੈਸਟੀਵਲ ਵਿਚ ਸ਼ਾਮਲ ਹੋਏਗੀ।

# ਜੇਲ੍ਹ 'ਚ ਅੰਸਾਰੀ ਦੀ ਟਹਿਲ ਸੇਵਾ ਮਾਮਲੇ 'ਚ ਸਾਬਕਾ ਵਜ਼ੀਰਾਂ ਨੂੰ ਜੁਆਬਦੇਹ ਬਣਾਉਣ ਦੀ ਤਿਆਰੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਉੱਤਰ ਪ੍ਰਦੇਸ਼ ਦੇ ਗੈਂਗਸਟਰ ਮੁਖ਼ਤਾਰ ਅੰਸਾਰੀ ਦੀ ਰੋਪੜ ਜੇਲ੍ਹ 'ਚ ਹੋਈ ਟਹਿਲ ਸੇਵਾ ਦੇ ਮਾਮਲੇ 'ਚ ਹੁਣ ਸਾਬਕਾ ਕੈਬਨਿਟ ਵਜ਼ੀਰਾਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਮੁੱਖ ਮੰਤਰੀ ਨੇ ਕਾਂਗਰਸ ਸਰਕਾਰ ਸਮੇਂ ਗੈਂਗਸਟਰ ਅੰਸਾਰੀ ਦੀ ਰੋਪੜ ਜੇਲ੍ਹ 'ਚ ਮੌਜੂਦਗੀ ਨੂੰ ਕਾਇਮ ਰੱਖਣ ਲਈ ਵਕੀਲਾਂ 'ਤੇ ਖ਼ਰਚੇ 55 ਲੱਖ ਦੀ ਅਦਾਇਗੀ ਤੋਂ ਇਨਕਾਰ ਹੀ ਨਹੀਂ ਕੀਤਾ ਬਲਕਿ ਤਤਕਾਲੀਨ ਕਾਂਗਰਸੀ ਵਜ਼ੀਰਾਂ ਤੋਂ ਇਸ ਰਕਮ ਦੀ ਵਸੂਲੀ ਲਈ ਵਿਉਂਤਾਂ ਘੜਨ ਦੀ ਗੱਲ ਵੀ ਆਖੀ ਹੈ।



ਏ.ਡੀ.ਜੀ.ਪੀ. ਆਰ.ਐਨ.ਢੋਕੇ ਨੇ ਬੇਸ਼ਕ ਅੰਸਾਰੀ ਮਾਮਲੇ ਦੀ ਜਾਂਚ 'ਚ ਇਕੱਲੇ ਜੇਲ੍ਹ ਵਿਭਾਗ ਦੇ ਅਫ਼ਸਰਾਂ 'ਤੇ ਉਂਗਲ ਚੁੱਕਦਿਆਂ ਸਿਆਸੀ ਆਗੂਆਂ ਨੂੰ ਕਲੀਨ ਚਿੱਟ ਦਿੱਤੀ ਹੈ, ਪਰ ਮੁੱਖ ਮੰਤਰੀ ਨੇ ਸਪਸ਼ਟ ਕਿਹਾ ਕਿ ਇਸ ਮਾਮਲੇ ਵਿਚ ਸ਼ਾਮਲ ਹਰੇਕ ਵਿਅਕਤੀ ਨੂੰ ਇਸ ਗੁਨਾਹ ਲਈ ਜੁਆਬਦੇਹ ਬਣਾਇਆ ਜਾਵੇਗਾ। ਇੰਜ ਜਾਪਦਾ ਹੈ ਕਿ ਇਸ ਮਾਮਲੇ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਉਂਗਲ ਉੱਠ ਸਕਦੀ ਹੈ। ਢੋਕੇ ਦੀ ਜਾਂਚ ਰਿਪੋਰਟ ਮਗਰੋਂ ਇਹ ਚੁੰਝ ਚਰਚਾ ਤਿੱਖੀ ਹੋਈ ਹੈ ਕਿ ਜਾਂਚ ਦੌਰਾਨ ਸਿਆਸੀ ਲੋਕਾਂ ਦੀ ਭੂਮਿਕਾ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ ਜਦੋਂ ਕਿ ਇਸ ਹਾਈ ਪ੍ਰੋਫਾਈਲ ਕੇਸ ਵਿਚ ਕੋਈ ਛੋਟਾ ਅਧਿਕਾਰੀ ਏਡਾ ਵੱਡਾ ਫ਼ੈਸਲਾ ਲੈਣ ਦੀ ਜੁਰਅਤ ਨਹੀਂ ਕਰ ਸਕਦਾ। ਚੇਤੇ ਰਹੇ ਕਿ ਮੁਖਤਾਰ ਅੰਸਾਰੀ ਨੂੰ ਮੁਹਾਲੀ ਪੁਲਿਸ ਇਕ ਬਿਲਡਰ ਤੋਂ ਫਿਰੌਤੀ ਮੰਗਣ ਦੇ ਕੇਸ ਵਿਚ ਪੰਜਾਬ ਟਰਾਂਜ਼ਿਟ ਰਿਮਾਂਡ 'ਤੇ ਲੈ ਕੇ ਆਈ ਸੀ। ਉੱਤਰ ਪ੍ਰਦੇਸ਼ ਪੁਲਿਸ ਨੇ ਅੰਸਾਰੀ ਦੀ ਵਾਪਸੀ ਲਈ ਪੰਜਾਬ ਸਰਕਾਰ ਨੂੰ ਲਿਖਿਆ ਅਤੇ ਇਸੇ ਦੌਰਾਨ 48 ਵਾਰੰਟ ਜਾਰੀ ਹੋਏ ਪ੍ਰੰਤੂ ਪੰਜਾਬ ਸਰਕਾਰ ਨੇ ਉਸ ਨੂੰ ਪੇਸ਼ ਕਰਨ ਦੀ ਲੋੜ ਨਹੀਂ ਸਮਝੀ।

ਅੰਸਾਰੀ ਸਵਾ ਦੋ ਸਾਲ ਰੋਪੜ ਜੇਲ੍ਹ ਵਿਚ ਰਿਹਾ। ਸੁਆਲ ਉੱਠ ਰਹੇ ਹਨ ਕਿ ਮੁਖਤਾਰ ਅੰਸਾਰੀ ਨੂੰ ਰੋਪੜ ਜੇਲ੍ਹ ਵਿਚ ਰੱਖਣ ਖ਼ਾਤਰ ਸੁਪਰੀਮ ਕੋਰਟ ਵਿਚ ਪੰਜਾਬ ਸਰਕਾਰ ਨੇ ਲੱਖਾਂ ਰੁਪਏ ਦੀ ਫ਼ੀਸ ਵਾਲੇ ਸੀਨੀਅਰ ਵਕੀਲ ਕਿਸ ਮਕਸਦ ਵਾਸਤੇ ਹਾਇਰ ਕੀਤੇ ਸਨ। ਤਤਕਾਲੀ ਸਰਕਾਰ ਦੀ ਅੰਸਾਰੀ ਨੂੰ ਰੋਪੜ ਜੇਲ੍ਹ ਵਿਚ ਹੀ ਰੱਖਣ ਪਿੱਛੇ ਕੀ ਦਿਲਚਸਪੀ ਸੀ। ਸੂਤਰ ਦੱਸਦੇ ਹਨ ਕਿ ਮੁੱਖ ਮੰਤਰੀ ਇਨ੍ਹਾਂ ਪੱਖਾਂ ਦੀ ਨਵੇਂ ਸਿਰਿਓਂ ਜਾਂਚ ਕਰਵਾਉਣ ਦੇ ਰੌਅ ਵਿਚ ਹਨ। ਤਤਕਾਲੀ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪਹਿਲੀ ਅਪਰੈਲ 2021 ਨੂੰ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਕਿਹਾ ਸੀ ਕਿ ਇਸ ਮਾਮਲੇ ਵਿਚ ਗ੍ਰਹਿ ਵਿਭਾਗ ਸਿੱਧਾ ਦਖਲ ਦੇ ਰਿਹਾ ਹੈ। ਹਾਲਾਂਕਿ ਮੌਜੂਦਾ ਸਰਕਾਰ ਇਹ ਤਰਕ ਰੱਖ ਰਹੀ ਹੈ ਕਿ ਤਤਕਾਲੀ ਜੇਲ੍ਹ ਮੰਤਰੀ ਨੇ ਸਿਰਫ ਪੱਤਰ ਲਿਖ ਕੇ ਪੱਲਾ ਹੀ ਝਾੜਿਆ ਹੈ ਅਤੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ। ਮੁੱਖ ਮੰਤਰੀ ਭਗਵੰਤ ਮਾਨ ਨੇ ਅੰਸਾਰੀ ਮਾਮਲੇ ਵਿਚ ਆਏ 55 ਲੱਖ ਦੇ ਖ਼ਰਚੇ ਦੀ ਅਦਾਇਗੀ ਵਾਲੀ ਫਾਈਲ ਵਾਪਸ ਮੋੜ ਦਿੱਤੀ ਹੈ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਨੇ ਖ਼ਤਰਨਾਕ ਅਪਰਾਧੀ ਨੂੰ ਰੋਪੜ ਜੇਲ੍ਹ ਵਿਚ ਸੁਖ ਸਹੂਲਤਾਂ ਦਿੱਤੀਆਂ ਅਤੇ ਉਸ ਦਾ ਕਾਨੂੰਨੀ ਤੌਰ 'ਤੇ ਵੀ ਬਚਾਅ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਪੈਸੇ ਦੀ ਅੰਨ੍ਹੀ ਲੁੱਟ ਪੂਰੀ ਤਰ੍ਹਾਂ ਗ਼ੈਰਵਾਜ਼ਬ ਹੈ।

## ਕੈਪਟਨ ਅਮਰਿੰਦਰ ਸਿੰਘ 'ਤੇ ਵੀ ਉੱਠ ਸਕਦੀ ਹੈ ਉਂਗਲ

**ਚੰਡੀਗੜ੍ਹ:** ਜਾਪਦਾ ਹੈ ਕਿ ਇਸ ਮਾਮਲੇ 'ਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ 'ਤੇ ਵੀ ਉਂਗਲ ਉੱਠ ਸਕਦੀ ਹੈ। ਤਤਕਾਲੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 30 ਜਨਵਰੀ 2021 ਨੂੰ ਸੁਪਰੀਮ ਕੋਰਟ ਵਿਚ 'ਰਿੱਟ ਪਟੀਸ਼ਨ ਨੰਬਰ 409 ਆਫ਼ 2020-ਸਟੇਟ ਆਫ਼ ਯੂਪੀ ਬਨਾਮ ਮੁਖਤਾਰ ਅੰਸਾਰੀ' ਮਾਮਲੇ 'ਚ ਸਰਕਾਰੀ ਖ਼ਰਚੇ 'ਤੇ ਕੇਸ ਦੀ ਪੈਰਵੀ ਕਰਨ ਲਈ ਸੀਨੀਅਰ ਐਡਵੋਕੇਟ ਦੁਸ਼ਯੰਤ ਦਵੇ ਨੂੰ ਨਾਮਜ਼ਦ ਕਰਨ ਦੀ ਪ੍ਰਵਾਨਗੀ ਦਿੱਤੀ ਸੀ। ਮਗਰੋਂ ਤਤਕਾਲੀ ਪ੍ਰਮੁੱਖ ਸਕੱਤਰ (ਜੇਲ੍ਹਾਂ) ਨੇ ਵਕੀਲ ਦੀ 55 ਲੱਖ ਰੁਪਏ ਦੀ ਫ਼ੀਸ ਦੀ ਅਦਾਇਗੀ ਬਾਰੇ ਫ਼ੈਸਲਾ ਲੈਣ ਸਬੰਧੀ 7 ਜਨਵਰੀ 2022 ਨੂੰ ਤਤਕਾਲੀ ਜੇਲ੍ਹ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਿਖਿਆ ਸੀ। ਰੰਧਾਵਾ ਨੇ ਉਦੋਂ ਅਦਾਇਗੀ ਬਾਰੇ ਫ਼ੈਸਲਾ ਲੈਣ ਬਾਰੇ ਗੇਂਦ ਮੁੱਖ ਮੰਤਰੀ ਅਤੇ ਮੁੱਖ ਸਕੱਤਰ ਦੇ ਪਾਲੇ ਵਿਚ ਸੁੱਟ ਦਿੱਤੀ ਸੀ।

## ਗੈਂਗਸਟਰਾਂ ਦੀ ਪੁਸ਼ਤਪਨਾਹੀ ਕਰਨ ਵਾਲਿਆਂ ਦੀ ਸੱਚਾਈ ਸਾਹਮਣੇ ਆਈ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਪੰਜਾਬ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨੇ ਗੈਂਗਸਟਰ ਮੁਖਤਾਰ ਅੰਸਾਰੀ ਨੂੰ ਕਾਂਗਰਸ ਸਰਕਾਰ ਵੇਲੇ ਪੰਜਾਬ ਦੀਆਂ ਜੇਲ੍ਹਾਂ 'ਚ ਰੱਖ ਕੇ ਉਸ ਨੂੰ ਬਚਾਉਣ ਲਈ ਪੰਜਾਬ ਦੇ ਖਜ਼ਾਨੇ ਦੀ ਹੋਈ ਦੁਰਵਰਤੋਂ 'ਤੇ ਸਵਾਲ ਖੜ੍ਹੇ ਕੀਤੇ ਹਨ। ਸ੍ਰੀ ਕੰਗ ਨੇ ਕਿਹਾ ਕਿ ਲੋਕਾਂ ਦੇ ਪੈਸੇ ਦੀ ਦੁਰਵਰਤੋਂ ਕਰ ਕੇ ਗੈਂਗਸਟਰਾਂ ਦੀ ਰਾਜਨੀਤਕ ਪੁਸ਼ਤਪਨਾਹੀ ਕਰਨ ਵਾਲਿਆਂ ਦਾ ਸੱਚ ਸਾਹਮਣੇ ਆ ਗਿਆ ਹੈ ਕਿ ਕਿਸ ਤਰ੍ਹਾਂ ਕਾਂਗਰਸ ਸਰਕਾਰ ਨੇ ਮੋਸਟ-ਵਾਂਟਿਡ ਗੈਂਗਸਟਰ ਲਈ ਕਾਨੂੰਨੀ ਮਦਦ ਵੀ ਮੁਹੱਈਆ ਕਰਵਾਈ। ਸ੍ਰੀ ਕੰਗ ਨੇ ਕਿਹਾ ਕਿ ਜੇਲ੍ਹਾਂ ਨੂੰ ਗੈਂਗਸਟਰਾਂ ਲਈ ਸੇਫ਼ ਹਾਊਸ ਬਣਾਉਣ ਵਾਲਿਆਂ ਦਾ ਸੱਚ ਹੁਣ ਸਭ ਦੇ ਸਾਹਮਣੇ ਆ ਚੁੱਕਾ ਹੈ।

ਪੰਜਾਬ ਟਾਈਮਜ਼

ਸ਼ਨਿਚਰਵਾਰ, 29 ਅਪਰੈਲ, 2023

# ਸਿਆਸੀ ਘੁੰਮਣਘੇਰੀ

'ਵਾਰਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨਾਲ ਪੰਜਾਬ ਦੀ ਸਿਆਸਤ ਦਾ ਇਕ ਹੋਰ ਪੰਨਾ ਉਲੱਦਿਆ ਗਿਆ ਹੈ। ਪੰਜਾਬ ਦੇ ਸਿਆਸੀ ਪਿੜ ਅੰਦਰ ਅੰਮ੍ਰਿਤਪਾਲ ਸਿੰਘ ਦੀ ਆਮਦ ਜਿਸ ਤਰ੍ਹਾਂ ਹੋਈ ਹੈ, ਉਸ ਬਾਰੇ ਵੱਖ-ਵੱਖ ਹਲਕਿਆਂ ਤੋਂ ਵੱਖ-ਵੱਖ ਅਤੇ ਤਿੱਖੇ ਵਿਚਾਰ ਸਾਹਮਣੇ ਆਏ ਹਨ। ਕੁਝ ਹਲਕੇ ਅੰਮ੍ਰਿਤਪਾਲ ਸਿੰਘ ਦੀ ਸਿਆਸੀ ਸਰਗਰਮੀ ਨੂੰ ਕੱਟੜਤਾ ਨਾਲ ਜੋੜ ਕੇ ਦੇਖਦੇ ਹਨ ਜਦਕਿ ਕੁਝ ਹਲਕਿਆਂ ਅਨੁਸਾਰ, ਮੌਜੂਦਾ ਹਾਲਾਤ ਤਹਿਤ ਸਿਆਸਤ ਬਾਰੇ ਚਰਚਾ ਇਸੇ ਪੈਂਤੜੇ ਤੋਂ ਚੱਲਣੀ ਚਾਹੀਦੀ ਹੈ। ਕੁਝ ਵੀ ਹੋਵੇ, ਅੰਮ੍ਰਿਤਪਾਲ ਸਿੰਘ ਦੀਆਂ ਸਰਗਰਮੀ ਨੇ ਵਾਕਈ ਪੰਜਾਬ ਦੀ ਖੜੋਤ ਵਾਲੀ ਸਿਆਸਤ ਵਿਚ ਢੀਮਾਂ ਸੁੱਟਣ ਦਾ ਯਤਨ ਜ਼ਰੂਰ ਕੀਤਾ ਹੈ। ਉਂਝ, ਉਸ ਦੀ ਸਿਆਸਤ ਅਤੇ ਸਰਗਰਮੀ ਤੋਂ ਲਾਹਾ ਲੈਣ ਵਾਲੀਆਂ ਜਮਾਤਾਂ ਉਸ ਤੋਂ ਵੀ ਕਿਤੇ ਵੱਧ ਅਤੇ ਕਿਤੇ ਵੱਧ ਤਾਕਤ ਨਾਲ ਸਰਗਰਮ ਹੋਈਆਂ ਹੋਈਆਂ ਹਨ। ਅਸਲ ਵਿਚ ਪੰਜਾਬ ਪਿਛਲੇ ਕੁਝ ਸਮੇਂ ਤੋਂ ਕਈ ਪ੍ਰਕਾਰ ਦੇ ਸੰਕਟਾਂ ਨਾਲ ਜੂਝ ਰਿਹਾ ਹੈ। ਰਵਾਇਤੀ ਪਾਰਟੀਆਂ ਅਤੇ ਇਨ੍ਹਾਂ ਦੇ ਆਗੂਆਂ ਨੇ ਇਨ੍ਹਾਂ ਸੰਕਟਾਂ ਨੂੰ ਸਮਝ ਕੇ ਕੋਈ ਰਣਨੀਤੀ ਘੜਨ ਦੀ ਬਜਾਇ ਸਸਤੀ ਸਿਆਸਤ ਨੂੰ ਹੀ ਪਹਿਲ ਦਿੱਤੀ। ਸਿੱਟੇ ਵਜੋਂ ਇਹ ਪਾਰਟੀ ਅੱਜ ਹਾਸ਼ੀਏ 'ਤੇ ਹਨ ਅਤੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਸੂਬੇ ਦੇ ਲੋਕਾਂ ਨੇ ਆਮ ਆਦਮੀ ਪਾਰਟੀ ਨੂੰ ਕਮਾਨ ਸੌਂਪ ਦਿੱਤੀ। ਇਹ ਵੱਖਰੀ ਗੱਲ ਹੈ ਕਿ ਇਕ ਸਾਲ ਲੰਘਣ ਤੋਂ ਬਾਅਦ ਇਸ ਪਾਰਟੀ ਦੀ ਪਹੁੰਚ ਵੀ ਰਵਾਇਤੀ ਪਾਰਟੀਆਂ ਵਾਲੀ ਹੀ ਸਾਬਤ ਹੋਈ ਹੈ। ਸ਼ਾਇਦ ਇਸੇ ਕਰ ਕੇ ਹੀ ਹੁਣ ਆਮ ਆਦਮੀ ਪਾਰਟੀ ਨੂੰ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਨੂੰ ਆਪਣੀ ਵੱਡੀ ਸਫਲਤਾ ਵਜੋਂ ਪ੍ਰਚਾਰਨਾ ਪੈ ਰਿਹਾ ਹੈ ਹਾਲਾਂਕਿ ਕੁਝ ਧਿਰਾਂ ਇਸ ਨੂੰ ਆਤਮ-ਸਮਰਪਣ ਵਜੋਂ ਪੇਸ਼ ਕਰ ਰਹੀਆਂ ਹਨ। ਉਂਝ, ਇਹ ਗੱਲ ਹਜ਼ਮ ਨਹੀਂ ਹੋ ਰਹੀ ਹੈ ਕਿ ਜਿਸ ਸ਼ਖਸ ਦੀ ਗ੍ਰਿਫਤਾਰੀ ਲਈ ਪੰਜਾਬ ਪੁਲਿਸ ਸੂਬੇ ਦਾ ਹੀ ਨਹੀਂ, ਕਈ ਹੋਰ ਸੂਬਿਆਂ ਦਾ ਕੋਨਾ-ਕੋਨਾ ਛਾਣ ਰਹੀ ਸੀ, ਉਸ ਨੂੰ ਇਉਂ ਚਹੁੰ ਗੱਡੀਆਂ ਵਿਚ ਜਾ ਕੇ ਇਕ ਗੁਰਦੁਆਰੇ ਦੀ ਹਦੂਦ ਦੇ ਬਾਹਰੋਂ ਗ੍ਰਿਫਤਾਰ ਕਰ ਲਿਆ ਗਿਆ। ਹੋਰ ਤਾਂ ਹੋਰ, ਉਸ ਦਾ ਰਿਮਾਂਡ ਲੈਣ ਦੀ ਥਾਂ ਉਸ ਨੂੰ ਸਿੱਧਾ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਅੰਦਰ ਭੇਜ ਦਿੱਤਾ ਗਿਆ। ਕੁਝ ਹਲਕੇ ਪਹਿਲਾਂ ਹੀ ਸਪਸ਼ਟ ਆਖ ਚੁੱਕੇ ਹਨ ਕਿ ਅੰਮ੍ਰਿਤਪਾਲ ਸਿੰਘ ਨੂੰ ਪਹਿਲਾਂ ਹੀ ਗ੍ਰਿਫਤਾਰ ਕੀਤਾ ਜਾ ਚੁੱਕਾ ਸੀ ਪਰ ਉਸ ਦੀ ਗ੍ਰਿਫਤਾਰੀ ਹੁਣ ਦਿਖਾਈ ਗਈ ਹੈ। ਅੰਮ੍ਰਿਤਪਾਲ ਸਿੰਘ ਵਾਲੀ ਧਿਰ ਨੇ ਵੀ ਅਤੇ ਸਰਕਾਰੀ ਧਿਰ ਨੇ ਵੀ ਉਸ ਨੂੰ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਜੋੜਨ ਦੇ ਬਿਰਤਾਂਤ ਨੂੰ ਉਭਾਰਨ ਦੀ ਲਗਾਤਾਰ ਕੋਸ਼ਿਸ਼ ਕੀਤੀ ਗਈ। ਉਸ ਨੂੰ 'ਵਾਰਿਸ ਪੰਜਾਬ ਦੇ' ਜਥੇਬੰਦੀ ਦਾ ਮੁਖੀ ਵੀ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਪਿੰਡ ਰੋਡੇ ਵਿਚ ਥਾਪਿਆ ਗਿਆ ਸੀ ਅਤੇ ਹੁਣ ਗ੍ਰਿਫਤਾਰੀ ਵੀ ਉੱਥੋਂ ਹੀ ਦਿਖਾਈ ਗਈ ਹੈ। ਇਸ ਦਾ ਇਕ ਅਰਥ ਇਹ ਕੱਢਿਆ ਗਿਆ ਹੈ ਕਿ ਇਸ ਮਸਲੇ ਵਿਚ ਪੂਰਾ ਦਖਲ ਦੇ ਰਹੀ ਕੇਂਦਰ ਸਰਕਾਰ ਨੇ ਇਹ ਮਸਲਾ ਅਜੇ ਖਤਮ ਨਹੀਂ ਕੀਤਾ ਹੈ। ਅਸਲ ਵਿਚ ਕੇਂਦਰ ਵਿਚ ਸੱਤਾਧਾਰੀ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਿਆਸੀ ਸਰਪ੍ਰਸਤ ਰਾਸ਼ਟਰੀ ਸਵੈਸੇਵਕ ਸੰਘ (ਆਰ.ਐਸ.ਐਸ.) 2024 ਵਿਚ ਆ ਰਹੀਆਂ ਲੋਕ ਸਭਾ ਜਿੱਤਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਹੀਆਂ ਹਨ। ਆਪਣੀ ਜਿੱਤ ਲਈ ਇਹ ਕੁਝ ਵੀ ਕਰਨ ਲਈ ਤਿਆਰ ਹਨ ਜਿਵੇਂ ਪਿਛਲੇ ਸਮੇਂ ਦੌਰਾਨ ਵੀ ਇਨ੍ਹਾਂ ਦਾ ਇਹ ਰਵੱਈਆ ਸਾਹਮਣੇ ਆਉਂਦਾ ਰਿਹਾ ਹੈ। ਸਿਆਸੀ ਵਿਸ਼ਲੇਸ਼ਕ ਅੰਮ੍ਰਿਤਪਾਲ ਸਿੰਘ ਦੇ ਉਭਾਰ ਨੂੰ ਪੰਜਾਬ ਦੇ ਖਾਲੀ ਸਿਆਸੀ ਪਿੜ ਅਤੇ ਲੋਕਾਂ ਦੇ ਰਵਾਇਤੀ ਪਾਰਟੀਆਂ ਵੱਲ ਨੁਕਤਾਚੀਨੀ ਵਾਲੇ ਵਿਹਾਰ ਨਾਲ ਜੋੜ ਕੇ ਦੇਖਦੇ ਹਨ। ਉਨ੍ਹਾਂ ਦਾ ਇਹ ਵੀ ਆਖਣਾ ਹੈ ਕਿ 70ਵਿਆਂ ਦੇ ਅਖੀਰ ਵਿਚ ਜਦੋਂ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਉਭਾਰ ਹੋਇਆ ਸੀ ਤਾਂ ਉਸ ਵਕਤ ਵੀ ਸ਼੍ਰੋਮਣੀ ਅਕਾਲੀ ਦਲ ਸਿਆਸਤ ਦੇ ਪਿੜ ਵਿਚ ਵਾਹਵਾ ਪਛੜ ਚੁੱਕਾ ਸੀ। ਇਨ੍ਹਾਂ ਦੋਹਾਂ ਸਮਿਆਂ ਦੀ ਇਕ ਹੋਰ ਗੱਲ ਵੀ ਸਾਂਝੀ ਹੈ ਜਿਸ ਨੂੰ ਸਿਆਸੀ ਵਿਸ਼ਲੇਸ਼ਕ ਬਹੁਤ ਵਜ਼ਨ ਦਿੰਦੇ ਹਨ; ਉਹ ਇਹ ਕਿ ਉਸ ਵਕਤ ਮਿਲੇ ਮੌਕੇ ਸਦਕਾ ਸਿੱਖ ਸਿਆਸਤ ਜਿਸ ਮੁਕਾਮ 'ਤੇ ਪੁੱਜ ਸਕਦੀ ਸੀ, ਪੁੱਜ ਨਹੀਂ ਸਕੀ। ਇਸ ਤਰ੍ਹਾਂ ਦਾ ਵਰਤਾਰਾ ਹੁਣ ਸਾਹਮਣੇ ਆਇਆ ਹੈ। ਅਸਲ ਵਿਚ ਅੱਜ ਦਾ ਪੰਜਾਬ, ਸਾਲ ਭਰ ਤੋਂ ਵੀ ਲੰਮਾ ਸਮਾਂ ਚੱਲੇ ਕਿਸਾਨ ਅੰਦੋਲਨ ਤੋਂ ਪ੍ਰਚੰਡ ਹੋਇਆ ਹੋਇਆ ਹੈ। ਇਕ ਤੱਥ ਮੁਲਕ ਪੱਧਰ 'ਤੇ ਵੀ ਅਤੇ ਸੂਬਾਈ ਪੱਧਰ 'ਤੇ ਵੀ ਸੱਚ ਹੈ ਕਿ ਧਰਮ ਆਧਾਰਿਤ ਸਿਆਸਤ ਆਮ ਲੋਕਾਂ ਦੇ ਮਸਲਿਆਂ ਨੂੰ ਬਹੁਤ ਪਿਛਾਂਹ ਧੱਕ ਦਿੰਦੀ ਹੈ। ਇਸ ਦੀ ਸਭ ਤੋਂ ਭਰਪੂਰ ਮਿਸਾਲ ਕੇਂਦਰ ਵਿਚਲੀ ਮੋਦੀ ਸਰਕਾਰ ਦੀ ਹੈ ਜਿਸ ਨੇ ਧਰਮ ਦੇ ਆਧਾਰ 'ਤੇ ਸਿਆਸਤ ਕਰ ਕੇ ਲੋਕਾਂ ਦਾ ਧਿਆਨ ਅਸਲ ਮਸਲਿਆਂ ਤੋਂ ਉਕਾ ਹੀ ਲਾਂਭੇ ਕਰ ਦਿੱਤਾ ਹੈ। ਲੋਕਾਂ ਨੂੰ ਰਾਸ਼ਟਰਵਾਦ ਦੇ ਖੋਖਲੇ ਨਆਰਿਆਂ ਨਾਲ ਜੋੜ ਕੇ ਵੰਡੀਆਂ ਪਾਉਣ ਦੇ ਸਿਰ-ਤੋੜ ਯਤਨ ਕੀਤੇ ਜਾ ਰਹੇ ਹਨ। ਪੰਜਾਬ ਵਿਚ ਵੀ ਅੱਜ ਕੱਲ੍ਹ ਇਹੀ ਸਿਆਸਤ ਥੋਪਣ ਦੀ ਸਾਜ਼ਿਸ਼ ਘੜੀ ਜਾ ਰਹੀ ਹੈ। ਅੱਜ ਪੰਜਾਬ ਅੰਦਰ ਸਿਹਤ ਅਤੇ ਸਿੱਖਿਆ ਨਾਲ ਜੁੜੀਆਂ ਬੁਨਿਆਦੀ ਸਹੂਲਤਾਂ ਤੋਂ ਵਾਂਝੇ ਕਰਨ ਦੀ ਕਵਾਇਦ ਚੱਲ ਰਹੀ ਹੈ। ਬੇਰੁਜ਼ਗਾਰੀ ਅਤੇ ਨਸ਼ਿਆਂ ਦੀ ਮਾਰ ਨੇ ਸੂਬੇ ਦੇ ਨੌਜਵਾਨਾਂ ਦਾ ਕਚੂਮਰ ਕੱਢ ਕੇ ਰੱਖ ਦਿੱਤਾ ਹੈ। ਇਸੇ ਕਰ ਕੇ ਅੱਜ ਹਰ ਨੌਜਵਾਨ ਕੋਈ ਨਾ ਕੋਈ ਢੰਗ-ਤਰੀਕਾ ਵਰਤ ਕੇ ਵਿਦੇਸ਼ ਜਾਣ ਦੀ ਕੋਸ਼ਿਸ਼ ਕਰ ਰਿਹਾ ਹੈ। ਆਉਣ ਵਾਲਾ ਸਮਾਂ ਵਾਕਈ ਪੰਜਾਬ ਲਈ ਵੰਗਾਰਾਂ ਵਾਲਾ ਹੈ ਕਿਉਂਕਿ ਪੰਜਾਬ ਦੀਆਂ ਵੱਖ-ਵੱਖ ਸਿਆਸੀ ਆਪਾ-ਧਾਪੀ ਦਾ ਸ਼ਿਕਾਰ ਹਨ ਅਤੇ ਇਹ ਸਾਰੀਆਂ ਪੰਜਾਬ ਨੂੰ ਧਿਆਨ ਵਿਚ ਰੱਖਣ ਦੀ ਥਾਂ ਆਪੋ-ਆਪਣੀ ਧਿਰ ਨੂੰ ਧਿਆਨ ਵਿਚ ਰੱਖ ਕੇ ਸਿਆਸਤ ਕਰ ਰਹੀਆਂ ਹਨ। ਪੰਜਾਬ ਚਿਰਾਂ ਤੋਂ ਵੱਡੀ ਤਬਦੀਲੀ ਲਈ ਤਾਂਘ ਰਿਹਾ ਹੈ ਅਤੇ ਇਸ ਦੀ ਇਹ ਤਲਾਸ਼ ਅਜੇ ਮੁੱਕੀ ਨਹੀਂ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚਾਣਕੇ ਦੀ ਚਲਾਕੀ !

ਤਹਿ-ਸ਼ੁਦਾ 'ਗੇਮ' ਨਾਲ ਪਾਉਂਦਾ ਏ ਭੰਬਲਭੂਸੇ, ਨਵਾਂ ਨਹੀਂਓਂ ਪਹਿਲਾਂ ਤੋਂ ਆਇਆ ਏ ਠੱਗਦਾ।
ਦਾਅ-ਪੇਚ ਜਾਣਦਾ ਏ ਸੌੜੀਆਂ ਸਿਆਸਤਾਂ ਦੇ, ਸਿਰੇ ਦਾ ਮੱਕਾਰ ਤੇ ਚਲਾਕ ਸਾਰੇ ਜੱਗ ਦਾ।
ਮਿੱਥ ਲਏ 'ਨਿਸ਼ਾਨੇ' ਸਰ ਕਰਨੇ ਅਵੱਸ਼ ਹੁੰਦੇ, ਕਰੇ ਨਾ ਤਰਸ ਉਹ ਪਲੀਤਾ ਲਾਉਣੋਂ ਅੱਗ ਦਾ।
ਹੋ ਕੇ ਜਜ਼ਬਾਤੀ ਭੋਲੇ ਫਸਦੇ ਭੁਲੇਖਿਆਂ 'ਚ, ਵਾਕਫ ਪੰਜਾਬੀਆਂ ਦੀ ਜਾਪੇ ਰਗ ਰਗ ਦਾ।
ਬਣਦੇ ਹਾਂ ਸੂਰਮੇਂ ਬਹਾਦਰੀ 'ਚ ਆਪਾਂ ਭਾਵੇਂ, ਉਹਦੀਆਂ ਪਲੈਨਾਂ ਅੱਗੇ ਕੋਈ ਨਾਹੀਂ ਤੱਗਦਾ।
ਲੱਤ ਹੇਠੋਂ ਆਪਣੇ ਲੰਘਾਉਣੇ ਲਈ ਨਾਬਰਾਂ ਨੂੰ, ਚਾਣਕਾ ਪੰਜਾਬ ਦੇ ਮਗਰ ਪਿਆ ਲੱਗਦਾ!

# ਅੰਮ੍ਰਿਤਪਾਲ ਸਿੰਘ ਦਾ ਮਾਮਲਾ ਅਤੇ ਸਰਕਾਰ ਦਾ ਕਿਰਦਾਰ

**ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ 18 ਮਾਰਚ ਨੂੰ ਅੰਮ੍ਰਿਤਪਾਲ ਸਿੰਘ ਨੂੰ ਫੜਨ ਲਈ ਕੀਤੀ ਸਮੁੱਚੀ ਪੁਲਿਸ ਕਾਰਵਾਈ ਵੀ ਸਵਾਲਾਂ ਦੇ ਘੇਰੇ ਵਿਚ ਸੀ ਅਤੇ ਹੁਣ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਵੀ ਸਵਾਲਾਂ ਦੇ ਘੇਰੇ 'ਚ ਹੈ। ਪੁਲਿਸ ਦਾ ਦਾਅਵਾ ਤੱਥਾਂ ਨਾਲ ਮੇਲ ਨਹੀਂ ਖਾ ਰਿਹਾ। ਇਸ ਸਮੁੱਚੇ ਹਾਲਾਤ ਬਾਰੇ ਨਵਕਿਰਨ ਸਿੰਘ ਪੱਤੀ ਨੇ ਖੁਲਾਸਾ ਆਪਣੇ ਇਸ ਲੇਖ ਵਿਚ ਕੀਤਾ ਹੈ।**

ਪਿਛਲੇ ਕੁਝ ਮਹੀਨਿਆਂ ਤੋਂ ਅੰਮ੍ਰਿਤਪਾਲ ਸਿੰਘ ਨਾਲ ਜੁੜੇ ਮਾਮਲੇ ਕਿਸੇ ਨਾ ਕਿਸੇ ਰੂਪ ਵਿਚ ਚਰਚਾ ਦਾ ਵਿਸ਼ਾ ਬਣ ਰਹੇ ਹਨ। ਸੂਬਾ ਸਰਕਾਰ ਅਤੇ ਮੀਡੀਆ ਦੇ ਵੱਡੇ ਹਿੱਸੇ ਨੇ ਆਪਣੇ ਹਿੱਤਾਂ ਲਈ ਅੰਮ੍ਰਿਤਪਾਲ ਸਿੰਘ ਮਸਲੇ ਨੂੰ ਵਧਾ-ਚੜ੍ਹਾ ਕੇ ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ ਹੈ। ਸਰਕਾਰ ਦਾ ਮੰਤਵ ਜੇ ਅੰਮ੍ਰਿਤਪਾਲ ਸਿੰਘ ਦੀ ਗ੍ਰਿਫਤਾਰੀ ਹੀ ਹੁੰਦਾ ਤਾਂ ਉਹ ਜਨਤਕ ਰੂਪ ਵਿਚ ਵਿਚਰ ਰਿਹਾ ਸੀ, ਉਸ ਨੂੰ ਅਦਾਲਤ ਜਾਂ ਪੁਲਿਸ ਸਟੇਸ਼ਨ ਬੁਲਾਇਆ ਜਾ ਸਕਦਾ ਸੀ। 17 ਮਾਰਚ ਦੀ ਰਾਤ ਉਹ ਆਪਣੇ ਘਰ 'ਚ ਹੀ ਸੀ, ਉਸ ਨੂੰ ਦੇਰ-ਸਵੇਰ ਘਰੋਂ ਗ੍ਰਿਫਤਾਰ ਕੀਤਾ ਜਾ ਸਕਦਾ ਹੈ ਪਰ ਕੇਂਦਰ ਸਰਕਾਰ ਨਾਲ ਸਾਂਝ ਭਿਆਲੀ ਤਹਿਤ ਇਸ ਤਰ੍ਹਾਂ ਨਹੀਂ ਕੀਤਾ ਬਲਕਿ 18 ਮਾਰਚ ਨੂੰ ਸੂਬਾ ਸਰਕਾਰ ਨੇ ਇੰਟਰਨੈੱਟ ਬੰਦ ਕਰਦਿਆਂ



ਕੁਝ ਜ਼ਿਲ੍ਹਿਆਂ ਵਿਚ ਧਾਰਾ 144 ਲਗਾ ਕੇ ਅਤੇ ਪੰਜਾਬ ਦੇ ਚੌਂਕਾਂ-ਚੁਰਾਹਿਆਂ ਵਿਚ ਪੈਰਾ ਮਿਲਟਰੀ ਫੋਰਸਾਂ ਤਾਇਨਾਤ ਕਰ ਕੇ ਇਸ ਆਮ ਵਰਤਾਰੇ ਨੂੰ ਬੜੇ ਹੀ

**ਨਵਕਿਰਨ ਸਿੰਘ ਪੱਤੀ**
ਈਮੇਲ: n4navkiran@gmail.com

ਸਨਸਨੀਖੇਜ਼ ਢੰਗ ਨਾਲ ਪੇਸ਼ ਕੀਤਾ। ਲੋਕਾਂ ਵਿਚ ਬੇਲੋੜਾ ਡਰ ਤੇ ਦਹਿਸ਼ਤ ਪੈਦਾ ਕੀਤੀ।

ਇਹ ਕਹਿਣਾ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ 18 ਮਾਰਚ ਨੂੰ ਅੰਮ੍ਰਿਤਪਾਲ ਸਿੰਘ ਨੂੰ ਫੜਨ ਲਈ ਕੀਤੀ ਗਈ ਸਮੁੱਚੀ ਪੁਲਿਸ ਕਾਰਵਾਈ ਵੀ ਸਵਾਲਾਂ ਦੇ ਘੇਰੇ ਵਿਚ ਸੀ ਅਤੇ ਹੁਣ ਪੁਲਿਸ ਵੱਲੋਂ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਵੀ ਸਵਾਲਾਂ ਦੇ ਘੇਰੇ ਵਿਚ ਹੈ। ਪੰਜਾਬ ਪੁਲਿਸ ਦੇ ਆਈ.ਜੀ. ਸੁਖਚੈਨ ਸਿੰਘ ਗਿੱਲ ਨੇ ਦਾਅਵਾ ਕੀਤਾ ਕਿ ਪੁਲਿਸ ਨੇ ਅੰਮ੍ਰਿਤਪਾਲ ਸਿੰਘ ਨੂੰ ਗ੍ਰਿਫਤਾਰ ਕੀਤਾ ਹੈ। ਪੁਲਿਸ ਅਫਸਰ ਦਾ ਦਾਅਵਾ ਤੱਥਾਂ ਨਾਲ ਮੇਲ ਨਹੀਂ ਖਾ ਰਿਹਾ। ਪੁਲਿਸ ਦੇ ਦਾਅਵੇ ਤੋਂ ਐਨ ਪਹਿਲਾਂ ਆਈ ਵੀਡੀਓ ਵਿਚ ਅੰਮ੍ਰਿਤਪਾਲ ਸਿੰਘ ਪਿੰਡ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਪਿੰਡ ਰੋਡੇ ਵਿਚ ਕਹਿ ਰਿਹਾ ਹੈ ਕਿ 'ਜੇ ਇਕੱਲੀ ਗ੍ਰਿਫਤਾਰੀ ਦੀ ਗੱਲ ਹੁੰਦੀ ਤਾਂ ਸ਼ਾਇਦ ਗ੍ਰਿਫਤਾਰੀ ਦੇ ਬਹੁਤ ਤਰੀਕੇ ਸੀ ਜਿਨ੍ਹਾਂ ਨਾਲ ਮੈਂ ਸਹਿਯੋਗ ਵੀ ਕਰਦਾ'। ਉਹ ਇਹ ਦਾਅਵਾ ਵੀ ਕਰਦਾ ਹੈ ਕਿ 'ਅੱਜ ਉਸੇ ਸਥਾਨ ਉੱਤੇ ਅਸੀਂ ਆਪ ਗ੍ਰਿਫਤਾਰੀ ਦੇਣ ਦਾ ਫੈਸਲਾ ਕੀਤਾ ਹੈ'।

ਅੰਮ੍ਰਿਤਪਾਲ ਸਿੰਘ ਦੇ ਆਤਮ-ਸਮਰਪਣ ਕਰਨ ਦੇ ਦਾਅਵੇ 'ਤੇ ਸਾਬਕਾ ਜਥੇਦਾਰ ਜਸਬੀਰ ਸਿੰਘ ਰੋਡੇ ਵੀ ਸਹੀ ਪਾ ਰਹੇ ਹਨ। ਜਸਵੀਰ ਸਿੰਘ ਰੋਡੇ ਨੇ ਦਾਅਵਾ ਕੀਤਾ ਹੈ ਕਿ ਸ਼ਨਿਚਰਵਾਰ ਰਾਤ ਨੂੰ ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਸੀ ਕਿ ਅੰਮ੍ਰਿਤਪਾਲ ਸਿੰਘ ਪਿੰਡ ਰੋਡੇ ਤੋਂ ਗ੍ਰਿਫਤਾਰੀ ਦੇਣੀ ਚਾਹੁੰਦਾ ਹੈ, ਇਸ ਲਈ ਉਹ ਰੋਡੇ ਪਿੰਡ ਪਹੁੰਚੇ ਅਤੇ ਉਨ੍ਹਾਂ ਅੰਮ੍ਰਿਤਪਾਲ ਸਿੰਘ ਨਾਲ ਮੁਲਾਕਾਤ ਵੀ ਕੀਤੀ। ਇਹ ਵੀ ਤੱਥ ਹੈ ਕਿ ਜਸਵੀਰ ਸਿੰਘ ਰੋਡੇ ਕੁਝ ਦਿਨ ਪਹਿਲਾਂ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੂੰ ਵੀ ਉਨ੍ਹਾਂ ਦੇ ਪਿੰਡ ਜੱਲੂਪੁਰ ਖੇੜਾ ਮਿਲ ਕੇ ਆਏ ਸਨ। ਸਵਾਲ ਜਸਵੀਰ ਸਿੰਘ ਰੋਡੇ 'ਤੇ ਵੀ ਉੱਠਦਾ ਹੈ ਕਿ ਪੁਲਿਸ ਨੇ ਉਸ ਨੂੰ ਹੀ ਕਿਉਂ ਦੱਸਿਆ? ਜਸਵੀਰ ਸਿੰਘ ਰੋਡੇ ਇਹ ਸਭ ਦੱਸਣ ਵਾਲੇ ਪੁਲਿਸ ਅਫਸਰ ਦਾ ਨਾਮ ਨਸ਼ਰ ਨਹੀਂ ਕਰ ਰਹੇ। ਇਸ ਮਸਲੇ ਤੋਂ ਲੱਗਦਾ ਹੈ ਕਿ ਇਹ ਸਭ ਤੈਅਸ਼ੁਦਾ ਸੀ ਜਿਸ ਵਿਚ ਜਸਵੀਰ ਸਿੰਘ ਰੋਡੇ ਵੀ ਸ਼ਾਮਲ ਹੋਵੇਗਾ।

ਇਸ ਮਸਲੇ ਵਿਚ ਤਿੰਨ ਧਿਰਾਂ ਹਨ: ਅੰਮ੍ਰਿਤਪਾਲ ਸਿੰਘ, ਜਸਵੀਰ ਸਿੰਘ ਰੋਡੇ ਅਤੇ ਸੂਬਾ ਸਰਕਾਰ। ਤਿੰਨਾਂ ਦੇ ਬਿਆਨਾਂ ਤੋਂ ਪੂਰਾ ਮਸਲਾ ਸਮਝਿਆ ਜਾ ਸਕਦਾ ਹੈ। ਅੰਮ੍ਰਿਤਪਾਲ ਸਿੰਘ ਆਤਮ-ਸਮਰਪਣ ਲਈ ਪਿੰਡ ਰੋਡੇ ਦੇ ਗੁਰਦੁਆਰੇ ਪਹੁੰਚਦਾ ਹੈ। ਜਸਵੀਰ ਸਿੰਘ ਰੋਡੇ ਜਿਨ੍ਹਾਂ ਨੂੰ ਇੱਕ ਦਿਨ ਪਹਿਲਾਂ ਹੀ ਪਤਾ ਲੱਗਦਾ ਹੈ, ਉਹ ਵੀ ਪਹੁੰਚਦੇ ਹਨ। ਭਗਵੰਤ ਮਾਨ ਵੀ ਇਹੋ ਕਹਿ ਰਹੇ ਹਨ ਕਿ 'ਮੈਂ ਕੱਲ੍ਹ ਪੂਰੀ ਰਾਤ ਨਹੀਂ ਸੌਂ ਸਕਿਆ, ਮੇਰੇ ਕੋਲ ਰਾਤ ਹੀ ਖਬਰ ਆ ਗਈ ਸੀ। ਮੈਂ ਹਰ 15 ਮਿੰਟ ਬਾਅਦ ਪੁੱਛਦਾ ਰਿਹਾ, ਖਬਰ ਲੈਂਦਾ ਰਿਹਾ ਕਿਉਂਕਿ ਮੈਂ ਨਹੀਂ ਚਾਹੁੰਦਾ ਸੀ ਕਿ ਪੰਜਾਬ ਦਾ ਕਾਨੂੰਨ ਪ੍ਰਬੰਧ ਜਾਂ ਮਾਹੌਲ ਖਰਾਬ ਹੋਵੇ'। ਜ਼ਾਹਿਰ ਹੈ ਕਿ ਇਹ ਸਾਰੀ ਸਕਰਿਪਟ ਤੈਅਸ਼ੁਦਾ ਸੀ ਜਿਸ 'ਤੇ ਕਾਰਵਾਈ



ਸ਼ਨਿਚਰਵਾਰ ਦੀ ਰਾਤ ਨੂੰ ਹੀ ਸ਼ੁਰੂ ਹੋ ਗਈ ਸੀ।

ਅੰਮ੍ਰਿਤਪਾਲ ਸਿੰਘ ਅਤੇ ਪਪਲਪ੍ਰੀਤ ਸਿੰਘ ਜਿਨ੍ਹਾਂ ਘਰਾਂ ਵਿਚ ਰੁਕੇ ਜਾਂ ਸੰਪਰਕ ਕੀਤੇ, ਪੁਲਿਸ ਨੇ ਉਹਨਾਂ ਲੋਕਾਂ ਦੇ ਪੁਲਿਸ ਰਿਮਾਂਡ ਲੈ ਕੇ ਪੁੱਛ-ਗਿੱਛ ਕੀਤੀ ਪਰ ਇਹਨਾਂ ਦੋਵਾਂ ਨਾਲ ਅਜਿਹਾ ਨਹੀਂ ਹੋਇਆ। ਜਿਸ ਬੰਦੇ ਨੂੰ ਫੜਨ ਲਈ ਪਬਲਿਕ ਸਥਾਨਾਂ ਦੀਆਂ ਕੰਧਾਂ ਪੋਸਟਰਾਂ ਨਾਲ ਭਰ ਦਿੱਤੀਆਂ ਹੋਣ ਤੇ ਨੇਪਾਲ ਤੱਕ ਨਾਕੇਬੰਦੀ ਕੀਤੀ ਹੋਵੇ, ਜੇ ਪੁਲਿਸ ਉਸ ਨੂੰ 'ਗ੍ਰਿਫਤਾਰ' ਕਰੇ ਤਾਂ ਸਿੱਧਾ ਜੇਲ੍ਹ ਭੇਜ ਦੇਵੇ, ਇਸ ਤਰ੍ਹਾਂ ਆਮ ਤੌਰ 'ਤੇ ਨਹੀਂ ਹੁੰਦਾ। ਅਜਿਹੇ ਕੇਸਾਂ ਵਿਚ ਪੁਲਿਸ ਖੁਦ ਵੱਧ ਤੋਂ ਵੱਧ ਦਿਨਾਂ ਦਾ ਰਿਮਾਂਡ ਲੈਣ ਦਾ ਯਤਨ ਕਰਦੀ ਹੈ।

ਹਕੀਕਤ ਇਹ ਹੈ ਕਿ ਭਗਵੰਤ ਮਾਨ ਸਰਕਾਰ ਨੇ ਅੰਮ੍ਰਿਤਪਾਲ ਸਿੰਘ ਮਾਮਲੇ ਨੂੰ ਹੱਦੋਂ ਵੱਧ ਉਭਾਰ ਕੇ ਪਹਿਲਾਂ ਵੀ ਆਪਣੀਆਂ ਨਾਕਾਮੀਆਂ ਛੁਪਾਉਣ ਦਾ ਯਤਨ ਕੀਤਾ ਹੈ ਤੇ ਹੁਣ ਵੀ ਇਹੋ ਕਰ ਰਹੀ ਹੈ। ਪੰਜਾਬੀਆਂ ਨੂੰ 'ਬਦਲਾਅ' ਤਹਿਤ ਚੰਗਾ ਸ਼ਾਸਨ ਦੇਣ ਦਾ ਦਾਅਵਾ ਕਰ ਕੇ ਸੱਤਾ ਵਿਚ ਆਈ 'ਆਪ' ਸਰਕਾਰ ਨੇ ਇੱਕ ਸਾਲ ਵਿਚ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਵਾਂਗ ਹੀ ਸਰਕਾਰ ਚਲਾਈ। ਬਠਿੰਡਾ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਇੰਟਰਵਿਊ ਕਦ ਅਤੇ ਕਿੱਥੇ ਹੋਈ? ਸਿੱਧੂ ਮੂਸੇਵਾਲਾ ਦੇ ਅਸਲੀ ਕਾਤਲ ਅਜੇ ਤੱਕ ਪੁਲਿਸ ਦੀ ਗ੍ਰਿਫਤ ਤੋਂ ਬਾਹਰ ਕਿਉਂ ਹਨ? ਭਗਵੰਤ ਮਾਨ ਨੇ ਕਿਹਾ ਸੀ ਕਿ ਗੋਲਡੀ ਬਰਾੜ ਨੂੰ ਵਿਦੇਸ਼ ਵਿਚ ਨਜ਼ਰਬੰਦ ਕਰ ਲਿਆ ਹੈ ਤਾਂ ਉਸ ਦਾ ਕੀ ਬਣਿਆ? ਸੂਬਾ ਸਰਕਾਰ ਨੇ ਇੱਕ ਸਾਲ ਵਿਚ ਕੀ ਬਦਲਾਅ ਲਿਆਂਦਾ? ਔਰਤਾਂ ਦੇ ਖਾਤਿਆਂ ਵਿਚ ਇੱਕ-ਇੱਕ ਹਜ਼ਾਰ ਰੁਪਿਆ ਕਿਉਂ ਨਹੀਂ ਆਇਆ? ਜਿਹੇ ਸਵਾਲਾਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਭਗਵੰਤ ਮਾਨ ਸਰਕਾਰ ਨੇ ਇਸ ਛੋਟੇ ਜਿਹੇ ਮਾਮਲੇ ਨੂੰ ਉਭਾਰ ਕੇ ਬੇਲੋੜਾ ਬਿਰਤਾਂਤ ਸਿਰਜਿਆ। ਕੁਝ ਹੱਦ ਤੱਕ ਇਹ ਵੀ ਸੱਚ ਹੈ ਕਿ ਸਰਕਾਰ ਨੇ 19 ਮਾਰਚ ਨੂੰ ਸਿੱਧੂ ਮੂਸੇਵਾਲਾ ਦੀ ਪਹਿਲੀ ਬਰਸੀ 'ਤੇ ਹੋਣ ਵਾਲਾ ਇਕੱਠ ਸੀਮਤ ਕਰਨ ਲਈ ਇੰਟਰਨੈੱਟ ਬੰਦ ਕਰ ਕੇ ਹਊਆ ਖੜ੍ਹਾ ਕੀਤਾ ਸੀ। ਹੁਣ ਜਦ ਜਲੰਧਰ ਚੋਣ ਹੋ ਰਹੀ ਹੈ ਤਾਂ ਉਸ ਚੋਣ ਵਿਚ ਰਾਸ਼ਟਰਵਾਦੀ ਹੋਣ ਦਾ ਸੁਨੇਹਾ ਦੇਣ ਲਈ ਅੰਮ੍ਰਿਤਪਾਲ ਸਿੰਘ ਨੂੰ ਫੜਿਆ ਗਿਆ ਹੈ।

ਕੁਝ ਲੋਕ ਅੰਮ੍ਰਿਤਪਾਲ ਸਿੰਘ ਦੇ ਆਤਮ-ਸਮਰਪਣ ਨੂੰ ਉਸ ਦੀ ਪਤਨੀ ਨੂੰ ਇੰਗਲੈਂਡ ਜਾਣ ਤੋਂ ਰੋਕਣ ਨਾਲ ਜੋੜ ਕੇ ਵੀ ਦੇਖ ਰਹੇ ਹਨ ਪਰ ਅੰਮ੍ਰਿਤਪਾਲ ਸਿੰਘ ਦੀ ਪਤਨੀ ਕਿਰਨਦੀਪ ਕੌਰ ਨੂੰ ਇਮੀਗਰੇਸ਼ਨ ਅਧਿਕਾਰੀਆਂ ਅਤੇ ਪੰਜਾਬ ਪੁਲਿਸ ਵੱਲੋਂ ਸ੍ਰੀ ਗੁਰੂ ਰਾਮਦਾਸ ਜੀ ਕੌਮਾਂਤਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਰੋਕਣਾ ਸਰਕਾਰ ਦੀ ਸਿਰੇ ਦੀ ਗੈਰ-ਜਮਹੂਰੀ ਕਾਰਵਾਈ ਹੈ। ਕਿਰਨਦੀਪ ਕੌਰ ਖਿਲਾਫ ਦੇਸ਼ ਵਿਚ ਕਿਧਰੇ ਵੀ ਕੋਈ ਕੇਸ ਦਰਜ ਨਹੀਂ ਤੇ ਨਾ ਹੀ ਉਸ ਖਿਲਾਫ ਕੋਈ ਜਾਂਚ ਚੱਲ ਰਹੀ ਹੈ ਤਾਂ ਇਸ ਸੂਰਤ ਵਿਚ ਹਵਾਈ ਅੱਡੇ 'ਤੇ ਤਿੰਨ-ਚਾਰ ਘੰਟੇ ਪੁੱਛਗਿੱਛ ਤੋਂ ਬਾਅਦ ਇੰਗਲੈਂਡ ਜਾ ਰਹੀ ਏਅਰ ਇੰਡੀਆ ਦੀ ਉਡਾਣ ਲੰਘਾ ਦੇਣਾ ਸਰਕਾਰ ਦੀ ਇੱਕਪਾਸੜ ਕਾਰਵਾਈ ਕਹੀ ਜਾ ਸਕਦੀ ਹੈ।

ਬਰਤਾਨਵੀ ਨਾਗਰਿਕ ਕਿਰਨਦੀਪ ਕੌਰ ਦਾ ਇਸੇ ਸਾਲ ਫਰਵਰੀ ਮਹੀਨੇ ਅੰਮ੍ਰਿਤਪਾਲ ਸਿੰਘ ਨਾਲ ਵਿਆਹ ਹੋਇਆ ਸੀ ਅਤੇ ਵਿਆਹ ਪਿੱਛੋਂ ਉਹ ਪਿੰਡ ਜੱਲੂਪੁਰ ਖੇੜਾ ਵਿਚ ਹੀ ਰਹਿ ਰਹੀ ਹੈ। ਕਿਸੇ ਰੂਪੋਸ਼ ਬੰਦੇ ਦੀ ਪਤਨੀ ਖਿਲਾਫ ਸਿਰਫ ਉਸ ਦੇ ਪਤੀ ਕਾਰਨ ਕਾਰਵਾਈ ਕਰਨਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ।

ਵੈਸੇ ਪੰਜਾਬ ਵਿਚ ਸਰਕਾਰ/ਪੁਲਿਸ ਵੱਲੋਂ ਇਸ ਤਰ੍ਹਾਂ ਦੀਆਂ ਗੈਰ-ਜਮਹੂਰੀ ਕਾਰਵਾਈਆਂ ਪਿਛਲੇ ਕਈ ਦਹਾਕਿਆਂ ਤੋਂ ਕੀਤੀਆਂ ਜਾ ਰਹੀਆਂ ਹਨ। ਨਕਸਲਵਾੜੀ ਲਹਿਰ ਸਮੇਂ ਪੁਲਿਸ ਨੇ ਲਹਿਰ ਦੇ ਰੂਪੋਸ਼ ਆਗੂਆਂ ਦੇ ਪਰਿਵਾਰਾਂ/ਪਤਨੀਆਂ ਨੂੰ ਤਸ਼ੱਦਦ ਦਾ ਸ਼ਿਕਾਰ ਬਣਾਇਆ ਸੀ। ਪੰਜਾਬ ਦੇ ਚੋਟੀ ਦੇ ਨਕਸਲੀ ਆਗੂ ਸ਼ਮਸ਼ੇਰ ਸਿੰਘ ਸ਼ੇਰੀ ਦੀ ਪਤਨੀ ਨੂੰ ਪੁਲਿਸ ਨੇ ਥਾਣਿਆਂ/ਜੇਲ੍ਹਾਂ ਵਿਚ ਰੱਖ ਕੇ ਪਰਿਵਾਰ ਨੂੰ ਨਿਸ਼ਾਨਾ ਬਣਾਇਆ ਸੀ। ਖਾਲਿਸਤਾਨੀ ਲਹਿਰ ਸਮੇਂ ਵੀ ਪੁਲਿਸ ਨੇ ਅਨੇਕਾਂ ਖਾਲਿਸਤਾਨੀਆਂ ਦੇ ਪਰਿਵਾਰਾਂ ਨੂੰ ਨਿਸ਼ਾਨਾ ਬਣਾਇਆ ਸੀ। ਉਸ ਸਮੇਂ ਵੀ ਬਹੁਤ ਸਾਰੀਆਂ ਜਮਹੂਰੀ ਧਿਰਾਂ ਨੇ ਅਜਿਹੀਆਂ ਕਾਰਵਾਈਆਂ ਦੀ ਨਿਖੇਧੀ ਕੀਤੀ ਸੀ ਤੇ ਅੱਜ ਵੀ ਕਰਨੀ ਬਣਦੀ ਹੈ।

ਅੰਮ੍ਰਿਤਪਾਲ ਸਿੰਘ ਜਾਂ ਉਸ ਦੀ ਵਿਚਾਰਧਾਰਾ ਨਾਲ ਕਿਸੇ ਦੇ ਮੱਤਭੇਦ ਹੋ ਸਕਦੇ ਹਨ ਪਰ ਜਿਸ ਤਰ੍ਹਾਂ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀਆਂ ਨਾਲ ਸਰਕਾਰ ਨੇ ਵਿਹਾਰ ਕੀਤਾ ਹੈ, ਉਹ ਬਿਲਕੁੱਲ ਗਲਤ ਹੈ। ਕਿਸੇ 'ਤੇ ਵੀ ਨੈਸ਼ਨਲ ਸਕਿਉਰਿਟੀ ਐਕਟ (ਐਨ.ਐਸ.ਏ.) ਵਰਗਾ ਕਾਲਾ ਕਾਨੂੰਨ ਲਾਉਣਾ, ਆਪਣੇ ਸੂਬੇ ਤੋਂ ਹਜ਼ਾਰਾਂ ਕਿਲੋਮੀਟਰ ਦੂਰ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਕਰਨਾ, ਅੰਮ੍ਰਿਤਪਾਲ ਸਿੰਘ ਦੀ ਜੇਲ੍ਹ ਵਿਚੋਂ ਤਸਵੀਰ ਨਸ਼ਰ ਕਰਨਾ ਸਰਕਾਰ ਦੀ ਲੋਕ ਵਿਰੋਧੀ ਕਾਰਵਾਈ ਹੈ।

ਅੰਮ੍ਰਿਤਪਾਲ ਸਿੰਘ ਮਾਮਲੇ ਨੂੰ ਉਭਾਰ ਕੇ ਭਾਜਪਾ ਨੇ ਵੀ ਆਪਣੇ ਢੰਗ ਨਾਲ ਚੋਣਾਂ ਵਿਚ ਲਾਹਾ ਲੈਣ ਦਾ ਯਤਨ ਕੀਤਾ ਹੈ। ਕੌਮੀ ਮੀਡੀਆ ਦੇ ਇੱਕ ਹਿੱਸੇ ਨੇ ਇਸ ਮਸਲੇ ਨਾਲ ਜੋੜ ਕੇ ਸਿੱਖ ਭਾਈਚਾਰੇ ਖਿਲਾਫ ਬਿਰਤਾਂਤ ਸਿਰਜਣ ਦਾ ਯਤਨ ਕੀਤਾ ਹੈ। ਇੱਕ ਪਾਸੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਦੋ ਦਿਨ ਪਹਿਲਾਂ ਕਿਹਾ ਕਿ ਪੰਜਾਬ ਵਿਚ ਖਾਲਿਸਤਾਨ ਕੋਈ ਵੱਡਾ ਮਸਲਾ ਨਹੀਂ; ਦੂਜੇ ਪਾਸੇ ਮਾਰਚ ਮਹੀਨੇ ਦੇ ਦੂਜੇ ਪੰਦਰਵਾੜੇ ਇਨ੍ਹਾਂ ਦੇ ਮੀਡੀਆ ਨੇ ਇਸ ਤਰ੍ਹਾਂ ਪੇਸ਼ਕਾਰੀ ਕੀਤੀ ਜਿਵੇਂ ਪੰਜਾਬ ਵਿਚ ਸ਼ਾਹ ਤਾਂ ਕੁਝ 'ਵੱਖਰਾ' ਹੋ ਰਿਹਾ ਸੀ, ਐਨ ਮੌਕੇ 'ਤੇ ਕੇਂਦਰ ਤੇ ਸੂਬਾ ਸਰਕਾਰ ਨੇ ਸਾਂਝੇ ਆਪ੍ਰੇਸ਼ਨ ਰਾਹੀਂ ਰੋਕ ਲਿਆ।

ਸੁਹਿਰਦ ਲੋਕਾਂ/ਮੀਡੀਆ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਸਰਕਾਰ ਦੇ ਸਿਰਜੇ ਜਾ ਰਹੇ ਬਿਰਤਾਂਤ ਤੋਂ ਹਟ ਕੇ ਚੁਟਕੀਆਂ ਮਾਰ ਕੇ ਪੰਜਾਂ ਮਿੰਟਾਂ ਵਿਚ ਸਾਰੀਆਂ ਫਸਲਾਂ 'ਤੇ ਐਮ.ਐਸ.ਪੀ. ਦੇਣ ਵਾਲਿਆਂ ਨੂੰ ਇੱਕ ਰੁਪਏ ਪ੍ਰਤੀ ਕਿਲੋ ਵਿੱਕ ਰਹੀ ਸ਼ਿਮਲਾ ਮਿਰਚ ਜਿਹੇ ਸਵਾਲਾਂ ਦੇ ਰੂ-ਬ-ਰੂ ਕਰਵਾਈਏ।

# ਭਾਰਤੀ ਫੌਜ ਦੇ ਇੱਕ ਜਾਂ-ਬਾਜ ਪੰਜਾਬੀ ਜਰਨੈਲ ਦੀ ਸਵੈ-ਜੀਵਨੀ

ਫਿਰੋਜ਼ਪੁਰ ਜ਼ਿਲੇ ਦੀ ਪਿਛੋਕੜ ਵਾਲ਼ੇ ਪੰਜਾਬੀ ਮੂਲ ਦੇ ਲੈਫਟੀਨੈਂਟ ਜਨਰਲ ਕੇ.ਜੇ.ਐਸ ਢਿੱਲੋਂ ਦੀ, ਹਿੰਦੀ ਦੇ ਸਿਰਲੇਖ ਵਾਲ਼ੀ ਅਤੇ ਅੰਗਰੇਜੀ 'ਚ ਛਪੀ ਸਵੈ-ਜੀਵਨੀ, ਫਰਵਰੀ, 2023 'ਚ ਰਿਲੀਜ਼ ਹੋਈ ਅਤੇ ਦਿਨਾਂ ਵਿੱਚ ਹੀ ਭਾਰਤ ਦੀ 'ਨੈਸ਼ਨਲ ਬੈਸਟ-ਸੈਲਰ' ਬਣ ਗਈ। ਸ. ਢਿਲੋਂ ਜਨਵਰੀ, 2022 ਨੂੰ ਡਿਫੈਂਸ ਇੰਟੈਲੀਜੈਂਸ ਏਜੈਂਸੀ ਦੇ ਡਾਇਰੈਕਟਰ-ਜਨਰਲ ਦੇ ਉੱਚ-ਅਹੁਦੇ ਤੋਂ ਸੇਵਾ-ਮੁਕਤ ਹੋਏ ਅਤੇ ਫੌਜ ਦੇ ਸਭ

**ਇੰਜ. ਈਸ਼ਰ ਸਿੰਘ**
**647 640 2014**

ਤੋਂ ਵੱਡੇ 'ਪਰਮ ਵਿਸ਼ਿਸ਼ਟ ਸੇਵਾ ਮੈਡਲ' ਸਣੇ ਅਨੇਕਾਂ ਹੋਰ ਫੌਜੀ ਮਾਨ-ਸਨਮਾਨ ਪ੍ਰਾਪਤ ਕਰਚੁੱਕੇ ਹਨ। ਵੱਡੇ ਅਹੁਦਿਆਂ ਦੀਆਂ ਜ਼ਿੰਮੇਵਾਰੀਆਂ ਦੇ ਬਾਵਜੂਦ ਐਮ.ਫਿਲ ਅਤੇ ਪੀ.ਐਚ.ਡੀ ਵੀ ਕੀਤੀ ਹੋਈ ਹੈ। ਕੱਦ ਭਾਵੇਂ ਛੇ ਫੁੱਟ ਤਿੰਨ ਇੰਚ ਹੈ ਪਰ ਆਪਣੀ ਮਾਂ-ਰੈਜਮੈਂਟ (4 ਰਾਜਪੂਤਾਨਾ ਰਾਈਫਲਜ) ਦੀ ਇੱਕ ਵਿਲੱਖਣ ਪ੍ਰਥਾ ਅਨੁਸਾਰ ਆਪ ਦਾ ਫੌਜੀ ਨਿੱਕ-ਨੇਮ 'ਟਾਇਨੀ' ਢਿੱਲੋਂ ਹੈ, ਜਿਸ ਦਾ ਅੱਖਰੀ ਅਰਥ ਹੈ 'ਨਿੱਕਾ-ਜਿਹਾ'। ਰੈਜਮੈਂਟ ਦੀ ਪ੍ਰਥਾ ਅਨੁਸਾਰ ਨਵੇਂ ਭਰਤੀ ਹੋਏ ਹਰ ਅਫਸਰ ਦਾ ਨਿੱਕ-ਨੇਮ ਉਸ ਦੇ ਸਰੀਰਕ ਅਤੇ ਮਾਨਸਿਕ ਗੁਣਾਂ ਦੇ ਬਿਲਕੁਲ ਉਲਟ ਰੱਖਿਆ ਜਾਂਦਾ ਹੈ-ਜਿਵੇਂ ਕਿ ਉਨ੍ਹਾਂ ਦੇ ਇੱਕ ਬਹੁਤ ਹੀ ਬੁੱਧੀਮਾਨ ਅਤੇ ਸੂਝਵਾਨ ਸਾਥੀ-ਅਫਸਰ ਦਾ ਨਿੱਕ-ਨੇਮ 'ਕਮਲ਼ਾ' ਸੀ। ਭਾਵ ਕਿ ਅਫਸਰ ਆਪਣੇ ਗੁਣਾਂ ਨੂੰ ਰੱਬੀ ਬਖ਼ਸ਼ਿਸ਼ ਸਮਝੇ ਅਤੇ ਇਨ੍ਹਾਂ ਦਾ ਗੁਮਾਨ ਨਾ ਕਰੇ। ਉਨ੍ਹਾਂ ਆਪਣੀ ਸਵੈ-ਜੀਵਨੀ, ਸੇਵਾ-ਮੁਕਤ ਹੋਣ ਤੋਂ ਤੁਰੰਤ ਬਾਅਦ ਲਿਖੀ ਹੈ। ਸਾਰੇ ਤੱਥ ਤਾਜ਼ੇ ਅਤੇ ਅੱਜ ਦੇ ਹਾਲਾਤਾਂ ਦੇ ਪੂਰੀ ਤਰ੍ਹਾਂ ਪ੍ਰਸੰਗਕ ਹਨ ਅਤੇ ਕਸ਼ਮੀਰ ਦੀ ਸੁਰੱਖਿਆ ਬਾਰੇ ਪਏ ਕਈ ਭੁਲੇਖਿਆਂ ਨੂੰ ਦੂਰ ਕਰਦੇ ਹਨ। ਜ਼ਿਕਰਯੋਗ ਹੈ ਕਿ ਇਸ ਕੌਮੀ ਜਰਨੈਲ ਨਾਲ਼ ਜ਼ਿਲਾ, ਧਰਮ ਅਤੇ ਰਾਜ ਅਸੀਂ ਆਪਣੀ ਤੰਗ ਸੋਚ ਕਰ ਕੇ ਜੋੜ ਰਹੇ ਹਾਂ, ਵਰਨਾ ਕਿਤਾਬ 'ਚ ਇਨ੍ਹਾਂ ਦਾ ਕਿਧਰੇ ਕੋਈ ਜ਼ਿਕਰ ਨਹੀਂ। ਇਸ 'ਚ ਜ਼ਿਕਰ ਹੈ ਤਾਂ ਸਿਰਫ ਦੇਸ਼ ਦਾ, ਕੌਮ ਦਾ, ਫੌਜ ਦਾ, ਰੈਜਮੈਂਟ ਅਤੇ ਪਲਟਣ ਦਾ ਅਤੇ ਇਨ੍ਹਾਂ ਇਕਾਈਆਂ ਪ੍ਰਤੀ ਪੂਰੀ ਨਿਸ਼ਠਾ ਨਾਲ਼ ਡਿਊਟੀਆਂ ਨਿਭਾਉਣ ਦਾ। ਇਸ 'ਚ ਪਾਠ ਹੈ ਇਨ੍ਹਾਂ ਪ੍ਰਤੀ ਸੰਪੂਰਨ ਇਮਾਨਦਾਰੀ, ਵਫ਼ਾਦਾਰੀ ਅਤੇ ਜ਼ਿੰਮੇਦਾਰੀ ਦਾ ਅਤੇ ਆਪਣੇ-ਆਪ ਨੂੰ ਇਨ੍ਹਾਂ ਦੇ ਨਾਮ, ਨਮਕ ਅਤੇ ਨਿਸ਼ਾਨ ਪ੍ਰਤੀ ਹਰ ਪਲ ਸਮਰਪਿਤ ਕਰਦੇ ਰਹਿਣ ਦਾ।

ਕਿਤਾਬ ਦੀ ਵਿਸ਼ਾ-ਵਸਤੂ ਤੋਂ ਪਰਤੱਖ ਹੈ ਕਿ ਜਨਰਲ ਸਾਹਿਬ ਵਿਸ਼ਵ ਇਤਿਹਾਸ-ਖਾਸ ਕਰ ਕੇ ਫੌਜੀ ਇਤਿਹਾਸ ਅਤੇ ਸਮਕਾਲੀ ਯੁੱਧ ਰਣ-ਨੀਤੀਆਂ ਦੇ ਮਾਹਿਰ ਅਤੇ ਮਨੁੱਖੀ ਕਦਰਾਂ-ਕੀਮਤਾਂ ਦੇ ਹਾਮੀ ਹਨ। ਸ੍ਰੀ ਗੁਰੂ ਗੋਬਿੰਦ ਸਿੰਘ, ਨੈਪੋਲੀਅਨ, ਜਾਰਜ ਬਰਨਾਰਡ ਸ਼ਾਅ, ਫਰੈਂਡਰਿਕ ਮਹਾਨ, ਸ਼ੈਕਸ਼ਪੀਅਰ, ਅਮੀਰ ਖੁਸਰੋ ਅਤੇ ਹੋਰ ਮਹਾਨ ਵਿਅਕਤੀਆਂ ਦੀਆਂ ਟੂਕਾਂ ਆਪ ਦੇ ਵਿਸਤ੍ਰਿਤ ਅਧਿਐਨ ਦਾ ਸਬੂਤ ਹਨ। ਆਪ ਲਿਖਦੇ ਹਨ ਕਿ 'ਮੈਂ ਆਪਣੀ ਸਵੈ-ਜੀਵਨੀ ਰਾਹੀਂ ਪਾਠਕਾਂ ਨੂੰ ਉਤਸ਼ਾਹਿਤ ਕਰਨਾ ਚਾਹੁੰਦਾ ਹਾਂ ਕਿ ਉਹ ਆਪਣੀਆਂ ਵੰਗਾਰਾਂ ਨੂੰ ਤਰੱਕੀ ਦੇ ਸੁਨਹਿਰੀ ਮੌਕੇ ਸਮਝਣ, ਹੋਰਾਂ ਨੂੰ ਉਨ੍ਹਾਂ ਦੀਆਂ ਵਡਿਆਈਆਂ ਦਾ ਅਹਿਸਾਸ ਕਰਵਾਉਣ, ਪ੍ਰਾਪਤੀਆਂ ਤੋਂ ਵੱਧ ਉਨ੍ਹਾਂ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕਰਨ, ਮਿਤ੍ਰਤਾ ਨਿਭਾਉਣ, ਨਵੇਂ ਸੰਬੰਧ ਬਣਾਉਣ ਅਤੇ ਪੁਗਾਉਣ।

ਸਭ ਤੋਂ ਵੱਡੀ ਗੱਲ ਕਿ ਓਥੇ ਹਾਜ਼ਰ ਹੋਣ ਜਿੱਥੇ ਸੱਜਣਾਂ-ਮਿਤਰਾਂ ਨੂੰ ਅਤੇ ਫਰਜ਼ਾਂ ਕਰ ਕੇ ਉਨ੍ਹਾਂ ਦੀ ਲੋੜ ਹੈ। ਇੱਕ ਹੋਰ ਨਸੀਹਤ ਕਰਦੇ ਹਨ ਕਿ ਹਰ ਛੋਟੀ-ਵੱਡੀ ਅਤੇ ਮੰਦੀ-ਚੰਗੀ ਘਟਨਾ ਸਾਡੇ ਜੀਵਨ ਦੀ ਸਮੁੱਚੀ ਤਸਵੀਰ ਦਾ ਇੱਕ ਜਰੂਰੀ ਅੰਗ ਹੁੰਦੀ ਹੈ ਅਤੇ ਇਸ ਪ੍ਰਤੀ ਅਪਣਾਇਆ ਸਾਕਾਰਾਤਮਿਕ ਅਤੇ ਉਸਾਰੂ ਰਵੱਈਆ ਸਾਡੇ ਜੀਵਨ ਨੂੰ ਸਹੀ ਸੇਧ ਦਿੰਦਾ ਹੈ। ਇਹ ਕਿਤਾਬ ਅੱਜ ਦੇ ਗੁੰਝਲ਼ਦਾਰ ਸਮੇਂ ਦੀ ਸਵੈ-ਵਿਕਾਸ ਅਤੇ ਸਵੈ-ਸੁਧਾਰ ਦੀ ਸਰਵ-ਸੰਪੰਨ ਅਤੇ ਸਰਵੋਤਮ ਕਿਤਾਬਾਂ 'ਚ ਗਿਣਜਾ ਸਕਣ ਵਾਲ਼ੀ ਗਾਈਡ ਹੈ।


ਭਾਰਤ 'ਚ ਇਸ ਤਰ੍ਹਾਂ ਦੀਆਂ ਕਿਤਾਬਾਂ ਦੀ ਬਹੁਤ ਘਾਟ ਹੈ, ਜੋ ਮਾਹਿਰਾਂ ਵਲੋਂ ਜਨ-ਸਧਾਰਨ ਦੇ ਲਾਭ- ਹਿਤ ਲਿਖੀਆਂ ਗਈਆਂ ਹੋਣ। ਇਹ ਕਿਤਾਬ ਇਸ ਘਾਟ ਨੂੰ ਪੂਰੀ ਕਰਨ ਦੀ ਇੱਕ ਸੁਹਿਰਦ ਅਤੇ ਸਫਲ ਕੋਸ਼ਿਸ਼ ਹੈ। ਕਿਸੇ ਜਰਨੈਲ ਵਲੋਂ ਸਵੈ-ਜੀਵਨੀ ਲਿਖਣਾ"ਖਾਸ ਕਰ ਕੇ ਸੇਵਾਮੁਕਤ ਹੋਣ ਤੋਂ ਤੁਰੰਤ ਬਾਅਦ ਬਹੁਤ ਨਾਜ਼ੁਕ ਕੰਮ ਹੈ ਕਿਉਂਕਿ ਇਸ ਦਾ ਦੇਸ਼-ਕੌਮ ਦੀ ਸੁਰੱਖਿਆ ਨਾਲ਼ ਸਿੱਧਾ ਵਾਸਤਾ ਹੁੰਦਾ ਹੈ ਅਤੇ ਇਸ ਦੇ ਕਿਸੇ ਹਿੱਸੇ ਨੂੰ ਵੀ ਰਾਜਨੀਤਕ ਰੰਗ ਦਿੱਤਾ ਜਾ ਸਕਦਾ ਹੈ। ਪਰ ਬਹੁਤ ਡੂੰਘੀ ਸੋਚ-ਵਿਚਾਰ ਅਤੇ ਬਹੁਤ ਮਿਹਨਤ ਕਰ ਕੇ ਲਿਖੀ ਇਹ ਸਵੈ-ਜੀਵਨੀ, ਇਨ੍ਹਾਂ ਸਭ ਕਸਵੱਟੀਆਂ ਤੇ ਪੂਰੀ ਉੱਤਰਦੀ ਹੈ। ਆਪਣੀ ਮਿਹਨਤ ਦਾ ਜ਼ਿਕਰ ਕਰਦਿਆਂ 'ਟਾਇਨੀ ਢਿੱਲੋਂ' ਦਸਦੇ ਹਨ ਕਿ ਉਨ੍ਹਾਂ ਦੇ ਲੱਗ-ਭੱਗ 9,000 ਘੰਟੇ, ਢਾਈ ਸੌ ਦੇ ਕਰੀਬ ਸਹਿ-ਯੋਗੀਆਂ ਦੀ ਸਹਾਇਤਾ ਅਤੇ ਸਵਾ ਕਰੋੜ ਤੋਂ ਵੱਧ ਪੰਨਿਆਂ ਦੀ ਜਾਂਚ-ਪੜਤਾਲ਼, ਇਸ ਕਿਤਾਬ ਦਾ ਆਧਾਰ ਹਨ। ਨਵੀ ਪਿਰਤ ਦੀ ਇਹ ਕਿਤਾਬ, ਆਪ ਦੀ ਸਰਵ-ਪੱਖੀ ਪੇਸ਼ਾਵਰਾਨਾ ਮੁਹਾਰਤ, ਆਪ ਦੇ ਸਿਰੜ ਅਤੇ ਆਪ ਦੀ ਵਿਸ਼ਾਲ ਵਿਦਵਤਾ ਦਾ ਪਰਤੱਖ ਸਬੂਤ ਹੈ ਅਤੇ ਜਨ-ਸਧਾਰਨ ਅਤੇ ਸਿਵਲ-ਪ੍ਰਬੰਧਕਾਂ ਲਈ ਇੱਕ ਵਡਮੁੱਲਾ ਤੋਹਫ਼ਾ ਹੈ।

ਇਹ ਕਿਤਾਬ ਸਿਵਲ ਸਮਾਜ ਨੂੰ ਭਾਰਤੀ ਫੌਜ ਦੀ ਸਮੁੱਚੀ ਗੌਰਵਮਈ ਕਾਰਜ-ਪ੍ਰਣਾਲ਼ੀ ਬਾਰੇ ਉਚਿਤ ਜਾਣਕਾਰੀ ਦਿੰਦੀ ਹੈ। ਅਸੀਂ ਫੌਜ ਨੂੰ ਸਿਰਫ ਬਾਹਰੀ ਖ਼ਤਰਿਆਂ ਤੋਂ ਦੇਸ਼ ਦੀ ਸੁਰੱਖਿਆ ਦੀ ਜ਼ਿੰਮੇਵਾਰ ਇੱਕ ਸੰਸਥਾ ਕਰ ਕੇ ਜਾਣਦੇ ਹਾਂ ਪਰ ਦੇਸ਼ ਪ੍ਰਤੀ ਇਸ ਦੀਆਂ ਅੰਦਰੂਨੀ ਜ਼ਿੰਮੇਵਾਰੀਆਂ ਅਤੇ ਸੇਵਾਵਾਂ ਬਾਰੇ ਨਹੀਂ ਜਾਣਦੇ। ਇਸ ਦੇ ਅਫਸਰਾਂ ਅਤੇ ਸੈਨਿਕਾਂ ਦੇ ਜਜ਼ਬਾਤਾਂ ਅਤੇ ਉਨ੍ਹਾਂ ਦੀਆਂ ਮਾਨਸਿਕ ਪੀੜਾਂ ਤੋਂ ਅਣਜਾਣ ਹਾਂ। ਓਹ ਸਾਰੇ ਵੀ ਆਪਣੇ ਮਾਤਾ-ਪਿਤਾ, ਪਤਨੀ, ਬੱਚੇ ਅਤੇ ਹੋਰ ਰਿਸ਼ਤੇਦਾਰਾਂ ਅਤੇ ਪਿਆਰਿਆਂ ਲਈ ਸਾਡੇ ਵਰਗੀਆਂ ਹੀ ਭਾਵਨਾਵਾਂ ਰਖਦੇ ਹਨ। ਬਹੁਤਾ ਸਮਾਂ ਘਰੋਂ ਦੂਰ ਰਹਿ ਕੇ, ਔਖੀਆਂ ਪਰਿਸਥਿਤੀਆਂ 'ਚ ਡਿਊਟੀਆਂ ਨਿਭਾਉਣ ਦੇ ਨਾਲ਼-ਨਾਲ਼ ਓਹ ਕਿਵੇਂ ਆਪਣੇ ਘਰੇਲੂ ਕੰਮ ਕਰਦੇ ਹਨ। ਪਿੱਛੇ ਪਤਨੀ ਅਤੇ ਹੋਰ ਪਰਿਵਾਰਕ ਮੈਂਬਰ ਹਰ ਵਕਤ ਉਨ੍ਹਾਂ ਦੇ ਜੀਵਨ ਬਾਰੇ ਅਰਦਾਸਾਂ ਕਰਦੇ ਰਹਿੰਦੇ ਹਨ। ਓਹ ਮਹੀਨਿਆਂ-ਬੱਧੀ ਆਪਣੇ ਨਵ-ਜਨਮੇ ਬੱਚਿਆਂ ਦਾ ਮੂੰਹ ਨਹੀਂ ਦੇਖ ਸਕਦੇ, ਬੱਚਿਆਂ ਦੀਆਂ ਪੜ੍ਹਾਈਆਂ ਬਾਰੇ ਪਤਾ ਨਹੀਂ ਰੱਖ ਸਕਦੇ। ਕਿਸੇ ਸੀਨੀਅਰ ਦੇ ਪੁੱਛਣ 'ਤੇ ਢਿੱਲੋਂ ਸਾਹਿਬ ਆਪਣੇ ਬੇਟੇ ਦੀ ਠੀਕ ਕਲਾਸ ਨਹੀਂ ਦੱਸ ਸਕੇ। ਦੋ ਅੱਡ-ਅੱਡ ਸਮਿਆਂ 'ਤੇ ਆਪ ਦੀ ਮੌਤ ਦੀ ਖ਼ਬਰ ਅਖ਼ਬਾਰਾਂ 'ਚ ਛਪੀ ਅਤੇ ਟੀ ਵੀ ਉੱਤੇ ਨਸਰ ਹੋਈ।

ਪਹਿਲੀ ਵਾਰ ਜਦ ਇਹ ਗੱਲ ਹੋਈ ਤਾਂ ਆਪ ਦੀ ਪਤਨੀ ਅੱਠ ਮਹੀਨਿਆਂ ਦੀ ਗਰਭ-ਵਤੀ ਸੀ। ਆਪ ਦੇ ਜਿਉਂਦਾ ਹੋਣ ਦੀ ਪੁਸ਼ਟੀ ਹੋਣ ਤੱਕ ਆਪ ਦੀ ਪਤਨੀ ਅਤੇ ਪਰਿਵਾਰ ਤੇ ਜੋ ਬੀਤੀ, ਉਸ ਦਾ ਅੰਦਾਜ਼ਾ ਆਪਾਂ ਸਿਵਲੀਅਨ ਲਾ ਹੀ ਨਹੀਂ ਸਕਦੇ। ਇਹ ਅਫਸਰਾਂ ਦੀਆਂ ਹੱਡ-ਬੀਤੀਆਂ ਨੇ, ਮਾਤਹਿਤਾਂ ਦਾ ਹਿਸਾਬ ਲਾਇਆਂ ਰੂਹ ਕੰਬ ਜਾਂਦੀ ਹੈ। ਪਰ ਸਾਡੇ ਬਹਾਦੁਰ ਸੈਨਿਕ ਦੇਸ਼ ਦੀ ਆਨ-ਸ਼ਾਨ ਅਤੇ ਮਾਨ ਵਾਸਤੇ ਇਨ੍ਹਾਂ ਸਭ ਜਜ਼ਬਾਤਾਂ ਨੂੰ ਆਪਣੇ ਅੰਦਰ ਹੀ ਦਬਾ ਕੇ ਰਖਦੇ ਹਨ; ਆਪਣੇ ਸਰੀਰਕ ਦੁੱਖਾਂ- ਤਸੀਹਿਆਂ ਅਤੇ ਮਾਨਸਿਕ ਵੇਦਨਾਵਾਂ ਨੂੰ ਜਰਦੇ ਅਤੇ ਅਣਡਿੱਠ ਕਰਦੇ ਹਨ। ਅਸੀਂ ਆਪਣੀ ਅਣਜਾਣਤਾ ਕਰਕੇ ਫੌਜੀ ਸੇਵਾ ਨੂੰ ਵੀ ਹੋਰ ਸੇਵਾਵਾਂ ਦੀ ਤਰ੍ਹਾਂ ਰੋਜ਼ੀ-ਰੋਟੀ ਦਾ ਸਾਧਨ ਸਮਝ ਬੈਠਦੇ ਹਾਂ ਅਤੇ ਆਪਣੇ ਵੀਰਾਂ ਦੀਆਂ ਅਕਹਿ ਔਕੜਾਂ ਨੂੰ 'ਪੇਸ਼ਾਵਰਾਨਾ ਜੋਖਮ' ਕਹਿ ਕੇ ਛੁਟਿਆਉਣ ਦੀ ਗਲਤੀ ਕਰ ਲੈਂਦੇ ਹਾਂ। ਪਰ ਇਹ ਕਿਤਾਬ ਸਾਨੂੰ ਉਨ੍ਹਾਂ ਦੇ ਜੀਵਨ ਦੀਆਂ ਇਨ੍ਹਾਂ ਛੁਪੀਆਂ ਸਚਾਈਆਂ ਬਾਰੇ ਜਾਗਰੂਕ ਕਰਦੀ ਹੈ। ਇਸ ਨੂੰ ਪੜ੍ਹ ਕੇ ਫੌਜ ਪ੍ਰਤੀ ਭਰੋਸੇ ਅਤੇ ਸਤਿਕਾਰ 'ਚ ਬਹੁਤ ਵਾਧਾ ਹੁੰਦਾ ਹੈ। ਜਨਰਲ ਸਾਹਿਬ ਦਾ ਕਹਿਣਾ ਹੈ ਕਿ 'ਆਰਮੀ ਏਕ ਜੌਬ ਨਹੀਂ ਹੈ, ਮੁਹੱਬਤ ਹੈ। ਔਰ ਮੁਹੱਬਤ ਮੇਂ ਚੈਲੈਂਜਸ ਨਹੀਂ ਹੋਤੇ, ਅਫ਼ਸਾਨੇ ਹੋਤੇ ਹੈ'।

ਕਿਤਾਬ ਦੀ ਵਡਿਆਈ ਇਸ ਗੱਲ 'ਚ ਨਹੀਂ ਕਿ ਇਸ 'ਚ ਵਿਅਕਤੀਗਤ ਸੂਰਮਗਤੀ ਅਤੇ ਸੂਝ-ਬੂਝ ਦੀਆਂ ਗਾਥਾਵਾਂ ਦਾ ਜ਼ਿਕਰ ਹੈ ਬਲਕਿ ਇਸ ਗੱਲ 'ਚ ਹੈ ਕਿ ਇਸ 'ਚ ਇਨ੍ਹਾਂ ਪ੍ਰਾਪਤੀਆਂ ਦੇ ਆਧਾਰਾਂ ਦੀ ਵਿਸਤਾਰ-ਪੂਰਨ ਜਾਣਕਾਰੀ ਹੈ। ਇਹ ਆਧਾਰ ਫੌਜ ਤੋਂ ਇਲਾਵਾ ਹੋਰ ਸਭ ਸੰਸਥਾਵਾਂ 'ਚ ਵੀ ਪੂਰੇ ਕਾਰਗਰ ਹਨ। ਇਹ ਹਨ-ਟ੍ਰੇਨਿੰਗਾਂ ਅਤੇ ਇਨ੍ਹਾਂ ਦੌਰਾਨ ਲਾਇਆ ਜਾਂਦਾ 'ਰਗੜਾ', ਲਗਾਤਾਰ ਅਭਿਆਸ, ਸਮੂਹਕ ਜ਼ਿੰਮੇਵਾਰੀ ਦੀ ਆਦਤ, ਟੀਮ-ਜਜ਼ਬਾ, ਕਵਾਇਦਾਂ, ਭ੍ਰਾਤਰੀ-ਭਾਵ, ਅਸੂਲ, ਅਨੁਸ਼ਾਸਨ, ਸਾਂਭ-ਸੰਭਾਲ਼ ਦੀ ਆਦਤ, ਇਕਾਗਰਤਾ ਆਦਿ। ਫੌਜ ਦੀ ਸਿਫਤ ਇਹ ਹੈ ਕਿ ਇਹ ਇਸ ਤਰ੍ਹਾਂ ਦੇ ਸਾਰੇ ਵਡਮੁੱਲੇ ਗੁਣ ਆਪਣੇ ਜੈਂਟਲਮੈਨ-ਕੈਡਿਟਾਂ ਅਤੇ ਰੰਗਰੂਟਾਂ 'ਚ ਪੈਦਾ ਕਰਦੀ ਹੈ, ਪਰਪੱਕ ਕਰਦੀ ਹੈ ਅਤੇ ਇਨ੍ਹਾਂ ਨੂੰ ਹੋਰ-ਹੋਰ ਨਿਖਾਰਦੀ ਰਹਿੰਦੀ ਹੈ। ਇਹ ਆਪਣੀਆਂ ਔਖੀਆਂ ਡਿਊਟੀਆਂ ਵੀ ਨਿਭਾ ਰਹੀ ਹੈ ਅਤੇ ਦਿਆਨਤਦਾਰੀ ਪੱਖੋਂ ਸਾਡੇ ਭਰੋਸੇ ਦੀ ਹੋਰਾਂ ਸੰਸਥਾਵਾਂ ਤੋਂ ਵੱਧ ਪਾਤਰ ਵੀ ਬਣੀ ਹੋਈ ਹੈ। ਸਾਡੇ ਸਰਕਾਰੀ, ਅਰਧ-ਸਰਕਾਰੀ ਅਤੇ ਛੋਟੀਆਂ-ਵੱਡੀਆਂ ਨਿਜੀ ਸੰਸਥਾਵਾਂ ਦੇ ਪ੍ਰਬੰਧਕ ਵੀ ਇਸ ਸਵੈ-ਜੀਵਨੀ ਦੇ ਮੰਤਰਾਂ ਤੇ ਅਮਲ ਕਰ ਕੇ-ਬਗੈਰ ਵਾਧੂ ਸਾਧਨਾਂ ਦੀ ਵਰਤੋਂ ਦੇ-ਆਪਣੀਆਂ ਸੰਸਥਾਵਾਂ ਦੀ ਕਾਰਜ-ਕੁਸ਼ਲਤਾ ਨੂੰ ਸੁਧਾਰ ਸਕਦੇ ਹਨ।

ਜਨਰਲ ਢਿੱਲੋਂ ਦਾ ਬਚਪਨ ਕਾਫ਼ੀ ਕਸ਼ਟ-ਪੂਰਨ ਰਿਹਾ ਹੈ। ਨਾਨੀ ਜੀ ਨੇ ਪਾਲ਼ਿਆ ਕਿਉਂਕਿ ਸਿਰਫ ਤਿੰਨ ਸਾਲ ਦੀ ਉਮਰ ਸਮੇਂ ਆਪ ਦੀ ਮਾਤਾ ਜੀ ਇੱਕ ਦੁਰਘਟਨਾ ਕਰ ਕੇ ਸੁਰਗਵਾਸ ਹੋ ਗਏ ਸਨ।




ਓਹ ਪੰਜ ਫੁੱਟ ਅੱਠ ਇੰਚ ਲੰਬੇ ਬਹੁਤ ਦਲੇਰ ਅਤੇ ਤਕੜੇ ਸਨ। ਇੱਕ ਸੂਬਾ ਨੇਪਾਲ 'ਚ ਸੈਰ ਕਰਦੇ ਸਮੇਂ, ਇੱਕ ਜੰਗ਼ਲੀ ਜਾਨਵਰ ਤੋਂ ਆਪਣੇ ਪਤੀ ਦੀ ਰੱਖਿਆ ਕਰਦੇ ਹੋਏ ਘਾਇਲ ਹੋ ਗਏ, ਫਿਰ ਵੀ ਜੰਗ਼ਲੀ ਜਾਨਵਰ ਨੂੰ ਆਪਣੇ ਸ਼ਾਲ ਦੇ ਲਪੇਟੇ ਨਾਲ਼ ਮਾਰ ਦਿੱਤਾ। ਪਰ ਬਾਅਦ 'ਚ ਹਸਪਤਾਲ 'ਚ ਇਲਾਜ ਦੀ ਘਾਟ ਕਰ ਕੇ ਚੜ੍ਹਾਈ ਕਰ ਗਏ। ਆਪ ਮਾਣ ਅਤੇ ਸਤਿਕਾਰ ਨਾਲ਼ ਉਨ੍ਹਾਂ ਨੂੰ 'ਸ਼ੇਰ-ਮਾਰ ਮਾਂ' ਕਹਿ ਕੇ ਯਾਦ ਕਰਦੇ ਹਨ ਅਤੇ ਆਪ ਨੇ ਉਨ੍ਹਾਂ ਦੇ ਦੁੱਧ ਦੀ ਹਰ ਬੂੰਦ ਨੂੰ ਸਫਲ ਕੀਤਾ ਹੈ। ਮਾਂ ਦੇ ਪਿਆਰ ਦੀ ਘਾਟ ਨੂੰ ਓਹ ਹੁਣ ਤੱਕ ਵੀ ਨਹੀਂ ਭੁਲਾ ਸਕੇ। ਸੇਵਾ-ਕਾਲ ਦੇ ਸ਼ੁਰੂ 'ਚ ਜਦ ਪੈਸਿਆਂ ਦੀ ਘਾਟ ਕਰ ਕੇ ਓਹ ਆਪਣਾ ਮਨ-ਭਾਉਂਦਾ 'ਬੁਲਟ' ਮੋਟਰ-ਸਾਈਕਲ ਨਹੀਂ ਖਰੀਦ ਸਕੇ ਤਾਂ ਉਨ੍ਹਾਂ ਨੇ ਆਪਣੀ ਮਾਂ ਨੂੰ ਬਹੁਤ ਯਾਦ ਕੀਤਾ। ਕਸ਼ਮੀਰ 'ਚ ਆਪਣੀ ਪੂਰੀ ਚੜ੍ਹਤ ਸਮੇਂ ਪਿਆਰੀ ਮਾਂ ਦੀ ਯਾਦ 'ਚ 'ਓਪਰੇਸ਼ਨ ਮਾਂ' ਨਾਓਂ ਦਾ ਇੱਕ ਸਫਲ ਅਤੇ ਪਰ-ਉਪਕਾਰੀ ਅਭਿਆਨ ਚਲਾਇਆ।

ਬਚਪਨ 'ਚ ਆਪਣੇ ਹਮ-ਉਮਰ ਮਾਮੇ ਦੇ ਪੁੱਤ ਨਾਲ਼ ਰਲ਼ ਕੇ ਆਪਣੇ ਪਿੰਡ ਦੇ ਜੱਗੀ ਨਾਓਂ ਦੇ ਇੱਕ ਰੋਡੀ ਅਤੇ ਤਕੜੇ ਮੁੰਡੇ ਨੂੰ ਬੰਟਿਆਂ ਦੀ ਖੇਡ 'ਚ ਹਰਾ ਦਿੱਤਾ, ਪਰ ਓਹ ਹਾਰੇ ਹੋਏ ਬੰਟੇ ਇਨ੍ਹਾਂ ਨੂੰ ਦੇਣ ਦੀ ਬਜਾਇ ਲੜਨ ਲਈ ਉਤਾਰੂ ਹੋ ਗਿਆ। ਕਜ਼ਨ ਨੇ ਝਗੜਾ ਨਾ ਕਰਨ ਦੀ ਸਲਾਹ ਦਿੱਤੀ ਪਰ ਢਿੱਲੋਂ ਨੇ ਕਿਹਾ "ਕਿਤਨੇ ਜੱਗੀ ਆਏ ਔਰ ਕਿਤਨੇ ਜੱਗੀ ਗਏ"। ਜੱਗੀ ਨਾਲ਼ ਲੜਾਈ ਹੋਈ ਅਤੇ ਦੋਨੋਂ ਭਰਾ ਆਪਣਾ ਹੱਕ ਲੈ ਕੇ ਟੌਹਰ ਨਾਲ਼ ਘਰ ਗਏ। ਇਸ ਜਿੱਤ ਨੇ ਉਨ੍ਹਾਂ ' ਨੂੰ ਦਲੇਰੀ ਦਾ ਅਹਿਸਾਸ ਕਰਵਾਇਆ। ਇਸ ਘਟਨਾ ਦਾ ਸੰਬੰਧ ਕਿਤਾਬ ਦੇ ਸਿਰਲੇਖ ਨਾਲ਼ ਜੁੜਿਆ ਹੈ, ਜਿਸ ਦਾ ਜਿਕਰ ਅੱਗੇ ਆਵੇਗਾ। ਜਦ ਓਹ 12 ਸਾਲ ਦੇ ਸਨ ਤਾਂ ਉਨ੍ਹਾਂ ਦੇ ਵੱਡੇ ਇਕਲੌਤੇ ਸਕੇ ਭਰਾ ਦੀ ਇੱਕ ਸਕੂਟਰ ਹਾਦਸੇ 'ਚ ਮੌਤ ਹੋ ਗਈ। ਮੌਤ ਦੀਆਂ ਘਟਨਾਵਾਂ ਤੋਂ ਬਾਅਦ ਆਪ ਦੇ ਮਨ 'ਚ ਬੈਠ ਗਿਆ ਕਿ ਮੁੰਡ-ਪੁਣੇ ਦੀਆਂ ਮਸਤੀਆਂ ਵਾਲ਼ੇ ਉਨ੍ਹਾਂ ਦੇ ਦਿਨ ਮੁੱਕ ਗਏ ਹਨ। ਇਸ ਧਾਰਨਾ ਨੇ ਉਨ੍ਹਾਂ ਨੂੰ ਆਪਣੀ ਉਮਰ ਤੋਂ ਕਿਤੇ ਵੱਧ ਸਿਆਣਾ ਅਤੇ ਜ਼ਿੰਮੇਵਾਰ ਬਣਾ ਦਿੱਤਾ। ਉਨ੍ਹਾਂ ਦਾ ਆਪਣੇ ਤੋਂ ਦੋ ਸਾਲ ਛੋਟੇ ਇਸ ਕਜ਼ਨ-ਭਾਈ ਨਾਲ਼ ਬਹੁਤ ਪਿਆਰ ਸੀ। ਬਾਅਦ 'ਚ ਓਹ ਵੀ ਫੌਜ 'ਚ ਭਰਤੀ ਹੋਏ ਪਰ ਹੋਣੀ ਦੀ ਮਾਰ ਕਿ ਮੇਜਰ ਦੀ ਪੋਸਟ ਸਮੇਂ ਆਪਣੇ ਕਮਾਨ-ਅਫਸਰ ਦੀ ਜਾਨ ਬਚਾਉਂਦੇ ਹੋਏ ਸ਼ਹੀਦ ਹੋ ਗਏ। ਇਨ੍ਹਾਂ ਮੌਤਾਂ ਨੇ ਭਾਵੇਂ ਜਜ਼ਬਾਤੀ ਪੱਖੋਂ ਉਨ੍ਹਾਂ ਨੂੰ ਬਹੁਤ ਝੰਜੋੜਿਆ ਪਰ ਸਰੀਰਕ ਅਤੇ ਮਾਨਸਿਕ ਪੱਖੋਂ ਵੱਧ ਤਕੜਾ ਕਰ ਕੇ ਆਪਣੀਆਂ ਡਿਊਟੀਆਂ ਬਾਰੇ ਹੋਰ ਪ੍ਰਤਿਬੱਧ ਕਰ ਦਿੱਤਾ। ਲਿਖਦੇ ਹਨ ਕਿ 'ਇਨ੍ਹਾਂ ਵਾਰਦਾਤਾਂ ਨੇ ਮੈਨੂੰ ਪਰਮਾਤਮਾ ਦੇ ਭਾਣੇ 'ਚ ਰਹਿਣ ਦੀ ਕਲਾ ਸਿਖਾਈ ਹੈ।'

17 ਸਾਲ ਦੀ ਉਮਰ 'ਚ ਐਨ ਡੀ ਏ ਲਈ ਚੁਣੇ ਗਏ। ਸਰੀਰਕ ਪੱਖੋਂ ਤਕੜੇ ਅਤੇ ਫੁਰਤੀਲੇ ਹੋਣ ਕਰ ਕੇ ਸਭ ਕਿਸਮ ਦੀਆਂ ਖੇਡਾਂ 'ਚ ਭਾਗ ਲੈਂਦੇ ਰਹੇ। ਲਿਖਦੇ ਹਨ ਕਿ 'ਮੇਰਾ ਸੋਚਣਾ ਸੀ ਕਿ ਫੌਜ 'ਚ ਜਾਣ ਨਾਲ਼ ਪੜ੍ਹਾਈ ਤੋਂ ਰਾਹਤ ਮਿਲੇਗੀ ਪਰ ਮੈਨੂੰ ਹੈਰਾਨੀ ਤੇ ਪਰੇਸ਼ਾਨੀ ਉਸ ਵਕਤ ਹੋਈ ਜਦ ਪਤਾ ਲੱਗਿਆ ਕਿ ਕੋਰਸ ਦੌਰਾਨ ਤੀਹ ਦੇ ਕਰੀਬ ਅੱਡ-ਅੱਡ ਵਿਸ਼ਿਆਂ 'ਚ ਪੜ੍ਹਾਈ ਕਰਨੀ ਪਵੇਗੀ। ਸ਼ੁਰੂ 'ਚ ਲਾ-ਪਰਵਾਹੀ ਕਾਰਨ ਫੇਲ੍ਹ ਹੋਣ ਤੋਂ ਮਸਾਂ ਹੀ ਬਚ ਸਕਿਆ। ਸੀਨੀਅਰ ਅਫਸਰਾਂ ਦੀ ਝਾੜ-ਝੰਬ ਤੋਂ ਬਾਅਦ ਕੀਤੀ ਮਿਹਨਤ ਸਦਕਾ ਨਾ-ਸਿਰਫ ਕੋਰਸ ਦਾ ਚੋਟੀ ਦਾ ਵਿਦਿਆਰਥੀ ਬਣ ਸਕਿਆ ਬਲਕਿ ਪੜ੍ਹਨ-ਲਿਖਣ ਦੀ ਇੰਨੀ ਚੇਟਕ ਲੱਗੀ ਕਿ ਬਾਅਦ 'ਚ ਐਮ. ਫਿਲ ਅਤੇ ਪੀ. ਐਚ. ਡੀ ਦੀਆਂ ਡਿਗਰੀਆਂ ਵੀ ਕਰ ਲਈਆਂ।' ਸਾਢੇ ਬਾਈ ਸਾਲ ਦੀ ਉਮਰ 'ਚ 4 ਰਾਜਪੂਤਾਨਾ ਰਾਈਫਲਜ ਦੀ ਇਤਿਹਾਸਿਕ ਰੈਜਮੈਂਟ 'ਚ ਸੈਕੰਡ ਲੈਫਟੀਨੈਂਟ ਭਰਤੀ ਹੋਏ। ਸਮਝਾਉਂਦੇ ਹਨ ਕਿ ਇੱਕ ਅਸਫਲਤਾ ਤੋਂ ਡਰ ਕੇ ਹਿੰਮਤ ਛੱਡਣੀ ਕੋਈ ਸਿਆਣਪ ਨਹੀਂ। ਜੀਵਨ ਨੂੰ ਸਮੁੱਚਤਾ 'ਚ ਦੇਖਣ ਅਤੇ ਸਮਝਣ ਦੀ ਲੋੜ ਹੈ। ਲਗਾਤਾਰ ਅਤੇ ਨੇਮ-ਪੂਰਬਕ ਕੀਤੀ ਮਿਹਨਤ ਹੀ ਸਫਲਤਾ ਦੀ ਕੁੰਜੀ ਹੈ। 'ਮੈਂ ਅਸਲ ਪੇਸ਼ਾਵਰਾਨਾ ਸਿੱਖਿਆ ਕਿਤਾਬਾਂ ਤੋਂ ਓਨੀ ਪ੍ਰਾਪਤ ਨਹੀਂ ਕੀਤੀ ਜਿੰਨੀ ਆਪਣੇ ਤੋਂ ਜੂਨੀਅਰ ਅਫਸਰਾਂ, ਜੇ.ਸੀ.ਓਜ ਅਤੇ ਜਵਾਨਾਂ ਦੀਆਂ ਨਸੀਹਤਾਂ ਅਤੇ ਉਨ੍ਹਾਂ ਦੀ ਸ਼ਗਿਰਦੀ ਤੋਂ ਕੀਤੀ ਹੈ।' ਆਪ ਨੇ ਫੌਜ ਦੇ ਮੋਅ ਟ੍ਰੇਨਿੰਗ ਸਕੂਲ 'ਚ ਇੰਸਟਰੱਕਟਰ ਦੀ ਸਨਮਾਨ-ਜਨਕ ਪੋਸਟ ਦੀ ਡਿਊਟੀ ਵੀ ਨਿਭਾਈ ਹੈ, ਜਿਸ ਕਰ ਕੇ ਆਪ ਸਿੱਖਣ ਅਤੇ ਸਿਖਾਉਣ ਦੇ ਦੋਨਾਂ ਗੁਣਾਂ 'ਚ ਪਰਪੱਕ ਹਨ।

ਹਾਲਾਤਾਂ ਅਤੇ ਵਿਚਾਰ-ਧਾਰਾ ਨੇ ਆਪ ਨੂੰ ਇੱਕ ਐਸੇ ਜਾਂ-ਬਾਜ ਫੌਜੀ ਅਫਸਰ ਬਣਾ ਦਿੱਤਾ ਜੋ ਆਪਣੇ ਸੀਨੀਅਰਾਂ ਦੀਆਂ ਝਿੜਕਾਂ ਇਸ ਗੱਲੋਂ ਖਾਂਦੇ ਰਹੇ ਹਨ ਕਿ ਓਹ ਆਪਣੀ ਜਾਨ ਨੂੰ ਲੋੜ ਤੋਂ ਕਿਤੇ ਵੱਧ ਖ਼ਤਰਿਆਂ 'ਚ ਪਾਉਂਦੇ ਰਹੇ । ਕਸ਼ਮੀਰ 'ਚ ਬ੍ਰਿਗੇਡੀਅਰ ਦੇ ਉੱਚ ਅਹੁਦੇ ਸਮੇਂ ਅਚਾਨਕ ਹੋਏ ਇੱਕ ਹਮਲੇ ਸਮੇਂ ਆਪ ਬਗੈਰ ਬਰਦੀ ਤੋਂ ਦੁਸ਼ਮਣ ਦੇ ਟਾਕਰੇ ਲਈ ਬਾਹਰ ਆਏ ਤਾਂ ਇੱਕ ਜਵਾਨ ਨੇ ਆਪ ਨੂੰ ਕੱਦ-ਕਾਠ ਅਤੇ ਪਠਾਣੀ ਪਹਿਰਾਵੇ ਕਰ ਕੇ ਅੱਤਵਾਦੀ ਸਮਝ ਲਿਆ। ਆਪਣੀ ਤੇਜ-ਬੁੱਧੀ ਕਰ ਕੇ ਹੀ ਬਚ ਸਕੇ। ਇਸ ਜਵਾਨ ਨੇ ਬਾਅਦ 'ਚ ਬਹੁਤ ਫਖ਼ਰ ਨਾਲ਼ ਦੱਸਿਆ ਕਿ: "ਵੋ ਪਠਾਣੀ ਸੂਟ ਮੇਂ ਸਾਢੇ ਛੇ ਫੁੱਟ ਕਾ ਦਾੜ੍ਹੀ ਵਾਲਾ ਬੰਦਾ ਥਾ, ਵੋ ਤੋਂ ਮੇਰੀ ਰਾਈਫਲ ਸਹੀ ਟਾਈਮ ਪਰ ਫਾਇਰ ਨਹੀਂ ਕੀ ਵਰਨਾ ਮੈਨੇ ਉਸੇ ਏਕ ਮਿੰਟ ਮੇਂ ਮਾਰ ਦੀਆ ਹੋਤਾ।" ਇੱਕ ਵਾਰ ਉਨ੍ਹਾਂ ਦੇ ਵੱਡੇ ਅਫਸਰ ਨੇ ਮਖੌਲ ਕੀਤਾ, "ਟਾਇਨੀ ! ਤੂੰ ਜਿੱਥੇ ਵੀ ਜਾਨਾ ਐਂ, ਗੋਲ਼ੀਆਂ ਨੂੰ ਖਿਚਦਾ ਐਂ"। ਮਜਾਕੀਆ ਲਹਿਜੇ 'ਚ ਕਹਿੰਦੇ, "ਮੇਰੇ ਨਾਲ਼ ਸਾਰੇ ਸੇਵਾ-ਕਾਲ ਦੌਰਾਨ ਇਸ ਤਰ੍ਹਾਂ ਹੀ ਹੁੰਦਾ ਰਿਹਾ – ਭੁਟ ਟਹਅਟ ਸਿੱ ਹੋ ੀ ਅਮ..." ਆਪਣੀ ਇਸ ਨਿਡਰ ਪਰਵਿਰਤੀ ਨੂੰ ਓਹ ਆਪਣੀ 'ਸ਼ੇਰ-ਮਾਰ ਮਾਂ' ਦੇ ਦੁੱਧ ਦੀ ਦੇਣ ਮੰਨਦੇ। ਕਸ਼ਮੀਰ 'ਚ ਉਨ੍ਹਾਂ ਸਭ ਪੋਸਟਾਂ ਅਰਥਾਤ ਕੈਪਟਨ, ਮੇਜਰ, ਕਰਨਲ, ਬ੍ਰਿਗੇਡੀਅਰ ਅਤੇ ਕੋਰ ਕਮਾਂਡਰ ਦੀ ਸੇਵਾ ਨਿਭਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 'ਮੈਂ ਕਸ਼ਮੀਰ ਨੂੰ ਆਪਣੇ ਪਿੰਡ ਤੋਂ ਵੀ ਵੱਧ ਜਾਣਦਾ ਹਾਂ।' ਕਸ਼ਮੀਰ 'ਚ ਹੀ ਬ੍ਰਿਗੇਡੀਰ ਦੇ ਤੌਰ 'ਤੇ ਰਾਸ਼ਟਰੀਅ ਰਾਈਫਲਜ ਦੇ ਸੈਕਟਰ ਕਮਾਂਡਰ ਰਹੇ ਜੋ ਸੰਸਾਰ ਦੀਆਂ ਸਭ ਤੋਂ ਸਸ਼ਕਤ ਅਤਿਵਾਦ-ਵਿਰੋਧੀ ਤਾਕਤਾਂ 'ਚੋਂ ਮੰਨੀ ਜਾਂਦੀ ਹੈ। ਇਹ ਆਰਮੀ ਦਾ ਸਭ ਤੋਂ ਮਾਰੂ ਅਤੇ ਖੌਫ਼ਜਦਾ ( ਦੁਸ਼ਮਣ ਵਾਸਤੇ) ਅੰਗ ਹੈ ਜਿਸ ਦਾ ਨਾਓਂ ਸੁਣਦੇ ਹੀ ਵੱਡੇ-ਵੱਡੇ ਅੱਤਵਾਦੀਆਂ ਦੀ ਤ੍ਰਾਹ ਨਿਕਲ਼ ਜਾਂਦੀ ਹੈ। ਮਸ਼ਹੂਰ ਹੈ ਕਿ ਇਸ ਦਾ 'ਸਿਰਫ ਨਾਮ ਹੀ ਕਾਫੀ ਹੈ'। ਇਸ ਦੀ ਤੁਲਨਾ ਯੂ.ਐਸ ਦੀ 'ਮਰੀਅਨ' ਕੋਰ ਨਾਲ਼ ਕਰਨੀ ਕੋਈ ਅਤਿ ਕਥਨੀ ਨਹੀ।

ਇਹ ਵੀ ਇੱਕ ਦਿਲਚਸਪ ਅਤੇ ਖੁਸ਼-ਮਈ ਸੰਜੋਗ ਹੈ ਕਿ ਇਸ ਦੇ ਸੁਪ੍ਰਸਿੱਧ ਸੇਵਾ-ਮੁਕਤ ਐਡਮਿਰਲ ਵਿਲੀਅਮ ਮੈਕਰੈਵਨ ਨੇ ਅਪ੍ਰੈਲ, 2023 'ਚ ਰੀਲੀਜ਼ ਹੋਈ ਆਪਣੀ ਕਿਤਾਬ 'ਚ ਆਪ ਦੀ ਪਸੰਦੀਦਾ ਟੂਕ "No plan survives the first contact with the enemy" ਤੇ ਇੱਕ ਪੂਰਾ ਚੈਪਟਰ ਲਿਖਿਆ ਹੈ। ਉਹ ਆਪਣੇ-ਆਪ ਨੂੰ ਇਸ ਗੱਲੋਂ ਵੀ ਖੁਸ਼-ਕਿਸਮਤ ਸਮਝਦੇ ਹਨ ਬ੍ਰਿਗੇਡੀਅਰ ਬਣਨ ਤੱਕ, ਅਨੇਕਾਂ ਖਤਰਨਾਕ ਮੁਕਾਬਲਿਆਂ ਦੇ ਬਾਵਜੂਦ ਆਪ ਦਾ ਕੋਈ ਵੀ ਮਾਤਹਿਤ ਅਫਸਰ ਜਾਂ ਜਵਾਨ ਸ਼ਹੀਦ ਨਹੀਂ ਸੀ ਹੋਇਆ। ਪਰ ਇਸ ਸਮੇ ਦੌਰਾਨ ਉਨ੍ਹਾਂ ਦਾ ਇੱਕ ਬਹਾਦੁਰ ਤੇ ਤਜਰਬੇਕਾਰ ਲਾਂਸ-ਨਾਇਕ ਸ਼ਹੀਦ ਹੋਇਆ ਜਿਸ ਦੇ ਪਰਿਵਾਰ ਦੀ ਮਦਦ ਲਈ ਉਨ੍ਹਾਂ ਨੇ ਸਬੰਧਿਤ ਕਮਿਸ਼ਨਰ ਤੱਕ ਪਹੁੰਚ ਕੀਤੀ। ਲਿਖਦੇ ਹਨ ਕਿ "ਆਰਮੀ ਇੱਕ ਸੰਸਥਾ ਦੇ ਤੌਰ 'ਤੇ ਆਪਣੇ ਵੀਰ-ਜਵਾਨਾਂ ਦੇ ਪਰਿਵਾਰਾਂ ਨਾਲ਼ ਹਮੇਸ਼ਾ ਸਬੰਧ ਬਣਾ ਕੇ ਰਖਦੀ ਹੈ"। ਉਨ੍ਹਾਂ 'ਸੈਨਿਕ ਭਲਾਈ' ਨੂੰ ਨਵੇ ਸਿਰਿਓਂ ਪਰਿਭਾਸ਼ਿਤ ਕਰ ਕੇ ਇਸ ਦੇ ਘੇਰੇ ਨੂੰ ਬਹੁਤ ਵਿਸ਼ਾਲ ਕੀਤਾ। ਆਪ ਦਾ ਮੰਨਣਾ ਹੈ ਕਿ ' ਸੈਨਿਕ ਭਲਾਈ' ਸਿਰਫ ਸੇਵਾ-ਕਾਲ ਦੀਆਂ ਸਹੂਲਤਾਂ ਤੱਕ ਹੀ ਸੀਮਤ ਨਹੀਂ। ਹਰ ਅਫਸਰ ਅਤੇ ਮਾਤਹਿਤ ਨੂੰ ਸੇਵਾ-ਮੁਕਤੀ ਤੋਂ ਬਾਅਦ ਸੁੱਖ-ਸਾਂਦ ਨਾਲ਼ ਪਰਿਵਾਰ 'ਚ ਵਾਪਿਸ ਭੇਜਣਾ ਵੀ 'ਸੈਨਿਕ ਭਲਾਈ' ਦੇ ਘੇਰੇ 'ਚ ਆਉਂਦਾ ਹੈ। ਆਪ ਨੇ ਫੌਜੀ ਪ੍ਰਬੰਧ-ਪ੍ਰਣਾਲੀਆਂ ਨੂੰ ਸਮੇਂ ਦੀਆਂ ਹਾਣੀ ਬਣਾਉਣ ਦੇ ਭਰਪੂਰ ਅਤੇ ਸਫਲ ਜਤਨ ਕੀਤੇ। ਓਪ ਦਸਦੇ ਹਨ ਕਿ ਭਾਰਤੀ ਫੌਜ 'ਚ ਅਫਸਰਾਂ ਦੀ ਸ਼ਹੀਦੀ-ਦਰ ਬਾਕੀ ਫੌਜਾਂ ਦੀ ਤੁਲਨਾ 'ਚ ਵੱਧ ਹੈ। ਕਾਰਨ ਇਹ ਕਿ ਸਾਡੀ ਫੌਜ ਦਾ ਨਾਅਰਾ 'ਔਫੀਸਰ ਹਮੇਸ਼ਾ ਆਗੇ' ਹੈ। ਇਸ ਨਾਲ਼ ਬਾਕੀ ਫੌਜ ਦੀ ਸ਼ਹੀਦੀ-ਦਰ ਬਹੁਤ ਘਟ ਜਾਂਦੀ ਹੈ। ਸਾਡੇ ਕੈਪਟਨ ਅਤੇ ਮੇਜਰ ਰੈਂਕ ਦੇ ਅਫਸਰ ਹਰ ਯੁੱਧ 'ਚ ਬਹੁਤ ਸ਼ਾਨਦਾਰ ਕਾਰਨਾਮੇ ਕਰਦੇ ਹਨ। ਇਸ ਸ਼ਾਨ-ਮੱਤੀ ਪ੍ਰਥਾ ਦੀ ਜਾਣਕਾਰੀ ਜਨ-ਸਧਾਰਨ ਨੂੰ ਬਹੁਤ ਘੱਟ ਹੈ।

ਆਪ ਨੇ ਆਪਣਾ ਫੌਜੀ ਤਰਜ਼ ਦਾ ਹਾਸ-ਮਈ ਸੁਭਾਅ ਵੀ ਕਾਇਮ ਰੱਖਿਆ ਹੋਇਆ ਹੈ। ਐਨ.ਡੀ.ਏ ਦੇ ਕੋਰਸ ਦੌਰਾਨ ਫੁਟਬਾਲ ਖੇਡਦੇ ਸਮੇ ਸੱਜੀ ਪਹਿਲੀ ਉਂਗਲ ਤੇ ਸੱਟ ਲੱਗਣ ਕਾਰਨ ਇਹ ਪੱਕੇ ਤੌਰ 'ਤੇ ਟੇਢੀ ਹੋ ਗਈ ਹੈ। ਤਸਵੀਰ 'ਚ ਇਸ ਗੱਲ ਦਾ ਸਾਫ ਪਤਾ ਲਗਦਾ ਹੈ। ਮਜਾਕ ਵਿਚ ਕਹਿੰਦੇ, ਇਹ ਠੀਕ ਹੀ ਹੋਇਆ ਹੈ ਕਿਉਂਕਿ ਘਿਓ ਕੱਢਣ ਵਾਸਤੇ ਟੇਢੀ ਉਂਗਲ ਦੀ ਹੀ ਲੋੜ ਪੈਂਦੀ ਹੈ। ਆਪ ਦੀ ਟੇਢੀ ਉਂਗ਼ਲ ਵਾਲ਼ੇ ਪੋਜ਼ ਦੀ ਫ਼ੋਟੋ, ਹਜਾਰਾਂ ਸ਼ਬਦਾਂ 'ਚ ਬਿਆਨ ਹੋ ਸਕਣ ਵਾਲ਼ੀਆਂ ਰਮਜ਼ਾਂ ਸਮਝਾ ਜਾਂਦੀ ਹੈ ਅਤੇ ਆਪ ਦੀ ਬਹੁਤ ਪਸੰਦੀਦਾ ਹੈ।

39 ਸਾਲ ਦੇ ਸੇਵਾ-ਕਾਲ ਦੌਰਾਨ ਆਪ ਸਵੈ-ਇੱਛਾ ਨਾਲ਼ ਬਹੁਤ ਅਹਿਮ, ਵੰਗਾਰ-ਮਈ ਅਤੇ ਖਤਰਿਆਂ-ਭਰਪੂਰ ਅਹੁਦਿਆਂ ਤੇ ਤਾਇਨਾਤ ਰਹੇ। ਆਪ ਦੀ ਸਭ ਤੋਂ ਤੀਬਰ ਮਨੋ-ਇੱਛਾ 15ਵੀਂ (ਚਿਨਾਰ) ਕੋਰ ਦੇ ਕਮਾਂਡਰ ਬਣਨ ਦੀ ਸੀ ਜਿਸ 'ਤੇ ਆਪ ਨੂੰ ਸੀਨੀਅਰਤਾ ਦੀ ਬਜਾਇ ਸਿਰਫ ਯੋਗਤਾ ਦੇ ਆਧਾਰ ਤੇ ਨਿਯੁਕਤ ਕੀਤਾ ਗਿਆ। ਇਸ ਅਹੁਦੇ ਨੂੰ ਉਹ ਆਪਣੀ ਸਰਵਿਸ ਦੀ ਸਭ ਤੋਂ ਸ਼ਾਨਦਾਰ ਨਿਯੁਕਤੀ ਮੰਨਦੇ ਹਨ, ਕਿਉਂਕਿ ਭਾਰਤੀ ਫੌਜ ਦੀਆਂ 14 ਕੋਰਾਂ 'ਚੋਂ ਇਸ ਦੀ ਕਮਾਨ ਨੂੰ ਸਭ ਤੋਂ ਵੱਧ ਸਨਮਾਨ-ਜਨਕ ਮੰਨਿਆ ਜਾਂਦਾ ਹੈ। ਇਹ ਇੱਕੋ-ਇੱਕ ਐਸੀ ਕੋਰ ਹੈ ਜੋ ਨਾਜ਼ੁਕ ਅਤੇ ਖਤਰਨਾਕ ਹਾਲਾਤਾਂ 'ਚ 'ਲਾਈਨ ਔਫ ਕੰਟਰੌਲ' ਦੇ ਨਾਲ਼ ਅਤੇ ਕਸ਼ਮੀਰ ਅੰਦਰ, ਦੁਸ਼ਮਣ ਵਲੋਂ ਕੀਤੀਆਂ ਅਤੇ ਕਰਵਾਈਆਂ ਜਾ ਰਹੀਆਂ ਦੇਸ਼-ਵਿਰੋਧੀ ਗਤੀ-ਵਿਧੀਆਂ ਵਿਰੁੱਧ ਦੁਸ਼ਮਣ ਦਾ ਸਾਹਮਣਿਓਂ ਟਾਕਰਾ ਕਰਦੀ ਹੈ।

ਆਪ ਦੇ ਕੋਰ ਕਮਾਂਡਰ ਬਣਨ ਤੋਂ ਚਾਰ ਦਿਨ ਬਾਅਦ ਹੀ ਪੁਲਵਾਮਾ ਦੀ ਮੰਦ-ਭਾਗੀ ਦੁਰਘਟਨਾ ਵਾਪਰ ਗਈ। ਇਸ 'ਚ ਸੀ.ਆਰ.ਪੀ.ਐਫ ਦੇ 40 ਜਵਾਨ ਸ਼ਹੀਦ ਹੋਏ। ਆਪ ਨੂੰ ਮਲਾਲ ਹੈ ਕਿ ਭਾਰਤ ਲਈ ਨਮੋਸ਼ੀ ਬਣੀ ਇਹ ਮੰਦ-ਭਾਗੀ ਦੁਰਘਟਨਾ ਰੋਕੀ ਜਾ ਸਕਦੀ ਸੀ। ਇਸ ਦਾ ਮੁੱਖ ਦੋਸ਼ੀ, 'ਗ਼ਾਜ਼ੀ' ਨਿੱਕ-ਨੇਮ ਵਾਲ਼ਾ ਇੱਕ ਖਤਰਨਾਕ ਅੱਤਵਾਦੀ ਸੀ, ਜਿਸ ਨੂੰ ਸਣੇ ਗਰੁੱਪ, 100 ਘੰਟੇ ਦੇ ਅੰਦਰ ਹੀ ਮਾਰ ਮੁਕਾਇਆ ਸੀ। ਬਦਲੇ ਦੀ ਇਸ ਕਾਰਵਾਈ ਤੋਂ ਤੁਰੰਤ ਬਾਅਦ ਸਟਾਫ਼ ਵਲੋਂ ਆਪ ਨੂੰ ਇੱਕ ਪਰੈਸ ਕਾਨਫਰੰਸ ਕਰਨ ਲਈ ਕਿਹਾ ਗਿਆ, ਜਿਸ 'ਚ ਆਪ ਨੇ ਇੱਕ ਛੋਟਾ ਜਿਹਾ ਲਿਖਤੀ ਨੋਟ ਪੜ੍ਹਨਾ ਸੀ, ਪਰ ਕਿਸੇ ਸਵਾਲ ਦਾ ਜਵਾਬ ਨਹੀਂ ਸੀ ਦੇਣਾ। ਉਨ੍ਹਾਂ ਨੇ ਪੂਰੀ ਦ੍ਰਿੜਤਾ ਨਾਲ਼ ਇਨਕਾਰ ਕਰਦਿਆਂ ਕਿਹਾ, "ਮੈਂ ਖੁੱਲੀ ਕਾਨਫਰੰਸ ਕਰਾਂਗਾ ਅਤੇ ਵੱਧ ਤੋਂ ਵੱਧ ਸਵਾਲਾਂ ਦੇ ਜਵਾਬ ਦਿਆਂਗਾ। ਪਬਲਿਕ ਸਾਹਮਣੇ ਅਸਲੀਅਤ ਰੱਖਾਂਗਾ। ਤਜਵੀਜ਼ ਕੀਤੀ ਚਾਰ ਮਿੰਟ ਦੀ ਥਾਂ ਚਾਲ਼ੀ ਮਿੰਟ ਚੱਲੀ ਇਹ ਕਾਨਫਰੰਸ ਦੀ ਪੂਰੇ ਦੇਸ਼ 'ਚ ਸ਼ਲਾਘਾ ਹੋਈ। ਇੱਕ ਪੱਤਰਕਾਰ ਦੇ ਸਵਾਲ, "ਕੀ ਗ਼ਾਜ਼ੀ ਮਾਰਿਆ ਗਿਆ ਹੈ?" ਦਾ ਜਵਾਬ ਪੂਰੇ ਜਾਹੋ-ਜਲਾਲ ਨਾਲ਼ ਦਿੰਦਿਆਂ

**(ਬਾਕੀ ਸਫਾ 28 ਤੇ)**

# ਪੰਜਾਬੀ ਯੂਨੀਵਰਸਿਟੀ ਬਾਰੇ ਚੱਲੇ ਵਿਵਾਦ ਦੀ ਹਕੀਕਤ ਕੀ ਹੈ?

ਪੰਜਾਬੀ ਯੂਨੀਵਰਸਿਟੀ ਪਟਿਆਲਾ ਇਕ ਦਹਾਕੇ ਤੋਂ ਵਿੱਤੀ ਸੰਕਟ ਨਾਲ ਜੂਝ ਰਹੀ ਹੈ ਪਰ ਇਹ ਪਹਿਲੀ ਵਾਰ ਹੈ ਕਿ ਯੂਨੀਵਰਸਿਟੀ ਦੀ ਗਰਾਂਟ ਵਿਚ ਲੱਗੀ ਕਟੌਤੀ ਤੋਂ ਬਾਅਦ ਸਾਰਿਆਂ ਲਈ ਚਿੰਤਾ ਦਾ ਸਬੱਬ ਬਣ ਗਿਆ ਕਿ ਜੇ ਇਵੇਂ ਹੀ ਯੂਨੀਵਰਸਿਟੀ ਦੇ ਫੰਡਾਂ ਵਿਚ ਕਟੌਤੀ ਹੁੰਦੀ ਰਹੀ ਤਾਂ ਮਾਲਵਾ ਖੇਤਰ ਦੀ ਇਸ ਮਿਆਰੀ ਸੰਸਥਾ ਨੂੰ ਖਤਮ ਹੋਣ ਤੋਂ ਬਚਾਇਆ ਨਹੀਂ ਜਾ ਸਕੇਗਾ। ਇਹ ਵੀ ਸ਼ਾਇਦ ਪਹਿਲੀ ਵਾਰ ਹੋਇਆ ਹੈ ਅਤੇ ਸਲਾਹੁਣਯੋਗ ਗੱਲ ਹੈ ਕਿ ਯੂਨੀਵਰਸਿਟੀ ਦੇ ਮੌਜੂਦਾ ਉਪ ਕੁਲਪਤੀ ਪ੍ਰੋ. ਅਰਵਿੰਦ ਨੇ ਵਿਤੀ ਹਾਲਤ ਬਾਰੇ ਤੱਥਾਂ ਸਮੇਤ ਆਪਣਾ ਪੱਖ ਰੱਖਿਆ। ਜੇਕਰ ਉਹ ਜਨਤਕ ਤੌਰ 'ਤੇ ਸਥਿਤੀ ਨੂੰ ਸਪਸ਼ਟ ਨਾ ਕਰਦੇ ਤਾਂ ਪੰਜਾਬ ਦੇ ਲੋਕਾਂ ਨੂੰ



ਕਰਮ ਬਰਸਟ
ਫੋਨ: +91-94170-73831

ਯੂਨੀਵਰਸਟੀ ਦੀਆਂ ਸਮੱਸਿਆਵਾਂ ਬਾਰੇ ਭਰਮ-ਭੁਲੇਖੇ ਬਣੇ ਰਹਿੰਦੇ। ਇਸ ਸੰਸਥਾ ਨੂੰ ਬਚਾਉਣ ਲਈ ਚੱਲੇ ਅੰਦੋਲਨ ਵਿਚ ਮੌਜੂਦਾ ਉਪ ਕੁਲਪਤੀ ਦੀ ਸਿੱਧੀ ਸ਼ਮੂਲੀਅਤ ਭਾਵੇਂ ਨਹੀਂ ਰਹੀ ਲੇਕਿਨ ਉਨ੍ਹਾਂ ਦੀ ਜਨਤਕ ਅਪੀਲ ਦਾ ਸਿੱਟਾ ਇਹ ਨਿਕਲਿਆ ਕਿ ਉਚੇਰੀ ਸਿੱਖਿਆ ਨੂੰ ਬਚਾਉਣ ਲਈ ਪੰਜਾਬ ਦੇ ਸਾਰੇ ਹੀ ਜਮਹੂਰੀ ਤੇ ਇਨਸਾਫ਼ਪਸੰਦ ਲੋਕ ਬਿਨਾ ਕਿਸੇ ਸਿਆਸੀ ਭੇਦ-ਭਾਵ ਤੋਂ ਇਕ ਮੰਚ ਉਪਰ ਇਕੱਠੇ ਹੋਏ ਅਤੇ ਇਕ ਮਹੀਨੇ ਤੋਂ ਰਾਜਕੀ ਪ੍ਰਸ਼ਾਸਨ ਕੋਲੋਂ ਯੂਨੀਵਰਸਿਟੀ ਨੂੰ ਬਚਾਉਣ ਦੀ ਮੰਗ ਕਰ ਰਹੇ ਹਨ। ਸਿਰਫ ਵਿਦਿਆਰਥੀਆਂ, ਅਧਿਆਪਕਾਂ ਅਤੇ ਮੁਲਾਜ਼ਮਾਂ ਅੰਦਰ ਹੀ ਰੋਸ ਪੈਦਾ ਨਹੀਂ ਹੋਇਆ ਸਗੋਂ ਕਿਸਾਨ, ਮਜ਼ਦੂਰ ਯੂਨੀਅਨਾਂ, ਜਮਹੂਰੀ ਹੱਕਾਂ ਲਈ ਆਵਾਜ਼ ਉਠਾਉਣ ਵਾਲੇ ਸੰਗਠਨ ਇਸ ਮੁਹਿੰਮ ਵਿਚ ਸ਼ਾਮਲ ਹਨ।

ਦੁਨੀਆ ਭਰ ਅੰਦਰ ਪੰਜਾਬੀ ਯੂਨੀਵਰਸਿਟੀ ਹੀ ਇਜ਼ਰਾਈਲ ਦੀ ਜੈਰੂਸਲਮ ਦੀ ਹੈਬਰਿਊ ਯੂਨੀਵਰਸਿਟੀ ਵਾਂਗ ਦੂਜੀ ਸੰਸਥਾ ਹੈ ਜਿਸਦੀ ਸਥਾਪਨਾ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਪ੍ਰਫੁਲਿਤ ਕਰਨ ਲਈ ਹੋਈ ਸੀ ਪਰ ਪਿਛਲੇ 30 ਕੁ ਸਾਲਾਂ ਤੋਂ ਇਹ ਸੰਸਥਾ ਸੋਚੀ ਸਮਝੀ ਨੀਤ ਤਹਿਤ ਅਣਦੇਖੀ ਦਾ ਸ਼ਿਕਾਰ ਹੋ ਰਹੀ ਹੈ। ਸਿਆਸੀ ਪਾਰਟੀਆਂ ਦੇ ਸਿੱਧੇ ਦਖਲ ਨੇ ਇਸਦੀ ਖੁਦਮੁਖਤਾਰੀ ਨੂੰ ਢਾਅ ਲਾਉਣ ਦੀ ਪੂਰੀ ਕੋਸ਼ਿਸ਼ ਕੀਤੀ ਹੈ; ਵਿਸ਼ੇਸ਼ ਕਰਕੇ ਅਕਾਲੀ ਸਰਕਾਰਾਂ ਵੇਲੇ ਤਾਂ ਇਹੋ ਜਿਹੇ ਉਪ ਕੁਲਪਤੀ ਨਿਯੁਕਤ ਹੁੰਦੇ ਰਹੇ ਹਨ ਜਿਨ੍ਹਾਂ ਦਾ ਅਕਾਦਮਿਕ ਖੇਤਰ ਵਿਚ ਕੋਈ ਯੋਗਦਾਨ ਨਹੀਂ ਸੀ ਜਾਂ ਸਾਧਾਰਨ ਕਾਲਜਾਂ ਦੇ ਅਧਿਆਪਕ ਤੋਂ ਉਠਾ ਕੇ ਸਿੱਧਾ ਯੂਨੀਵਰਸਿਟੀ ਦੇ ਉਪਕੁਲਪਤੀ ਥੋਪ ਦਿੱਤੇ ਗਏ ਸਨ। ਆਸ ਮੁਤਾਬਕ ਉਨ੍ਹਾਂ ਨੇ ਆਪਣੇ ਸਿਆਸੀ ਪੁਸ਼ਤ ਪਨਾਹਾਂ ਨੂੰ ਪ੍ਰਸੰਨ ਰੱਖਣ ਲਈ ਮੁਨਸ਼ੀਗਿਰੀ ਵਾਲੀ ਭੂਮਿਕਾ ਹੀ ਨਿਭਾਈ ਸੀ।

ਨਵੀਆਂ ਆਰਥਿਕ ਨੀਤੀਆਂ ਅਤੇ ਮੰਡੀ ਆਧਾਰਿਤ ਆਰਥਿਕਤਾ ਵਾਲੇ ਨਿਜ਼ਾਮ ਅੰਦਰ ਹਰ ਤਰ੍ਹਾਂ ਦੀਆਂ ਲੋਕਭਲਾਈ ਸਕੀਮਾਂ ਅਤੇ ਅਦਾਰਿਆਂ ਦਾ ਬਜਟ ਕੇਂਦਰ ਅਤੇ ਸੂਬਿਆਂ ਦੀ ਸਾਲਾਨਾ ਆਮਦਨ ਦੇ ਮੁਕਾਬਲੇ ਉਚੇਰੀ ਸਿੱਖਿਆ ਦੇ ਬਜਟ ਦਾ ਹਿੱਸਾ ਘਟ ਰਿਹਾ ਹੈ। ਨਵੀਆਂ ਖੋਜਾਂ ਅਤੇ ਨਿਰੰਤਰ ਹੋ ਰਹੀ ਵਿਗਿਆਨਕ ਤਰੱਕੀ ਦੇ ਮੌਜੂਦਾ ਦੌਰ ਵਿਚ ਸਿਖਿਆ ਦੀਆਂ ਉਚੇਰੀਆਂ ਸੰਸਥਾਵਾਂ ਨੂੰ ਵਿੱਤੀ ਤੌਰ ਤੇ ਮਜ਼ਬੂਤ ਕਰਨ ਦੀ ਲੋੜ ਸੀ ਪਰ ਹੋਇਆ ਇਸਦੇ ਬਿਲਕੁਲ ਉਲਟ। ਹਰ ਕਿਸਮ ਦੀਆਂ ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਜੇਕਰ ਸਮਾਜ, ਅਰਥਚਾਰੇ, ਸਭਿਆਚਾਰ, ਅਤੇ ਨੈਤਿਕ ਕਦਰਾਂ ਕੀਮਤਾਂ ਦਾ ਵਿਕਾਸ ਕਰਨਾ ਹੈ ਤਾਂ ਸਿੱਖਿਆ ਸੰਸਥਾਵਾਂ ਵਿਚ ਅਧਿਆਪਕਾਂ, ਕਰਮਚਾਰੀਆਂ ਤੇ ਵਿਦਿਆਰਥੀਆਂ ਨੂੰ ਆਰਥਿਕ ਤੌਰ 'ਤੇ ਨਿਸਚਿੰਤ, ਸ਼ਾਂਤਮਈ ਅਤੇ ਕਿਸੇ ਵੀ ਤਰ੍ਹਾਂ ਦੀ ਸਿਆਸੀ ਦਖਲ ਅੰਦਾਜ਼ੀ ਰਹਿਤ ਮਾਹੌਲ ਦੇਣ ਦੀ ਲੋੜ ਪੈਂਦੀ ਹੈ। ਆਪਣੀ ਸਿਆਸਤ ਦੇ ਮੇਲ ਦੀਆਂ ਵਿਦਿਆਰਥੀ, ਅਧਿਆਪਕ ਅਤੇ ਮੁਲਾਜ਼ਮ ਜਥੇਬੰਦੀਆਂ ਬਣਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸੰਸਥਾਵਾਂ ਦੀ ਇਸ ਆਬਾਦੀ ਨੂੰ ਖੁਦ ਵੀ ਭਲੀ-ਭਾਂਤ ਸਮਝ ਲੈਣਾ ਚਾਹੀਦਾ ਹੈ ਕਿ ਯੂਨੀਵਰਸਿਟੀ ਵਿਚ ਸਭ ਤੋਂ ਜ਼ਿਆਦਾ ਦਾਰੋਮਦਾਰ ਉਨ੍ਹਾਂ ਦਾ ਹੀ ਹੁੰਦਾ ਹੈ। ਜੇ ਯੂਨੀਵਰਸਿਟੀ ਦੀ ਹੋਂਦ ਖ਼ਤਰੇ ਵਿਚ ਪੈਂਦੀ ਹੈ ਤਾਂ ਉਨ੍ਹਾਂ ਦੀ ਹੋਂਦ ਨੂੰ ਖ਼ਤਮ ਹੋਣ ਤੋਂ ਕੋਈ ਨਹੀਂ ਬਚਾ ਸਕੇਗਾ। ਇਸ ਲਈ ਉਨ੍ਹਾਂ ਨੂੰ ਆਪਣੇ ਸੌੜੇ ਹਿੱਤਾਂ ਤੋਂ ਉਪਰ ਉਠ ਕੇ ਯੂਨੀਵਰਸਿਟੀ ਦੀ ਹੋਂਦ ਬਚਾਉਣ ਲਈ ਇਸ ਦੇ ਵਿਕਾਸ ਵਿਚ ਆਪਣਾ ਬਣਦਾ ਯੋਗਦਾਨ ਪਾਉਣਾ ਪਵੇਗਾ।

ਇਹ ਸੰਕਟ ਭਾਰਤ ਵਰਗੇ ਤੀਜੀ ਦੁਨੀਆ ਦੇ ਦੇਸ਼ਾਂ ਤੋ ਇਲਾਵਾ ਅਮਰੀਕਾ ਵਰਗੇ ਵਿਕਸਿਤ ਮੁਲਕਾਂ ਵਿਚ ਵੀ ਚੱਲ ਰਿਹਾ ਹੈ। ਕਾਰਨ ਇਹ ਹੈ ਕਿ 1995 ਵਿਚ ਵਿਸ਼ਵ ਵਪਾਰ ਸੰਸਥਾ ਦੀ ਸਥਾਪਨਾ ਹੋਣ ਮਗਰੋਂ ਜਨਤਕ ਖੇਤਰ ਦੀਆਂ ਸੰਸਥਾਵਾਂ ਨੂੰ ਤੋੜਨ ਅਤੇ ਨਿੱਜੀ ਸੰਸਥਾਵਾਂ ਦੇ ਵਿਕਾਸ ਨੂੰ ਹੀ ਸਾਰੀਆਂ ਸਮੱਸਿਆਵਾਂ ਦਾ ਹੱਲ ਸਮਝ ਲਿਆ ਗਿਆ ਹੈ ਪਰ ਭਾਰਤ ਵਰਗੇ ਮੁਲਕਾਂ ਜਿਨ੍ਹਾਂ ਅੰਦਰ ਚਾਲੀ ਫੀਸਦੀ ਤੋਂ ਉਪਰ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ, ਉਨ੍ਹਾਂ ਲਈ ਮਹਿੰਗੀ ਸਿੱਖਿਆ ਹਾਸਲ ਕਰਨਾ ਸੰਭਵ ਹੀ ਨਹੀਂ ਹੈ। ਇਸੇ ਲਈ ਪਿਛਲੇ ਤੀਹ ਸਾਲਾਂ ਤੋਂ ਧੜਾ-ਧੜਾ ਕੱਚ-ਘਰੜ ਵਿਦਿਆਰਥੀ ਅਤੇ ਵਿੱਦਿਅਕ ਮਾਹਰ ਪੈਦਾ ਹੋ ਰਹੇ ਹਨ। ਇਸਦਾ ਇੱਕੋ ਹੀ ਕਾਰਨ ਹੈ ਕਿ ਨਿਜੀ ਯੂਨੀਵਰਸਿਟੀਆਂ ਅਤੇ ਹੋਰ ਤਕਨੀਕੀ ਸੰਸਥਾਵਾਂ ਉਪਰ ਸਰਕਾਰੀ ਨਿਗਰਾਨੀ ਨਾਮ ਦੀ ਚੀਜ਼ ਨਹੀਂ ਰਹੀ। ਉਨ੍ਹਾਂ ਦੇ ਆਪਣੇ ਹੀ ਨਿਯਮ ਹਨ, ਵਿੱਦਿਅਕ ਸਿਲੇਬਸ ਹਨ, ਪੇਪਰ ਤਿਆਰ ਕਰਨ ਤੇ ਪ੍ਰੀਖਿਆ ਲੈਣ ਦੇ ਪ੍ਰਬੰਧ ਹਨ। ਜਦੋਂ ਵਿਦਿਆਰਥੀਆਂ ਤੋਂ ਮਨਮਰਜੀ ਦੀਆਂ ਫ਼ੀਸਾਂ ਲਈਆਂ ਜਾਣਗੀਆਂ ਤਾਂ ਵਿਦਿਆਰਥੀਆਂ ਦੀ ਵੀ ਅਣਲਿਖਤ ਹੱਕ ਬਣ ਜਾਂਦਾ ਹੈ ਕਿ ਉਨ੍ਹਾਂ ਨੂੰ ਜਮਾਤ ਵਿਚ ਜਾਏ ਬਿਨਾ ਹੀ ਵੱਡੀ ਤੋਂ ਵੱਡੀ ਡਿਗਰੀ ਵੀ ਪ੍ਰਾਪਤ ਹੁੰਦੀ ਰਹੇ। ਜਨਤਕ ਸੰਸਥਾਵਾਂ ਵਿਚ ਇਹ ਸਹੂਲਤ ਨਹੀਂ ਮਿਲ ਸਕਦੀ।ਜਨਤਕ ਵਿੱਦਿਅਕ ਸੰਸਥਾਵਾਂ ਵਿਚ ਹੇਰਾ-ਫੇਰੀਆਂ ਹੋਰ ਵੀ ਮੁਸ਼ਕਿਲ ਹੋ ਜਾਂਦੀਆਂ ਹਨ ਜਦੋਂ ਇਮਾਨਦਾਰ, ਨਿਡਰ ਅਤੇ ਸਿਦਕੀ ਵਿਦਵਾਨ ਅਜਿਹੀਆਂ ਸੰਸਥਾਵਾਂ ਦੇ ਮੁਖੀ ਬਣ ਜਾਂਦੇ ਹਨ।

ਅਜਿਹੀਆਂ ਹਾਲਤਾਂ ਵਿਚ ਕਈ ਜਨਤਕ ਸ਼ਖਸੀਅਤਾਂ ਦਾ ਟਕਰਾਅ ਸਾਹਮਣੇ ਆ ਜਾਂਦਾ ਹੈ। ਸਮਾਜਿਕ, ਰਾਜਨੀਤਕ, ਵਿੱਦਿਅਕ ਅਤੇ ਸਿਹਤ ਸਮੱਸਿਆਵਾਂ ਲਈ ਸੰਘਰਸ਼ ਕਰਨ ਵਾਲੇ ਉਘੇ ਕਾਰਕੁਨ ਗਲਤਫਹਿਮੀਆਂ ਦਾ ਸ਼ਿਕਾਰ ਹੋ ਕੇ ਯੂਨੀਵਰਸਿਟੀ ਵਿਰੁੱਧ ਮੋਰਚਾ ਖੋਲ੍ਹ ਲੈਂਦੇ ਹਨ। ਉਹ ਤੱਥਾਂ ਦੀ ਦਰਿਆਫ਼ਤ ਕਰਨ ਦੀ ਬਜਾਇ 'ਲੰਗੋਟਾ ਡਾਕ' ਨੂੰ ਹੀ ਇਲਾਹੀ ਗਿਆਨ ਸਮਝਕੇ ਆਮ ਜਨਤਾ ਨੂੰ ਗੁਮਰਾਹ ਕਰਨ ਤੁਰ ਪੈਂਦੇ ਹਨ। ਅਜਿਹੇ ਸੂਝਵਾਨ ਵਿਅਕਤੀਆਂ ਤੋਂ ਬਿਲਕੁਲ ਵੀ ਇਹ ਤਵੱਕੋ ਨਹੀਂ ਹੁੰਦੀ ਕਿ ਉਹ ਯੂਨੀਵਰਸਿਟੀ ਦੇ ਪੁਰਾਣੇ ਪ੍ਰਸ਼ਾਸਨ ਦੀਆਂ ਗਲਤੀਆਂ ਨੂੰ ਮੌਜੂਦਾ ਉਪਕੁਲਪਤੀ ਦੇ ਗਲ ਮੜਣ ਵਰਗੀ ਹਮਲਾਵਰ ਮੁਹਿੰਮ ਦੀ ਅਗਵਾਈ ਕਰਨ ਤੁਰ ਪੈਣ।

ਇਹ ਤੱਥ ਕਿਸੇ ਵੀ ਸਾਧਾਰਨ ਵਿਅਕਤੀ ਤੋਂ ਲੁਕਿਆ ਹੋਇਆ ਨਹੀਂ ਕਿ ਪੰਜਾਬੀ ਯੂਨੀਵਰਸਿਟੀ ਦੇ ਸਿਰ 'ਤੇ ਚੜ੍ਹਿਆ ਕਰਜ਼ਾ ਮੌਜੂਦਾ ਵਾਈਸਚਾਂਸਲਰ ਤੋਂ ਪਹਿਲਾਂ ਦਾ ਖੜ੍ਹਾ ਹੈ ਜਿਸ ਵਿਚ ਉਸਦਾ ਕਾਣੀਕੌਡੀ ਦਾ ਵੀ ਯੋਗਦਾਨ ਨਹੀਂ ਹੈ। ਉਨ੍ਹਾਂ ਦੇ ਕਾਰਜਕਾਲ ਵਿਚ ਇਹ ਸੰਸਥਾ ਆਪਣੇ ਪੈਰਾਂ 'ਤੇ ਮੁੜ ਖੜ੍ਹਾ ਹੋਣ ਲਈ ਯਤਨ ਕਰ ਰਹੀ ਹੈ। ਇਸ ਮਿਆਰੀ ਸੰਸਥਾ ਨੂੰ ਬਚਾਉਣ ਲਈ ਉਨ੍ਹਾਂ ਦੀ ਨਿਜੀ ਭੂਮਿਕਾ ਕਾਫ਼ੀ ਸਲਾਘਾਯੋਗ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਮੁੱਖਮੰਤਰੀ ਅਤੇ ਵਿੱਤਮੰਤਰੀ ਨੂੰ ਇਹ ਜਚਾਉਣ ਵਿਚ ਸਫਲਤਾ ਹਾਸਲ ਕੀਤੀ ਹੈ ਕਿ ਉਹ ਵਾਧੂ ਗਰਾਂਟ ਦੇਣ ਲਈ ਤੁਰੰਤ ਸਹਿਮਤ ਹੋ ਗਏ। ਮੌਜੂਦਾ ਵਾਈਸਚਾਂਸਲਰ ਨੇ ਸਿਰਫ ਵਿੱਤੀ ਸਮੱਸਿਆਵਾਂ ਨੂੰ ਹੀ ਹੱਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਬਲਕਿ ਲੰਮੇ ਸਮੇਂ ਤੋਂ ਭ੍ਰਿਸ਼ਟਾਚਾਰ ਵਿਚ ਲਿਪਤ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਵੀ ਬੇਪਰਦ ਕਰਨ ਵਿਚ ਮੋਹਰੀ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ




ਅਜਿਹੇ ਸਮੇਂ ਪੰਜਾਬੀ ਯੂਨੀਵਰਸਟੀ ਨੂੰ ਸੰਭਾਲਿਆ ਸੀ, ਜਦੋਂ ਤਤਕਾਲੀ ਉਪ ਕੁਲਪਤੀ ਡਾਕਟਰ ਭੂਰਾ ਸਿੰਘ ਘੁੰਮਣ ਆਪਣੀ ਸੇਵਾ ਵਿਚ ਹੋਏ ਦੂਸਰੇ ਵਾਧੇ ਨੂੰ ਪੂਰਾ ਕਰੇ ਬਿਨਾ ਹੀ ਤਿਆਗ ਪੱਤਰ ਦੇ ਗਏ ਸਨ। ਜੇ ਉਪਕੁਲਪਤੀ ਨੂੰ ਇਹੀ ਚਿੰਤਾ ਲੱਗੀ ਰਹੇ ਕਿ ਅਗਲੇ ਮਹੀਨੇ ਲਈ ਤਨਖਾਹ ਅਤੇ ਪੈਨਸ਼ਨਾਂ ਲਈ ਵਿੱਤੀ ਪ੍ਰਬੰਧ ਕਿਵੇਂ ਕਰਨਾ ਹੈ ਤਾਂ ਉਹ ਕਿਸ ਕਿਸਮ ਦੀ ਅਗਵਾਈ ਦੇ ਸਕੇਗਾ, ਜਦੋਂਕਿ ਉਸਦਾ ਬੁਨਿਆਦੀ ਕਾਰਜ ਨਵੀਂ ਖੋਜ ਲਈ ਸਹੂਲਤਾਂ ਦਾ ਇੰਤਜ਼ਾਮ ਕਰਨ, ਵਧੀਆ ਅਕਾਦਮਿਕ ਮਾਹੌਲ ਸਿਰਜਣ ਅਤੇ ਪ੍ਰਸ਼ਾਸਨਿਕ ਅਗਵਾਈ ਮੁਹੱਈਆ ਕਰਨੀ ਹੁੰਦੀ ਹੈ।

ਮੰਡੀ ਅਰਥਚਾਰੇ ਦੀਆਂ ਇਹ ਨੀਤੀਆਂ ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ਾਂ ਨੂੰ ਵੀ ਪ੍ਰਭਾਵਿਤ ਕਰ ਰਹੀਆਂ ਹਨ। ਉਥੇ ਬਹੁਤ ਸਾਰੇ ਲੋਕ ਪਹਿਲਾਂ ਹੀ ਮੰਨਦੇ ਹਨ ਕਿ ਸਿਖਿਆ ਪ੍ਰਣਾਲੀ ਨੂੰ ਬਦਲਣ ਦਾ ਸਮਾਂ ਆ ਗਿਆ ਹੈ। ਉਥੋਂ ਦੇ ਵਿਦਿਆਰਥੀਆਂ ਉਪਰ ਇਕ ਲੱਖ ਸੱਠ ਹਜ਼ਾਰ ਡਾਲਰ (ਲਗਭਗ ਤੇਰਾਂ ਲੱਖ ਤੇਰਾਂ ਹਜ਼ਾਰ ਛੇ ਸੌ ਬਹੱਤਰ ਕਰੋੜ ਰੁਪਏ) ਦਾ ਬਕਾਇਆ ਖੜ੍ਹਾ ਹੈ ਜੋ ਉਨ੍ਹਾਂ ਤੋਂ ਉੱਤਰ ਨਹੀਂ ਰਿਹਾ। ਇਹ ਹਿਮਾਲੀਆ ਪਹਾੜ ਜਿਹੇ ਕਰਜ਼ੇ ਨੇ ਹੀ ਬਰਨੀ ਸੈਂਡਰਜ਼ ਦੀ 'ਮੁਫ਼ਤ ਕਾਲਜ' ਸ਼ੁਰੂ ਕਰਨ ਦੀ ਮੁਹਿੰਮ ਨੂੰ ਤੇਜ਼ ਕਰਨ ਵਿਚ ਮਦਦ ਕੀਤੀ ਜਿਸਨੇ ਅਮਰੀਕੀ ਚੋਣ ਰਾਜਨੀਤੀ ਨੂੰ ਬੁਰੀ ਤਰ੍ਹਾਂ ਪਰਭਾਵਿਤ ਕੀਤਾ ਸੀ। ਬਰਨੀ ਸੈਂਡਰਜ਼ ਅਤੇ ਐਲਿਜ਼ਾਬੈਥ ਵਾਰਨ ਦੇ ਲਿਆਂਦੇ ਮਤੇ ਅਨੁਸਾਰ ਜਨਤਕ ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਅੰਡਰ-ਗਰੈਜੂਏਟ ਡਿਗਰੀਆਂ ਲਈ ਟਿਊਸ਼ਨ ਫ਼ੀਸ ਨੂੰ ਜ਼ੀਰੋ ਫੀਸਦੀ ਤੱਕ ਘਟਾਉਣਾ ਚਾਹੀਦਾ ਹੈ। ਇਸ ਵਾਸਤੇ ਫੈਡਰਲ ਸਰਕਾਰ ਅਤੇ ਰਾਜਾਂ ਨੂੰ ਕਾਫ਼ੀ ਪੈਸਾ ਦੇਣਾ ਪਵੇਗਾ।ਸਪਸ਼ਟ ਹੈ ਕਿ ਵਿਕਸਤ ਦੇਸ਼ਾਂ ਵਿਚ ਵੀ ਬਹੁਤ ਸਾਰੀਆਂ ਸੰਸਾਰ ਪ੍ਰਸਿੱਧ ਜਨਤਕ ਤੇ ਨਿੱਜੀ ਯੂਨੀਵਰਸਿਟੀਆਂ ਨਿਰੋਲ ਫ਼ੀਸਾਂ ਨਾਲ ਨਹੀਂ ਚੱਲ ਰਹੀਆਂ।

ਹਾਸਲ ਅੰਕੜਿਆਂ ਮੁਤਾਬਕ ਸਾਲ 1991-92 ਵਿਚ ਯੂਨੀਵਰਸਿਟੀ ਦੇ ਕੁਲ ਬਜਟ ਵਿਚ 74 ਪ੍ਰਤੀਸ਼ਤ ਯੋਗਦਾਨ ਪੰਜਾਬ ਸਰਕਾਰ ਦਾ ਸੀ। ਅਗਲੇ ਕੁਝ ਸਾਲਾਂ ਦੌਰਾਨ ਇਹ ਹਿੱਸਾ 65 ਤੋਂ 72 ਪ੍ਰਤੀਸ਼ਤ ਵਿਚਕਾਰ ਰਿਹਾ ਪਰ ਉਸ ਤੋਂ ਬਾਅਦ ਵੱਖ-ਵੱਖ ਸਰਕਾਰਾਂ ਨੇ ਯੂਨੀਵਰਸਿਟੀਆਂ ਨੂੰ ਦਿੱਤੀ ਜਾਣ ਵਾਲੀ ਗਰਾਂਟ ਘਟਾਉਣੀ ਸ਼ੁਰੂ ਕਰ ਦਿੱਤੀ ਜੋ ਘਟਦੀ-ਘਟਦੀ 2001-02 ਵਿਚ 41.30 ਪ੍ਰਤੀਸ਼ਤ ਤੱਕ ਰਹਿ ਗਈ। ਇਸ ਸਮੇਂ ਪੰਜਾਬੀ ਯੂਨੀਵਰਸਿਟੀ ਦੇ ਸਮੁੱਚੇ ਬਜਟ ਵਿਚ ਪੰਜਾਬ ਸਰਕਾਰ ਦਾ ਹਿੱਸਾ ਤਕਰੀਬਨ 28 ਤੋਂ 30 ਪ੍ਰਤੀਸ਼ਤ ਹੀ ਹੈ। ਨਵੇਂ ਤਨਖਾਹ ਸਕੇਲਾਂ ਕਾਰਨ ਤਨਖਾਹਾਂ ਅਤੇ ਪੈਨਸ਼ਨਾਂ ਦਾ ਖਰਚਾ ਵਧਣ ਕਾਰਨ ਅਤੇ ਡੀ.ਏ. ਆਦਿ ਦੀਆਂ ਕਿਸ਼ਤਾਂ ਪੂਰੀਆਂ ਕਰਨ ਲਈ ਇੰਨੀ ਰਾਸ਼ੀ ਕਾਫ਼ੀ ਨਹੀਂ ਹੈ। ਯੂਨੀਵਰਸਿਟੀ ਨੂੰ ਹੋਰ ਕਰਜ਼ੇ ਦੇ ਬੋਝ ਤੋਂ ਬਚਾਉਣ ਲਈ ਉਪਰੋਕਤ ਰਾਸ਼ੀ ਤੋਂ ਇਲਾਵਾ 150 ਕਰੋੜ ਦੇ ਕਰਜ਼ੇ ਨੂੰ ਵੀ ਸਰਕਾਰ ਆਪਣੇ ਸਿਰ ਲਵੇ, ਜਿਵੇਂ ਇਸ ਤੋਂ ਪਹਿਲੀ ਕਾਂਗਰਸ ਸਰਕਾਰ ਅਤੇ ਮੌਜੂਦਾ ਸਰਕਾਰ ਨੇ ਵੀ ਵਾਅਦਾ ਕੀਤਾ ਹੋਇਆ ਹੈ। ਇਸ ਲਈ ਪੰਜਾਬ ਦੇ ਆਮ ਲੋਕਾਂ ਦੀ ਮਿਆਰੀ ਸਿੱਖਿਆ ਪ੍ਰਤੀ ਪਹੁੰਚ ਬਣਾਈ ਰੱਖਣ ਲਈ ਸਰਕਾਰ ਨੂੰ ਵੀ ਹਰ ਹਾਲਤ ਵਿਚ ਲੋੜੀਂਦੀ ਸਹਾਇਤਾ ਚਾਹੀਦੀ ਹੈ।

ਇਹ ਵੀ ਨਹੀਂ ਹੈ ਕਿ ਖੁਦਮੁਖਤਾਰੀ ਦੇ ਨਾਮ ਹੇਠ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਖੁੱਲ ਖੇਡਣ ਦੀ ਛੁੱਟੀ ਦੇ ਦਿੱਤੀ ਜਾਵੇ। ਇਸੇ ਯੂਨੀਵਰਸਿਟੀ ਵਿਚ ਗੰਭੀਰ ਵਿੱਤੀ ਬਦਨਿਯਮੀਆਂ ਅਤੇ ਬਦਇੰਤਜ਼ਾਮੀਆਂ ਦੇ ਚਰਚੇ ਵੀ ਹੋ ਰਹੇ ਹਨ ਜਿਸ ਸੰਬੰਧੀ ਜਾਂਚ-ਪੜਤਾਲ ਵੀ ਚੱਲ ਰਹੀ ਹੈ। ਯੂਨੀਵਰਸਿਟੀ ਪ੍ਰਸ਼ਾਸਨ ਨੂੰ ਇਸ ਸਬੰਧੀ ਜਵਾਬਦੇਹ ਹੋਣਾ ਪਵੇਗਾ। ਸਿਆਸੀ ਦਬਾਅ ਹੇਠ ਕੁਝ ਬੇਲੋੜੀ ਭਰਤੀ ਕੀਤੇ ਜਾਣ ਕਾਰਨ ਵੀ ਵਿੱਤੀ ਬੋਝ ਵਧਿਆ ਹੈ। ਸਰਕਾਰ ਵਲੋਂ ਮਨਜ਼ੂਰ ਕੀਤੀਆਂ ਅਸਾਮੀਆਂ ਤੋਂ ਜ਼ਿਆਦਾ ਅਸਾਮੀਆਂ (ਖ਼ਾਸ ਕਰਕੇ ਯੂਨੀਵਰਸਿਟੀ ਦੇ ਕੰਸਟੀਚੂਐਂਟ ਕਾਲਜਾਂ ਅਤੇ ਨੇਬਰਹੁੱਡ ਕੈਂਪਸਾਂ ਵਿਚ) ਭਰਨ ਕਰ ਕੇ ਸਰਕਾਰ ਗ਼ੈਰ-ਮਨਜ਼ੂਰਸ਼ੁਦਾ ਅਸਾਮੀਆਂ ਨੂੰ ਗਰਾਂਟ ਅਧੀਨ ਨਹੀਂ ਗਿਣਦੀ। ਪੈਨਸ਼ਨ ਫੰਡ ਵੀ ਸਥਾਪਤ ਨਹੀਂ ਕੀਤਾ ਗਿਆ। ਨਵੀਂ ਪੈਨਸ਼ਨ ਸਕੀਮ ਲਾਗੂ ਕਰਨ ਨਾਲ ਯੂਨੀਵਰਸਿਟੀ ਦਾ ਵਿੱਤੀ ਬਜਟ ਕਾਫੀ ਹਿੱਲ ਗਿਆ ਹੈ। ਦੁਖਾਂਤ ਇਹ ਹੈ ਕਿ ਵੱਖ-ਵੱਖ ਸਮਿਆਂ ਦੇ ਵਾਈਸਚਾਂਸਲਰਾਂ ਅਤੇ ਸਰਕਾਰਾਂ ਨੇ ਇਸ ਉਲਝੀ ਤਾਣੀ ਨੂੰ ਸੁਲਝਾਉਣ ਲਈ ਕਦੇ ਵੀ ਸੰਜੀਦਾ ਯਤਨ ਨਹੀਂ ਕੀਤੇ ਪਰ ਇਹ ਕਹਿਣਾ ਕਿਸੇ ਤਰ੍ਹਾਂ ਵੀ ਤਰਕਸੰਗਤ ਨਹੀਂ ਹੈ ਕਿ ਇਸ ਸੰਸਥਾ ਦੇ ਵਿਤੀ ਸੰਕਟ, ਘਪਲੇਬਾਜ਼ੀਆਂ ਅਤੇ ਨਾਜਾਇਜ਼ ਭਰਤੀਆਂ ਲਈ ਮੌਜੂਦਾ ਉਪਕੁਲਪਤੀ ਜ਼ਿੰਮੇਵਾਰ ਹਨ। ਇਸਦੇ ਉਲਟ ਉਹ ਯੂਨੀਵਰਸਟੀ ਵਿਚ ਹਰ ਤਰਾਂ ਦਾ ਸੁਧਾਰ ਕਰਨ ਲਈ ਜੀਅ ਤੋੜ ਕੋਸ਼ਿਸ਼ਾਂ ਕਰ ਰਹੇ ਹਨ। ਸਰਕਾਰ ਕੋਲੋਂ ਮੰਗ ਕੀਤੀ ਗਈ ਹੈ ਕਿ ਯੂਨੀਵਰਸਿਟੀ ਦਾ ਬਜਟ 164 ਕਰੋੜ ਰੁਪਏ ਤੋਂ ਵਧਾ ਕੇ 360 ਕਰੋੜ ਰੁਪਏ ਕਰਨਾ ਚਾਹੀਦਾ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ, ਨਵੇਂ ਪੇਅ ਸਕੇਲਾਂ ਨੂੰ ਲਾਗੂ ਕਰਨਾ, ਬਕਾਇਆ ਰਾਸ਼ੀਆਂ ਦੇਣੀਆਂ ਆਦਿ ਇਹ ਯੂਨੀਵਰਸਟੀ ਦੀ ਡਿਊਟੀ ਨਹੀਂ ਹੈ। ਇਹ ਨੀਤੀਆਂ ਸਰਕਾਰਾਂ ਲਾਗੂ ਕਰਵਾਉਂਦੀਆਂ ਹਨ ਅਤੇ ਸਰਕਾਰਾਂ ਨੂੰ ਹੀ ਇਨ੍ਹਾਂ ਖ਼ਰਚਿਆਂ ਦੀ ਘਾਟਾਪੂਰਤੀ ਕਰਨੀ ਬਣਦੀ ਹੈ। ਹਰ ਸਾਲ ਮਹਿੰਗਾਈ ਭੱਤੇ ਵਿਚ ਹੋਣ ਵਾਲੇ ਵਾਧੇ, ਪੇਅ ਸਕੇਲਾਂ ਦੀ ਸੁਧਾਈ ਅਤੇ ਸੇਵਾ ਮੁਕਤੀ ਦੇ ਕੰਢੇ 'ਤੇ ਬੈਠੇ ਮੁਲਾਜ਼ਮਾਂ ਨੂੰ ਦੇ ਬਣਦੇ ਹੱਕ ਤੇ ਬਕਾਏ ਜਾਰੀ ਕਰਨ ਲਈ ਹਰ ਸਾਲ ਕਰੋੜਾਂ ਰੁਪਏ ਦੀ ਵਾਧੂ ਰਾਸ਼ੀ ਦੀ ਲੋੜ ਪੈਂਦੀ ਹੈ। ਯੂਨੀਵਰਸਟੀ ਦੀ ਵਿਤੀ ਹਾਲਤ ਵਿਚ ਨਿਰੰਤਰ ਸੁਧਾਰ ਕਰਨ ਤੋ ਬਿਨਾ ਨਾ ਤਾਂ ਮੁਲਾਜ਼ਮ ਦੀ ਬੇਚੈਨੀ ਨੂੰ ਦੂਰ ਕੀਤਾ ਜਾ ਸਕਦਾ ਹੈ, ਨਾ ਨਵੇਂ



ਪ੍ਰੋਜੈਕਟ ਸੁਰੂ ਕੀਤੇ ਜਾ ਸਕਦੇ ਹਨ। ਉਪਕੁਲਪਤੀ ਦੀ ਇਹ ਮੰਗ ਬਿਲਕੁਲ ਦਰੁਸਤ ਹੈ ਕਿ ਬਜਟ ਦੀ ਗ੍ਰਾਂਟ 300 ਕਰੋੜ ਰੁਪਏ ਤੋਂ ਵੱਧ ਹੋਣੀ ਚਾਹੀਦੀ ਹੈ। 150 ਕਰੋੜ ਰੁਪਏ ਦੇ ਕਰਜ਼ੇ ਕਾਰਨ ਯੂਨੀਵਰਸਿਟੀ ਪਹਿਲਾ ਹੀ ਵਿੱਤੀ ਘਾਟੇ ਵਿਚ ਦੱਸੀ ਜਾਂਦੀ ਹੈ। ਨਤੀਜੇ ਵਜੋਂ ਯੂਨੀਵਰਸਿਟੀ ਸਮੇਂ ਸਿਰ ਤਨਖਾਹਾਂ ਦੇਣ ਦੀ ਹਾਲਤ ਵਿਚ ਨਹੀਂ ਹੈ। ਇਹ ਚੰਗੀ ਗੱਲ ਹੈ ਕਿ ਮੌਜੂਦਾ ਪੰਜਾਬ ਸਰਕਾਰ ਵੇਲੇ ਸਿਰ ਮਸਲੇ ਨੂੰ ਹੱਲ ਕਰਨ ਦਾ ਯਤਨ ਕਰ ਰਹੀ ਹੈ। ਸਰਕਾਰ ਨੇ ਆਪਣੀ ਵਚਨਬੱਧਤਾ ਤੇ ਪੂਰਾ ਉਤਰਦਿਆਂ 30 ਕਰੋੜ ਦੀ ਰਾਸ਼ੀ ਵੀ ਜਾਰੀ ਕਰ ਦਿੱਤੀ ਹੈ। ਚੰਗਾ ਹੋਵੇ ਜੇ ਤੀਹ ਕਰੋੜ ਪ੍ਰਤੀ ਮਹੀਨਾ ਦੀ ਇਹ ਐਲਾਨੀ ਗਰਾਂਟ ਨਿਰਵਿਘਨ ਜਾਰੀ ਹੁੰਦੀ ਰਹੇ।

ਦੇਖਿਆ ਜਾਵੇ ਤਾਂ ਇਹ ਕਿਸੇ ਯੂਨੀਵਰਸਿਟੀ, ਕਿਸੇ ਵਿਸ਼ੇਸ਼ ਵਿਅਕਤੀ ਜਾਂ ਸਰਕਾਰ ਦਾ ਮਸਲਾ ਨਹੀਂ। ਇਹ ਮੰਡੀ ਅਰਥਚਾਰੇ ਦੀਆਂ ਨੀਤੀਆਂ ਕਾਰਨ ਸੰਸਥਾਈ ਸੰਕਟ ਹਨ। ਜਦੋਂ ਵਿੱਦਿਆ ਵਰਗੇ ਬੁਨਿਆਦੀ ਜ਼ਰੂਰਤ ਵਾਲੇ ਗੁਣ ਨੂੰ ਵਸਤੂ ਵਜੋਂ ਚਿਤਵਕੇ ਮੁਨਾਫ਼ਾ ਕਮਾਉਣ ਦਾ ਧੰਦਾ ਸਮਝ ਲਿਆ ਜਾਂਦਾ ਹੈ ਤਾਂ ਪ੍ਰਾਈਵੇਟ ਉਦਮੀਆਂ/ਕਾਰੋਬਾਰੀਆਂ ਲਈ ਵਿਦਿਆ ਪਰਉਪਕਾਰ ਕਰਨ ਦੀ ਸੇਵਾ ਨਹੀ ਰਹਿ ਜਾਂਦੀ। ਭਾਰਤ ਵਰਗੇ ਅਵਿਕਸਿਤ ਦੇਸ਼ਾਂ ਵਿਚ ਵਿਦਿਆ ਅਤੇ ਸਿਹਤ ਮੁਨਾਫ਼ੇ ਦੇ ਨਹੀਂ ਸਗੋਂ ਮਨੁੱਖੀ ਵਿਕਾਸ ਦੇ ਪ੍ਰੋਜੈਕਟ ਬਣਨੇ ਚਾਹੀਦੇ ਹਨ। ਮਨੁੱਖ ਦੀਆਂ ਲੁਪਤ ਕਰਤਾਰੀ ਸੰਭਾਵਨਾ ਨੂੰ ਰਾਹ ਦੇਣ ਲਈ ਵਿੱਦਿਆ ਦਾ ਸਰਬਵਿਆਪੀ ਹੋਣਾ ਲਾਜ਼ਮੀ ਹੈ। ਨਿੱਜੀ ਤੇ ਜਨਤਕ ਖੇਤਰ ਦੀਆਂ ਹਰ ਤਰ੍ਹਾਂ ਦੀਆਂ ਸੇਵਾਵਾਂ ਵਿਚ ਖਪਤਖ਼ਰਚਿਆਂ ਵਿਚ ਸਮਾਨਤਾ ਹੋਣੀ ਜਰੂਰੀ ਹੈ ਜਿਸਦੀ ਪਹਿਲੀ ਸ਼ਰਤ ਇੱਕ ਸਮਾਨ ਕੀਮਤ ਪ੍ਰਣਾਲੀ ਨੂੰ ਅਪਣਾਉਣ ਦੀ ਲੋੜ ਹੈ। ਅਮਰੀਕਾ ਅੰਦਰ 'ਮੁਫ਼ਤ ਕਾਲਜ' ਮੁਹਿੰਮ ਦਾ ਆਧਾਰ ਹੀ ਇਹ ਹੈ ਕਿ ਵਿੱਦਿਅਕ ਫ਼ੀਸਾਂ ਇਕਸਾਰ ਹੋਣ ਅਤੇ 75,000 ਡਾਲਰ ਤੋਂ ਘੱਟ ਘਰੇਲੂ ਆਮਦਨ ਵਾਲਾ ਕੋਈ ਵੀ ਵਿਅਕਤੀ ਫੀਸਾਂ ਅਦਾ ਨਹੀਂ ਕਰੇਗਾ। ਉਥੋਂ, ਟਿਊਸ਼ਨ ਫੀਸ ਨਿਸਚਤ ਸਮੇਂ ਮਗਰੋਂ ਇਕ ਪੌੜੀ ਵਾਂਗ ਉਪਰ ਵੱਲ ਨੂੰ ਵਧੇਗੀ ਅਤੇ 10,000 ਡਾਲਰ ਰੁਕ ਜਾਵੇਗੀ। ਚਾਰ ਸਾਲਾ ਡਿਗਰੀ ਵਾਲੇ ਪ੍ਰੋਗਰਾਮਾਂ ਤੱਕ ਪ੍ਰਤੀ ਸਾਲ ਢਾਈ ਲੱਖ ਤੋਂ ਉਪਰ ਕਮਾਈ ਕਰਨ ਵਾਲੇ ਪਰਿਵਾਰਾਂ ਨੂੰ ਹੀ ਵਧਵੀਂ ਫ਼ੀਸ ਦੇਣੀ ਪਵੇਗੀ। ਰਾਜ ਦੇ ਅੰਦਰ ਅਤੇ ਬਾਹਰ ਜਨਤਕ ਯੂਨੀਵਰਸਿਟੀਆਂ ਵਿਚ ਵਿਦਿਆਰਥੀਆਂ ਲਈ ਕੀਮਤਾਂ, ਭਾਵ ਵਿੱਦਿਅਕ ਖ਼ਰਚੇ ਇੱਕੋ ਜਿਹੇ ਹੋਣਗੇ। ਘੱਟ ਆਮਦਨੀ ਵਾਲੇ ਵਿਦਿਆਰਥੀਆਂ ਨੂੰ ਕਿਤਾਬਾਂ, ਰਿਹਾਇਸ਼ ਅਤੇ ਖਾਣ-ਪੀਣ ਦੇ ਖਰਚਿਆਂ ਦਾ ਭੁਗਤਾਨ ਕਰਨ ਲਈ ਸਟੇਟ ਵਾਧੂ ਫੰਡ ਮੁਹੱਈਆ ਕਰੇਗੀ। ਸਾਡੇ ਵਿਦਿਆਰਥੀਆਂ ਨੂੰ ਇਹ ਸਹੂਲਤਾਂ ਦੇਣ ਲਈ ਪੰਜਾਬ ਵਿਚ ਇਹ ਆਮਦਨ 75000 ਰੁਪਏ ਸਾਲਾਨਾ ਮਿਥੀ ਜਾ ਸਕਦੀ ਹੈ।

ਜੇ ਅਮਰੀਕਾ ਵਰਗੇ ਅਤਿ ਵਿਕਸਤ ਦੇਸ਼ਾਂ ਵਿਚ'ਮੁਫ਼ਤ ਕਾਲਜ' ਮੁਹਿੰਮ ਚਲਾਈ ਜਾ ਸਕਦੀ ਹੈ ਤਾਂ ਪਿਛੜੇ ਦੇਸ਼ਾਂ ਲਈ ਤਾਂ ਇਸਦੀ ਬਹੁਤ ਜ਼ਿਆਦਾ ਜ਼ਰੂਰਤ ਸਮਝਣੀ ਚਾਹੀਦੀ ਹੈ। ਆਖਰਕਾਰ ਉਹ ਸਮਾਂ ਆ ਗਿਆ ਹੈ ਕਿ ਸਿਰਫ ਕੁਝ ਕੁ ਕੁਲੀਨ ਲੋਕਾਂ ਨੂੰ ਵਿੱਦਿਅਕ ਮੌਕੇ ਦੇਣ ਦੀ ਬਜਾਇ ਸਾਰੇ ਵਿਦਿਆਰਥੀਆਂ ਨੂੰ ਵਿੱਤੀ ਤਣਾਅ ਅਤੇ ਚਿੰਤਾ ਤੋਂ ਬਿਨਾ ਵਧੀਆ, ਸਸਤੀ ਤੇ ਰਿਆਇਤੀ ਦਰਾਂ ਤੇ ਕਾਲਜ ਤੇ ਯੂਨੀਵਰਸਿਟੀ ਪੱਧਰ ਦੀ ਸਿੱਖਿਆ ਦਿੱਤੀ ਜਾਵੇ।

ਇਸ ਲਈ ਕਿਸੇ ਇਕ ਵਿਅਕਤੀ ਨੂੰ ਹਮਲੇ ਦਾ ਨਿਸ਼ਾਨਾ ਬਣਾਉਣ ਦੀ ਬਜਾਇ ਪੂਰੇ ਪ੍ਰਬੰਧ ਨੂੰ ਸੁਧਾਰਨ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।


ATL KABADDI & CULTURE SPORTS CLUB
ATLANTA KABADDI CUP 2023
SATURDAY MAY 6TH 2023
5514 AUSTELL POWDER SPRINGS RD SW, AUSTELL GA
DEDICATED TO SANDEEP NANGAL AMBIA
DEDICATED TO MAKHAN SANDHU
VESAKHI MELA 2023
PERFORMANCES BY JAISMEEN JASSI & DEEP DHILLON
SPECIAL GUEST MAKHAN BRAR
SAHIL JALALDIWAL COMMENTATOR
IQBAL GALIB COMMENTATOR
MAKHAN ALI COMMENTATOR
KIDS GAMES
TUG OF WAR
VOLLEYBALL
FREE ENTRY
FREE FOOD
LIVE ON YouTube /LIVEKABADDI
USA VS. MEXICO
WOMEN SHOW MATCH
PRESIDENT NARINDER SINGH SIDHU 718-536-0017
VICE PRESIDENT KARNAIL SINGH SIDHU 559-681-8974
SECRETARY JIWAN GREWAL 404-786-6454
TREASURER RAJ BHATTHAL 706-424-1062
CHAIRMAN KAMALPREET SINGH 770-584-6520
DIRECTOR DALJEET SINGH WARAICH 206-696-9022
DIRECTOR RAM SINGH 706-816-0210
KABADDI & CULTURE SPORTS CLUB
www.youtube.com/LIVEKABADDI
LIVE
LIVE KABADDI
www.facebook.com/LIVEKABADDI
CHANNEL 422
CHANNEL 136
CHANNEL 323
Google play
Available on the App Store

# ਅਦਾਲਤਾਂ 'ਚ ਫੈਸਲੇ ਸੁਣਦਿਆਂ ਹਾਰ-ਹੰਭ ਰਹੇ ਮਜ਼ਲੂਮ

ਅਦਾਲਤੀ ਫੈਸਲੇ ਵਾਰ-ਵਾਰ ਇਹ ਦਰਸਾਉਂਦੇ ਹਨ ਕਿ ਮਜ਼ਲੂਮਾਂ ਨੂੰ ਭਾਰਤੀ ਨਿਆਂ ਪ੍ਰਣਾਲੀ ਤੋਂ ਨਿਆਂ ਦੀ ਝਾਕ ਛੱਡ ਦੇਣੀ ਚਾਹੀਦੀ ਹੈ। ਕਿਉਂ ਛੱਡ ਦੇਣੀ ਚਾਹੀਦੀ ਹੈ, ਇਸ ਸਿਲਸਿਲੇ 'ਚ ਦੋ ਹਾਲੀਆ ਫੈਸਲੇ ਗ਼ੌਰ ਕਰਨ ਵਾਲੇ ਹਨ। ਸੁਪਰੀਮ ਕੋਰਟ ਨੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਜੀ.ਐੱਨ. ਸਾਈਬਾਬਾ ਨੂੰ ਬਰੀ ਕਰਨ ਦੇ ਬੰਬੇ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰ ਦਿੱਤਾ ਹੈ ਅਤੇ 'ਗੁਣਾਂ-ਦੋਸ਼ਾਂ ਦੇ ਆਧਾਰ 'ਤੇ' ਮੁੜ-ਵਿਚਾਰ ਕਰਨ ਦਾ ਹੁਕਮ ਸੁਣਾ ਦਿੱਤਾ ਹੈ। ਦੂਜੇ ਫੈਸਲੇ ਰਾਹੀਂ ਅਹਿਮਦਾਬਾਦ ਦੀ ਸਪੈਸ਼ਲ ਅਦਾਲਤ ਨੇ ਨਰੋਦਾ ਗਾਮ ਕੇਸ ਵਿਚ ਮਾਇਆ ਕੋਡਨਾਨੀ ਸਮੇਤ ਸਾਰੇ ਹੀ 67 ਮੁਲਜ਼ਮਾਂ ਨੂੰ ਬਰੀ ਕਰ ਦਿੱਤਾ ਹੈ। ਦੋਵਾਂ ਕੇਸਾਂ ਦਾ ਆਪਸ ਵਿਚ ਭਾਵੇਂ ਕੋਈ ਸਬੰਧ ਨਹੀਂ ਹੈ ਪਰ ਮਜ਼ਲੂਮਾਂ ਨੂੰ ਨਿਆਂ ਤੋਂ ਇਨਕਾਰ ਦੀ ਤੰਦ ਦੋਵਾਂ ਵਿਚ ਸਾਂਝੀ ਹੈ।

ਪ੍ਰੋਫੈਸਰ ਸਾਈਬਾਬਾ ਸਮੇਤ ਛੇ ਕਾਰਕੁਨਾਂ ਨੂੰ ਮਾਰਚ 2017 'ਚ ਮਾਓਵਾਦੀਆਂ ਨਾਲ ਸਬੰਧਾਂ ਦੇ ਦੋਸ਼ 'ਚ ਉਮਰ ਕੈਦ ਦੀ ਸਜ਼ਾ ਦਿੱਤੀ ਗਈ ਸੀ ਹਾਲਾਂਕਿ ਉਹ ਕਿਸੇ ਵੀ ਹਿੰਸਕ ਕਾਰਵਾਈ ਵਿਚ ਸ਼ਾਮਲ ਨਹੀਂ ਸਨ। ਇਸ ਦੇ ਉਲਟ, ਨਰੋਦਾ ਗਾਮ

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94734-74342**

ਕਤਲੇਆਮ ਦੇ 67 ਦੋਸ਼ੀ ਜਿਨ੍ਹਾਂ ਵਿਚ ਭਾਜਪਾ ਦੀ ਸਾਬਕਾ ਮੰਤਰੀ ਮਾਇਆ ਕੋਡਨਾਨੀ, ਬਜਰੰਗ ਦਲ ਦੇ ਆਗੂ ਬਾਬੂ ਭਾਈ ਪਟੇਲ ਉਰਫ ਬਾਬੂ ਬਜਰੰਗੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਮੁੱਖ ਆਗੂ ਜੈਦੀਪ ਪਟੇਲ ਵੀ ਸੀ, 2002 ਦੇ ਗੁਜਰਾਤ ਕਤਲੇਆਮ ਸਮੇਂ ਮੁਸਲਮਾਨਾਂ ਦੇ ਕਤਲੇਆਮ ਅਤੇ ਸਮੂਹਿਕ ਬਲਾਤਕਾਰਾਂ ਦੀਆਂ ਦਿਲ ਕੰਬਾਊ ਘਟਨਾਵਾਂ ਦੇ ਯੋਜਨਾ ਘਾੜੇ ਅਤੇ ਕਾਤਲ ਹਜੂਮ ਦੇ ਆਗੂ ਸਨ। ਨਰੋਦਾ ਪਾਟੀਆ ਅਤੇ ਨਰੋਦਾ ਗਾਮ ਕਤਲੇਆਮ ਮੋਦੀ ਦੇ ਰਾਜ ਵਿਚ ਮੁਸਲਮਾਨਾਂ ਦੀ ਨਸਲਕੁਸ਼ੀ ਦੇ ਹਿੰਦੂਤਵੀ ਪ੍ਰੋਜੈਕਟ ਦਾ ਹਿੱਸਾ ਸਨ ਜਿਨ੍ਹਾਂ ਵਿਚ ਕ੍ਰਮਵਾਰ 97 ਅਤੇ 11 ਮੁਸਲਮਾਨਾਂ ਨੂੰ ਬੇਕਿਰਕੀ ਨਾਲ ਵੱਢ-ਟੁੱਕ ਕੇ ਜਿਉਂਦੇ ਸਾੜ ਦਿੱਤਾ ਗਿਆ ਸੀ।

ਟਰਾਇਲ ਕੋਰਟ ਨੇ ਨਰੋਦਾ ਪਾਟੀਆ ਕੇਸ ਵਿਚ ਮਾਇਆ ਕੋਡਨਾਨੀ ਨੂੰ 28 ਸਾਲ ਕੈਦ ਅਤੇ ਬਾਬੂ ਬਜਰੰਗੀ ਨੂੰ ਤਾਉਮਰ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਗੁਜਰਾਤ ਹਾਈਕੋਰਟ ਨੇ ਕੋਡਨਾਨੀ ਨੂੰ ਦੋਸ਼ ਮੁਕਤ ਕਰ ਕੇ ਬਰੀ ਕਰ ਦਿੱਤਾ ਪਰ ਬਾਬੂ ਬਜਰੰਗੀ ਦੀ ਸਜ਼ਾ ਬਰਕਰਾਰ ਰੱਖੀ ਸੀ। ਪਹਿਲਾਂ ਵੀ ਕੋਡਨਾਨੀ ਨੂੰ 'ਮਾਨਸਿਕ ਹਾਲਤ ਠੀਕ ਨਾ ਹੋਣ ਕਾਰਨ' ਜ਼ਮਾਨਤ ਦੇ ਦਿੱਤੀ ਗਈ ਸੀ। ਮਾਰਚ 2019 'ਚ ਸੁਪਰੀਮ ਕੋਰਟ ਨੇ ਇਸ ਆਧਾਰ 'ਤੇ ਬਾਬੂ ਬਜਰੰਗੀ ਨੂੰ ਵੀ ਜ਼ਮਾਨਤ ਦੇ ਦਿੱਤੀ ਸੀ ਕਿ ਉਸ ਦੀ ਸਿਹਤ ਕਮਜ਼ੋਰ ਹੈ ਅਤੇ ਉਸ ਨੂੰ ਅੱਖਾਂ ਦਾ ਇਲਾਜ ਕਰਾਉਣ ਲਈ ਰਿਹਾਅ ਕਰਨਾ ਜ਼ਰੂਰੀ ਹੈ। ਇੱਧਰ ਨਰੋਦਾ ਗਾਮ ਮੁਕੱਦਮਾ 13 ਸਾਲ ਚੱਲਿਆ ਅਤੇ ਆਖ਼ਿਰਕਾਰ ਹਰ ਹਰਬਾ ਵਰਤ ਕੇ ਦੋਸ਼ੀਆਂ ਨੂੰ ਬਰੀ ਕਰਵਾ ਲਿਆ ਗਿਆ। ਇਸ ਕੇਸ 'ਚ ਅਦਾਲਤ ਨੂੰ ਗੁਣਾਂ-ਦੋਸ਼ਾਂ 'ਚ ਜਾਣ ਦੀ ਜ਼ਰੂਰਤ ਮਹਿਸੂਸ ਨਹੀਂ ਹੋਈ!

ਹਾਈਕੋਰਟ ਦੇ ਪ੍ਰੋਫੈਸਰ ਸਾਈਬਾਬਾ ਅਤੇ ਹੋਰਾਂ ਨੂੰ ਰਿਹਾਅ ਕਰਨ ਦੇ ਫੈਸਲੇ ਵਿਰੁੱਧ ਮਹਾਰਾਸ਼ਟਰ ਸਰਕਾਰ ਨੇ ਸੁਪਰੀਮ ਕੋਰਟ ਵਿਚ ਅਪੀਲ ਕੀਤੀ ਸੀ। ਸੁਪਰੀਮ ਕੋਰਟ ਨੇ ਪਿਛਲੇ ਸਾਲ 15 ਅਕਤੂਬਰ ਨੂੰ ਹਾਈ ਕੋਰਟ ਦੇ ਫੈਸਲੇ ਨੂੰ ਮੁਅੱਤਲ ਕਰ ਦਿੱਤਾ ਸੀ। ਸਿਖ਼ਰਲੀ ਅਦਾਲਤ ਨੇ ਉਦੋਂ ਕਿਹਾ ਸੀ ਕਿ ਇਨ੍ਹਾਂ ਨੂੰ ਰਾਹਤ ਦੇਣ ਮੌਕੇ ਹਾਈਕੋਰਟ ਵੱਲੋਂ ਕੇਸ ਦੇ ਗੁਣਾਂ-ਦੋਸ਼ਾਂ ਨੂੰ ਨਹੀਂ ਵਿਚਾਰਿਆ ਗਿਆ। ਸੁਪਰੀਮ ਕੋਰਟ ਦੇ ਜਸਟਿਸ ਐੱਮ.ਆਰ. ਸ਼ਾਹ ਤੇ ਜਸਟਿਸ ਸੀ.ਟੀ. ਰਵੀਕੁਮਾਰ ਦੇ ਬੈਂਚ ਨੇ ਹਾਈ ਕੋਰਟ ਨੂੰ ਚਾਰ ਮਹੀਨਿਆਂ 'ਚ ਕੇਸ ਦੇ ਗੁਣਾਂ-ਦੋਸ਼ਾਂ ਉੱਪਰ ਨਵੇਂ ਸਿਰੇ ਤੋਂ ਵਿਚਾਰ ਕਰਨ ਲਈ ਕਿਹਾ ਹੈ। ਬੈਂਚ ਨੇ ਬੰਬੇ ਹਾਈ ਕੋਰਟ ਦੇ ਚੀਫ ਜਸਟਿਸ ਨੂੰ ਇਹ ਹੁਕਮ ਵੀ ਦਿੱਤੇ ਹਨ ਕਿ ਉਹ ਸਾਈਬਾਬਾ ਤੇ ਕੇਸ ਦੇ ਹੋਰਨਾਂ ਮੁਲਜਮਾਂ ਦੀ ਅਪੀਲ, ਉਨ੍ਹਾਂ ਨੂੰ ਦੋਸ਼ ਮੁਕਤ ਠਹਿਰਾਉਣ ਵਾਲੇ ਬੈਂਚ ਦੀ ਥਾਂ ਕਿਸੇ ਹੋਰ ਬੈਂਚ ਕੋਲ ਰੱਖੇ। ਜਸਟਿਸ ਸ਼ਾਹ ਅਨਿਆਂਕਾਰੀ ਫੈਸਲਿਆਂ ਲਈ ਮਸ਼ਹੂਰ ਹੈ ਅਤੇ ਇਸ ਆਦੇਸ਼ ਰਾਹੀਂ ਉਨ੍ਹਾਂ ਦਾ ਜੇਲ੍ਹ 'ਚ ਸੜਦੇ ਰਹਿਣਾ ਯਕੀਨੀ ਬਣਾਉਣਾ ਚਾਹੁੰਦਾ ਹੈ।

**ਟਰਾਇਲ ਕੋਰਟ ਨੇ ਨਰੋਦਾ ਪਾਟੀਆ ਕੇਸ ਵਿਚ ਮਾਇਆ ਕੋਡਨਾਨੀ ਨੂੰ 28 ਸਾਲ ਕੈਦ ਅਤੇ ਬਾਬੂ ਬਜਰੰਗੀ ਨੂੰ ਤਾਉਮਰ ਕੈਦ ਦੀ ਸਜ਼ਾ ਸੁਣਾਈ ਸੀ। ਬਾਅਦ ਵਿਚ ਗੁਜਰਾਤ ਹਾਈਕੋਰਟ ਨੇ ਕੋਡਨਾਨੀ ਨੂੰ ਦੋਸ਼ ਮੁਕਤ ਕਰ ਕੇ ਬਰੀ ਕਰ ਦਿੱਤਾ ਪਰ ਬਾਬੂ ਬਜਰੰਗੀ ਦੀ ਸਜ਼ਾ ਬਰਕਰਾਰ ਰੱਖੀ ਸੀ। ਪਹਿਲਾਂ ਵੀ ਕੋਡਨਾਨੀ ਨੂੰ 'ਮਾਨਸਿਕ ਹਾਲਤ ਠੀਕ ਨਾ ਹੋਣ ਕਾਰਨ' ਜ਼ਮਾਨਤ ਦੇ ਦਿੱਤੀ ਗਈ ਸੀ। ਮਾਰਚ 2019 'ਚ ਸੁਪਰੀਮ ਕੋਰਟ ਨੇ ਇਸ ਆਧਾਰ 'ਤੇ ਬਾਬੂ ਬਜਰੰਗੀ ਨੂੰ ਵੀ ਜ਼ਮਾਨਤ ਦੇ ਦਿੱਤੀ ਸੀ ਕਿ ਉਸ ਦੀ ਸਿਹਤ ਕਮਜ਼ੋਰ ਹੈ ਅਤੇ ਉਸ ਨੂੰ ਅੱਖਾਂ ਦਾ ਇਲਾਜ ਕਰਾਉਣ ਲਈ ਰਿਹਾਅ ਕਰਨਾ ਜ਼ਰੂਰੀ ਹੈ।**

ਕਿਨ੍ਹਾਂ ਅਦਾਲਤੀ ਫੈਸਲਿਆਂ ਨੂੰ ਚੁਣੌਤੀ ਦੇਣੀ ਹੈ ਅਤੇ ਕਿਨ੍ਹਾਂ ਪ੍ਰਤੀ ਚੁੱਪ ਵੱਟਣੀ ਹੈ, ਇਹ ਹੁਕਮਰਾਨਾਂ ਨਾਲ ਮੁਲਜ਼ਮਾਂ/ਮੁਜਰਮਾਂ ਦੇ ਰਿਸ਼ਤੇ 'ਤੇ ਨਿਰਭਰ ਕਰਦਾ ਹੈ। ਜਿਨ੍ਹਾਂ ਕੇਸਾਂ 'ਚ ਅਦਾਲਤ ਬੇਬੁਨਿਆਦ ਦੋਸ਼ਾਂ ਨੂੰ ਮੁੱਖ ਰੱਖਦਿਆਂ ਮੁਲਜ਼ਮਾਂ ਨੂੰ ਬਰੀ ਕਰ ਦਿੰਦੀ ਹੈ ਕਿਉਂਕਿ ਇਹ ਕੇਸ ਪੂਰੀ ਤਰ੍ਹਾਂ ਝੂਠੇ ਬਣਾਏ ਗਏ ਹੁੰਦੇ ਹਨ ਅਤੇ ਪੁਲਿਸ ਤੇ ਹਕੂਮਤ ਦੇ ਬੇਕਸੂਰਾਂ ਨੂੰ ਜੇਲ੍ਹ ਵਿਚ ਸਾੜਨ ਦੇ ਮਨਸੂਬੇ ਫੇਲ੍ਹ ਹੋ ਜਾਂਦੇ ਹਨ, ਉੱਥੇ ਸਰਕਾਰ ਪੂਰੀ ਤਾਕਤ ਲਗਾ ਕੇ ਉੱਪਰਲੀ ਅਦਾਲਤ 'ਚ ਅਪੀਲ ਕਰਦੀ ਹੈ। ਇਸ ਦੇ ਉਲਟ ਜਦੋਂ ਹੁਕਮਰਾਨ ਧਿਰ ਦੇ ਆਪਣੇ ਚਹੇਤੇ ਦਹਿਸ਼ਤੀ ਗ੍ਰੋਹਾਂ ਨੂੰ ਅਦਾਲਤ ਬਰੀ ਕਰਦੀ ਹੈ ਜਿਨ੍ਹਾਂ ਦੇ ਬੇਹੱਦ ਭਿਆਨਕ ਜੁਰਮਾਂ ਵਿਚ ਸ਼ਰੇਆਮ ਸ਼ਾਮਲ ਹੋਣ ਦੇ ਬਕਾਇਦਾ ਸਬੂਤ ਹੁੰਦੇ ਹਨ, ਉਦੋਂ ਸਰਕਾਰ ਉਪਰਲੀ ਅਦਾਲਤ ਵਿਚ ਨਹੀਂ ਜਾਂਦੀ ਹਾਲਾਂਕਿ ਇਸ ਤਰ੍ਹਾਂ ਦੇ ਕੇਸਾਂ ਵਿਚ ਮਜ਼ਲੂਮਾਂ ਨੂੰ ਨਿਆਂ ਦਿਵਾਉਣ ਲਈ ਅਦਾਲਤੀ ਫੈਸਲੇ ਵਿਰੁੱਧ ਅਪੀਲ ਕਰਨਾ ਜ਼ਰੂਰੀ ਹੁੰਦਾ ਹੈ।

ਪ੍ਰੋਫੈਸਰ ਸਾਈਬਾਬਾ, ਪੱਤਰਕਾਰ ਪ੍ਰਸ਼ਾਂਤ ਰਾਹੀ, ਕਲਾਕਾਰ ਹੇਮ ਮਿਸ਼ਰਾ ਆਦਿ ਦਾ ਕਸੂਰ ਇਹ ਸੀ ਕਿ ਉਹ ਸਰਕਾਰ ਦੇ 'ਵਿਕਾਸ' ਮਾਡਲ ਉੱਪਰ ਸਵਾਲ ਉਠਾ ਰਹੇ ਹਨ, ਆਦਿਵਾਸੀਆਂ ਦੇ ਉਜਾੜੇ ਅਤੇ ਨਸਲਕੁਸ਼ੀ ਦਾ ਵਿਰੋਧ ਕਰਦੇ ਹੋਏ ਅਪਰੇਸ਼ਨ ਗ੍ਰੀਨ ਹੰਟ ਅਤੇ ਹੋਰ ਸਰਕਾਰੀ ਦਹਿਸ਼ਤਵਾਦੀ ਮੁਹਿੰਮਾਂ ਵਿਰੁੱਧ ਲੋਕ ਰਾਇ ਲਾਮਬੰਦ ਕਰ ਰਹੇ ਸਨ, ਇਸ ਲਈ ਉਹ ਹਕੂਮਤ ਨੂੰ ਬਹੁਤ ਚੁੱਭਦੇ ਸਨ। ਉਨ੍ਹਾਂ ਨੂੰ ਜੇਲ੍ਹ ਵਿਚ ਸਾੜਨ ਲਈ ਝੂਠਾ ਕੇਸ ਤਿਆਰ ਕੀਤਾ ਗਿਆ, ਪਾਬੰਦੀਸ਼ੁਦਾ ਮਾਓਵਾਦੀ ਪਾਰਟੀ ਨਾਲ ਸਬੰਧਾਂ ਦੇ ਆਧਾਰ 'ਤੇ ਕੇਸ ਚਲਾਇਆ ਗਿਆ ਅਤੇ ਜੱਜ ਨੇ ਉਨ੍ਹਾਂ ਨੂੰ 'ਵਿਕਾਸ ਵਿਰੋਧੀ' ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਦੇ ਦਿੱਤੀ। ਜਦੋਂ ਹਾਈਕੋਰਟ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਤਾਂ ਹਕੂਮਤ ਨੂੰ ਅਦਾਲਤੀ ਫੈਸਲਾ ਹਜ਼ਮ ਨਹੀਂ ਹੋ ਰਿਹਾ। ਫੈਸਲਾ ਰੱਦ ਕਰਾਉਣ ਲਈ ਸੁਪਰੀਮ ਕੋਰਟ ਵਿਚ ਜਾਣ ਲਈ ਜੋ ਅਸਾਧਾਰਨ ਦਿਲਚਸਪੀ ਅਤੇ ਫੁਰਤੀ ਦਿਖਾਈ ਗਈ ਹੈ, ਉਸ ਤੋਂ ਹਕੂਮਤ ਦੇ ਮਨਸ਼ੇ ਸਾਫ ਜ਼ਾਹਿਰ ਹਨ।





ਦਿੱਲੀ ਯੂਨੀਵਰਸਿਟੀ ਦਾ ਸਾਬਕਾ ਪ੍ਰੋਫੈਸਰ ਜੀ.ਐਨ. ਸਾਈਬਾਬਾ ਜਿਸ ਨੂੰ ਬੇਬੁਨਿਆਦ ਦੋਸ਼ ਲਾ ਕੇ ਜੇਲ੍ਹ ਅੰਦਰ ਸਾੜਿਆ ਜਾ ਰਿਹਾ ਹੈ ਅਤੇ (ਸੱਜੇ) ਭਾਜਪਾ ਆਗੂ ਮਾਇਆ ਕੋਡਨਾਨੀ ਜਿਸ ਨੂੰ ਠੋਸ ਸਬੂਤਾਂ ਦੇ ਬਾਵਜੂਦ ਬਰੀ ਕਰ ਦਿੱਤਾ ਗਿਆ।

ਪਰ ਇਹ ਹਕੂਮਤ ਅਹਿਮਦਾਬਾਦ ਵਿਸ਼ੇਸ਼ ਅਦਾਲਤ ਦੇ ਫੈਸਲੇ ਵਿਰੁੱਧ ਉੱਪਰਲੀ ਅਦਾਲਤ 'ਚ ਨਹੀਂ ਜਾਏਗੀ ਕਿਉਂਕਿ ਇਸ ਕੇਸ ਵਿਚ ਕਤਲੇਆਮ ਦੇ ਦੋਸ਼ੀ ਉਨ੍ਹਾਂ ਦੇ ਆਪਣੇ ਖ਼ਾਸ-ਮ-ਖ਼ਾਸ ਹਨ। ਇਨ੍ਹਾਂ ਨੇ ਆਰ.ਐੱਸ.ਐੱਸ.-ਭਾਜਪਾ ਵੱਲੋਂ ਡੂੰਘੀ ਯੋਜਨਾ ਬਣਾ ਕੇ ਜਥੇਬੰਦ ਕੀਤੇ ਮੁਸਲਮਾਨਾਂ ਦੇ ਕਤਲੇਆਮ ਨੂੰ ਅੰਜਾਮ ਦੇਣ ਵਿਚ ਸਰਗਰਮ ਭੂਮਿਕਾ ਨਿਭਾਈ ਸੀ। ਕਤਲੇਆਮ 27 ਫਰਵਰੀ 2002 'ਚ ਗੋਧਰਾ 'ਚ ਸਾਬਰਮਤੀ ਐਕਸਪ੍ਰੈੱਸ ਰੇਲ ਦੇ ਇਕ ਡੱਬੇ ਨੂੰ ਅੱਗ ਲੱਗਣ ਤੋਂ ਬਾਅਦ 'ਕਾਰ-ਸੇਵਕਾਂ' ਦੇ ਜ਼ਿੰਦਾ ਸੜ ਜਾਣ ਦੇ 'ਪ੍ਰਤੀਕਰਮ' ਵਿਚ ਵਾਪਰਿਆ ਸੀ। ਉਦੋਂ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਦੀ ਸਰਕਾਰ ਸੀ ਅਤੇ ਮੋਦੀ ਨੇ ਬਤੌਰ ਮੁੱਖ ਮੰਤਰੀ ਪੁਲਿਸ ਅਤੇ ਸਿਵਲ ਪ੍ਰਸ਼ਾਸਨਕ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹੁਕਮ ਦਿੱਤਾ ਸੀ ਕਿ 'ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ ਅਤੇ ਕੋਈ ਅੜਿੱਕਾ ਨਾ ਪਾਇਆ ਜਾਵੇ।' ਪੁਲਿਸ ਅਤੇ ਪ੍ਰਸ਼ਾਸਨ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖਦਾ ਰਿਹਾ ਅਤੇ 'ਸੰਘ ਪਰਿਵਾਰ' ਦੇ ਆਗੂਆਂ ਦੀ ਅਗਵਾਈ ਹੇਠ ਜਨੂਨੀ ਭੀੜਾਂ ਬੇਖ਼ੌਫ ਹੋ ਕੇ ਕਈ ਹਫਤੇ ਨਿਤਾਣੇ ਮੁਸਲਮਾਨਾਂ ਦੇ ਮੁਹੱਲਿਆਂ ਉੱਪਰ ਹਮਲੇ ਕਰ ਕੇ ਕਤਲੇਆਮ, ਅੱਗਜ਼ਨੀ ਅਤੇ ਸਮੂਹਿਕ ਬਲਾਤਕਾਰ ਕਰਦੀਆਂ ਰਹੀਆਂ। ਪੁਲਿਸ ਮਹਿਜ਼ ਮੂਕ ਦਰਸ਼ਕ ਨਹੀਂ ਸੀ ਸਗੋਂ ਕਾਤਲ ਭੀੜਾਂ ਦੀ ਸੁਰੱਖਿਆ ਦੇ ਕੇ ਅਤੇ ਉਨ੍ਹਾਂ ਨਾਲ ਮਿਲ ਕੇ ਕਤਲੇਆਮ ਵਿਚ ਹੱਥ ਵਟਾਉਂਦੀ ਦੇਖੀ ਗਈ। ਕਤਲੇਆਮ ਵਿਚ ਮੋਦੀ ਸਰਕਾਰ ਅਤੇ ਪੁਲਿਸ ਦੀ ਘਿਨਾਉਣੀ ਭੂਮਿਕਾ ਦੇ ਬੇਸ਼ੁਮਾਰ ਤੱਥ ਹਜ਼ਾਰਾਂ ਪੰਨਿਆਂ ਦੀਆਂ ਰਿਪੋਰਟਾਂ ਵਿਚ ਵਿਸਤਾਰ 'ਚ ਦਰਜ ਹਨ। ਜਾਗਦੀ ਜ਼ਮੀਰ ਵਾਲੇ ਨਾਗਰਿਕਾਂ ਅਤੇ ਦਲੇਰ ਪੱਤਰਕਾਰਾਂ ਵੱਲੋਂ ਲਿਖੀਆਂ 13 ਕਿਤਾਬਾਂ ਨੇ ਵੀ ਮੁਸਲਮਾਨਾਂ ਦੀ ਗਿਣੀ-ਮਿੱਥੀ ਨਸਲਕੁਸ਼ੀ ਦੇ ਤੱਥਾਂ ਨੂੰ ਬਹੁਤ ਵਿਸਤਾਰ 'ਚ ਕਲਮਬੱਧ ਕੀਤਾ ਹੈ। ਇਨ੍ਹਾਂ ਤਮਾਮ ਤੱਥਾਂ ਦੀ ਪੁਸ਼ਟੀ ਪਿੱਛੇ ਜਿਹੇ ਪ੍ਰਸਾਰਿਤ ਹੋਈ ਬੀ.ਬੀ.ਸੀ. ਦੀ ਦਸਤਾਵੇਜ਼ੀ ਫਿਲਮ ਨੇ ਵੀ ਕੀਤੀ ਹੈ ਜਿਸ ਉੱਪਰ ਪਾਬੰਦੀ ਲਾ ਦਿੱਤੀ ਗਈ।

ਕਤਲੇਆਮ ਤੋਂ ਬਾਅਦ, ਮਜ਼ਲੂਮਾਂ ਨੂੰ ਨਿਆਂ ਲੈਣ ਲਈ ਅਦਾਲਤਾਂ 'ਚ ਜਾਣ ਤੋਂ ਰੋਕਣ, ਸਬੂਤਾਂ ਨੂੰ ਨਸ਼ਟ ਕਰਨ ਅਤੇ ਕੇਸਾਂ 'ਚ ਨਾਮਜ਼ਦ ਦੋਸ਼ੀਆਂ ਨੂੰ ਬਚਾਉਣ ਲਈ ਮੋਦੀ ਸਰਕਾਰ ਵੱਲੋਂ ਪੂਰੀ ਤਾਕਤ ਝੋਕ ਦਿੱਤੀ ਗਈ ਕਿਉਂਕਿ ਹੁਣ ਉਨ੍ਹਾਂ ਅੱਗੇ ਆਪਣੇ ਚਹੇਤੇ ਕਾਤਲ ਗਰੋਹਾਂ ਨੂੰ ਕਾਨੂੰਨੀ ਕਾਰਵਾਈ ਤੋਂ ਬਚਾਉਣ ਦਾ ਸਵਾਲ ਸੀ। ਜਾਂਚ ਨੂੰ ਕਿਵੇਂ ਦਬਾਇਆ ਗਿਆ, ਸਪੈਸ਼ਲ ਜਾਂਚ ਟੀਮਾਂ ਨੇ ਸਬੂਤ ਕਿਵੇਂ ਮਿਟਾਏ, ਇਹ ਸਾਰਾ ਕੁਝ ਦਲੇਰ ਪੱਤਰਕਾਰ ਰਾਣਾ ਅਯੂਬ ਨੇ ਵਿਸ਼ੇਸ਼ ਸਟਿੰਗ ਅਪਰੇਸ਼ਨ ਰਾਹੀਂ ਤਤਕਾਲੀ ਸੀਨੀਅਰ ਪੁਲਿਸ ਤੇ ਪ੍ਰਸ਼ਾਸਨਕ ਅਧਿਕਾਰੀਆਂ ਅਤੇ ਮਾਇਆ ਕੋਡਨਾਨੀ ਦੀ ਜ਼ੁਬਾਨੀ ਆਨ-ਕੈਮਰਾ ਰਿਕਾਰਡ ਕੀਤਾ। 'ਤਹਿਲਕਾ' ਵੱਲੋਂ ਪੈਰ ਖਿੱਚ ਲੈਣ ਕਾਰਨ ਮੋਦੀ ਦਾ ਸਟਿੰਗ ਅਪਰੇਸ਼ਨ ਨੇਪਰੇ ਨਹੀਂ ਚੜ੍ਹਿਆ। ਮੋਦੀ ਹਕੂਮਤ ਅਤੇ ਆਰ.ਐੱਸ.ਐੱਸ.-ਭਾਜਪਾ ਲੀਡਰਸ਼ਿਪ 'ਗੁਜਰਾਤ ਫਾਈਲਾਂ' ਵਿਚ ਕੀਤੇ ਖ਼ੁਲਾਸਿਆਂ ਬਾਰੇ ਖ਼ਾਮੋਸ਼ ਹੈ। ਵਿਸ਼ੇਸ਼ ਟਰਾਇਲ ਕੋਰਟ ਤੋਂ ਲੈ ਕੇ ਸੁਪਰੀਮ ਕੋਰਟ ਤੱਕ ਕਿਸੇ ਨੇ ਵੀ ਇਸ ਵਿਚ ਦਿੱਤੇ ਤੱਥਾਂ ਦਾ ਨੋਟਿਸ ਨਹੀਂ ਲਿਆ ਹਾਲਾਂਕਿ ਰਾਣਾ ਅਯੂਬ ਵਾਰ-ਵਾਰ ਕਹਿ ਚੁੱਕੀ ਹੈ ਕਿ ਉਹ ਸਟਿੰਗ ਅਪਰੇਸ਼ਨ ਦੀਆਂ ਟੇਪਾਂ ਅਦਾਲਤ ਵਿਚ ਫੋਰੈਂਸਿਕ ਜਾਂਚ ਵਾਸਤੇ ਪੇਸ਼ ਕਰਨ ਲਈ ਤਿਆਰ ਹੈ। ਇਸ ਦੀ ਬਜਾਇ, ਰਾਣਾ ਅਯੂਬ ਦੀ ਜ਼ਬਾਨ ਬੰਦ ਕਰਨ ਲਈ ਉਸ ਵਿਰੁੱਧ ਫੰਡਾਂ 'ਚ ਹੇਰਾਫੇਰੀ ਦੇ ਝੂਠੇ ਕੇਸ ਦਰਜ ਕਰ ਕੇ ਅਤੇ ਭਗਵੇਂ ਆਈ.ਟੀ.ਸੈੱਲ. ਰਾਹੀਂ ਉਸ ਦੀ ਕਿਰਦਾਰਕੁਸ਼ੀ ਕਰ ਕੇ ਮਾਨਸਿਕ ਤੌਰ 'ਤੇ ਤੋੜਨ ਦੀ ਲਗਾਤਾਰ ਕੋਸ਼ਿਸ਼ ਕੀਤੀ ਜਾ ਰਹੀ ਹੈ। ਮਜ਼ਲੂਮਾਂ ਲਈ ਕਾਨੂੰਨੀ ਲੜਾਈ ਲੜਨ ਵਾਲੀ ਤੀਸਤਾ ਸੀਤਲਵਾੜ ਨੂੰ ਝੂਠੇ ਕੇਸ ਵਿਚ ਫਸਾ ਕੇ ਜੇਲ੍ਹ 'ਚ ਰੱਖਿਆ ਗਿਆ। ਆਰ.ਬੀ. ਸ੍ਰੀਕੁਮਾਰ ਅਤੇ ਸੰਜੀਵ ਭੱਟ ਵਰਗੇ ਜਿਨ੍ਹਾਂ ਪੁਲਿਸ ਅਧਿਕਾਰੀਆਂ ਨੇ ਨਰਿੰਦਰ ਮੋਦੀ ਵੱਲੋਂ (ਬਤੌਰ ਮੁੱਖ ਮੰਤਰੀ) ਪੁਲਿਸ ਨੂੰ ਬੇਹਰਕਤ ਰਹਿਣ ਲਈ ਦਿੱਤੇ ਆਦੇਸ਼ਾਂ ਨੂੰ ਨਸ਼ਰ ਕੀਤਾ, ਉਹ ਝੂਠੇ ਕੇਸਾਂ 'ਚ ਜੇਲ੍ਹਾਂ 'ਚ ਸੜ ਰਹੇ ਹਨ।

ਸਟਿੰਗ ਅਪਰੇਸ਼ਨਾਂ ਦੀਆਂ ਵੀਡੀਓ ਰਿਕਾਰਡਿੰਗ ਅਤੇ ਫੋਨ ਕਾਲਾਂ ਸਮੇਤ ਬਹੁਤ ਸਾਰੇ ਤੱਥ ਹਨ ਜੋ ਨਰੋਦਾ ਪਾਟੀਆ ਅਤੇ ਨਰੋਦਾ ਗਾਮ ਕੇਸਾਂ ਵਿਚ ਮਾਇਆ ਕੋਡਨਾਨੀ, ਬਾਬੂ ਬਜਰੰਗੀ, ਜੈਦੀਪ ਪਟੇਲ ਦੀ ਭੂਮਿਕਾ ਦੇ ਠੋਸ ਸਬੂਤ ਹਨ। ਇੱਥੋਂ ਤੱਕ ਕਿ ਨਾਨਾਵਤੀ ਕਮਿਸ਼ਨ ਜਿਸ ਵੱਲੋਂ ਕੀਤੀ ਜਾਂਚ ਬੇਹੱਦ ਪੱਖਪਾਤੀ ਸੀ, ਨੇ ਵੀ ਆਪਣੀ ਰਿਪੋਰਟ ਵਿਚ ਭਾਵੇਂ ਪੁਲਿਸ ਨੂੰ ਮਿਲੀਭੁਗਤ ਦੇ ਦੋਸ਼ ਤੋਂ ਬਰੀ ਕਰ ਦਿੱਤਾ ਸੀ ਪਰ ਹੁਕਮਰਾਨ ਧਿਰ ਦੇ ਆਗੂਆਂ ਦੀ ਭੂਮਿਕਾ ਬਾਰੇ ਸਪਸ਼ਟ ਲਿਖਿਆ ਸੀ, "ਸਿਰਫ ਮੁਹੱਲਾ ਵਾਸੀਆਂ ਨੇ ਹੀ ਨਹੀਂ ਸਗੋਂ ਮੌਕੇ 'ਤੇ ਮੌਜੂਦ ਪੁਲਿਸ ਨੇ ਵੀ ਕਿਹਾ ਹੈ ਕਿ ਵੀ.ਐੱਚ.ਪੀ., ਬਜਰੰਗ ਦਲ ਅਤੇ ਭਾਜਪਾ ਦੇ ਆਗੂਆਂ ਨੇ ਇਨ੍ਹਾਂ ਘਟਨਾਵਾਂ ਵਿਚ ਸਰਗਰਮੀ ਨਾਲ ਹਿੱਸਾ ਲਿਆ ਅਤੇ ਉਨ੍ਹਾਂ ਦੇ ਉਕਸਾਉਣ 'ਤੇ ਇਸ ਇਲਾਕੇ 'ਚ ਦੰਗੇ ਹੋਏ।"

ਖੋਜੀ ਪੱਤਰਕਾਰ ਅਸ਼ੀਸ਼ ਖੇਤਾਨ ਨੇ ਬਾਬੂ ਬਜਰੰਗੀ, ਰਿਚਰਡ, ਅਰਵਿੰਦ ਪਾਂਡਿਆ, ਹਰੇਸ਼ ਭੱਟ ਅਤੇ ਰਮੇਸ਼ ਦਵੇ ਦਾ ਸਟਿੰਗ ਅਪਰੇਸ਼ਨ ਕੀਤਾ ਸੀ ਜਿਨ੍ਹਾਂ ਨੇ ਨਿਤਾਣੇ ਮੁਸਲਮਾਨਾਂ ਨੂੰ ਮਾਰਨ ਦੀ 'ਬਹਾਦਰੀ' ਅਤੇ ਕਤਲੇਆਮ ਨੂੰ ਨਰਿੰਦਰ ਮੋਦੀ ਦੇ ਥਾਪੜੇ ਦੇ ਕਿੱਸੇ ਕੈਮਰੇ ਅੱਗੇ ਬਿਆਨ ਕੀਤੇ ਸਨ। ਮੋਦੀ ਖ਼ੁਦ ਜਨਤਕ ਤੌਰ 'ਤੇ ਮੁਸਲਮਾਨ ਭਾਈਚਾਰੇ ਵਿਰੁੱਧ 'ਹਮ ਪਾਂਚ, ਹਮਾਰੇ ਪੱਚੀਸ' ਵਰਗੇ ਜ਼ਹਿਰੀਲੇ ਬਿਆਨ ਦੇਣ ਲਈ ਮਸ਼ਹੂਰ ਹੈ। ਬਜਰੰਗੀ ਨੇ ਹੁੱਬ ਕੇ ਦੱਸਿਆ ਸੀ ਕਿ ਉਸ ਨੇ ਮੁਸਲਮਾਨ ਮਰਦਾਂ, ਔਰਤਾਂ ਅਤੇ ਬੱਚਿਆਂ ਦਾ ਕਤਲੇਆਮ ਕਰ ਕੇ 'ਵੀਰ ਮਹਾਰਾਣਾ ਪ੍ਰਤਾਪ ਵਰਗਾ ਕੰਮ ਕਰਨ ਦਾ ਯਤਨ ਕੀਤਾ'। ਉਸ ਨੇ ਹਜੂਮ ਨੂੰ ਨਰੋਦਾ ਪਾਟੀਆ ਕਤਲੇਆਮ ਲਈ ਉਕਸਾਉਣ ਅਤੇ ਉਨ੍ਹਾਂ ਨੂੰ ਬੰਬ ਤੇ ਰਿਵਾਲਵਰ ਮੁਹੱਈਆ ਕਰਾਉਣ ਦੀ ਗੱਲ ਸਵੀਕਾਰ ਕੀਤੀ ਸੀ।

ਬਜਰੰਗੀ ਨੇ ਮੋਦੀ ਦੀ ਤਾਰੀਫ ਕਰਦਿਆਂ ਕਿਹਾ ਸੀ, 'ਉਸ ਨੇ ਤੋ ਸਬ ਰਾਮ ਨਾਮ ਕਰ ਦੀਯਾ ਨਾ ਯਾਰ, ਨਹੀ ਤੋ ਕਿਸ ਕੀ ਤਾਕਤ ਥੀ, ਸਭ ਉਸ ਕਾ ਹੀ ਹਾਥ ਹੈ ਭਾਈ, ਨਹੀ ਤੋ ਪੁਲਿਸ ਕੋ ਇੰਸਟ੍ਰਕਸ਼ਨ ਦੇਵੇ ਤੋ ਗਾਂ... ਫਾੜ ਦੇਵੇ ਪੁਲਿਸ।... ਮਰਦ ਆਦਮੀ ਹੈ ਨਰੇਂਦਰ ਭਾਈ। ਅਗਰ ਵੋਹ ਮੁਝੇ ਬੰਬ ਬਾਂਧ ਕਰ ਕੂਦਨੇ ਕੇ ਲੀਏ ਬੋਲੇ ਤੋ ਮੈਂ ਏਕ ਪਲ ਵੀ ਨਹੀ ਲਗਾਊਂਗਾ...'। ਉਸ ਨੇ ਇਹ ਵੀ ਕਿਹਾ ਕਿ ਨਰਿੰਦਰ ਮੋਦੀ ਨੇ ਸਾਨੂੰ ਜ਼ਮਾਨਤ 'ਤੇ ਜੇਲ੍ਹ ਵਿਚੋਂ ਬਾਹਰ ਕਢਵਾਇਆ ਅਤੇ ਸਾਡੀ ਰਿਹਾਈ ਯਕੀਨੀ ਬਣਾਉਣ ਲਈ ਕੇਸ ਦੀ ਸੁਣਵਾਈ ਕਰ ਰਹੇ ਜੱਜ ਬਦਲਦਾ ਰਿਹਾ। ਇਹ ਮੁਕੱਦਮੇ 'ਚ ਮਹੱਤਵਪੂਰਨ ਗਵਾਹੀ ਬਣੇ ਅਤੇ ਅਸ਼ੀਸ਼ ਖੇਤਾਨ ਨੇ ਅਦਾਲਤ ਵਿਚ ਪੇਸ਼ ਹੋ ਕੇ ਇਹ ਗਵਾਹੀ ਦਿੱਤੀ ਸੀ। ਖੇਤਾਨ ਦੀ ਕਿਤਾਬ 'ਅੰਡਰ ਕਵਰ' ਅੱਖਾਂ ਖੋਲ੍ਹਣ ਵਾਲਾ ਦਸਤਾਵੇਜ਼ ਹੈ। ਐਨੇ ਸਬੂਤਾਂ ਦੇ ਬਾਵਜੂਦ ਭਾਰਤ ਦੀ ਨਿਆਂ ਪ੍ਰਣਾਲੀ ਦੀਆਂ ਨਜ਼ਰਾਂ 'ਚ ਭਗਵੇਂ ਦਹਿਸ਼ਤਗਰਦ ਨਿਰਦੋਸ਼ ਹਨ ਅਤੇ ਬਰੀ ਕੀਤੇ ਜਾਣ ਦੇ ਹੱਕਦਾਰ ਹਨ।

ਹੁਣ ਅਦਾਲਤ ਨੂੰ ਇਹ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਜੇ ਭਗਵੇਂ ਦਹਿਸ਼ਤਗਰਦ ਬੇਕਸੂਰ ਹੈ ਤਾਂ ਨਰੋਦਾ ਪਾਟੀਆ, ਨਰੋਦਾ ਗਾਮ, ਗੁਲਬਰਗ ਸੁਸਾਇਟੀ, ਬੈਸਟ ਬੇਕਰੀ ਵਰਗੇ ਕਤਲੇਆਮ ਕਿਸ ਨੇ ਕੀਤੇ ਸਨ?



**ਸਬੂਤਾਂ ਦੇ ਬਾਵਜੂਦ ਭਾਰਤ ਦੀ ਨਿਆਂ ਪ੍ਰਣਾਲੀ ਦੀਆਂ ਨਜ਼ਰਾਂ 'ਚ ਭਗਵੇਂ ਦਹਿਸ਼ਤਗਰਦ ਨਿਰਦੋਸ਼ ਹਨ ਅਤੇ ਬਰੀ ਕੀਤੇ ਜਾਣ ਦੇ ਹੱਕਦਾਰ ਹਨ। ਹੁਣ ਅਦਾਲਤ ਨੂੰ ਇਹ ਜ਼ਰੂਰ ਦੱਸਣਾ ਚਾਹੀਦਾ ਹੈ ਕਿ ਜੇ ਭਗਵੇਂ ਦਹਿਸ਼ਤਗਰਦ ਬੇਕਸੂਰ ਹੈ ਤਾਂ ਨਰੋਦਾ ਪਾਟੀਆ, ਨਰੋਦਾ ਗਾਮ, ਗੁਲਬਰਗ ਸੁਸਾਇਟੀ, ਬੈਸਟ ਬੇਕਰੀ ਵਰਗੇ ਕਤਲੇਆਮ ਕਿਸ ਨੇ ਕੀਤੇ ਸਨ?**

# ਮੈਂ ਪਾਕਿਸਤਾਨ ਵਿਚ ਜੰਮਿਆ ਭਾਰਤੀ ਅਤੇ ਇਸਲਾਮ ਵਿਚ ਜੰਮਿਆ ਪੰਜਾਬੀ ਹਾਂ: 'ਤਾਰਿਕ ਫਤਹਿ ਸਿੰਘ'

20 ਨਵੰਬਰ 1949 ਨੂੰ ਕਰਾਚੀ (ਪਾਕਿਸਤਾਨ) ਵਿਚ ਜਨਮੇ ਪਾਕਿਸਤਾਨੀ-ਕੈਨੇਡੀਅਨ ਪੱਤਰਕਾਰ ਤੇ ਲੇਖਕ ਤਾਰਿਕ ਫਤਹਿ ਦਾ 73 ਸਾਲ ਦੀ ਉਮਰ ਵਿਚ 24 ਅਪਰੈਲ 2023 ਨੂੰ ਟਰਾਂਟੋ ਦੇ ਇੱਕ ਹਸਪਤਾਲ ਵਿਚ ਦੇਹਾਂਤ ਹੋ ਗਿਆ।ਉਹ ਕਈ ਸਾਲਾਂ ਤੋਂ ਕੈਂਸਰ ਤੋਂ ਪੀੜਤ ਸਨ।ਬੜੇ ਜਿੰਦਾ-ਦਿਲ ਤੇ ਹਸਮੁੱਖ ਸੁਭਾਅ


ਹਰਚਰਨ ਸਿੰਘ ਪ੍ਰਹਾਰ
ਫੋਨ: 403-681-8689
ਈਮੇਲ:hparharwriter@gmail.com

ਦੇ ਮਾਲਕ ਤਾਰਿਕ ਫਤਹਿ ਨਿਡਰ ਤੇ ਨਿਧੜਕ ਲੇਖਕ, ਪੱਤਰਕਾਰ, ਰੇਡੀਉ, ਟੀ.ਵੀ. ਵਕਤਾ, ਰਾਜਸੀ ਕਾਰਕੁਨ ਸਨ। ਤਾਰਿਕ ਫਤਹਿ ਦੀ ਸੀਬੀਸੀ ਰੇਡੀਉ ਅਤੇ ਟੀ.ਵੀ. ਪੱਤਰਕਾਰ ਬੇਟੀ ਨਤਾਸ਼ਾ ਫਤਹਿ ਨੇ ਟਵੀਟ ਵਿਚ ਪਿਤਾ ਦੀ ਮੌਤ ਬਾਰੇ ਲਿਖਿਆ ਹੈ: 'ਪੰਜਾਬ ਦਾ ਸ਼ੇਰ, ਹਿੰਦੁਸਤਾਨ ਦਾ ਪੁੱਤਰ, ਕੈਨੇਡਾ ਦਾ ਪਿਆਰਾ, ਨਿਧੜਕ ਬੁਲਾਰਾ, ਇਨਸਾਫ ਲਈ ਜੂਝਣ ਵਾਲਾ ਜੋਧਾ, ਪੀੜਤ ਲੋਕਾਂ ਦੀ ਆਵਾਜ਼ ਅੱਜ ਸਾਡੇ ਵਿਚ ਨਹੀਂ ਰਿਹਾ ਪਰ ਉਸ ਵਲੋਂ ਅਤਿਵਾਦ, ਧਾਰਮਿਕ ਕੱਟੜਵਾਦ ਖਿਲਾਫ ਛੇੜਿਆ ਸੰਘਰਸ਼, ਉਸਦੇ ਚਾਹੁਣ ਵਾਲੇ ਜਾਰੀ ਰੱਖਣਗੇ।'

ਤਾਰਿਕ ਫਤਹਿ ਦੇ ਪੰਜਾਬੀ ਪਿਛੋਕੜ ਵਾਲੇ ਮਾਪੇ ਭਾਰਤ-ਪਾਕਿਸਤਾਨ ਵੰਡ ਤੋਂ ਬਾਅਦ ਅਕਤੂਬਰ 1947 ਵਿਚ ਮੁੰਬਈ ਤੋਂ ਕਰਾਚੀ ਚਲੇ ਗਏ ਸਨ। ਕਾਲਜ ਦੇ ਦਿਨਾਂ ਵਿਚ ਉਸਦਾ ਰੁਝਾਨ ਖੱਬੇਪੱਖੀ ਸਟੂਡੈਂਟ ਰਾਜਨੀਤੀ ਵੱਲ ਸੀ।ਕਰਾਚੀ ਯੂਨੀਵਰਸਿਟੀ ਤੋਂ 'ਬਾਇਓ ਕਮਿਸਟਰੀ' ਵਿਚ ਡਿਗਰੀ ਪ੍ਰਾਪਤ ਕਰਨ ਬਾਅਦ ਤਾਰਿਕ ਫਤਹਿ ਨੇ 1970 ਵਿਚ 'ਕਰਾਚੀ ਸੰਨ' ਅਖ਼ਬਾਰ ਵਿਚ ਇਨਵੈਸਟੀਗੇਟਿਵ ਪੱਤਰਕਾਰੀ ਸ਼ੁਰੂ ਕੀਤੀਜਿਸ ਦੌਰਾਨ ਪਾਕਿਸਤਾਨ ਦੀ ਫੌਜੀ ਹਕੂਮਤ ਨੇ ਉਨ੍ਹਾਂ ਨੂੰ ਦੋ ਵਾਰ ਜੇਲ੍ਹ ਵਿਚ ਨਜ਼ਰਬੰਦ ਵੀ ਕੀਤਾ। ਪਾਕਿਸਤਾਨ ਦੇ ਫੌਜੀ ਡਿਕਟੇਟਰ ਜਨਰਲ ਜ਼ਿਆ ਉਲ ਹੱਕ ਦੇ ਰਾਜ ਵਿਚ ਉਨ੍ਹਾਂ 'ਤੇ ਦੇਸ਼ ਧ੍ਰੋਹ ਦਾ ਪਰਚਾ ਦਰਜ ਕੀਤਾ ਗਿਆਜਿਸ ਤੋਂ ਬਾਅਦ ਉਹ ਖਤਰਾ ਮਹਿਸੂਸ ਕਰਦੇ ਹੋਏ ਆਪਣੇ ਪਰਿਵਾਰ ਸਮੇਤ ਪਾਕਿਸਤਾਨ ਛੱਡ ਕੇ 1979 ਵਿਚ ਸਾਊਦੀ ਅਰਬ ਚਲੇ ਗਏਜਿੱਥੋਂ ਉਹ ਆਪਣੀ ਪਤਨੀ ਤੇ ਦੋ ਧੀਆਂ ਨਾਲ 1987 ਵਿਚਕੈਨੇਡਾ ਆ ਵਸੇ। ਉਹ ਹਮੇਸ਼ਾ ਆਪਣੇ ਆਪ ਨੂੰ ਪਾਕਿਸਤਾਨੀ ਹੋਣ ਨਾਲੋਂ ਭਾਰਤੀ ਹੋਣ ਵਿਚ ਵੱਧ ਮਾਣ ਮਹਿਸੂਸ ਕਰਦੇ ਸਨ, ਇਸੇ ਕਰਕੇ ਉਹ ਅਕਸਰ ਕਹਿੰਦੇ ਸਨ: 'ਮੈਂ ਪਾਕਿਸਤਾਨ ਵਿਚ ਜੰਮਿਆ ਭਾਰਤੀ ਅਤੇ ਇਸਲਾਮ ਵਿਚ ਜੰਮਿਆ ਪੰਜਾਬੀ ਹਾਂ।'

ਕੈਨੇਡਾ ਦੀ ਰਾਜਨੀਤੀ ਵਿਚ ਉਹ ਲੰਮਾ ਸਮਾਂ ਐਨ.ਡੀ.ਪੀ. ਦੇ ਸਰਗਰਮ ਵਰਕਰ ਰਹੇ। ਕੁਝ ਸਮੇਂ ਲਈ ਉਹ ਐਨ.ਡੀ.ਪੀ. ਛੱਡ ਕੇ ਲਿਬਰਲ ਪਾਰਟੀ ਵਿਚ ਵੀ ਚਲੇ ਗਏ ਸਨਪਰ ਆਪਣੇ ਆਜ਼ਾਦ ਤੇ ਸਪੱਸ਼ਟ ਵਿਚਾਰਾਂ ਕਾਰਨ ਰਵਾਇਤੀ ਰਾਜਨੀਤਕ ਪਾਰਟੀਆਂ ਵਿਚ ਕਦੇ ਫਿੱਟ ਨਹੀਂ ਆਏ। ਉਹ ਲੰਮਾ ਸਮਾਂ 'ਟਰਾਂਟੋ ਸਟਾਰ', 'ਗਲੋਬ ਐਂਡ ਮੇਲ' ਅਤੇ ਹੋਰ ਕਈ ਨਾਮਵਰ ਅਖ਼ਬਾਰਾਂ ਲਈ ਕਾਲਮ ਲਿਖਦੇ ਰਹੇ। ਤਾਰਿਕ ਫਤਹਿ ਦੀਆਂ ਦੋ ਕਿਤਾਬਾਂ 'ਮ੍ਰਿਗਤ੍ਰਿਸ਼ਨਾ ਦਾ ਪਿੱਛਾ' (ਚੇਜ਼ਿੰਗ ਦਿ ਮਿਰਾਜ) ਅਤੇ 'ਯਹੂਦੀ ਮੇਰਾ ਦੁਸ਼ਮਣ ਨਹੀਂ' (ਦਿ ਜਿਊ ਇਜ਼ ਨੌਟ ਮਾਈ ਐਨੇਮੀ) ਜਗਤ ਪ੍ਰਸਿੱਧ ਹਨ। ਤਾਰਿਕ ਫਤਹਿ ਧਾਰਮਿਕ ਕੱਟੜਵਾਦ ਅਤੇ ਅਤਿਵਾਦ ਦੇ ਸਖਤ ਖਿਲਾਫ ਸਨ। ਆਪਣੀਆਂ ਅਜਿਹੀਆਂ ਲਿਖਤਾਂ ਕਾਰਨ ਉਹ ਅਕਸਰ ਨਾ ਸਿਰਫ ਇਸਲਾਮੀ ਕੱਟੜਪੰਥੀਆਂ ਸਗੋਂ ਸਿੱਖ ਕੱਟੜਪੰਥੀਆਂ ਦੀ ਨਫਰਤ ਦਾ ਵੀ ਸ਼ਿਕਾਰ ਰਹਿੰਦੇ ਸਨ। 2017 ਵਿਚ ਪੁਲਿਸ ਨੇ ਜੁਰਮ ਦੀ ਦੁਨੀਆ ਦੇ ਬਾਦਸ਼ਾਹ ਛੋਟਾ ਸ਼ਕੀਲ ਦੇ ਦੋ ਗੈਂਗਸਟਰਾਂ ਨੂੰ ਤਾਰਿਕ ਫਤਹਿ ਨੂੰ ਮਾਰਨ ਦੀ ਸਾਜਿਸ਼ ਰਚਣ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਸੀ।

ਸਿੱਖ ਧਰਮ ਪ੍ਰਤੀ ਉਨ੍ਹਾਂ ਦੇ ਮਨ ਵਿਚ ਵਿਸ਼ੇਸ਼ ਸਤਿਕਾਰ ਸੀ। ਉਹ ਆਪਣੇ ਆਪ ਨੂੰ ਤਾਰਿਕ ਫਤਹਿ ਸਿੰਘ ਕਹਾ ਕੇ ਖੁਸ਼ ਹੁੰਦੇ ਸਨ। ਉਹ ਆਪਣੀ ਕਿਤਾਬ 'ਚੇਜ਼ਿੰਗ ਏ ਮਿਰਾਜ' ਵਿਚ ਲਿਖਦੇ ਹਨ ਕਿ ਮੈਂ ਇਹ ਮੁਸਲਮਾਨ ਹੋਣ ਦੇ ਨਾਤੇ ਲਿਖ ਰਿਹਾ ਹਾਂ ਜਿਸਦੇ ਪੁਰਖੇ ਕਦੇ ਹਿੰਦੂ ਸਨ, ਮੇਰੇ ਇਸਲਾਮ ਦੀਆਂ ਜੜ੍ਹਾਂ ਯਹੂਦੀ ਧਰਮ ਵਿਚ ਪਈਆਂ ਹਨ। ਮੇਰੇ ਪੰਜਾਬੀ ਪਿਛੋਕੜ ਕਰਕੇ ਮੇਰਾ ਸੰਬੰਧ ਸਭਿਆਚਾਰਕ ਤੌਰ 'ਤੇ ਸਿੱਖਾਂ ਨਾਲ ਜੁੜਿਆ ਹੋਇਆ ਹੈ। ਉਹ ਮੁਸਲਮਾਨਾਂ ਨੂੰ ਕਹਿੰਦੇ ਸਨ ਕਿ ਆਪਣੇ ਇਸ ਪੁਰਾਤਨ ਵਿਰਸੇ ਨੂੰ ਛੱਡ ਕੇ ਅਸੀਂ ਕਦੇ ਸੱਚੇ ਮੁਸਲਮਾਨ ਨਹੀਂ ਬਣ ਸਕਦੇ। ਉਨ੍ਹਾਂ ਨੂੰ ਪਾਕਿਸਤਾਨ ਦੇ ਅਜੋਕੇ ਮੁਸਲਮਾਨ ਭਰਾਵਾਂ ਨਾਲ ਹਮੇਸ਼ਾ ਇਸ ਗੱਲ ਦਾ ਇਤਰਾਜ਼ ਰਿਹਾ ਕਿ ਉਹ ਆਪਣੇ ਪ੍ਰਾਚੀਨ ਭਾਰਤੀ ਸੰਸਕ੍ਰਿਤਕ ਵਿਰਸੇ ਨੂੰ ਪਿੱਠ ਦੇ ਕੇ ਆਪਣਾ ਨਾਤਾ ਅਰਬ ਨਾਲ ਕਿਉਂ ਜੋੜਦੇ ਹਨ? ਪਾਕਿਸਤਾਨ ਦੇ ਮੁਸਲਮਾਨਾਂ ਵਾਂਗ ਸ਼ਾਇਦ ਅਜਿਹੀ ਹੀ ਕਿਸੇ ਮੰਦਭਾਗੀ ਦੁਬਿਧਾ ਨੇ ਸਾਡੇ ਕੁਝ ਸਿੱਖ ਭਰਾਵਾਂ ਨੂੰ ਵਿਚਾਰਧਾਰਕ ਧੁੰਦੂਕਾਰੇ ਵਿਚ ਲਪੇਟਿਆ




ਹੋਇਆ ਹੈਜੋ ਆਪਣੀ ਪ੍ਰਾਚੀਨ ਭਾਰਤੀ ਸੰਸਕ੍ਰਿਤੀ ਅਤੇ ਪੰਜਾਬੀ ਕੌਮ ਤੋਂ ਨਾਤਾ ਤੋੜ ਕੇ ਵੱਖਰੀ ਸਿੱਖ ਕੌਮ ਦੀ ਪਛਾਣ ਸਥਾਪਿਤ ਕਰਨ ਦੇ ਵਿਰੋਧਾਭਾਸ ਵਿਚ ਫਸੇ ਹੋਏ ਹਨ। ਹੈਰਾਨੀ ਨਹੀਂ ਹੈ ਕਿ ਅਜਿਹੇ ਲੋਕਾਂ ਦੀ ਇਸ ਬਿਰਤੀ ਨੇ ਦੁਨੀਆ ਭਰ ਵਿਚ ਵਸਦੇ ਵਿਸ਼ਾਲ ਸਿੱਖ ਭਾਈਚਾਰੇ ਨੂੰ ਬਿਨਾ ਕਾਰਨ ਬੇਲੋੜੀ ਘੁੰਮਣਘੇਰੀ ਵਿਚ ਪਾਇਆ ਹੋਇਆ ਹੈਜਿਸ ਕਾਰਨ ਸਿੱਖ ਪਿਛਲੇ 100 ਸਾਲ ਤੋਂ ਆਪਣੀ ਪਛਾਣ ਦੀਆਂ ਅਨੇਕਾਂ ਸਮੱਸਿਆਵਾਂ ਨਾਲ ਜੂਝ ਰਹੇ ਹਨ। ਸਿੱਖ ਪੰਥ ਵਿਚ ਗੁਰੂਆਂ ਦੀ ਸਰਬ-ਸਾਂਝੀਵਾਲਤਾ, ਮਨੁੱਖੀ ਬਰਾਬਰੀਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਦੀ ਥਾਂ ਹਿੰਸਾ, ਨਫਰਤ ਤੇ ਜਾਤ-ਪਾਤੀ ਰਾਜਨੀਤੀ ਭਾਰੂ ਹੋ ਰਹੀ ਹੈ।

ਸਿੱਖ ਧਰਮ ਪ੍ਰਤੀ ਆਪਣੇ ਲਗਾਅ ਦਾ ਪ੍ਰਗਟਾਵਾ ਉਹ ਆਪਣੀ ਕਿਤਾਬ 'ਚੇਜ਼ਿੰਗ ਏ ਮਿਰਾਜ' ਦੇ ਮੁੱਖਬੰਦ ਦੀਆਂ ਆਖਰੀ ਲਾਈਨਾਂ ਵਿਚ ਗੁਰੂ ਨਾਨਕ ਜੀ ਦੇ ਮਾਝ ਦੀ ਵਾਰ ਦੇ ਮੁਸਲਮਾਨਾਂ ਨੂੰ ਸੰਬੋਧਨ ਇੱਕ ਸਲੋਕ ਨਾਲ ਕਰਦੇ ਹਨ ਅਤੇ ਆਪਣੇ ਵਲੋਂ ਮੁਸਲਮਾਨ ਭਰਾਵਾਂ ਨੂੰ ਸੁਨੇਹਾ ਦਿੰਦੇ ਹਨ ਕਿ ਸਾਨੂੰ ਆਪਣੀ ਸੋਚ ਨੂੰ ਉਪਨ ਕਰਨ ਦੀ ਲੋੜ ਹੈ ਅਤੇ ਗੁਰੂ ਨਾਨਕ ਜੀ ਦੇ ਮੁਸਲਮਾਨਾਂ ਨੂੰ ਦਿੱਤੇ ਸੰਦੇਸ਼ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਜਿਸ ਵਿਚ ਉਹ ਮੁਸਲਮਾਨ ਦੋਸਤਾਂ ਨੂੰ ਸਲਾਹ ਦਿੰਦੇ ਹਨ ਕਿ ਜੇ ਮੁਸਲਮਾਨ ਬਣਨਾ ਹੈ ਤਾਂ ਇਸ ਤਰ੍ਹਾਂ ਦੇ ਸੱਚੇ ਮੁਸਲਮਾਨ ਬਣੋ:


ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ ਹੋਹੁ ਮੁਸਲਮਾਣੁ ॥
ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥
ਤਸਬੀ ਸਾ ਤਿਸੁ ਭਾਵਸੀ ਨਾਨਕ ਰਖੈ ਲਾਜ॥ (ਗੁਰੂ ਗ੍ਰੰਥ ਸਾਹਿਬ, ਪੰਨਾ 140)

ਜਿਸ ਤਰ੍ਹਾਂ ਦੁਨੀਆਂ ਭਰ ਦੇ ਸਿੱਖ ਰੋਜ਼ਾਨਾ 'ਰਾਜ ਕਰੇਗਾ ਖਾਲਸਾ' ਦਾ ਦੋਹਰਾ ਪੜ੍ਹਦੇ ਹਨ ਪਰ ਇਸਦਾ ਕੀ ਭਾਵ ਹੈ, ਉਸਨੂੰ ਕੋਈ ਨਹੀਂ ਵਿਚਾਰਦਾ, ਇਸ ਨੂੰ ਸੰਜੀਦਗੀ ਨਾਲ ਲੈਣਾ ਚਾਹੀਦਾ ਹੈ। ਜਦੋਂ ਕੋਈ ਕੈਨੇਡਾ, ਅਮਰੀਕਾ ਜਾਂ ਪੱਛਮੀ ਦੇਸ਼ਾਂ ਵਿਚ ਇਹ ਦੋਹਰਾ ਪੜ੍ਹਦਾ ਹੈ ਤਾਂ ਕੀ ਉਸਨੇ ਉਨ੍ਹਾਂ ਦੇਸ਼ਾਂ ਵਿਚ ਸਿੱਖ ਹਾਕਮਾਂ ਵਾਲਾ 'ਖਾਲਸਾ ਰਾਜ' ਬਣਾਉਣਾ ਹੈ? ਇਸੇ ਤਰ੍ਹਾਂ ਮੁਸਲਮਾਨਾਂ ਵਿਚ ਵੀ ਅਜਿਹਾ ਪ੍ਰਚਾਰ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੇ ਸਾਰੀ ਦੁਨੀਆਂ ਨੂੰ ਸ਼ਰੀਅਤ ਅਧਾਰਿਤ ਇਸਲਾਮੀ ਸਟੇਟ ਬਣਾਉਣਾ ਹੈ?

ਤਾਰਿਕ ਫਤਹਿ ਆਪਣੀ ਕਿਤਾਬ 'ਚੇਜ਼ਿੰਗ ਏ ਮਿਰਾਜ਼' ਵਿਚ ਇਹੀ ਦਲੀਲ ਦਿੰਦੇ ਹਨ ਕਿ ਮੁਸਲਮਾਨਾਂ ਨੂੰ ਇਸਲਾਮੀ ਸਟੇਟ ਨਹੀਂ ਸਗੋਂ ਸਟੇਟ ਆਫ ਇਸਲਾਮ, ਭਾਵ ਮੁਸਲਮਾਨਾਂ ਨੇ ਇਸਲਾਮ ਦੇ ਸ਼ੁਭ ਗੁਣਾਂ ਰਾਹੀਂ ਸਾਰੀ ਦੁਨੀਆਵਿਚ ਰਾਜ ਕਰਨਾ ਹੈ, ਨਾ ਕਿ ਮੁਸਲਮਾਨਾਂ ਨੇ ਸਾਰਿਆਂ ਤੇ ਪਾਕਿਸਤਾਨ, ਅਫਗਾਨਿਸਤਾਨ, ਇਰਾਨ, ਸਊਦੀ ਅਰਬ ਆਦਿ ਵਾਂਗ ਸ਼ਰੀਅਤ ਸਟੇਟ ਰਾਹੀਂ ਰਾਜ ਕਰਨਾ ਹੈ। ਕੁਝ ਅਜਿਹਾ ਹੀ ਵਿਚਾਰ ਸੌ ਕੁ ਸਾਲ ਪਹਿਲਾਂ ਪ੍ਰੋ. ਪੂਰਨ ਸਿੰਘ ਨੇ ਸਿੱਖਾਂ ਨੂੰ ਇਸ ਤਰ੍ਹਾਂ ਦਿੱਤਾ ਸੀ: 'ਪੰਜਾਬ ਸਾਰਾ ਵਸਦਾ ਗੁਰਾਂ ਦੇ ਨਾਮ...'।ਪ੍ਰੋ ਪੂਰਨ ਸਿੰਘ ਨੂੰ ਪੜ੍ਹੋਗੇ ਤਾਂ ਪਤਾ ਲੱਗੇਗਾ ਕਿ ਉਨ੍ਹਾਂ ਦਾ ਮਤਲਬ ਇਹ ਨਹੀਂ ਸੀ ਕਿ ਪੰਜਾਬ ਵਿਚ ਬਹੁ-ਗਿਣਤੀ ਸਿੱਖਾਂ ਦਾ ਰਾਜ ਕਾਇਮ ਕਰਨਾ ਹੈ; ਸ਼ਾਇਦ ਉਹ ਵੀ ਇਹੀ ਚਾਹੁੰਦੇ ਸਨ ਕਿ ਗੁਰੂਆਂ ਦੀ ਸਰਬ-ਸਾਂਝੀਵਾਲਤਾ, ਮਨੁੱਖੀ ਬਰਾਬਰੀ, ਕਿਰਤ ਕਰਨ, ਵੰਡ ਛਕਣ ਵਾਲੀ ਵਿਚਾਰਧਾਰਾ ਦਾ ਸਾਰੇ ਪੰਜਾਬ ਵਿਚ ਬੋਲ-ਬਾਲਾ ਹੋਵੇ? ਉਸਦੇ ਨਾਮ 'ਤੇ ਪੰਜਾਬ ਦੇ ਸਭ ਫਿਰਕਿਆਂ ਦੇ ਲੋਕ ਸੁਖੀ ਵਸਣ।

ਤਾਰਿਕ ਫਤਹਿ ਜਿੱਥੇ ਭਾਰਤ-ਪਾਕਿਸਤਾਨ ਵੰਡ ਤੋਂ ਬੇਹੱਦ ਦੁਖੀ ਸਨ, ਉਥੇ ਉਹ ਮੁਸਲਿਮ ਦੇਸ਼ਾਂ ਵਿਚ ਸ਼ਰੀਅਤ ਆਧਾਰਿਤ ਇਸਲਾਮੀ ਰਾਜ ਦੇ ਵੀ ਸਖਤ ਖਿਲਾਫ ਸਨ। ਇਸੇ ਕਰਕੇ ਧਰਮਾਂ ਦੇ ਕੱਟੜਪੰਥੀ ਉਸਨੂੰ ਪਸੰਦ ਨਹੀਂ ਕਰਦੇ ਸਨ। ਇਸੇ ਤਰ੍ਹਾਂ ਉਹ ਸਿੱਖਾਂ ਦੇ ਇੱਕ ਸੈਕਸ਼ਨ ਵਲੋਂ ਧਰਮ ਆਧਾਰਿਤ ਸਿੱਖ ਸਟੇਟ 'ਖਾਲਿਸਤਾਨ' ਦੇ ਵੀ ਹੱਕ ਵਿਚ ਨਹੀਂ ਸਨ। ਉਹ ਅਕਸਰ ਸਿੱਖਾਂ ਨੂੰ ਧਰਮ ਆਧਾਰਿਤ ਮੁਸਲਿਮ ਸਟੇਟਾਂ ਦੇ ਹਵਾਲੇ ਨਾਲ ਚਿਤਾਵਨੀ ਦਿੰਦੇ ਸਨ ਕਿ 'ਖਾਲਿਸਤਾਨ' ਵਰਗੀ ਧਰਮ ਆਧਾਰਿਤ ਸਟੇਟ ਸਾਰੀ ਦੁਨੀਆਵਿਚ ਵਸਦੇ ਘੱਟ-ਗਿਣਤੀ ਸਿੱਖ ਭਾਈਚਾਰੇ ਦੇ ਹਿੱਤ ਵਿਚ ਨਹੀਂ।

'ਯਹੂਦੀ ਮੇਰਾ ਦੁਸ਼ਮਣ ਨਹੀਂ' ਕਿਤਾਬ ਲਿਖਣ ਦੀ ਪ੍ਰੇਰਨਾ ਦੇ ਸੋਮੇ ਬਾਰੇ ਪੁੱਛੇ ਜਾਣ 'ਤੇ ਤਾਰਿਕ ਫਤਹਿ ਨੇ ਦੱਸਿਆ ਸੀ ਕਿ ਇਹ ਪ੍ਰੇਰਨਾ ਉਸਨੂੰ 2006 ਵਿਚ ਉਨ੍ਹਾਂ ਦੀ ਪਾਕਿਸਤਾਨ ਫੇਰੀ ਸਮੇਂ ਮਿਲੀ ਸੀ। 20ਵੀਂ ਸਦੀ ਦੇ 50ਵਿਆਂ ਜਾਂ 60ਵਿਆਂ ਤੱਕ ਪਾਕਿਸਤਾਨੀ ਮੁਸਲਮਾਨਾਂ ਅੰਦਰ ਯਹੂਦੀਆਂ ਬਾਰੇ ਕੋਈ ਨਫਰਤ ਨਹੀਂ ਸੀਪਰ 2006 ਵਿਚ ਜਦੋਂ ਉਨ੍ਹਾਂ ਕਰਾਚੀ ਦੇ ਦੌਰੇ ਸਮੇਂ ਚੁਫੇਰੇ ਕੰਧਾਂ ਕੋਲੇ ਯਹੂਦੀਆਂ ਪ੍ਰਤੀ ਨਫਰਤ ਦੇ ਨਾਅਰਿਆਂ ਨਾਲ ਭਰੇ ਦੇਖੇ ਤਾਂ ਹੈਰਾਨ ਰਹਿ ਗਏ। ਉਹਨੀਂ ਦਿਨੀਂ ਦੱਖਣ-ਪੂਰਬ ਏਸ਼ਿਆਈ ਦੇਸ਼ਾਂ ਵਿਚ ਬਰਡ ਫਲੂ ਫੈਲਿਆ ਹੋਇਆ ਸੀ। ਇਨ੍ਹਾਂ ਨਾਅਰਿਆਂ ਵਿਚ ਇਸਲਾਮੀ ਦੇਸ਼ ਇੰਡੋਨੇਸ਼ੀਆ




ਦੀ ਆਰਥਿਕਤਾ ਨੂੰ ਤਬਾਹ ਕਰਨ ਲਈ ਯਹੂਦੀਆਂ ਦੀ ਸਾਜ਼ਿਸ਼ ਕਿਹਾ ਗਿਆ ਸੀ। ਉਸਦੇ ਕੁਲੀਨ ਮਿੱਤਰਾਂ ਵਿਚ ਵੀ ਇਜ਼ਰਾਈਲ ਖਿਲਾਫ ਗੱਲਾਂ ਆਮ ਚੱਲਦੀਆਂ ਸਨ। ਇਹ ਦੇਖ ਉਸਨੂੰ ਬੇਹੱਦ ਪ੍ਰੇਸ਼ਾਨੀ ਹੋਈ ਸੀ। ਉਸਨੇ ਉਦੋਂ ਹੀ 'ਚੇਜ਼ਿੰਗ ਏ ਮਿਰਾਜ' ਤੋਂ ਬਾਅਦ ਇਹ ਕਿਤਾਬ ਲਿਖਣ ਦਾ ਮਨ ਬਣਾ ਲਿਆ ਸੀ।

'ਚੇਜ਼ਿੰਗ ਏ ਮਿਰਾਜ' ਦਾ ਇੱਕ-ਇੱਕ ਪੰਨਾ ਪੜ੍ਹਨ ਵਾਲਾ ਹੈ ਜਿਸ ਵਿਚ ਤਾਰਿਕ ਫਤਹਿ ਇਸਲਾਮ ਦੀਆਂ 11-12 ਸੌ ਸਾਲ ਤੋਂ ਉਸਾਰੀਆਂ ਤੰਗ ਨਜ਼ਰੀ ਦੀਆਂ ਸਾਰੀਆਂ ਝੂਠੀਆਂ ਮਿੱਥਾਂ ਨੂੰ ਬੜੇ ਸਹਿਜ ਨਾਲ ਤੋੜਦਾ ਹੈ। ਉਹ ਮਹਿਮੂਦ ਗਜ਼ਨਵੀ ਵਰਗਾ ਨਮਰੂਦ (ਜ਼ਾਲਮ) ਨਹੀਂ ਸਗੋਂ ਬਹੁਤ ਹੀ ਨਰਮ ਦਿਲ, ਨੇਕ ਅਤੇ ਮੁਹੰਮਦ ਸਾਹਿਬ ਦਾ ਸੱਚਾ ਬੁੱਤ ਸ਼ਿਕਨ ਪੈਰੋਕਾਰ ਲਗਦਾ ਹੈ। ਕਿਤਾਬ ਪੜ੍ਹਦਿਆਂ ਮਹਿਸੂਸ ਹੁੰਦਾ ਹੈ ਕਿ ਤਾਰਿਕ ਫਤਹਿ ਨੇ ਫਰੈਡਰਿਕ ਨੀਤਸ਼ੇ ਦੇ ਜਗਤ ਪ੍ਰਸਿੱਧ ਗ੍ਰੰਥ 'ਦਸ ਸਪੋਕ ਜ਼ਰਾਥੁਸਟਰਾ' ਨੂੰ ਵੀ ਪਿੱਛੇ ਛੱਡ ਦਿੱਤਾ ਹੈ। ਇਸੇ ਕਰਕੇ ਉਨ੍ਹਾਂ ਦਾ ਨਾਮ ਸਆਦਤ ਹਸਨ ਮੰਟੋ, ਇਕਬਾਲ ਅਹਿਮਦ, ਅਮਜਦ ਅਯੂਬ ਮਿਰਜ਼ਾ, ਤਾਰਿਕ ਅਲੀ, ਇਜ਼ਾਜ ਅਹਿਮਦ, ਇਸ਼ਤਿਆਕ ਅਹਿਮਦ, ਹੁਸੈਨ ਹਕਾਨੀ, ਫੈਜ਼ ਅਹਿਮਦ ਫੈਜ਼ ਅਤੇ ਫਰੁਖ ਤਾਹਿਰ ਵਰਗੇ ਅਨੇਕਾਂ ਬੁੱਤ ਸ਼ਿਕਨ ਇਸਲਾਮੀ ਸਕਾਲਰਾਂ ਦੀ ਲਾਈਨ ਵਿਚਧਰੂ ਤਾਰੇ ਵਾਂਗੂ ਚਮਕਦਾ ਨਜ਼ਰ ਆਉਂਦਾ ਹੈ। ਹੈਰਾਨੀ ਨਹੀਂ ਕਿ ਇਸ਼ਤਿਆਕ ਅਹਿਮਦ ਅਤੇ ਹੁਸੈਨ ਹਕਾਨੀ ਵਰਗੇ ਵਿਦਵਾਨ ਉਸਦੇ ਵੱਡੇ ਸ਼ੁੱਭ ਚਿੰਤਕਾਂ ਵਿਚੋਂ ਸਨ। ਇਸੇ ਕਰਕੇ ਡਾ. ਇਸ਼ਤਿਆਕ ਅਹਿਮਦ, ਡਾ. ਹੁਸੈਨ ਹਕਾਨੀ ਵਰਗੇ ਕਈ ਵੱਡੇ ਸਕਾਲਰਾਂ ਨੇ ਵਿਸ਼ਵ ਵਿਆਪੀ ਮੁਸਲਿਮ ਭਾਈਚਾਰੇ ਦੇ ਹਿੱਤਾਂ ਹੱਕਾਂ ਦੀ ਰਾਖੀ ਲਈ ਲਾਜ਼ਮੀ ਇਸਲਾਮੀ ਸਟੇਟ ਦੀ ਜ਼ਰੂਰਤ ਦੇ ਸਿਧਾਂਤ ਜਾਂ ਮਿੱਥ ਦੇ ਖੋਖਲੇਪਣ ਨੂੰ ਉਜਾਗਰ ਕਰਨ ਲਈ ਇਸ ਕਿਤਾਬ ਦੇ ਸ਼ੁਰੂ ਵਿਚ ਉਚੇਚੀ ਪ੍ਰਸ਼ੰਸਾ ਕੀਤੀ ਹੋਈ ਹੈ।



ਜਗਤ ਪ੍ਰਸਿੱਧ ਬੁੱਤ ਸ਼ਿਕਨ ਨਾਟਕਕਾਰ ਜੌਰਜ ਬਰਨਾਰਡ ਸ਼ਾਹ ਨੇ ਰੂਸੀ ਇਨਕਲਾਬੀ ਲਿਓਨ ਟ੍ਰਾਸਟਕੀ ਦੀ ਕਿਤਾਬ 'ਮਾਈ ਲਾਈਫ' ਪੜ੍ਹ ਕੇ ਟਿੱਪਣੀ ਕੀਤੀ ਸੀ: 'ਟ੍ਰਾਸਟਕੀ ਆਪਣੀ ਕਲਮ ਦੀ ਨੋਕ ਨਾਲ ਆਪਣੇ ਵਿਚਾਰਧਾਰਕ ਵਿਰੋਧੀਆਂ ਦੇ ਸਿਰ ਤੋਂ ਖੋਪੜ ਉਡਾ ਕੇ ਦਿਖਾ ਦਿੰਦਾ ਹੈ ਕਿ ਇਸ ਦਿਮਾਗ ਵਿਚ ਵਿਦਵਤਾ ਦੀ ਥਾਂ ਭੂਸਾ ਭਰਿਆ ਹੋਇਆ ਹੈ।' ਇਹੋ ਕੰਮ 'ਚੇਜ਼ਿੰਗ ਏ ਮਿਰਾਜ' ਵਿਚ ਤਾਰਿਕ ਫਤਹਿ ਨੇ ਮੌਲਾਨਾ ਮਦੂਦੀ ਅਤੇ ਸਈਅਦ ਕੁਤਬ ਵਰਗੇ ਵੱਡੇ-ਵੱਡੇ ਇਸਲਾਮੀ ਚਿੰਤਕਾਂ ਦੀ ਵਿਚਾਰਧਾਰਾ ਦਾ ਨੰਗ ਦਰਸਾ ਕੇ ਬੜੇ ਦਲੀਲ ਪੂਰਵਕ ਢੰਗ ਨਾਲ ਕੀਤਾ ਹੋਇਆ ਹੈ।

ਪੁਸਤਕ 'ਚੇਜ਼ਿੰਗ ਏ ਮਿਰਾਜ' ਦੇ 'ਸ਼ਰੀਆ ਗੌਡਜ਼ ਲਾਅ ਔਰ ਮੈਨਜ਼ ਫਲਾਅ?' ਸਿਰਲੇਖ ਹੇਠਲੇ ਗਿਆਰਵੇਂ ਅਤੇ 'ਜਹਾਦ' ਹੇਠਲੇ 12ਵੇਂ ਚੈਪਟਰ ਵਿਸ਼ੇਸ਼ ਤੌਰ 'ਤੇ ਪੜ੍ਹਨਯੋਗ ਹਨ।ਤਾਰਿਕ ਫਤਹਿ ਦੱਸਦਾ ਹੈ ਕਿ ਸ਼ਰੀਅਤ ਦਾ ਸੋਮਾ 'ਰੂਹਾਨੀ ਫਰਮਾਨ' ਨਹੀਂ ਬਲਕਿ 'ਇਨਸਾਨੀ' ਹੈ। ਇਹ ਇਨਸਾਨ ਦੁਬਾਰਾ ਮੁਹੰਮਦ ਸਾਹਿਬ ਤੋਂ 2-3 ਸੌ ਸਾਲ ਬਾਅਦ ਬਣਾਈ ਗਈ ਹੈ। ਜਿਸ ਤਰ੍ਹਾਂ ਸਿੱਖਾਂ ਦੀ 'ਰਹਿਤ ਮਰਿਯਾਦਾ' ਦਾ ਸੋਮਾ ਵੀ ਗੁਰੂਆਂ ਦੀ ਆਪ ਲਿਖਤ ਬਾਣੀ ਦਾ ਸੰਗ੍ਰਹਿ 'ਗੁਰੂ ਗ੍ਰੰਥ ਸਾਹਿਬ' ਨਹੀਂ, ਉਨ੍ਹਾਂ ਤੋਂ ਬਾਅਦ 200 ਸਾਲ ਵਿਚ ਲਿਖੇ ਗ੍ਰੰਥ, ਹੁਕਮਨਾਮੇ, ਰਹਿਤਨਾਮੇ ਆਦਿ ਹਨ। ਇਸਲਾਮ ਦੀ ਸ਼ਰੀਅਤ ਦੇ ਨਿਯਮ ਵੱਖ-ਵੱਖ ਇਸਲਾਮੀ ਸਕਾਲਰਾਂ (ਇਮਾਮ ਹਬੂ ਖਲੀਫਾ, ਇਮਾਮ ਜਾਫਿਰ ਸਾਦਿਕ, ਇਮਾਮ ਸ਼ਫੀ, ਇਮਾਮ ਮਲਿਕ, ਇਮਾਮ ਹੰਬਾਲ ਆਦਿ) ਦੀ ਕੁਰਾਨਿਕ ਵਿਆਖਿਆ ਆਧਾਰਿਤ ਹਨ। ਇਸਲਾਮੀ ਇਤਿਹਾਸ ਦੀ ਵਿਡੰਬਨਾ ਦੇਖੋ ਕਿ ਇਸਲਾਮੀ ਸ਼ਰੀਅਤ ਦੇ ਸਕਾਲਰ ਨਿਰਮਾਤਾਵਾਂ ਨੂੰ ਸ਼ਰੀਅਤ ਆਧਾਰਿਤ ਇਸਲਾਮੀ ਹਕੂਮਤਾਂ ਨੇ ਇਮਾਮ ਹਬੂ ਹਨੀਫਾ ਨੂੰ ਜੇਲ੍ਹ ਵਿਚਜ਼ਹਿਰ ਦੇ ਕੇ ਮਾਰਿਆ, ਇਮਾਮ ਮਲਿਕ ਦੇ ਸ਼ਰੇਆਮ ਹੱਥ ਵੱਢੇ ਗਏ, ਇਮਾਮ ਸ਼ਫੀ ਤੇ ਇਮਾਮ ਹੰਬਾਲ ਨੂੰ ਵੀ ਜੇਲ੍ਹਾਂ ਵਿਚ ਕਤਲ ਕੀਤਾ ਗਿਆ। ਤਾਰਿਕ ਫਤਹਿ ਆਪਣੀ ਕਿਤਾਬ ਵਿਚ ਸਵਾਲ ਉਠਾਉਂਦੇ ਹਨ ਕਿ ਮੈਨੂੰ ਇਹ ਗੱਲ ਕਦੇ ਸਮਝ ਨਹੀਂ ਆਈ ਕਿ ਕੱਟੜਪੰਥੀ ਇਸਲਾਮੀ ਸਕਾਲਰ ਇਸਨੂੰ 'ਇਸਲਾਮ ਦਾ ਸੁਨਹਿਰੀ ਕਾਲ' ਕਿਸ ਆਧਾਰ 'ਤੇ ਕਹਿੰਦੇ ਹਨ?

ਦੁਨੀਆ ਭਰ ਦੇ ਬਹੁਤ ਸਾਰੇ ਖੱਬੇਪੱਖੀ ਚਿੰਤਕ, ਇਸਲਾਮੀ ਕੱਟੜਵਾਦੀਆਂ ਦੀਆਂ



'ਹਥਿਆਰਬੰਦ ਸਥਾਨਕ ਲਹਿਰਾਂ' ਨੂੰ 'ਸਾਮਰਾਜਵਾਦ' ਖਿਲਾਫ 'ਇਸਲਾਮੀ ਜਹਾਦ' ਦੇ ਰੂਪ ਵਿਚ ਦੇਖਦੇ ਹਨ।ਉਨ੍ਹਾਂ ਨੂੰ ਲਗਦਾ ਹੈ ਕਿ ਸ਼ਾਇਦ ਅਜਿਹੀਆਂ ਮੂਲਵਾਦੀ ਲਹਿਰਾਂ ਰਾਹੀਂ ਸਾਮਰਾਜਵਾਦ ਨੂੰ ਢਾਹਿਆ ਜਾ ਸਕਦਾ ਹੈ। ਅਜਿਹੀ ਸੋਚ ਨਾਲ ਹੀ ਅਮਰੀਕਾ ਨੇ 'ਸਮਾਜਵਾਦ' ਨੂੰ ਢਾਹੁਣ ਲਈ ਅਫਗਾਨਿਸਤਾਨ ਵਿਚ 'ਇਸਲਾਮੀ ਮੁਜਾਹਦੀਨ' ਖੜ੍ਹੇ ਕੀਤੇ ਸਨ ਜੋ ਬਾਅਦ ਵਿਚ 'ਤਾਲਿਬਾਨ' ਬਣ ਕੇ ਅੱਜ ਤੱਕ ਸਾਰੇ ਸਭਿਅਕ ਜਗਤ ਲਈ ਖਤਰਾ ਬਣੇ ਹੋਏ ਹਨ। ਇਸਦੇ ਉਲਟ ਬਹੁਤ ਸਾਰੇ ਲਿਬਰਲ ਤੇ ਸੈਕੂਲਰ ਇਸਲਾਮੀ ਸਕਾਲਰ ਇਸਨੂੰ 'ਨਵੇਂ ਕਾਲੇ ਦੌਰ' ਦੇ ਰੂਪ ਵਿਚ ਦੇਖਦੇ ਹਨ। ਇਸ ਸੰਬੰਧੀ 2008 ਵਿਚ ਜਦੋਂ ਪਾਕਿਸਤਾਨ ਦੇ ਦੋ ਮੁੱਖ ਖੱਬੇਪੱਖੀ ਸਕਾਲਰਾਂ ਪ੍ਰੋ. ਪਰਵੇਜ਼ ਹੂਦਭਾਈ (ਜੋ ਇਲਾਮਾਬਾਦ ਦੀ ਯੂਨੀਵਰਸਿਟੀ ਦੇ ਫਿਜਿਕਸ ਦੇ ਪ੍ਰੋਫੈਸਰ ਸਨ) ਅਤੇ ਤਾਰਿਕ ਅਲੀ (ਲੇਖਕ, ਪੱਤਰਕਾਰ, ਹਿਸਟੋਰੀਅਨ ਤੇ ਫਿਲਮ ਮੇਕਰ) ਵਿਚ ਇਸ ਸੰਬੰਧੀ ਬਹਿਸ ਚਲ ਰਹੀ ਸੀ ਤਾਂ ਤਾਰਿਕ ਫਤਹਿ ਨੇ ਕੈਨੇਡੀਅਨ ਟੀ.ਵੀ. ਨੈਟਵਰਕ ਸੀ.ਬੀ.ਸੀ. ਨੂੰ ਦਿੱਤੀ ਇੰਟਰਵਿਊ ਵਿਚ ਪ੍ਰੋ. ਪਰਵੇਜ਼ ਹੂਦਭਾਈ ਦੇ ਹੱਕ ਵਿਚ ਸਟੈਂਡ ਲਿਆ ਸੀ।ਜਿੱਥੇ ਤਾਰਿਕ ਅਲੀ ਵਰਗੇ ਵਿਦਵਾਨ ਧਾਰਮਿਕ ਕੱਟੜਤਾ ਨੂੰ ਪ੍ਰਣਾਏ ਹੋਏ ਤਾਲਿਬਾਨ, ਆਈਸਿਸ ਵਰਗੇ ਅਨੇਕਾਂ ਇਸਲਾਮੀ ਗਰੁੱਪਾਂ ਨੂੰ ਇਸਲਾਮ ਦੇ ਜਬਰ ਜ਼ੁਲਮ ਵਿਰੁੱਧ ਲੜਨ ਵਾਲੇ 'ਜਹਾਦ' ਦੇ ਰੂਪ ਵਿਚਦੇਖਦੇ ਹਨ ਜਿਸ ਨਾਲ 'ਅਮਰੀਕਾ ਪੱਖੀ ਸਾਮਰਾਜੀ' ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ, ਉਥੇ ਪ੍ਰੋ. ਪਰਵੇਜ਼ ਹੂਦਭਾਈ ਵਰਗੇ ਵਿਦਵਾਨ ਇਹ ਸਮਝਦੇ ਹਨ ਕਿ ਅਜਿਹੀਆਂ ਮੂਲਵਾਦੀ ਲਹਿਰਾਂ ਦੁਨੀਆ ਨੂੰ ਇਤਿਹਾਸ ਦੇ ਉਨ੍ਹਾਂ ਕਾਲੇ ਦੌਰਾਂ ਵਿਚ ਲੈ ਜਾਣਗੀਆਂ ਜਿੱਥੋਂ ਮਨੁੱਖਤਾ ਨੂੰ ਨਿਕਲਣ ਲਈ ਸਦੀਆਂ ਲੱਗ ਗਈਆਂ ਸਨ ਤੇ ਲੱਖਾਂ ਲੋਕ ਮੌਤ ਦੇ ਮੂੰਹ ਜਾ ਪਏ ਸਨ। ਤਾਰਿਕ ਫਤਹਿ ਵੀ ਆਪਣੀ ਕਿਤਾਬ ਵਿਚ ਅਜਿਹਾ ਮੱਤ ਹੀ ਪੇਸ਼ ਕਰਦੇ ਹਨ ਕਿ ਅਜਿਹੀਆਂ ਮੂਲਵਾਦੀ ਲਹਿਰਾਂ ਦਾ ਖਾਸਾ ਲੋਕ ਵਿਰੋਧੀ ਹੋਣ ਕਰਕੇ ਇਹ ਨਾ ਧਰਮ ਤੇ ਨਾ ਲੋਕ ਹਿੱਤ ਵਿਚ ਹਨ।

ਤਾਰਿਕ ਫਤਹਿ ਭਾਰਤ-ਪਾਕਿਸਤਾਨ ਵੰਡ ਨੂੰ ਇਸ ਖਿੱਤੇ ਦੇ ਲੋਕਾਂ ਲਈ ਵੱਡਾ ਦੁਰਭਾਗ ਮੰਨਦੇ ਸਨ। ਉਨ੍ਹਾਂ ਮੰਨਣਾ ਸੀ ਕਿ ਇਹ ਵੰਡ ਨਹੀਂ ਹੋਣੀ ਚਾਹੀਦੀ ਸੀ। ਉਹ ਪਾਕਿਸਤਾਨ ਦੀ ਇਸਲਾਮੀ ਸਟੇਟ ਦੀ ਥਾਂ ਭਾਰਤ ਦੀ ਸੈਕੂਲਰ ਅਤੇ ਲੋਕਤੰਤਰੀ ਪ੍ਰਣਾਲੀ ਦੇ ਬੇਬਾਕ ਪ੍ਰਸ਼ੰਸਕ ਸਨ। ਉਹ ਸੈਕੂਲਰ ਭਾਰਤ ਨੂੰ ਇਸਲਾਮੀ ਪਾਕਿਸਤਾਨ ਦੇ ਮੁਕਾਬਲੇ ਵੱਧ ਚੰਗਾ ਸਮਝਦੇ ਸਨ। ਆਪਣੀ ਇਸੇ ਸੋਚ ਤਹਿਤ ਉਹ ਮਹਾਤਮਾ ਗਾਂਧੀ, ਪੰਡਤ ਜਵਾਹਰ ਨਹਿਰੂ, ਮੌਲਾਨਾ ਅਬੁਲ ਕਲਾਮ ਆਜ਼ਾਦ ਸਮੇਤ ਭਾਰਤ ਦੇ ਕੌਮੀ ਲੀਡਰਾਂ ਦੇ ਪ੍ਰਸ਼ੰਸਕ ਸਨ।ਪਿਛਲੇ ਦਸ ਬਾਰਾਂ ਵਿਚ ਸ਼ਾਇਦ ਹੀ ਕੋਈ ਅਜਿਹਾ ਦਿਨ ਲੰਘਿਆ ਹੋਵੇ, ਜਦੋਂ ਉਨ੍ਹਾਂ ਨੂੰ ਗਾਲ੍ਹੀ-ਗਲੋਚ ਜਾਂ ਜਾਨੋਂ ਮਾਰਨ ਦੀਆਂ ਧਮਕੀਆਂ ਨਾ ਸੁਣਨੀਆਂ ਪਈਆਂ ਹੋਣ। ਸ਼ਾਇਦ ਇਸੇ ਚਿੜ ਤੋਂ ਉਹ ਮੌਜੂਦਾ ਭਾਰਤੀ ਹਾਕਮਾਂ ਦੀਆਂ ਗਲਤ ਨੀਤੀਆਂ ਨੂੰ ਵੀ ਜਾਇਜ਼ ਠਹਿਰਾਉਣ ਤੱਕ ਚਲੇ ਜਾਂਦੇ ਸਨ ਜੋ ਸਚਮੁੱਚ ਇਤਰਾਜ਼ ਵਾਲੀ ਗੱਲ ਸੀਪਰ ਉਨ੍ਹਾਂ ਅਜਿਹਾ ਪੈਂਤੜਾ ਕਿਉਂ ਮੱਲਿਆ, ਉਨ੍ਹਾਂ ਦੀਆਂ ਲਿਖਤਾਂ ਪੜ੍ਹ ਕੇ ਹੀ ਜਾਣਿਆ ਜਾ ਸਕਦਾ ਹੈ।

ਤਾਰਿਕ ਫਤਹਿ ਵਰਗੇ ਸਿਰੜੀ ਤੇ ਬਹਾਦਰ, ਧਰਮ ਨਿਰਪੱਖ ਅਤੇ ਅਗਾਂਹਵਧੂ ਬੰਦੇ ਦੇ ਸੰਸਾਰ ਤੋਂ ਚਲੇ ਜਾਣ ਨਾਲ ਘਾਟਾ ਤਾਂ ਜ਼ਰੂਰ ਪੈਂਦਾ ਹੈ ਪਰ ਉਨ੍ਹਾਂ ਦੇ ਵਿਚਾਰ ਕਦੇ ਮਰਦੇ ਨਹੀਂ।ਜਿਸ ਤਰ੍ਹਾਂ ਉਨ੍ਹਾਂ ਦੀ ਧੀ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਪਿਆਰ ਕਰਨ ਵਾਲੇ ਲੋਕ ਸਮਾਜ ਵਿਚੋਂ ਕੱਟੜਵਾਦ ਤੇ ਅਤਿਵਾਦ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਦੇ ਰਹਿਣਗੇ, ਇਹੀ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

# ਮਾੜਿਆਂ-ਧੀੜਿਆਂ ਤੇ ਦਲਿਆਂ-ਮਲਿਆਂ ਦੀਆਂ ਗੱਲਾਂ

**ਲਹਿੰਦੇ ਪੰਜਾਬ ਦੇ ਹੋਣਹਾਰ ਲੇਖਕ ਏਜਾਜ਼ ਨੇ ਕਹਾਣੀ ਲਿਖਣ ਲਈ ਪਰੰਪਰਾਗਤ ਅਤੇ ਨਵੇਂ, ਦੋਹਾਂ ਤਰ੍ਹਾਂ ਦੇ ਪੈਂਤੜੇ ਵਰਤੇ ਹਨ ਅਤੇ ਦੋਹਾਂ ਨਾਲ ਪੂਰਾ ਨਿਸਾਫ ਵੀ ਕੀਤਾ ਹੈ। ਉਸ ਨੇ ਸਾਧਾਰਨਤਾ ਵਿਚੋਂ ਅਸਾਧਾਰਨ ਥੀਮ ਸਿਰਜ ਕੇ ਨਵੀਂ ਪਿਰਤ ਪਾਈ ਹੈ। ਇਤਿਹਾਸ ਅਤੇ ਗਲਪ ਦੇ ਸੁਮੇਲ ਨਾਲ ਵੱਖਰੀ ਤਰ੍ਹਾਂ ਦੀ ਬਿਰਤਾਂਤ ਸਿਰਜਣਾ ਉਹਦੀ ਕਲਾ ਦਾ ਹਾਸਲ ਹੈ। ਇਸ ਬਾਰੇ ਚਰਚਾ ਉਘੇ ਆਲੋਚਕ ਪਰਮਜੀਤ ਢੀਂਗਰਾ ਨੇ ਆਪਣੇ ਇਸ ਲੇਖ ਵਿਚ ਕੀਤੀ ਹੈ।**

ਕਲਾ ਪਰਿਕਰਮਾ

ਪਾਕਿਸਤਾਨ ਵਿਚ ਲਿਖੀ ਜਾ ਰਹੀ ਪੰਜਾਬੀ ਕਹਾਣੀ ਵੱਖਰੇ ਮੁਹਾਂਦਰੇ ਤੇ ਵਿਲੱਖਣ ਸੁਰ ਵਾਲੀ ਹੈ। ਗਲਪੀ ਭਾਸ਼ਾ ਪੱਖੋਂ ਇਸ ਵਿਚਲੀਆਂ ਊਣਤਾਈਆਂ 'ਤੇ ਉਂਗਲ ਰੱਖੀ ਜਾ ਸਕਦੀ ਹੈ ਪਰ ਪੇਸ਼ਕਾਰੀ ਦਾ ਉਨ੍ਹਾਂ ਦਾ ਢੰਗ ਨਿਵੇਕਲਾ ਹੈ। ਬਹੁਤੀਆਂ ਗੁੰਝਲਾਂ ਤੇ ਬਿਬੇਕੀ ਜੁਗਤਾਂ ਇਨ੍ਹਾਂ ਵਿਚ ਘੱਟ ਮਿਲਦੀਆਂ ਹਨ। ਏਜਾਜ਼ ਪਾਕਿਸਤਾਨੀ ਪੰਜਾਬੀ ਕਹਾਣੀ ਦਾ ਜਾਣਿਆ ਪਛਾਣਿਆ ਹਸਤਾਖਰ ਹੈ। ਉਹਦੇ ਕੋਲ ਕਹਾਣੀ ਕਹਿਣ ਦਾ ਵੱਖਰਾ ਢੰਗ ਤੇ ਨਜ਼ਰੀਆ ਹੈ। ਇਹਦੀ ਗੱਲ ਕਰਦਿਆਂ ਹੱਥਲੀ ਕਿਤਾਬ 'ਗੋਰਾਂ ਨਾਲ ਉਲਾਹਮੇ' ਦੇ ਮੁੱਖ ਬੰਧ ਵਿਚ ਵਰਿਆਮ ਸੰਧੂ ਲਿਖਦਾ ਹੈ: "ਉਹ ਆਮ



ਤੌਰ ਉੱਤੇ ਹੇਠਲੇ ਦਰਮਿਆਨੇ ਤਬਕੇ ਤੇ ਉਸ ਤੋਂ ਵੀ ਹੇਠਲੇ ਮਾੜਿਆਂ ਧੀੜਿਆਂ ਤੇ ਦਲਿਆਂ-ਮਲਿਆਂ ਦਾ ਲੇਖਕ ਹੈ। ਉਹ ਨਜ਼ਰਿਆਤੀ ਪੱਖ ਤੋਂ

**ਪਰਮਜੀਤ ਢੀਂਗਰਾ**
**ਫੋਨ: +91-94173-58120**

ਉਨ੍ਹਾਂ ਦੀ ਧਿਰ ਬਣ ਕੇ ਖਲੋਂਦਾ ਹੈ, ਉਨ੍ਹਾਂ ਦੀ ਜ਼ਿੰਦਗੀ ਬਦਲੀ ਹੋਈ ਵੀ ਵੇਖਣੀ ਲੋਚਦਾ ਹੈ ਪਰ ਇਸ ਦਾ ਦਿਖਾਵਾ ਨਹੀਂ ਕਰਦਾ। ਉਹਦਾ ਨਜ਼ਰੀਆ ਸਤਹ 'ਤੇ ਪਿਆ ਹੋਣ ਦੀ ਥਾਂ ਰਚਨਾ ਦੀ ਰੂਹ ਵਿਚ ਰਚਿਆ ਵਸਿਆ ਨਜ਼ਰ ਆਉਂਦਾ ਹੈ।" ਉਹਦੀ ਕਥਾ ਦ੍ਰਿਸ਼ਟੀ ਤੇ ਪ੍ਰਗਟਾਵੇ ਦਾ ਢੰਗ ਰਵਾਇਤੀ ਪਾਕਿਸਤਾਨੀ ਪੰਜਾਬੀ ਕਹਾਣੀ ਤੋਂ ਵੱਖਰਾ ਹੈ। ਹੱਥਲੇ ਸੰਗ੍ਰਹਿ ਵਿਚ ਉਹਦੀਆਂ ਕੁਝ ਕਹਾਣੀਆਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ ਜਿਨ੍ਹਾਂ ਵਿਚ ਸ਼ਾਮਲ ਹਨ: ਖੁੱਲ੍ਹਾ ਅਸਮਾਨ, ਨੈਣੀਂ ਮੇਂ ਬਸੇ ਨੰਦ ਲਾਲ, ਵਲਗਣਾਂ ਵਿਚ ਘਿਰਿਆ ਜੀਵਨ, ਹੱਥ, ਕਿਰਾਏ ਦਾ ਮਕਾਨ ਤੇ ਗੋਰਾਂ ਨਾਲ ਉਲਾਹਮੇ ਆਦਿ।

ਪਹਿਲੀ ਕਹਾਣੀ 'ਖੁੱਲ੍ਹਾ ਅਸਮਾਨ' ਆਜ਼ਾਦੀ ਲਈ ਲੜ ਰਹੇ ਗਦਰੀਆਂ ਬਾਰੇ ਹੈ। ਖੁੱਲ੍ਹਾ ਅਸਮਾਨ ਆਜ਼ਾਦੀ ਦਾ ਪ੍ਰਤੀਕ ਹੈ। ਲੇਖਕ ਨੇ ਕਲਪਿਤ ਗਦਰੀ ਪਾਤਰ ਰਾਹੀਂ ਬਸਤੀਵਾਦੀ ਹਾਕਮਾਂ ਦੇ ਜ਼ੁਲਮ ਤੇ ਗਦਰੀ ਦੇਸ਼ਭਗਤਾਂ ਦੀ ਦ੍ਰਿੜ੍ਹਤਾ ਨੂੰ ਪੇਸ਼ ਕੀਤਾ ਹੈ। ਸੈਲਿਊਲਰ ਜੇਲ੍ਹ ਵਿਚ ਤਸ਼ੱਦਦ ਝੱਲ ਰਹੇ ਇਨ੍ਹਾਂ ਦੇਸ਼ਭਗਤਾਂ ਦੀ ਇਹ ਤੀਬਰ ਇੱਛਾ ਹੈ ਕਿ ਉਹ ਗੋਰੇ ਹਾਕਮਾਂ ਨੂੰ ਦੇਸ਼ 'ਚੋਂ ਖਦੇੜ ਦੇਣ। ਭਾਵੇਂ ਕਹਾਣੀ ਵਿਚ ਕੋਈ ਬੱਝਵਾਂ ਬਿਰਤਾਂਤ ਜਾਂ ਉਤਸੁਕਤਾ ਨਜ਼ਰ ਨਹੀਂ ਆਉਂਦੀ ਤੇ ਕਹਾਣੀ ਵਧੇਰੇ ਪ੍ਰਭਾਵ ਘਟਨਾ ਚੱਕਰ ਦਾ ਪਾਉਂਦੀ ਹੈ। ਇਸ ਦੇ ਬਾਵਜੂਦ ਇਸ ਕਹਾਣੀ ਦਾ ਬਸਤੀਵਾਦੀ ਜ਼ੁਲਮ ਇਤਿਹਾਸਕ ਮਹੱਤਤਾ ਵਾਲਾ ਹੈ। ਪੁਲੀਸ ਅਫ਼ਸਰਾਂ ਦੀ ਹਿੰਦੋਸਤਾਨੀ ਭਾਸ਼ਾ ਦਿਲਚਸਪ ਹੈ।

'ਨੈਣੋਂ ਮੇਂ ਬਸੇ ਨੰਦ ਲਾਲ' ਵੀ ਇਤਿਹਾਸਕ ਪਿਛੋਕੜ ਵਾਲੀ ਕਹਾਣੀ ਹੈ। ਇਸ ਦੀ ਬਣਤਰ ਤੇ ਬੁਣਤੀ ਬੜੀ ਸੰਘਣੀ ਤੇ ਗਲਪੀ ਭਾਸ਼ਾ ਕਾਵਿਮਈ ਹੈ। ਇਹ ਇਕ ਪਾਸੇ ਪਿੱਤਰੀ ਸੱਤਾ ਵੱਲੋਂ ਹਾਸ਼ੀਏ 'ਤੇ ਧੱਕ ਦਿੱਤੀ ਗਈ ਨਾਰੀ ਦੀ ਵੇਦਨਾ ਨੂੰ ਪ੍ਰਗਟਾਉਂਦੀ ਹੈ, ਦੂਜੇ ਪਾਸੇ ਉਹਦੇ ਜਨਮ 'ਤੇ ਜਿਵੇਂ ਖ਼ੁਸ਼ੀ ਮਨਾਈ ਜਾਂਦੀ ਹੈ ਉਹ ਅਲੋਕਾਰੀ ਗੱਲ ਲੱਗਦੀ ਹੈ ਕਿਉਂਕਿ ਰਾਜਪੂਤ ਘਰਾਣਿਆਂ ਵਿਚ ਕੁੜੀ ਦੇ ਜੰਮਣ 'ਤੇ ਖ਼ੁਸ਼ੀ ਮਨਾਉਣ ਦਾ ਰਿਵਾਜ ਨਹੀਂ ਸੀ। ਜਦੋਂ ਵਡੇਰੀ ਉਮਰ ਦੀ ਸਵਾਣੀ ਆ ਕੇ ਖ਼ਬਰ ਦਿੰਦੀ ਹੈ- 'ਮਹਾਰਾਜ ਮੁਬਾਰਕ ਹੋਵੇ ਏ ਏ... ਭਗਵਾਨ ਨੇ ਛੋਹਰੀ ਦੀ ਹੈ।' ਤਾਂ ਉਹਦਾ ਦਾਦਾ ਖ਼ੁਸ਼ ਹੁੰਦਾ ਹੈ। ਉਹ ਹੁਕਮ ਦੇਂਦਾ ਹੈ ਜਾਓ ਜਾ ਕੇ ਗੀਤ ਸੰਗੀਤ ਕੀ ਮਹਿਫਲ ਸਜਾਓ, ਖ਼ੁਸ਼ੀਆਂ ਮਨਾਓ। ਮਹਾਰੇ ਬੀਹੜੇ ਮੇਂ ਭਗਵਾਨ ਨੇ ਚਾਂਦ ਕੀ ਚਾਂਦਨੀ ਉਤਾਰ ਦੀ।'

ਖ਼ੁਸ਼ੀ ਦੀ ਇਹ ਲਹਿਰ ਬੜੀ ਮਾਅਨੇਖੇਜ਼ ਹੈ ਕਿਉਂਕਿ ਸਾਰਾ ਟੱਬਰ ਮੁੰਡੇ ਦੀ ਆਸ ਲਾਈ ਬੈਠਾ ਸੀ। ਉਹਦੀ ਮਾਂ ਖ਼ੁਸ਼ੀ ਨਾਲ ਪਾਗਲ ਹੁੰਦੀ ਜਾ ਰਹੀ ਸੀ। ਇੰਜ ਲੱਗ ਰਿਹਾ ਸੀ ਜਿਵੇਂ ਉਹਨੇ ਹਰਦੀ ਹਰਦੀ ਨੇ ਇਕ ਨਵੀਂ ਦੁਨੀਆ ਜਿੱਤ ਲਈ ਸੀ। ਉਹ ਖ਼ੁਸ਼ੀ ਨਾਲ ਉਹਦਾ ਮੱਥਾ ਚੁੰਮ ਰਹੀ ਸੀ। 1503 ਈ. ਉਹਦੀ ਹਯਾਤੀ ਦੇ ਛੇਵੇਂ ਸਾਲ ਦੀ ਸ਼ੁਰੂਆਤ ਏ। ਇਸ ਤਰ੍ਹਾਂ ਲੇਖਕ ਇਤਿਹਾਸ ਤੇ ਰੁਮਾਂਸ ਨੂੰ ਰਲਗੱਡ ਕਰ ਰਿਹਾ ਹੈ। ਸੰਨ ਦੇਣ ਨਾਲ ਕਹਾਣੀ ਵਿਚਲੇ ਵੇਰਵੇ ਕਾਟੇ ਹੇਠ ਆ ਜਾਂਦੇ ਹਨ।

ਇਸੇ ਤਰ੍ਹਾਂ ਇਕ ਥਾਂ ਭੰਗੜੇ ਪੁਆਏ ਗਏ ਹਨ ਜਦੋਂਕਿ ਉਨ੍ਹਾਂ ਸਮਿਆਂ ਵਿਚ ਰਾਜਪੂਤਾਨੇ ਵਿਚ ਭੰਗੜੇ ਦਾ ਕੋਈ ਸੰਕਲਪ ਨਹੀਂ ਸੀ।




*ਲਹਿੰਦੇ ਪੰਜਾਬ ਦੇ ਕਹਾਣੀਕਾਰ ਏਜਾਜ਼ ਦੀ ਕਿਤਾਬ 'ਗੋਰਾਂ ਨਾਲ ਉਲਾਹਮੇ' ਦਾ ਮੁਖੜਾ।*

***ਕਿਤਾਬ ਦੇ ਸਿਰਲੇਖ ਵਾਲੀ ਕਹਾਣੀ 'ਗੋਰਾਂ ਨਾਲ ਉਲਾਹਮੇ' ਵਿਚ ਤਾਕਤਵਰ ਬਜ਼ੁਰਗ ਔਰਤ ਦਾ ਪਾਤਰ ਪੇਸ਼ ਕੀਤਾ ਹੈ। ਇਹ ਔਰਤ ਉਸ ਸਮੇਂ ਦੀਆਂ ਬਾਤਾਂ ਪਾਉਂਦੀ ਹੈ ਜਦੋਂ ਅਜੇ ਬਾਜ਼ਾਰ ਨੇ ਮਨੁੱਖ ਨੂੰ ਘੇਰਿਆ ਨਹੀਂ ਸੀ ਤੇ ਉਹ ਉਹਦੇ ਘਰ ਅੰਦਰ ਵੜਿਆ ਨਹੀਂ ਸੀ।***

ਭਗਵਾਨ ਕ੍ਰਿਸ਼ਨ ਨਾਲ ਮੀਰਾ ਦੀ ਜੋ ਲਗਨ ਦਿਖਾਈ ਹੈ ਉਹ ਉਹੀ ਹੈ ਜੋ ਪਰੰਪਰਾ ਤੋਂ ਚਲੀ ਆ ਰਹੀ ਹੈ। ਕ੍ਰਿਸ਼ਨ ਭਗਵਾਨ ਦੇ ਵਿਛੋੜੇ ਦੇ ਸੱਲ ਵਧੀਆ ਪੇਸ਼ ਕੀਤੇ ਹਨ। ਉਹਦੇ ਸੁੱਚੇ ਇਸ਼ਕ ਦਾ ਇਹ ਬੁਖ਼ਾਰ ਦਿਨ-ਬਦਿਨ ਵਧਦਾ ਹੀ ਜਾ ਰਿਹਾ ਹੈ। ਰਾਏਦਾਸ ਦੀ ਮੁਹੱਬਤ ਨਾਲ ਦਿੱਤੀ ਮੂਰਤੀ ਉਹਦੇ ਇਸ਼ਕ ਦਾ ਸਿਰਤ ਬਣ ਜਾਂਦੀ ਹੈ।

ਗਿਰਧਰ ਗੋਪਾਲ ਹੁਣ ਉਹਦੇ ਖ਼ੁਆਬਾਂ ਨੂੰ ਰੌਣਕ ਬਖ਼ਸ਼ਣ ਲੱਗ ਪਏ ਹਨ। ਭਗਤੀ ਦੇ ਇਸ਼ਕ ਦੀ ਬਾਰਿਸ਼ ਵਿਚ ਭਿੱਜੇ ਹੋਏ ਜਜ਼ਬਿਆਂ ਦਾ ਖ਼ੁਮਾਰ ਉਹਦੇ ਜਿਸਮ ਦਾ ਹਿੱਸਾ ਬਣ ਚੁਕਿਆ ਹੈ। ਇਹੋ ਵਜ੍ਹਾ ਹੈ ਜਦੋਂ ਗਿਰਧਰ ਗੋਪਾਲ ਨਹੀਂ ਆਉਂਦੇ ਤਾਂ ਉਹ ਬਾਲਕਨੀ ਵਿਚ ਘੰਟਿਆਂਬੱਧੀ ਖਲੋਤੀ ਰਹਿੰਦੀ ਹੈ। ਇਹੀ ਜਨੂੰਨ ਹੈ ਜਿਸ ਨੂੰ ਲੇਖਕ ਨੇ ਬਿਰਤਾਂਤ ਵਿਚ ਢਾਲ ਕੇ ਪੇਸ਼ ਕੀਤਾ ਹੈ।

ਪਿੱਤਰਸੱਤਾ ਦੀ ਸ਼ਿਕਾਰ ਔਰਤ ਬਾਰੇ ਇਕ ਹੋਰ ਕਹਾਣੀ 'ਵਲਗਣਾਂ ਵਿਚ ਘਿਰਿਆ ਜੀਵਨ' ਦੇਖੀ ਜਾ ਸਕਦੀ ਹੈ। ਇਸ ਕਹਾਣੀ ਦਾ ਤਾਣਾ-ਬਾਣਾ ਨਿਰਮਲਾ ਨਾਂ ਦੀ ਪਾਤਰ ਦੁਆਲੇ ਬੁਣਿਆ ਗਿਆ ਹੈ। ਨਿਰਮਲਾ ਆਧੁਨਿਕ ਵਿਚਾਰਾਂ ਵਾਲੀ ਔਰਤ ਹੈ। ਉਸ ਨੂੰ ਅੱਜ ਦੀ ਔਰਤ ਕਿਹਾ ਜਾ ਸਕਦਾ ਹੈ ਜੋ ਬਾਗ਼ੀ ਤਬੀਅਤ ਵਾਲੀ ਹੈ। ਉਹਦੇ ਬਾਪ ਦੀ ਦੂਜੀ ਸ਼ਾਦੀ ਉਹਦੀ ਮਾਨਸਿਕਤਾ ਵਿਚ ਕੰਪਲੈਕਸ ਦਾ ਰੂਪ ਧਾਰਨ ਕਰ ਲੈਂਦੀ ਹੈ। ਉਹ ਆਪਣੇ ਆਪ ਨੂੰ ਹਾਸ਼ੀਏ 'ਤੇ ਮਹਿਸੂਸ ਕਰਦੀ ਹੈ। ਮਾਂ ਦੀਆਂ ਵਧੀਕੀਆਂ ਕਰਕੇ ਉਹ ਘਰ ਛੱਡ ਕੇ ਚਲੀ ਜਾਂਦੀ ਹੈ। ਆਪਣੇ ਦੋਸਤ ਦਲਬੀਰ ਨਾਲ ਸੰਬੰਧ ਬਣਾ ਕੇ ਉਹ ਉਹਦੇ ਬੱਚੇ ਦੀ ਮਾਂ ਵੀ ਬਣ ਜਾਂਦੀ ਹੈ। ਉਹਦਾ ਸੰਕਟ ਇੱਥੋਂ ਹੀ ਸ਼ੁਰੂ ਹੁੰਦਾ ਹੈ ਜਦੋਂ ਉਹਨੂੰ ਅਹਿਸਾਸ ਹੁੰਦਾ ਹੈ ਕਿ ਉਹਦਾ ਦੋਸਤ ਵੀ ਉਹਨੂੰ ਭੋਗ ਦੀ ਵਸਤੂ ਤੋਂ ਜ਼ਿਆਦਾ ਕੁਝ ਨਹੀਂ ਸਮਝਦਾ। ਉਹ ਯੋਰਪ ਆਦਿ ਕਈ ਮੁਲਕਾਂ ਵਿਚ ਘੁੰਮ ਆਈ ਹੈ ਪਰ ਔਰਤ ਵਾਲਾ ਉਹਦਾ ਸੰਕਟ ਪਿੱਤਰਸੱਤਾ ਦੀ ਵਲਗਣ ਵਿਚ ਹੀ ਰਹਿੰਦਾ ਹੈ। ਆਧੁਨਿਕ ਔਰਤ ਹੁੰਦੇ ਹੋਏ ਵੀ ਨਿਰਮਲਾ ਨਾਗਵਲ ਵਿਚ ਵਲੀ ਹੋਈ ਹੈ। ਉਹਦੇ ਦੁਆਲੇ ਵਲਗਣਾਂ ਦਾ ਜੰਗਲ ਹੈ ਜਿਸ ਤੋਂ ਉਹਦੀ ਮੁਕਤੀ ਸੰਭਵ ਨਹੀਂ।

ਕਿਤਾਬ ਦੇ ਸਿਰਲੇਖ ਵਾਲੀ ਕਹਾਣੀ 'ਗੋਰਾਂ ਨਾਲ ਉਲਾਹਮੇ' ਵਿਚ ਤਾਕਤਵਰ ਬਜ਼ੁਰਗ ਔਰਤ ਦਾ ਪਾਤਰ ਪੇਸ਼ ਕੀਤਾ ਹੈ। ਇਹ ਔਰਤ ਉਸ ਸਮੇਂ ਦੀਆਂ ਬਾਤਾਂ ਪਾਉਂਦੀ ਹੈ ਜਦੋਂ ਅਜੇ ਬਾਜ਼ਾਰ ਨੇ ਮਨੁੱਖ ਨੂੰ ਘੇਰਿਆ ਨਹੀਂ ਸੀ ਤੇ ਉਹ ਉਹਦੇ ਘਰ ਅੰਦਰ ਵੜਿਆ ਨਹੀਂ ਸੀ। ਇਹ ਅਸਲ ਵਿਚ ਪੀੜ੍ਹੀ ਮਾਨਸਿਕਤਾ ਨੂੰ ਪੇਸ਼ ਕਰਦੀ ਕਹਾਣੀ ਹੈ। ਇਕ ਪੀੜ੍ਹੀ ਸਾਦਗੀ ਤੇ ਸੂਜ਼ਜ ਪਸੰਦਗੀ ਦਾ ਯਥਾਰਥਕ ਮੁਜੱਸਮਾ ਹੈ ਜਦੋਂਕਿ ਉਹਦੀ ਨੂੰਹ ਮੇਕਅੱਪ ਕਰਨ ਤੋਂ ਡਰਦੀ ਹੈ ਕਿਉਂਕਿ ਉਹਨੂੰ ਇਹ ਸਭ ਪਸੰਦ ਨਹੀਂ। ਇਸ ਕਹਾਣੀ ਵਿਚ ਵੀ ਪਿੱਤਰਸੱਤਾ ਕਿਸੇ ਨਾ ਕਿਸੇ ਰੂਪ ਵਿਚ ਨਜ਼ਰ ਆਉਂਦੀ ਹੈ।

ਕਈ ਹੋਰ ਕਹਾਣੀਆਂ ਵਰਣਨਯੋਗ ਹਨ। ਇਹ ਕਿਹਾ ਜਾ ਸਕਦਾ ਹੈ ਕਿ ਏਜਾਜ਼ ਨੇ ਕਹਾਣੀ ਲਿਖਣ ਲਈ ਪਰੰਪਰਾਗਤ ਤੇ ਨਵੇਂ ਪੈਂਤੜੇ ਵਰਤੇ ਹਨ। ਸਾਧਾਰਨਤਾ ਵਿਚੋਂ ਅਸਾਧਾਰਨ ਥੀਮ ਸਿਰਜ ਕੇ ਨਵੀਂ ਪਿਰਤ ਪਾਈ ਹੈ। ਇਤਿਹਾਸ ਤੇ ਗਲਪ ਦੇ ਸੁਮੇਲ ਨਾਲ ਵੱਖਰੀ ਤਰ੍ਹਾਂ ਦੀ ਬਿਰਤਾਂਤ ਸਿਰਜਣਾ ਉਹਦੀ ਕਲਾ ਦਾ ਹਾਸਲ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 6 ਮਈ 2023 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-584



ਨਾਲ ਜਾਨਵਰਾਂ ਪ੍ਰੀਤ ਜਿਨ੍ਹਾਂ ਦੀ, ਸਮਝਣ ਜਾਨ ਤੋਂ ਪਿਆਰਾ,
ਪਾਇਆ ਹੈਲਮਟ ਚਾੜ੍ਹ ਸਕੂਟਰ, ਤੱਕਦੇ ਦੁਨੀਆ ਦਾ ਨਜ਼ਾਰਾ।
ਵਾਂਗਰ ਆਦਮੀ ਐਨਕ ਲਗਾਈ, ਜਿਉਂ ਸ਼ੌਕਣ ਮੇਲ੍ਹਦੀ ਜਾਂਦੀ,
ਆਲਾ ਦੁਆਲਾ ਘੁੰਮ ਘੁੰਮ ਤੱਕ ਕੇ, ਨਾਲੇ ਮੋਢੇ ਸਿਰ ਟਿਕਾਂਦੀ।

### ਕੈਪਸ਼ਨ ਮੁਕਾਬਲਾ-582



ਜੀਵਨ ਸੁਰਗ ਹੈ ਬਣਿਆ ਰਹਿੰਦਾ
ਜੇ ਸਾਥੀ ਸਾਥ ਨਿਭਾਈ ਜਾਵੇ।
ਚੁੱਲ੍ਹੇ ਦੇ ਵਿਚ ਰੜ੍ਹੀ ਰੋਟੀ ਦਾ
ਫਿਰ, ਸੁਆਦ ਹੀ ਵੱਖਰਾ ਆਵੇ।
***ਜਗਮੀਤ ਸਿੰਘ ਪੰਧੇਰ***
***ਸੰਪਰਕ : 98783-37222***

ਧੀਆਂ-ਪੁੱਤਰ ਪ੍ਰਦੇਸ ਤੁਰ ਗਏ
ਖੱਲੇ ਰਹਿ ਗਏ ਮਾਪ ਨੇ
ਮੁੱਠੀ ਭਰ ਹੰਢਾਈ ਜ਼ਿੰਦਗੀ
ਹੁਣ ਕੁੰਢੀ ਖੜਕਾਈ ਬੁਢਾਪੇ ਨੇ।
ਤੱਤੀ ਸਾਗ, ਛਾਬੇ ਰੋਟੀਆਂ,
ਪਹਿਰਾਵਾ ਵੀ ਖੂਬ ਸੋਹਣਾ ਏ।
ਸਵਰਗ ਮੈਨੂੰ ਇੰਝ ਜਾਪੇ,
ਇਸ ਵਿਹੜੇ ਵਰਗਾ ਹੋਣਾ ਏ।
***ਹਰਜੋਤ ਕੌਰ***
***ਫੋਨ: 734-883-6704***

ਝੱਪਦੀ ਬੈਠੀ ਲਾਜਵੰਤੀ ਮੱਕੀ ਦੇ ਮੰਨ ਬਈ,
ਲਹਿੰਦੀ ਲਹਿੰਦੀ ਖਾਵੇ ਆਖੇ ਧੰਨ ਧੰਨ ਬਈ।
ਸਬਰ ਸਬੂਰੀ ਦੇ ਪੱਕੇ ਨਾਲੇ ਸਤਿ-ਸੰਤੋਖ ਹੈ,
ਕਰਮਾਂ ਦਾ ਸੁੱਖ ਹੈ ਨਾਂ ਹੀ ਡਾਢੇ ਉਤੇ ਦੋਸ਼ ਹੈ।
***ਸੇਵਾ ਸਿੰਘ "ਨੂਰਪੁਰੀ"***

ਬੇਬੇ ਬਾਪੂ ਸਖ਼ਤ ਮਿਹਨਤੀ, ਕਰੀਆਂ ਖੂਬ ਕਮਾਈਆਂ
**ਦੋ ਧੀਆਂ** ਆਈਲੈਟਸ ਕਰਵਾ ਕੇ, ਕਨੇਡਾ ਵਿੱਚ ਵਿਆਹੀਆਂ।
ਉੱਠ ਸੁਵੱਖਤੇ ਬੇਬੇ ਨਹਾ ਕੇ, ਘਰ ਦਾ ਧੰਦਾ ਕਰਦੀ
ਸ਼ੱਕਰ ਸਾਗ 'ਚ ਮੱਖਣ ਪਾ ਕੇ, ਥਾਲੀ ਅੱਗੇ ਧਰਦੀ।।
***ਮਾਸਟਰ ਪ੍ਰੀਤਮ ਸਿੰਘ ਲੰਮੇ***
***1-925-325-2486***

ਝੋਰਾ ਜ਼ਰੂਰ ਮਾਰਦਾ ਨੂੰਹ ਪੁਤ ਹੋਏ ਜੁਦਾ
ਇਕੱਲੇ ਹਨ ਪਰ ਵਹਿ-ਵੇਰੀ ਨਹੀਂ ਹੋਏ
ਤਪਾ ਚੁਲ੍ਹਾ ਥਪ ਰੋਟੀ
ਮਰਦੇ ਨਹੀਂ ਭੁਖੇ, ਹੱਲ ਲਭ ਹੀ ਲਿਆ
ਬਿਰਧ ਅਵਸਥਾ ਦਿਲ ਬਲਵਾਨ
ਜਦ ਤਕ ਸੁਆਸ ਤਬ ਤਕ ਆਸ
***ਦਰਸ਼ਨ ਪਾਲ ਦੋਸਾਂਝ***

## ਮੌਲਦੇ ਰੁੱਖ

ਮੌਲਦੇ ਨੇ ਰੁੱਖ ਪੱਤੇ ਕਿੰਨੇ ਸੋਹਣੇ ਲੱਗਦੇ।
ਰੰਗ ਵੀ ਨਿਵੇਕਲੇ ਨੇ ਅੱਖੀਆਂ ਨੂੰ ਫੱਬਦੇ।
ਪੱਤਝੜ ਵੇਲੇ ਪੰਛੀ ਦੂਰ ਸੀ ਜੋ ਚਲੇ ਗਏ,
ਪਰਤ ਕੇ ਆਲ੍ਹਣੇ ਪੁਰਾਣੇ ਨੇ ਉਹ ਲੱਭਦੇ।
ਕਾਰਬਨਡਾਈਆਕਸਾਈਡ ਪੌਦੇ ਰਹਿਣ ਚੂਸਦੇ,
ਆਕਸੀਜਨ ਸਾਡੇ ਵਾਸਤੇ ਨੇ ਛੱਡਦੇ।
ਜੀਵ-ਜੰਤੂਆਂ ਦੇ ਲੋਕ ਵੱਡੇ ਵੈਰੀ ਹੁੰਦੇ ਉਹ,
ਬਿਨਾਂ ਹੀ ਵਿਚਾਰੇ ਜਿਹੜੇ ਰੁੱਖ ਰਹਿਣ ਵੱਢਦੇ।
ਹੁੰਦੀ ਬਰਸਾਤ ਸਦਾ ਰੁੱਖਾਂ ਦੇ ਸਹਾਰੇ ਹੀ,
ਨਦੀਆਂ ਤੇ ਨਾਲੇ, ਦਰਿਆ ਤਾਂਹੀਓਂ ਵੱਗਦੇ।
ਰੁੱਖ ਲਾ ਕੇ 'ਨਾਗਰਾ' ਜੋ ਰੁੱਖਾਂ ਨੂੰ ਸੰਭਾਲਦੇ,
ਆਮ ਨ੍ਹੀਂ ਉਹ ਹੁੰਦੇ, ਬੰਦੇ ਹੀਰੇ ਹੁੰਦੇ ਜੱਗਦੇ।

ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀ'
ਯੂਬਾ ਸਿਟੀ, ਕੈਲੀਫੋਰਨੀਆ (ਅਮਰੀਕਾ)
ਫੋਨ: +13604481989

# ...'ਤੇ ਜਦੋਂ ਢਾਡੀ ਅਮਰ ਸਿੰਘ ਸ਼ੌਂਕੀ ਦੇ ਨਾਮ 'ਤੇ ਲੋਹਾ ਲਾਖਾ ਹੋਇਆ ਸੋਹਣ ਸਿੰਘ ਸੀਤਲ



ਗਿੱਲਾ ਪੀਣੂ
ਐਸ ਅਸ਼ੋਕ ਭੌਰਾ

ਗਿਆਨੀ ਸੋਹਣ ਸਿੰਘ ਸੀਤਲ ਦਾ ਢਾਡੀ ਕਲਾ ਦੇ ਖੇਤਰ 'ਚ ਬਹੁਤ ਵੱਡਾ ਮੁਕਾਮ 'ਤੇ ਸਤਿਕਾਰ ਹੈ। ਹਾਲੇ ਵੀ ਬਹੁਤ ਸਾਰੇ ਢਾਡੀ ਜਥੇ ਉਸਦੀਆਂ ਲਿਖੀਆਂ ਵਾਰਾਂ, ਪ੍ਰਸੰਗ ਗਾਉਂਦੇ ਨੇ।

ਜਿਹੜੇ ਸੀਤਲ ਨੂੰ ਸਿਰਫ਼ ਢਾਡੀ ਵਜੋਂ ਜਾਣਦੇ ਹਨ ਉਹ ਕਹਿਣਗੇ ਏਨਾ ਵਧੀਆ ਢਾਡੀ ਨਾਵਲ ਕਿਵੇਂ ਲਿਖ ਲੈਂਦਾ ਹੈ ਤੇ ਜਿਹੜੇ ਉਹਦੇ ਨਾਵਲਾਂ ਦੇ ਦੀਵਾਨੇ ਹਨ ਉਹ ਹੈਰਾਨ ਹਨ ਕਿ ਸੀਤਲ ਏਡਾ ਵੱਡਾ ਢਾਡੀ ਕਿਵੇਂ ਹੋ ਸਕਦੈ? ਦਸਵੀਂ 'ਚ ਪੜ੍ਹਦਿਆਂ ਮੈਂ ਉਸਦਾ ਨਾਵਲ ਪੜ੍ਹਿਆ ਸੀ 'ਜੰਗ ਜਾਂ ਅਮਨ'। 45 ਸਾਲਾਂ ਬਾਅਦ ਵੀ ਇਹ ਨਾਵਲ ਜ਼ੁਬਾਨੀ ਯਾਦ ਹੈ। ਉਹਦੇ ਨਾਵਲਾਂ 'ਤੇ ਨਾਮ 'ਗਿਆਨੀ ਸੋਹਣ ਸਿੰਘ ਸੀਤਲ' ਲਿਖਿਆ



ਢਾਡੀ ਅਮਰ ਸਿੰਘ ਸ਼ੌਂਕੀ

ਹੁੰਦਾ ਸੀ।

ਜਦੋਂ ਮੈਂ ਢਾਡੀਆਂ ਬਾਰੇ ਲਿਖਣ ਲੱਗਾ ਤਾਂ ਸੀਤਲ ਸਾਬ੍ਹ ਨਾਲ ਚੰਗਾ ਮੇਲ ਮਿਲਾਪ ਹੋਣ ਕਰ ਕੇ ਗੂੜ੍ਹੀ ਸਾਂਝ ਪੈ ਗਈ। ਜਦੋਂ ਵੀ ਲੁਧਿਆਣੇ ਜਾਂਦਾ ਉਹਦੇ ਮਾਡਲ ਗ੍ਰਾਮ ਸਥਿਤ ਘਰ 'ਚ ਬਿਨਾ ਦੱਸੇ ਵੀ ਜਾ ਆਉਂਦਾ। ਇੱਥੇ ਦੱਸ ਦੇਵਾਂ ਕਿ ਸੋਹਣ ਸਿੰਘ ਸੀਤਲ ਦਾ ਜੱਦੀ ਪਿੰਡ ਭਾਵੇਂ ਮਾਝੇ ਦੇ ਜ਼ਿਲ੍ਹਾ ਅੰਮ੍ਰਿਤਸਰ ਦਾ ਪਿੰਡ ਕਾਦੀਵਿੰਡ ਸੀ ਪਰ ਉਹਨੇ ਰਿਹਾਇਸ਼ ਲੁਧਿਆਣੇ ਰੱਖੀ ਹੋਈ ਸੀ। ਉਹਨੇ ਆਪਣੀਆਂ ਦੋ ਪੁਸਤਕਾਂ 'ਵੇਖੀ ਮਾਣੀ ਦੁਨੀਆਂ' ਤੇ 'ਮੇਰੇ ਇਤਿਹਾਸਕ ਲੈਕਚਰ' ਮੈਨੂੰ ਹੱਥੀਂ ਭੇਟ ਕੀਤੀਆਂ।

ਇਨ੍ਹਾਂ ਦੋ ਪੁਸਤਕਾਂ ਨੇ ਨਾ ਸਿਰਫ਼ ਮੈਨੂੰ ਲਿਖਣ ਦੀ ਜਾਚ ਸਿਖਾਈ ਸਗੋਂ ਬੋਲਣ ਦਾ ਹੁਨਰ ਵੀ ਦਿੱਤਾ। ਉਨ੍ਹਾਂ ਹੀ ਦੱਸਿਆ ਸੀ ਕਿ ਜੇ ਤੁਹਾਡੇ ਪੱਲੇ ਕੁਝ ਨਹੀਂ ਤਾਂ ਸਟੇਜ ਤੋਂ ਸਰੋਤੇ ਤੁਹਾਨੂੰ ਤਿੰਨ ਕੁ ਮਿੰਟ ਹੀ ਬਰਦਾਸ਼ਤ ਕਰਨਗੇ। ਜਦੋਂ ਇਲਾਵਾ 'ਭਾਬੀ ਮੇਰੀ ਗੁੱਤ ਨਾ ਕਰੀਂ ਮੈਨੂੰ ਡਰ ਸੱਪਣੀ ਦਾ ਆਵੇ' ਵੀ ਸੀਤਲ ਦੇ ਲਿਖੇ ਹੋਏ ਹਨ। ਜਦੋਂ ਢਾਡੀਆਂ ਬਾਰੇ ਮੈਂ 'ਪੰਜਾਬ ਦੇ ਢਾਡੀ' ਪੁਸਤਕ ਲਿਖੀ ਤਾਂ ਇਹਦਾ ਮੁੱਖ ਬੰਦ ਤਾਂ ਭਾਵੇਂ ਢਾਡੀ ਗਿਆਨੀ ਦਇਆ ਸਿੰਘ ਦਿਲਬਰ ਨੇ ਲਿਖਿਆ ਪਰ ਸੀਤਲ ਕਹਿਣ ਲੱਗਾ, 'ਉਹ ਕਾਕਾ ਮੈਨੂੰ ਵੀ ਕਹਿ ਦੇਣਾ ਸੀ'। ਫ਼ਿਰ ਅਨੇਕਾਂ ਵਾਰ ਜਗਦੇਵ ਸਿੰਘ ਜੱਸੋਵਾਲ ਹੁਰਾਂ ਨਾਲ ਗਿਆਨੀ ਸੋਹਣ ਸਿੰਘ ਸੀਤਲ ਦੇ ਘਰ ਆਉਣ-ਜਾਣ ਬਣਿਆ ਰਿਹਾ।

1989 'ਚ ਅਸੀਂ ਮਾਹਿਲਪੁਰ ਢਾਡੀ ਅਮਰ ਸਿੰਘ ਸ਼ੌਂਕੀ ਦੇ ਨਾਮ 'ਤੇ 'ਸ਼ੌਂਕੀ ਮੇਲਾ' ਸ਼ੁਰੂ ਕੀਤਾ ਤਾਂ 1992 'ਚ 'ਸ਼ੌਂਕੀ ਐਵਾਰਡ' ਢਾਡੀ ਸੋਹਣ ਸਿੰਘ ਸੀਤਲ ਨੂੰ ਦੇਣ ਦਾ ਫ਼ੈਸਲਾ ਕਰ ਲਿਆ। ਅਖ਼ਬਾਰਾਂ 'ਚ ਖ਼ਬਰਾਂ ਛਪੀਆਂ ਤਾਂ ਮੈਨੂੰ ਜੱਸੋਵਾਲ ਕਹਿਣ ਲੱਗਾ ਕਿ 'ਅਸ਼ੋਕ ਤੂੰ ਐਵਾਰਡ ਦੇਣ ਲਈ ਸੀਤਲ ਹੁਰਾਂ ਤੋਂ ਪ੍ਰਵਾਨਗੀ ਲਈ ਸੀ?' ਮੈਂ ਹੱਸ ਕੇ ਕਿਹਾ, 'ਬਾਪੂ ਤੋਂ ਪ੍ਰਵਾਨਗੀ ਦੀ ਕੀ ਲੋੜ?'


'ਉਹ ਐਵਾਰਡ ਤੋਂ ਖ਼ਫ਼ਾ ਹੈ, ਕਿਸੇ ਦਿਨ ਉਸਨੂੰ ਮਿਲ ਕੇ ਆਵੀਂ ਤੇ ਰਾਜ਼ੀ ਕਰ ਲਵੀਂ।'

'ਸਾਡਾ ਏਨਾ ਪਿਆਰ ਤੇ ਸੀਤਲ ਸਾਬ੍ਹ ਨੇ ਮਨ੍ਹਾਂ ਕਿਉਂ ਕਰ ਦਿੱਤਾ' ਮਨ 'ਚ ਖੋਹ ਜਿਹੀ ਪੈ ਰਹੀ ਸੀ। ਖੈਰ! ਪੰਜੀਂ-ਸੱਤੀਂ ਦਿਨੀਂ ਮੈਂ ਉਸਦੇ ਲੁਧਿਆਣੇ ਘਰ ਜਾ ਪੁੱਜਾ। ਉਹ ਆਂਗਨ 'ਚ ਧੁੱਪੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ।

ਮੈਂ ਸੋਚਿਆ ਐਵਾਰਡ ਦੀ ਗੱਲ ਤੋਰਨ ਤੋਂ ਪਹਿਲਾਂ ਨਾਵਲ 'ਜੰਗ ਜਾਂ ਅਮਨ' ਬਾਰੇ ਵਾਰਤਾਲਾਪ ਕਰਦੇ ਆਂ, ਨਾਲ ਪਿੜ ਵੀ ਬਣ ਜਾਊ। ਮੈਂ ਕਿਹਾ ਬਾਪੂ ਨਾਵਲ 'ਜੰਗ ਜਾਂ ਅਮਨ' ਬਾਰੇ ਇਕ ਸਵਾਲ ਮੇਰੇ ਦਿਮਾਗ਼ 'ਚ ਬਹੁਤ ਦੇਰ ਦਾ ਫ਼ਸਿਆ ਹੋਇਆ ਹੈ।

ਆਖਣ ਲੱਗਾ, 'ਪੁੱਛ ਕੀ ਪੁੱਛਣਾ'।

ਸਵਾਲ ਇਹ ਹੈ ਕਿ, 'ਇੰਦਰ ਸਿੰਘ ਤੇ ਮਹਿੰਦਰ ਸਿੰਘ ਨਾਵਲ ਦੇ ਸਕੇ ਭਰਾਵਾਂ ਦੇ ਕਿਰਦਾਰ ਹਨ, ਇੰਦਰ ਸਿੰਘ ਵੱਡਾ ਤੇ ਕਰੂਪ ਜਿਹਾ ਹੈ ਤੇ ਮਹਿੰਦਰ ਸਿੰਘ ਛੋਟਾ ਸੁਨੱਖਾ ਤੇ ਕੋਠੇ ਜਿੱਡਾ, ਇੰਦਰ ਨੂੰ ਕੋਈ ਰਿਸ਼ਤਾ ਨਾ ਆਉਣ ਕਰ ਕੇ ਪਰਿਵਾਰ ਨੇ ਪਹਿਲਾਂ ਛੋਟੇ ਪੁੱਤਰ




ਮਹਿੰਦਰ ਸਿੰਘ ਨੂੰ ਵਿਆਹ ਲਿਆ। ਉਹਦੀ ਪਤਨੀ ਕਿਰਪਾਲ ਕੌਰ ਪਾਲੋ ਸੁਨੱਖੀ ਸੀ। ਮਹਿੰਦਰ ਸਿੰਘ ਫੌਜ 'ਚ ਭਰਤੀ ਹੋ ਜਾਂਦਾ ਹੈ ਤੇ ਪਿੱਛੋਂ ਇੰਦਰ ਪਾਲੋ 'ਤੇ ਬੁਰੀ ਨਜ਼ਰ ਰੱਖਣ ਲੱਗਦਾ ਹੈ। ਇਹ ਸ਼ਿਕਾਇਤ ਉਹ ਸੱਸ ਕੋਲ ਵੀ ਕਰਦੀ ਹੈ। ਜਦ ਛੁੱਟੀ ਆਏ ਮਹਿੰਦਰ ਸਿੰਘ ਨੂੰ ਵੀ ਇਸੇ ਕਰ ਕੇ ਨਾਲ ਲੈ ਕੇ ਜਾਣ ਲਈ ਆਖਦੀ ਹੈ। ਪਰ ਗੱਲ ਹਊ ਪਰੇ ਹੋ ਗਈ। ਬਦਕਿਸਮਤੀ ਕਿ ਭਾਰਤ-ਪਾਕਿ ਜੰਗ ਛਿੜ ਪਈ ਤੇ ਮਹਿੰਦਰ ਜ਼ਖ਼ਮੀ ਹੋ ਕੇ ਪਾਕਿਸਤਾਨ ਦਾ ਜੰਗੀ ਫੌਜੀ ਕੈਦੀ ਬਣ ਜਾਂਦਾ ਹੈ। ਪਰ ਕੋਈ ਪਤਾ ਨਹੀਂ ਲੱਗਦਾ ਕਿ ਉਹ ਜਿਉਂਦਾ ਹੈ ਜਾਂ ਮਰ ਗਿਆ।

'ਉਹ ਮੇਰੀ ਗੱਲ ਧਿਆਨ ਨਾਲ ਸੁਣ, ਤੂੰ ਸਵਾਲ ਕਰ, ਕਹਾਣੀ ਤਾਂ ਮੈਨੂੰ ਵੀ ਪਤੈ।' ਸੀਤਲ ਵਿਚੋਂ ਬੋਲ ਪਿਆ।

ਕੁਝ ਸਾਲ ਮਹਿੰਦਰ ਨੂੰ ਉਡੀਕਣ ਤੋਂ ਬਾਅਦ ਇੰਦਰ ਨਾਲ ਮਜਬੂਰਨ ਪਾਲੋ ਨੂੰ ਚਾਦਰਦਾਰੀ ਕਰਨੀ ਪੈਂਦੀ ਹੈ ਤੇ ਇਕ ਬੱਚਾ ਵੀ ਹੋ ਜਾਂਦਾ ਹੈ। ਉੱਧਰੋਂ ਪਾਕਿਸਤਾਨ ਭਾਰਤ ਨਾਲ ਸੰਧੀ ਅਨੁਸਾਰ ਜੰਗੀ ਕੈਦੀ ਰਿਹਾ ਕਰਦਾ ਹੈ ਤੇ ਇਕ ਲੱਕੜ ਦੀ ਲੱਤ ਨਾਲ ਪਿੰਡ ਪੁੱਜਾ ਮਹਿੰਦਰ ਸਿੰਘ ਜਦੋਂ ਘਰ ਦੇ ਵਿਹੜੇ 'ਚ ਜੁਆਕ ਖੇਡਦਾ ਦੇਖਦਾ ਹੈ ਤਾਂ ਪਾਲੋ ਭੱਜ ਕੇ ਅੰਦਰ ਜਾ ਵੜਦੀ ਹੈ ਤੇ ਤੁਸੀਂ ਇਸ ਸਵਾਲ ਨਾਲ ਨਾਵਲ ਛੱਡ ਦਿੱਤਾ ਕਿ 'ਪਾਲੋ ਹੁਣ ਕਿਹਦੀ ਬਣੇਗੀ'? ਨਾਵਲ ਤੁਸੀਂ ਲਿਖਿਆ ਹੈ, ਦੱਸੋ ਪਾਲੋ ਇੰਦਰ ਦੇ ਵਸੇਗੀ ਜਾਂ ਮਹਿੰਦਰ ਦੇ?'

ਉਹ ਮੇਰੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗਾ, ਕਮਲਿਆ ਕਈ ਸਵਾਲਾਂ ਦੇ ਜਵਾਬ ਮੇਰੇ ਕੋਲ ਤਾਂ ਕੀ ਸਮਾਜ ਕੋਲ ਵੀ ਨਹੀਂ ਹੁੰਦੇ।

ਮਹੌਲ ਠੰਡਾ ਪਿਆ ਦੇਖ ਕੇ ਮੈਂ ਕਿਹਾ ਬਾਪੂ ਇਕ ਸਵਾਲ ਹੋਰ ਐ।


ਉਹ ਕਹਿੰਦਾ, 'ਦੱਸ'।

ਅਸੀਂ ਸ਼ੌਂਕੀ ਮੇਲੇ 'ਤੇ ਤੁਹਾਨੂੰ ਮਾਣ-ਤਾਣ ਦੇਣ ਦਾ ਫ਼ੈਸਲਾ ਕੀਤਾ ਹੈ ਤੇ ਇਹ ਸਾਡਾ ਸੱਦਾ ਪੱਤਰ ਲਓ।

ਉਹ ਇਕਦਮ ਲੋਹਾ ਲਾਖ਼ਾ ਹੋ ਗਿਆ। ਬੋਲਿਆ, 'ਇਹ ਪੱਤਰ ਪਾ ਜੇਬ੍ਹ 'ਚ, ਮੈਂ ਸਮਝਦਾ ਸੀ ਤੂੰ ਢਾਡੀਆਂ ਬਾਰੇ ਪੁਸਤਕ ਲਿਖ'ਤੀ, ਸਿਆਣਾ ਹੋਣੈਂ, ਪਰ ਤੂੰ ਤਾਂ ਸ਼ੌਂਕੀ ਦੇ ਨਾਂ 'ਤੇ ਮੇਲਾ ਲਾ ਕੇ ਢਾਡੀਆਂ ਦੀ ਪਿੱਠ ਲੁਆ 'ਤੀ'। ਮੈਨੂੰ ਦੱਸ ਸ਼ੌਂਕੀ ਦੇ ਪੱਲੇ ਕੀ ਐ, ਉਹ ਕਿਹੜਾ ਪੰਥਕ ਢਾਡੀ ਐ? ਕਈ ਕੁਝ ਖਾ ਪੀ ਲੈਂਦਾ ਸੀ ਤੇ ਸੱਚ ਪੁੱਛੇਂ ਤਾਂ ਮੈਂ ਉਹਨੂੰ ਢਾਡੀ ਹੀ ਨਹੀਂ ਮੰਨਦਾ। ਸੀਤਲ ਨੂੰ ਨਹੀਂ ਚਾਹੀਦਾ ਐਦਾਂ ਦਾ ਐਵਾਰਡ। ਹੋਰ ਕੋਈ ਸਵਾਲ ਐ?'

ਮੇਰੀ ਹਾਲਤ ਜਿਵੇਂ ਨਿੰਬੂ ਨਿਚੋੜ ਕੇ ਨਾਲੀ 'ਚ ਸੁੱਟ ਦਿੱਤਾ ਹੋਵੇ, ਵਾਲੀ ਬਣ ਗਈ। ਮਾਫ਼ੀ ਮੰਗੀ ਤੇ ਵਿਦਾਇਗੀ ਲੈ ਕੇ ਤੁਰ ਪਿਆ।

ਮਾੜੀ ਕਿਸਮਤ, ਮੈਂ ਜੱਸੋਵਾਲ ਦੇ ਕਹਿਣ



ਸੋਹਣ ਸਿੰਘ ਸੀਤਲ

'ਤੇ ਮੇਲੇ ਤੋਂ ਬਾਅਦ ਐਵਾਰਡ ਵਾਲੀ ਟਰਾਫ਼ੀ, 2100 ਰੁਪਈਆ ਤੇ ਲੋਈ ਫ਼ਿਰ ਸੀਤਲ ਸਾਬ੍ਹ ਦੇ ਘਰੇ ਦੇਣ ਚਲਾ ਗਿਆ। ਉਹਦੇ ਗੁੱਸੇ ਦੀ ਦੂਜੀ ਸਿਖ਼ਰ ਸੀ। ਉਹਨੇ ਮਝੈਲਾਂ ਵਾਲੇ ਰੰਗ 'ਚ ਫ਼ਿਰ ਗੁੱਸਾ ਝਾੜਿਆ, 'ਟਰਾਫ਼ੀ ਚੁੱਲ੍ਹੇ 'ਚ ਲਾ ਦੇ, 2100 ਪਿੰਗਲਵਾੜੇ ਨੂੰ ਦੇ ਆ ਤੇ ਲੋਈ ਬਾਹਰ ਸੜ੍ਹਕ 'ਤੇ ਬੈਠੇ ਕਿਸੇ ਗਰੀਬ ਦੇ ਗਲ 'ਚ ਪਾ ਆ, ਠੰਢ ਤੋਂ ਬਚ ਜਾਊ। ਤੈਨੂੰ ਸਮਝ ਈ ਨਹੀਂ ਭੌਰਾ ਸੀਤਲ ਬਾਰੇ।

ਤੇ ਜਿਨ੍ਹਾਂ ਪੈਰਾਂ ਨਾਲ ਮੈਂ ਗਿਆ ਸੀ, ਉਨ੍ਹਾਂ ਨਾਲ ਵਾਪਸ ਤਾਂ ਆ ਗਿਆ ਪਰ ਮਨ 'ਤੇ ਬੋਝ ਦੀ ਭਾਰੀ ਪੰਡ ਵੀ ਨਾਲ ਹੀ ਚੁੱਕ ਲਿਆਇਆ ਸੀ।

# ਸਿਖਰਲੀ ਅਦਾਲਤ ਦਾ ਨਿਡਰ ਅਤੇ ਸਾਫਗੋ ਚੀਫ ਜਸਟਿਸ

"ਮੁਆਫ ਕਰਨਾ ਮਿਸਟਰ ਸੌਲਿਸਟਰ,ਅਸੀਂ ਇੰਚਾਰਜ ਹਾਂ,ਤੁਸੀਂ ਹਦਾਇਤ ਨਹੀਂ ਕਰ ਸਕਦੇ ਕਿ ਕੋਰਟ ਦੀ ਕਾਰਵਾਈ ਕਿਵੇਂ ਚਲਾਈ ਜਾਵੇ,ਮੈਂ ਇਹ ਗੱਲ ਆਪਣੀ ਕੋਰਟ ਵਿਚ ਕਦੀ ਵੀ ਨਹੀਂ ਹੋਣ ਦਿਤੀ।"

ਇਹ ਬੋਲ ਭਾਰਤ ਦੀ ਸਰਵ-ਉੱਚ ਅਦਾਲਤ (ਸੁਪਰੀਮ ਕੋਰਟ) ਦੇ ਚੀਫ ਜਸਟਿਸ ਡੀ.ਵਾਈ.ਚੰਦਰਚੂੜ ਦੇ ਹਨ।ਇਹ ਸਪਸ਼ਟਵਾਦੀ ਅਤੇ ਨਿਡਰ ਬੋਲ ਦੇਸ਼ ਦੇ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੂੰ ਸੰਬੋਧਤ ਹਨ।ਮੌਕਾ ਸੀ ਮੰਗਲਵਾਰ ਨੂੰ ਸਿਖਰਲੀ ਅਦਾਲਤ ਦੇ 5ਮੈਂਬਰੀ ਸੰਵਿਧਾਨਕ ਬੈਂਚ

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91-98766-55055

ਵਲੋਂ ਸਮਲਿੰਗੀ ਸ਼ਾਦੀ ਨੂੰ ਕਾਨੂੰਨੀ ਠਹਿਰਾਏ ਜਾਣ ਬਾਰੇ ਕੋਈ 50 ਦੇ ਕਰੀਬ ਪਟੀਸ਼ਨਾਂ ਉਪਰ ਇਤਿਹਾਸਕ ਸੁਣਵਾਈ ਦਾ।ਇਸ ਬੈਂਚ ਦੀ ਸਦਾਰਤ ਜਸਟਿਸ ਚੰਦਰਚੂੜ ਕਰ ਰਹੇ ਹਨ।

ਉਹਨਾਂ ਇਹ ਸਖਤ ਬੋਲ ਉਦੋਂ ਕਹੇ ਜਦੋਂ ਤੁਸ਼ਾਰ ਮਹਿਤਾ ਇਸ ਗੱਲ ਉਪਰ ਜ਼ਿਦ ਕਰ ਰਹੇ ਸਨ ਕਿ ਬੈਂਚ ਪਹਿਲਾਂ ਇਹ ਨਿਰਣਾ ਕਰੇ ਕਿ ਅਦਾਲਤ ਸਬੰਧਤ ਸਮਾਜਿਕ-ਕਾਨੂੰਨੀ ਮਾਮਲੇ ਬਾਰੇ ਫੈਸਲਾ ਕਰ ਵੀ ਸਕਦੀ ਹੈ, ਜਾਂ ਇਸ ਮਸਲੇ ਬਾਰੇ ਨਿਰਣਾ ਕਰਨ ਦਾ ਸਹੀ ਫੋਰਮ ਸੰਸਦ ਹੈ।ਇਸ ਗੱਲ ਉਪਰ ਆਪਣੀ ਨਾਰਾਜ਼ਗੀ ਜਤਾਉਂਦਿਆਂ ਜਸਟਿਸ ਚੰਦਰਚੂੜ ਨੇ ਸੌਲਿਸਟਰ ਜਨਰਲ ਨੂੰ ਸ਼ੀਸ਼ਾ ਦਿਖਾਇਆ।

ਪਹਿਲਾਂ ਵੀ ਜਸਟਿਸ ਚੰਦਰਚੂੜ ਦੋ ਵਾਰ ਵਕੀਲਾਂ ਨੂੰ ਝਾੜ ਪਾ ਚੁੱਕੇ ਹਨ।ਉਹ ਵਕੀਲ ਕੇਸਾਂ ਦੀ ਸੁਣਵਾਈ ਜਲਦ ਕਰਨ ਲਈ ਕਹਿ ਰਹੇ ਸਨ।

ਪਿਛਲੇ ਮਹੀਨੇ ਇਕ ਕੇਸ ਵਿਚ ਉਹਨਾਂ ਬਾਰ ਦੇ ਪ੍ਰਧਾਨ ਨੂੰ ਇਥੋਂ ਤਕ ਕਹਿ ਦਿਤਾ ਕਿ ਉਹਨਾਂ ਕਦੀ ਵੀ ਕਿਸੇ ਨੂੰ ਉਹਨਾਂ ਨੂੰ ਧਮਕਾਉਣ ਦੀ ਆਗਿਆ ਨਹੀਂ ਦਿੱਤੀ।ਸੁਪਰੀਮ ਕੋਰਟ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਵਕੀਲਾਂ ਦੇ ਚੈਂਬਰਾਂ ਲਈ ਜ਼ਮੀਨ ਮਿਲਣ ਦੇ ਮਾਮਲੇ ਵਾਰੇ ਜਲਦ ਸੁਣਵਾਈ ਦੀ ਮੰਗ ਕਰ ਰਹੇ ਸਨ।ਮਾਮਲਾ 17 ਮਾਰਚ ਲਈ ਤੈਅ ਸੀ ਪਰ ਉਹ ਇਸ ਦੀ ਸੁਣਵਾਈ ਜਲਦ ਚਾਹੁੰਦੇ ਸਨ।ਜਦੋਂ ਉਹਨਾਂ ਇਹ ਕਿਹਾ ਕਿ ਜੇ ਉਹਨਾਂ ਦੀ ਗੱਲ ਵੱਲ ਤਵਜੋ ਨਾ ਦਿਤੀ ਗਈ ਤਾਂ



ਚੀਫ ਜਸਟਿਸ ਡੀ.ਵਾਈ. ਚੰਦਰਚੂੜ

ਉਹਨਾਂ ਨੂੰ ਮਜਬੂਰਨ ਜੱਜਾਂ ਦੇ ਘਰਾਂ ਤੱਕ ਧਰਨੇ ਲਾਉਣੇ ਪੈਣਗੇ।

ਇਸ ਗਲ ਤੋਂ ਚੀਫ ਜਸਟਿਸ ਖਿਝ ਗਏ ਤੇ ਉਹਨਾਂ ਕਿਹਾ, "ਇਸ ਤਰ੍ਹਾਂ ਸੀ.ਜੇ.ਆਈ. ਨੂੰ ਧਮਕੀ ਨਾ ਦਿਉ।ਜੇ ਤੁਸੀਂ ਅਜਿਹੇ ਦਾਅ-ਪੇਚ ਵਰਤੇ ਤਾਂ ਮੈਂ ਕੇਸ ਲਿਸਟ ਨਹੀਂ ਕਰਾਂਗਾ।ਮੈਂ ਤੁਹਾਡੀਆਂ ਧਮਕੀਆਂ ਤੋਂ ਡਰਾਂਗਾ ਨਹੀਂ।ਕੋਰਟਰੂਮ ਵਿਚ ਆਪਣੀ ਆਵਾਜ਼ ਉੱਚੀ ਨਾ ਕਰੋ।ਇਕ ਸੀਨੀਅਰ ਵਕੀਲ ਅਤੇ ਬਾਰ ਐਸੋਸੀਏਸ਼ਨ ਦੇ ਪ੍ਰਧਾਨ ਦੇ ਨਾਤੇ ਤੁਸੀਂ ਅਨੇਕਾਂ ਵਕੀਲਾਂ ਲਈ ਅਨੁਭਵੀ ਸਲਾਹਕਾਰ ਹੋ।ਇਸ ਢੰਗ ਦਾ ਵਤੀਰਾ ਨਾ ਦਿਖਾਉ ਜੋ ਸੀਨੀਅਰ ਵਕੀਲ ਜਾਂ ਬਾਰ ਲੀਡਰ ਨੂੰ ਸੋਭਦਾ ਨਾ ਹੋਵੇ।"

ਇਸੇ ਮਹੀਨੇਹੀ ਇਕ ਹੋਰ ਵਕੀਲ ਵੱਲੋਂ ਕੇਸ ਦੀ ਜਲਦ ਸੁਣਵਾਈ ਲਈ ਜ਼ਿਦ ਕਰਨ 'ਤੇ ਜਸਟਿਸ ਚੰਦਰਚੂੜ ਨੇ ਕਿਹਾ, "ਮੇਰੀ (ਨਿਆਇਕ) ਤਾਕਤ ਬਾਰੇ ਬਖੇੜਾ(ਮੈਸ ਅਰਾਊਂਡ) ਨਾ ਪਾਉ।" ਆਮ ਤੌਰ 'ਤੇ ਕੋਰਟ ਵਿਚ ਸ਼ਾਂਤ ਰਹਿਣ ਵਾਲੇ ਜਸਟਿਸ ਚੰਦਰਚੂੜ ਉਸ ਵੇਲੇ ਗੁੱਸੇ ਵਿਚ ਆ ਗਏ ਜਦ ਵਕੀਲ ਨੇ ਕਿਹਾ ਕਿ ਉਸ ਨੂੰ ਇਹ ਆਗਿਆ ਦਿੱਤੀ ਜਾਵੇ ਕਿ ਉਹ ਆਪਣਾ ਕੇਸ ਕਿਸੇ ਹੋਰ ਬੈਂਚ ਅੱਗੇ ਰੱਖ ਸਕਣ।

ਖੇਸਜਿਸ ਦੀ ਸੁਣਵਾਈ 17 ਅਪਰੈਲ ਨੂੰ ਹੋਣੀ ਸੀ, ਬਾਰੇ ਜਸਟਿਸ ਚੰਦਰਚੂੜ ਨੇ ਵਕੀਲ ਨੂੰ ਕਿਹਾ, "ਮੇਰੇ ਨਾਲ ਇਹ ਚਾਲਾਂ(ਟਰਿਕਸ) ਨਾਖੇਡੋ। ਸੁਣਵਾਈ ਲਈ ਤੁਸੀਂ ਆਪਣਾ ਕੇਸ ਪਹਿਲਾਂ ਇਥੇ,ਫਿਰ ਕਿਧਰੇ ਹੋਰ ਥਾਂ ਨਹੀਂ ਲਿਜਾ ਸਕਦੇ।"ਇਹਨਾਂ ਬੈਂਚਾਂ ਵਿਚ ਕ੍ਰਮਵਾਰ ਜਸਟਿਸ ਪੀ.ਐਸ.ਨਰਸਿਮਹਾ ਅਤੇ ਜਸਟਿਸ ਜੇ.ਬੀ. ਪਾਰਦੀਵਾਲਾ ਸ਼ਾਮਲ ਸਨ।

ਇਸ ਤੋਂ ਪਹਿਲਾਂ ਜਸਟਿਸ ਚੰਦਰਚੂੜ ਬਹੁ-ਚਰਚਿਤ ਲਹਿਜੇ 'ਚ ਕਹਿ ਚੁਕੇ ਹਨ ਕਿ 'ਉਹ ਨਹੀਂ ਚਾਹੁੰਦੇ ਕਿ ਸੁਪਰੀਮ ਕੋਰਟ ਇਕ 'ਤਾਰੀਖ ਪੇ ਤਾਰੀਖ' ਵਾਲੀ ਕੋਰਟ ਬਣੇ।ਇਹ ਸਤਰ 1993 ਦੀ ਹਿੰਦੀ ਫਿਲਮ'ਦਾਮਿਨੀ' ਵਿਚ ਸੰਨੀ ਦਿਉਲ ਦਾ ਡਾਇਲਾਗ ਹੈ ਜੋ ਇਨਸਾਫ ਵਿਚ ਹੁੰਦੀ ਬੇਤਹਾਸ਼ਾ ਦੇਰੀ ਉਪਰ ਚੋਟ ਕਰਨ ਲਈ ਬੋਲਿਆ ਗਿਆ ਸੀ।

ਹੋਰ ਤਾਂ ਹੋਰ,ਨਿਧੜਕ ਜਸਟਿਸ ਚੰਦਰਚੂੜ ਕੌਲਿਜੀਅਮ ਸਿਸਟਮ ਦੀ ਨਿੱਤ ਹੁੰਦੀ ਆਲੋਚਨਾ ਦੇ ਬਾਵਜੂਦ ਇਸ ਪ੍ਰਣਾਲੀ ਦੀ ਡਟ ਕੇ ਪਹਿਰੇਦਾਰੀ ਕਰ ਰਹੇ ਹਨ।ਆਉ,ਹੁਣ ਜ਼ਰਾ ਸਮਲਿੰਗੀ ਸ਼ਾਦੀਆਂ ਨੂੰ ਕਾਨੂੰਨੀ ਦਰਜਾ ਦੇਣ ਸਬੰਧੀ ਹੋ ਰਹੇ ਸੰਵੇਦਨਸ਼ੀਲ ਮਾਮਲੇ ਵੱਲ ਪਰਤਦੇ ਹਾਂ।

ਔਰਤ-ਮਰਦ ਦੀ ਬਿਲਕੁਲ ਨਵੀਂ ਅਤੇ ਵਿਲੱਖਣ ਵਿਆਖਿਆ ਅਸੀਂ ਵੀ ਪਹਿਲੀ ਵਾਰ ਸੁਣੀ ਹੈ।

ਜਸਟਿਸ ਚੰਦਰਚੂੜ ਦੀ ਅਗਵਾਈ ਵਾਲੇ ਇਸ ਸੰਵਿਧਾਨਕ ਬੈਂਚ ਵਿਚ ਜਸਟਿਸ ਐਸ.ਕੇ. ਕੌਲ,ਜਸਟਿਸ ਐਸ.ਆਰ. ਭੱਟ,ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਪੀ.ਐਸ. ਨਰਸਿਮਹਾ ਸ਼ਾਮਿਲ ਹਨ।ਕੇਸ ਵਿਚ 'ਪਰਸਨਲ ਲਾਅਜ਼' 'ਤੇ ਵਿਚਾਰ ਤੋਂ ਇਨਕਾਰ ਕਰਦਿਆਂ ਅਤੇ ਮਾਮਲੇ ਨੂੰ ਸਪੈਸ਼ਲ ਮੈਰਿਜ ਐਕਟ ਦੇ ਘੇਰੇ ਵਿਚ ਰੱਖਣ ਲਈ ਕਹਿੰਦਿਆਂ ਬੈਂਚ ਨੇ ਮਸਲੇ ਨੂੰ 'ਗੁੰਝਲਦਾਰ'



ਸੌਲਿਸਟਰ ਜਨਰਲ ਤੁਸ਼ਾਰ ਮਹਿਤਾ

ਕਿਹਾ।ਬੈਂਚ ਅਨੁਸਾਰ, "ਪੁਰਸ਼ ਅਤੇ ਇਸਤਰੀ ਬਾਰੇ ਧਾਰਨਾਜਿਸ ਦਾ ਸਪੈਸ਼ਲ ਮੈਰਿਜ ਐਕਟ ਵਿਚ ਵੀ ਹਵਾਲਾ ਮਿਲਦਾ ਹੈ,ਲਿੰਗਕ ਆਧਾਰ 'ਤੇ ਸੰਪੂਰਨ ਨਹੀਂ ਹੈ।"

ਜਦੋਂ ਸਪੈਸ਼ਲ ਮੈਰਿਜ ਐਕਟ ਵਿਚ ਮਰਦ ਅਤੇ ਔਰਤ ਸ਼ਬਦਾਂ ਦੀ ਵਰਤੋਂ ਦਾ ਹਵਾਲਾ ਦਿੰਦਿਆਂ ਸੌਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਫਿਰ ਸਰਕਾਰੀ ਪੱਖ ਰੱਖਿਆ ਤਾਂ ਬੈਂਚ ਨੇ ਕਿਹਾ, "ਇਹ ਜਣਨ ਇੰਦਰੀਆਂ ਦਾ ਸਵਾਲ ਨਹੀਂ ਅਤੇ ਪੁਰਸ਼ ਤੇ ਇਸਤਰੀ ਬਾਰੇ ਧਾਰਨਾਜਿਸ ਦਾ ਸਪੈਸ਼ਲ ਮੈਰਿਜ ਐਕਟ ਵਿਚ ਵੀ ਹਵਾਲਾ ਮਿਲਦਾ ਹੈ,ਲਿੰਗਕ ਆਧਾਰ ਤਕ ਸੀਮਤ ਨਹੀਂ ਹੈ।"

ਜਦ ਸਰਕਾਰੀ ਪੱਖ ਨੇ ਸਮਲਿੰਗੀ ਵਿਆਹਾਂ ਨੂੰ ਜਾਇਜ਼ ਠਹਿਰਾਉਣ ਦੀ ਸਥਿਤੀ ਵਿਚ ਹਿੰਦੂ ਮੈਰਿਜ ਐਕਟ ਅਤੇ ਵੱਖ-ਵੱਖ ਧਾਰਮਿਕ ਸਮੂਹਾਂ ਦੇ ਵਿਅਕਤੀਗਤ ਕਾਨੂੰਨਾਂ ਲਈ ਮੁਸ਼ਕਿਲ ਪੈਦਾ ਹੋਣ ਦੇ ਅਸਰ ਵੱਲ ਧਿਆਨ ਦਿਵਾਇਆ ਤਾਂ ਬੈਂਚ ਨੇ ਕਿਹਾ, "ਫਿਰ ਅਸੀਂ ਪਰਸਨਲ ਲਾਅ ਨੂੰ ਮੌਜੂਦਾ ਕੇਸ ਤੋਂ ਬਾਹਰ ਰੱਖ ਸਕਦੇ ਹਾਂ ਅਤੇ ਤੁਸੀਂ ਸਾਰੇ (ਵਕੀਲ) ਸਾਨੂੰ ਵਿਸ਼ੇਸ਼ ਮੈਰਿਜ ਐਕਟ ਬਾਰੇ ਸੰਬੋਧਤ ਕਰ ਸਕਦੇ ਹੋ।"

ਤੁਸ਼ਾਰ ਮਹਿਤਾ ਨੇ ਫਿਰ ਕਿਹਾ, "ਵਿਆਹ ਨੂੰ ਨਿਆਇਕ ਫੈਸਲਿਆਂ ਜ਼ਰੀਏ ਸਮਾਜਿਕ-ਕਾਨੂੰਨੀ ਦਰਜਾ ਦੇਣਾ ਸੰਭਵ ਨਹੀਂ ਹੈ।ਇਹ ਕਾਨੂੰਨ ਰਾਹੀਂ ਵੀ ਨਹੀਂ ਕੀਤਾ ਜਾ ਸਕਦਾ।ਇਸ ਲਈ ਪ੍ਰਵਾਨਗੀ ਸਮਾਜ ਅੰਦਰੋਂ ਆਉਣੀ ਚਾਹੀਦੀ ਹੈ।" ਮਹਿਤਾ ਨੇ ਜਦ ਜ਼ੋਰ ਪਾਇਆ ਕਿ ਮਸਲੇ ਬਾਰੇ ਸਰਕਾਰ ਦੇ ਮੁਢਲੇ ਇਤਰਾਜ਼ ਪਹਿਲਾਂ ਸੁਣੇ ਜਾਣੇ ਚਾਹੀਦੇ ਹਨ ਅਤੇ ਅਰਜ਼ੀਕਾਰ ਆਪਣੇ ਹਲਫਨਾਮੇ ਅੱਗੇ ਪਾ ਸਕਦੇ ਹਨਤਾਂ ਚੀਫ ਜਸਟਿਸ ਨੇ ਖਰੀ-ਖਰੀ ਸੁਣਾਉਂਦਿਆਂ ਕਿਹਾ, "ਮੁਆਫ ਕਰਨਾ ਸ੍ਰੀਮਾਨ ਸੌਲਿਸਟਰ, ਅਸੀਂ ਇੰਚਾਰਜ ਹਾਂ... ਕੋਰਟ ਵੱਲੋਂ ਪਹਿਲਾਂ ਪਟੀਸ਼ਨਕਾਰਾਂ ਨੂੰ ਸੁਣਿਆ ਜਾਵੇਗਾ... ਤੁਸੀਂ ਕੋਰਟ ਦੀ ਕਾਰਵਾਈ ਚਲਾਉਣ ਬਾਰੇ ਸਾਡੇ ਅੱਗੇ ਸ਼ਰਤਾਂ ਨਹੀਂ ਰੱਖ ਸਕਦੇ।ਮੈਂ ਆਪਣੀ ਕੋਰਟ ਵਿਚ ਕਦੇ ਇਸ ਦੀ ਇਜਾਜ਼ਤ ਨਹੀਂ ਦਿਤੀ।"

ਮਹਿਤਾ ਨੇ ਕਿਹਾ ਕਿ ਉਹਨਾਂ ਕਦੇ ਵੀ ਕੋਰਟ ਅੱਗੇ ਸ਼ਰਤਾਂ ਨਹੀਂ ਰੱਖੀਆਂ ਪਰ ਸਬੰਧਤ ਮਸਲਾ ਬਹੁਤ ਸੰਵੇਦਨਸ਼ੀਲ ਹੈ।ਇਸ 'ਤੇ ਚੀਫ ਜਸਟਿਸ ਨੇ ਕਿਹਾ, "ਵਿਆਪਕ ਦ੍ਰਿਸ਼ਟੀਕੋਣ ਲਈ ਸਾਡੇ 'ਤੇ ਭਰੋਸਾ ਕੀਤਾ ਜਾਵੇ।"

ਸਮਲਿੰਗੀ ਸ਼ਾਦੀ ਦਾ ਮਸਲਾ ਵਾਕਿਆ ਹੀ ਬੜਾ ਸੰਵੇਦਨਸ਼ੀਲ ਹੈ;ਇਸ ਦਾ ਸਬੰਧ ਵਿਆਹ ਅਤੇ ਪਰਿਵਾਰ ਦੀ ਕਦੀਮੀ ਸੰਸਥਾ ਨਾਲ ਹੈ।ਸੁਣਵਾਈ ਜਾਰੀ ਹੈ,ਦੇਖੋ ਊਠ ਕਿਸ ਕਰਵਟ ਬੈਠਦਾ ਹੈ!

# ਬੋਲਣ ਦੀ ਆਜ਼ਾਦੀ ਅਤੇ ਅਸਫਲ ਹੋ ਰਿਹਾ ਲੋਕਤੰਤਰ-2

**ਸਟਾਕਹੋਮ ਸਥਿਤ ਸਵੀਡਿਸ਼ ਅਕਾਦਮੀ ਵਿਖੇ 'ਥਾਟ ਐਂਡ ਟਰੁੱਥ ਅੰਡਰ ਪ੍ਰੈਸ਼ਰ' ਵਿਸ਼ੇ 'ਤੇ ਕਾਨਫਰੰਸ ਕੀਤੀ ਗਈ। 22 ਮਾਰਚ 2023 ਨੂੰ ਹੋਈ ਇਸ ਕਾਨਫਰੰਸ ਵਿਚ ਪੰਜ ਹੋਰ ਬੁਲਾਰਿਆਂ ਦੇ ਨਾਲ-ਨਾਲ ਉੱਘੀ ਲੇਖਕਾ ਅਰੁੰਧਤੀ ਰਾਏ ਨੇ ਵੀ ਆਪਣੇ ਵਿਚਾਰ ਰੱਖੇ ਅਤੇ ਭਾਰਤ 'ਚ ਮੋਦੀ ਹਕੂਮਤ ਹੇਠ ਬਣ ਰਹੇ ਹਾਲਾਤ ਬਾਰੇ ਚਰਚਾ ਕੀਤੀ। ਇਸ ਮੌਕੇ ਦਿੱਤੇ ਭਾਸ਼ਣ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। ਇਸ ਲੰਮੇ ਭਾਸ਼ਣ ਦਾ ਅਨੁਵਾਦ ਉਚੇਚੇ ਤੌਰ 'ਤੇ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਇਸ ਦੀ ਦੂਜੀ ਅਤੇ ਆਖਰੀ ਕਿਸ਼ਤ ਹਾਜ਼ਰ ਹੈ।**

ਇਕ ਸਮਾਂ ਅਜਿਹਾ ਸੀ ਜਦੋਂ ਉਨ੍ਹਾਂ ਫੋਰਮਾਂ ਉੱਪਰ ਸਰਕਾਰਾਂ ਅਤੇ ਮੁੱਖ ਧਾਰਾ ਮੀਡੀਆ ਦਾ ਕੰਟਰੋਲ ਸੀ ਜੋ ਚਰਚਾ ਅਤੇ ਬਿਰਤਾਂਤ ਨੂੰ ਕੰਟਰੋਲ ਕਰਦੇ ਸਨ। ਪੱਛਮ ਵਿਚ ਇਸ ਦੀ ਲਗਾਮ ਜ਼ਿਆਦਾਤਰ ਗੋਰੇ ਲੋਕਾਂ ਦੇ ਹੱਥਾਂ 'ਚ ਸੀ। ਭਾਰਤ ਵਿਚ ਇਹ ਲਗਾਮ ਬ੍ਰਾਹਮਣਾਂ ਦੇ ਹੱਥਾਂ ਵਿਚ ਸੀ; ਤੇ ਫਿਰ ਬੇਸ਼ੱਕ ਫ਼ਤਵਾ ਦੇਣ ਵਾਲੇ ਲੋਕ ਵੀ ਹਨ ਜਿਨ੍ਹਾਂ ਲਈ ਸੈਂਸਰਸ਼ਿਪ ਲਾਉਣਾ ਅਤੇ ਕਤਲ ਕਰ ਦੇਣਾ ਇੱਕੋ ਚੀਜ਼ ਹੁੰਦੀ ਹੈ।

ਹੁਣ ਸੈਂਸਰਸ਼ਿਪ ਬਦਲ ਕੇ ਸਭ ਦੇ ਖ਼ਿਲਾਫ਼ ਸਭ ਦੀ ਲੜਾਈ ਬਣ ਗਈ ਹੈ। ਬੁਰਾ ਮਨਾਉਣ ਦੀ ਕੋਮਲ ਕਲਾ ਇਕ ਵਿਸ਼ਵੀ ਉਦਯੋਗ ਬਣ ਗਈ ਹੈ। ਸਵਾਲ ਇਹ ਹੈ ਕਿ ਹਜ਼ਾਰ ਸਿਰਾਂ, ਹਜ਼ਾਰ ਹੱਥਾਂ-ਪੈਰਾਂ ਵਾਲੀ, ਘਾਤ ਲਾਈ ਬੈਠੀ, ਹਮੇਸ਼ਾ ਚੁਕੰਨੀ, ਹਮੇਸ਼ਾ ਸ਼ਿਕਾਰ ਦੀ ਤਲਾਸ਼ 'ਚ ਰਹਿਣ ਵਾਲੀ, ਗੁਮਰਾਹੀ ਦਾ ਸੁਰਾਗ਼ ਲਗਾ ਕੇ ਹਮਲਾ ਕਰਨ ਵਾਲੀ ਇਸ ਮਸ਼ੀਨ ਨਾਲ ਕਿਸ ਤਰ੍ਹਾਂ ਦੀ ਗੱਲ ਕੀਤੀ ਜਾ ਸਕਦੀ ਹੈ? ਕੀ ਇਹ ਸੰਭਵ ਵੀ ਹੈ, ਜਾਂ ਕੀ ਇਹ ਅਜਿਹੀ ਲਹਿਰ ਹੈ ਜਿਸ ਬਾਰੇ ਗੱਲ ਕਰਨ ਤੋਂ ਪਹਿਲਾਂ ਇਸ 'ਚ ਉਤਰਾਅ ਦਾ ਆਉਣਾ ਜ਼ਰੂਰੀ ਹੈ?

ਹੋਰ ਮੁਲਕਾਂ ਵਾਂਗ ਭਾਰਤ ਵਿਚ ਪਛਾਣ ਦੀ ਵਰਤੋਂ ਟਾਕਰੇ ਦੇ ਹਥਿਆਰ ਵਜੋਂ ਕੀਤੀ ਜਾਣ ਲੱਗੀ ਹੈ ਅਤੇ ਪਛਾਣ ਦੇ ਆਧਾਰ 'ਤੇ ਹੋਣ ਵਾਲੇ ਜਬਰ-ਜ਼ੁਲਮ ਦਾ ਇਹ ਮੁੱਖ ਜਵਾਬ ਬਣ ਗਿਆ ਹੈ। ਅਸੀਂ ਲੋਕ ਜੋ



**ਅਰੁੰਧਤੀ ਰਾਏ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਆਪਣੀਆਂ ਪਛਾਣਾਂ, ਆਪਣੀ ਨਸਲ, ਜਾਤੀ, ਨਸਲੀ-ਸੱਭਿਆਚਾਰ, ਜੈਂਡਰ ਜਾਂ ਲਿੰਗਕ ਤਰਜੀਹਾਂ ਦੇ ਕਾਰਨ ਇਤਿਹਾਸਕ ਤੌਰ 'ਤੇ ਦਾਬੇ ਦਾ ਸ਼ਿਕਾਰ ਰਹੀਆਂ ਗ਼ੁਲਾਮ ਬਸਤੀਆਂ ਰਹੇ ਹਾਂ ਜਿਨ੍ਹਾਂ ਦਾ ਰੂੜ੍ਹੀਵਾਦੀ ਅਕਸ ਬਣਾ ਦਿੱਤਾ ਗਿਆ ਹੈ, ਜਿਨ੍ਹਾਂ ਦੀ ਹੋਂਦ ਨੂੰ ਨਕਾਰ ਦਿੱਤਾ ਗਿਆ, ਜਿਨ੍ਹਾਂ ਦੀ ਗੱਲ ਸੁਣੀ ਨਹੀਂ ਗਈ ਅਤੇ ਉਨ੍ਹਾਂ ਨੂੰ ਅਣਡਿੱਠ ਕੀਤਾ ਗਿਆ, ਹੁਣ ਇਸ ਦਾਬੇ ਦਾ ਮੁਕਾਬਲਾ ਕਰਨ ਲਈ ਆਕੀ ਹੋ ਕੇ ਇਨ੍ਹਾਂ ਪਛਾਣਾਂ ਦੀ ਮਦਦ ਲੈ ਰਹੇ ਹਨ।

ਇਹ ਇਤਿਹਾਸ ਦਾ ਤਾਕਤਵਰ, ਵਿਸਫੋਟਕ ਪਲ ਹੈ ਜਿਸ ਵਿਚ ਸੋਸ਼ਲ ਮੀਡੀਆ ਦੀ ਮਦਦ ਨਾਲ ਬੇਕਾਬੂ, ਭੜਕਦਾ ਹੋਇਆ ਗੁੱਸਾ ਪੁਰਾਣੇ ਵਿਚਾਰਾਂ, ਪੁਰਾਣੇ ਤੌਰ-ਤਰੀਕਿਆਂ, ਬਿਨਾ ਸਵਾਲ ਕੀਤੇ ਮੰਨ ਲਈਆਂ ਗਈਆਂ ਕਾਬਜ਼ ਮਾਨਤਾਵਾਂ, ਡੂੰਘੇ ਭਾਵਨਾਤਮਕ ਅਰਥਾਂ ਵਾਲੇ ਸ਼ਬਦਾਂ ਅਤੇ ਉਸ ਭਾਸ਼ਾ ਉੱਪਰ ਸੱਟ ਮਾਰ ਰਿਹਾ ਹੈ ਜਿਸ ਵਿਚ ਤੁਅੱਸਬ ਅਤੇ ਕੱਟੜਤਾ ਭਰੇ ਹੋਏ ਹਨ। ਇਸ ਦੀ ਤੇਜ਼ੀ ਅਤੇ ਹਫ਼ੜਬਜ਼ੀ ਨੇ ਇਸ ਅਵੇਸਲੀ ਦੁਨੀਆ ਨੂੰ ਝੰਜੋੜ ਦਿੱਤਾ ਹੈ ਜੋ ਦੁਬਾਰਾ ਸੋਚਣ, ਦੁਬਾਰਾ ਕਲਪਨਾ ਕਰਨ ਲਈ ਮਜਬੂਰ ਹੋ ਰਹੀ ਹੈ ਅਤੇ ਚੀਜ਼ਾਂ ਨੂੰ ਕਰਨ ਅਤੇ ਕਹਿਣ ਦੇ ਬਿਹਤਰ ਤਰੀਕੇ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਵਿਡੰਬਨਾ ਇਹ ਹੈ ਕਿ ਜਦੋਂ ਅਸੀਂ ਫਾਸ਼ੀਵਾਦ ਵੱਲ ਵਧ ਰਹੇ ਹਾਂ ਤਾਂ ਇਹ ਵਰਤਾਰਾ, ਚੀਜ਼ਾਂ ਨੂੰ ਇਸ ਤਰੀਕੇ ਨਾਲ ਸੰਵਾਰਨਾ-ਸੁਧਾਰਨਾ ਲੱਗਭੱਗ ਰਹੱਸਮਈ ਰੂਪ 'ਚ ਨਾਲੋ-ਨਾਲ ਚੱਲ ਰਿਹਾ ਹੈ।

ਇਸ ਵਿਸਫੋਟ ਦੇ ਡੂੰਘੇ, ਇਨਕਲਾਬੀ ਪਹਿਲੂ ਹਨ; ਨਾਲ ਹੀ ਬੇਤੁਕੇ ਅਤੇ ਨੁਕਸਾਨਦੇਹ ਪਹਿਲੂ ਵੀ ਹਨ। ਇਸ ਦੇ ਇੰਤਹਾ ਪਹਿਲੂਆਂ ਨੂੰ ਉਠਾ ਕੇ ਗੱਲਾਂ ਕਰਨਾ ਅਤੇ ਉਸ ਦੀ ਵਰਤੋਂ ਕਰਦੇ ਹੋਏ ਪੂਰੀ ਬਹਿਸ ਨੂੰ ਬਦਨਾਮ ਕਰਨਾ ਸੌਖਾ ਹੈ (ਮਿਸਾਲ ਵਜੋਂ, ਕੀ ਔਰਤਾਂ ਨੂੰ ਹੁਣ 'ਮਾਹਵਾਰੀ ਵਾਲੇ ਲੋਕ' ਕਿਹਾ ਜਾਣਾ ਚਾਹੀਦਾ ਹੈ? ਕੀ ਇਸਲਾਮ ਦੀ ਅਮੀਰ ਵੰਨ-ਸਵੰਨਤਾ ਨੂੰ ਪੜ੍ਹਾਉਣ ਵਾਲੀ ਇਕ ਅਮਰੀਕਨ ਕਲਾ ਪ੍ਰੋਫੈਸਰ ਨੂੰ ਫ਼ੌਰਨ ਬਰਖ਼ਾਸਤ ਕਰ ਦੇਣਾ ਚਾਹੀਦਾ ਹੈ ਕਿਉਂਕਿ ਉਸ ਨੇ ਪੈਗੰਬਰ ਮੁਹੰਮਦ ਦੀ 14ਵੀਂ ਸਦੀ ਦੀ ਇਕ ਪੇਂਟਿੰਗ ਆਪਣੇ ਵਿਦਿਆਰਥੀਆਂ ਨੂੰ ਦਿਖਾਈ ਜਿਸ ਤੋਂ ਪਹਿਲਾਂ ਉਸ ਨੇ ਆਪਣੇ ਵਿਦਿਆਰਥੀਆਂ ਨੂੰ ਕਿਹਾ ਸੀ ਕਿ ਉਹ ਇਹ ਪੇਂਟਿੰਗ ਦਿਖਾ ਰਹੀ ਹੈ ਅਤੇ ਇਹ ਵੀ ਕਿਹਾ ਸੀ ਕਿ ਜਿਨ੍ਹਾਂ ਵਿਦਿਆਰਥੀ ਨੂੰ ਇਹ ਪੇਂਟਿੰਗ ਦੇਖ ਕੇ ਦੁੱਖ ਲੱਗੇਗਾ ਜਾਂ ਪਰੇਸ਼ਾਨ ਹੋਣਗੇ, ਉਹ ਉੱਠ ਕੇ ਚਲੇ ਜਾਣ। ਕੀ ਇਤਿਹਾਸਕ ਤਕਲੀਫ਼ਾਂ ਨੂੰ ਉਚ-ਨੀਚ ਦੇ ਸਥਾਈ ਦਰਜਿਆਂ 'ਚ ਵੰਡਿਆ ਜਾ ਸਕਦਾ ਹੈ ਜਿਸ ਨੂੰ ਹਰੇਕ ਨੂੰ ਕਬੂਲ ਕਰਨਾ ਹੀ ਪਵੇਗਾ?)।




ਇਹ ਅਜਿਹਾ ਬਾਲਣ ਹੈ ਜਿਸ ਦੀ ਵਰਤੋਂ ਕੱਟੜ ਸੱਜੇ ਪੱਖੀ ਆਪਣੇ ਆਪ ਨੂੰ ਮਜ਼ਬੂਤ ਬਣਾਉਣ ਲਈ ਕਰਦੇ ਹਨ ਪਰ ਡਰ ਕੇ ਅਤੇ ਬਿਨਾ ਸੋਚੇ-ਸਮਝੇ, ਬਿਨਾ ਸਵਾਲ ਉਠਾਏ ਇਸ ਅੱਗੇ ਗੋਡੇ ਟੇਕ ਦੇਣਾ ਵੀ ਇਸ ਬਦਲਾਅ ਦੀ ਤੌਹੀਨ ਹੈ। ਕਿਉਂਕਿ ਪਛਾਣਾਂ ਦੀ ਸਿਆਸਤ ਵਿਚ ਅਕਸਰ ਹੀ ਅਜਿਹਾ ਅਹਿਮ ਧੁਰਾ ਹੁੰਦਾ ਹੈ ਜੋ ਆਪਣੀ ਜਗ੍ਹਾ 'ਤੇ ਘੁੰਮਦੇ ਹੋਏ ਉਸੇ ਹੀ ਚੀਜ਼ ਨੂੰ ਮਜ਼ਬੂਤ ਕਰਨਾ ਸ਼ੁਰੂ ਕਰ ਦਿੰਦਾ ਹੈ ਜਿਸ ਦਾ ਉਹ ਵਿਰੋਧ ਕਰਨਾ ਚਾਹੁੰਦਾ ਹੈ। ਇਹ ਉਦੋਂ ਹੁੰਦਾ ਹੈ ਜਦੋਂ ਪਛਾਣ ਨੂੰ ਵੱਖ-ਵੱਖ ਕਰ ਕੇ ਛੋਟੇ-ਛੋਟੇ ਦਰਜਿਆਂ 'ਚ ਵੰਡ ਦਿੱਤਾ ਜਾਂਦਾ ਹੈ।

ਫਿਰ ਇਹ ਛੋਟੇ-ਛੋਟੇ ਦਰਜੇ ਵੀ ਸੱਤਾ ਦਾ ਉਚ-ਨੀਚ ਵਾਲਾ ਢਾਂਚਾ ਬਣਾ ਲੈਂਦੇ ਹਨ, ਉਨ੍ਹਾਂ ਵਿਚ ਇਕ ਨਿੱਕੀ ਕੁਲੀਨਤਾ ਵਿਕਸਿਤ ਹੋ ਜਾਂਦੀ ਹੈ ਜੋ ਵੱਡੇ ਸ਼ਹਿਰਾਂ, ਵੱਡੀਆਂ ਯੂਨੀਵਰਸਿਟੀਆਂ ਵਿਚ ਸਥਿਤ ਹੁੰਦੀ ਹੈ, ਉਸ ਦੇ ਕੋਲ ਸੋਸ਼ਲ ਮੀਡੀਆ ਦੀ ਪੂੰਜੀ ਹੁੰਦੀ ਹੈ ਜੋ ਲਾਜ਼ਮੀ ਤੌਰ 'ਤੇ ਉਸੇ ਤਰ੍ਹਾਂ ਦੇ ਬਾਈਕਾਟਾਂ, ਹੋਂਦ ਤੋਂ ਹੀ ਇਨਕਾਰ ਕਰ ਦੇਣ ਅਤੇ ਉਚ-ਨੀਚ ਦੀ ਨਕਲ ਕਰਦੀ ਹੈ ਜਿਸ ਨੂੰ ਚੁਣੌਤੀ ਦੇਣ ਨਾਲ ਸ਼ੁਰੂਆਤ ਹੋਈ ਸੀ।

ਜੇ ਅਸੀਂ ਉਨ੍ਹਾਂ ਲੇਬਲਾਂ ਅਤੇ ਪਛਾਣਾਂ ਦੀਆਂ ਕਾਲ-ਕੋਠੜੀਆਂ 'ਚ ਖ਼ੁਦ ਨੂੰ ਕੈਦ ਕਰ ਲਈਏ ਜੋ ਸਾਨੂੰ ਉਨ੍ਹਾਂ ਲੋਕਾਂ ਨੇ ਦਿੱਤੀਆਂ ਹਨ ਜੋ ਸਾਡੇ ਉੱਪਰ ਹਮੇਸ਼ਾ ਹਕੂਮਤ ਕਰਦੇ ਆਏ ਹਨ ਤਾਂ ਅਸੀਂ ਵੱਧ ਤੋਂ ਵੱਧ ਜੇਲ੍ਹ ਦੀ ਬਗ਼ਾਵਤ ਨੂੰ ਹੀ ਅੰਜਾਮ ਦੇ ਸਕਦੇ ਹਾਂ; ਅਸੀਂ ਇਨਕਲਾਬ ਨਹੀਂ ਕਰ ਸਕਦੇ; ਤੇ ਫਿਰ ਛੇਤੀ ਹੀ ਜੇਲ੍ਹ ਦੇ ਰਖਵਾਲੇ ਵੀ ਪਹੁੰਚ ਜਾਣਗੇ ਤਾਂ ਕਿ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਿਆ ਜਾਵੇ। ਦਰਅਸਲ ਉਹ ਤਾਂ ਪਹਿਲਾਂ ਹੀ ਤੁਰ ਪਏ ਹਨ। ਜਦੋਂ ਅਸੀਂ ਫ਼ਰਮਾਨਾਂ ਅਤੇ ਸੈਂਸਰਸ਼ਿਪ ਦੇ ਸੱਭਿਆਚਾਰ ਨੂੰ ਸਵੀਕਾਰ ਕਰ ਲੈਂਦੇ ਹਾਂ ਤਾਂ ਆਖ਼ਿਰਕਾਰ ਇਸ ਨਾਲ ਹੱਦੋਂ ਵੱਧ ਫ਼ਾਇਦਾ ਹਮੇਸ਼ਾ ਹੀ ਸੱਜੇ ਪੱਖ ਨੂੰ ਅਤੇ ਆਮ ਤੌਰ 'ਤੇ ਯਥਾਸਥਿਤੀ ਨੂੰ ਹੀ ਹੋਣਾ ਹੁੰਦਾ ਹੈ।

ਆਪਣੇ ਆਪ ਨੂੰ ਭਾਈਚਾਰਿਆਂ, ਧਰਮਾਂ ਅਤੇ ਜਾਤੀ ਸਮੂਹਾਂ, ਨਸਲੀ-ਸੱਭਿਆਚਾਰਕ ਸਮੂਹਾਂ ਅਤੇ ਜੈਂਡਰਾਂ 'ਚ ਮੋਹਰਬੰਦ ਕਰ ਕੇ, ਆਪਣੀਆਂ ਪਛਾਣਾਂ ਨੂੰ ਸੀਮਤ ਕਰਦੇ ਹੋਏ ਅਤੇ ਉਨ੍ਹਾਂ ਨੂੰ ਸਮਤਲ ਬਣਾਉਂਦੇ ਹੋਏ ਅਤੇ ਉਨ੍ਹਾਂ ਨੂੰ ਭੰਨ-ਘੜ ਕੇ ਸਾਂਚਿਆਂ ਵਿਚ ਢਾਲ ਦੇਣ ਨਾਲ ਇਕਜੁੱਟਤਾ ਦੀ ਗੁੰਜਾਇਸ਼ ਹੀ ਖ਼ਤਮ ਹੋ ਜਾਂਦੀ ਹੈ। ਵਿਡੰਬਨਾ ਦੇਖੋ ਕਿ ਭਾਰਤ ਵਿਚ ਹਿੰਦੂ ਜਾਤਪਾਤੀ ਵਿਵਸਥਾ ਦਾ ਸਰਬਉੱਚ ਟੀਚਾ ਇਹੀ ਸੀ ਅਤੇ ਹੁਣ ਵੀ ਹੈ। ਲੋਕਾਂ ਨੂੰ ਅਟੁੱਟ ਅਤੇ ਬੰਦ ਕੋਠੜੀਆਂ ਦੀ ਉਚ-ਨੀਚ ਵਾਲੀ ਵਿਵਸਥਾ 'ਚ ਵੰਡ ਦਿਓ, ਤੇ ਫਿਰ ਕੋਈ ਵੀ ਭਾਈਚਾਰਾ ਦੂਜੇ ਦੇ ਦਰਦ ਨੂੰ ਮਹਿਸੂਸ ਕਰਨ ਦੇ ਕਾਬਲ ਨਹੀਂ ਰਹਿ ਜਾਵੇਗਾ ਕਿਉਂਕਿ ਉਹ ਇਕ ਦੂਜੇ ਨਾਲ ਹਮੇਸ਼ਾ ਅਤੇ ਲਗਾਤਾਰ ਟਕਰਾਅ ਵਿਚ ਰਹਿੰਦੇ ਹਨ।

ਇਹ ਆਟੋਮੈਟਿਕ, ਗੁੰਝਲਦਾਰ ਪ੍ਰਸ਼ਾਸਕੀ ਅਤੇ ਨਿਗਰਾਨੀ ਮਸ਼ੀਨ ਵਾਂਗ ਚੱਲਦਾ ਹੈ ਜਿਸ ਵਿਚ ਸਮਾਜ ਖ਼ੁਦ ਹੀ ਆਪਣਾ ਸੰਚਾਲਨ ਅਤੇ ਨਿਗਰਾਨੀ ਕਰਦਾ ਹੈ ਅਤੇ ਇਸ ਪ੍ਰਕਿਰਿਆ ਵਿਚ ਇਹ ਯਕੀਨੀ ਬਣਾਉਂਦਾ ਹੈ ਕਿ ਦਾਬੇ ਦਾ ਢਾਂਚਾ ਕਾਇਮ ਰਹੇ। ਇਸ ਵਿਵਸਥਾ ਵਿਚ ਹਰ ਕੋਈ ਕਿਸੇ ਨਾ ਕਿਸੇ ਨੂੰ ਦਬਾਉਂਦਾ ਹੈ ਅਤੇ ਕਿਸੇ ਨਾ ਕਿਸੇ ਦੇ ਦਾਬੇ ਦਾ ਸ਼ਿਕਾਰ ਹੁੰਦਾ ਹੈ, ਸਿਵਾਇ ਸਭ ਤੋਂ ਉੱਚੀਆਂ ਅਤੇ ਸਭ ਤੋਂ ਹੇਠਲੀਆਂ ਜਾਤਾਂ ਦੇ। ਇਹ ਜਾਤੀਆਂ ਵੀ ਆਪਸ ਵਿਚ ਬਹੁਤ ਬਾਰੀਕੀ ਨਾਲ ਉਚ-ਨੀਚ ਵਿਚ ਵੰਡੀਆਂ ਹੋਈਆਂ ਹਨ।

ਇਕ ਵਾਰ ਫੰਦਿਆਂ ਦਾ ਜਾਲ ਵਿਛਾ ਦਿੱਤੇ ਜਾਣ ਤੋਂ ਬਾਅਦ ਤਕਰੀਬਨ ਕੋਈ ਵੀ ਨਹੀਂ ਬਚਦਾ ਹੈ ਜੋ ਸ਼ੁੱਧ ਅਤੇ ਸਹੀ ਹੋਣ ਦੀ ਕਸੌਟੀ ਉੱਪਰ ਪੂਰਾ ਉੱਤਰ ਸਕੇ। ਨਿਸ਼ਚਿਤ ਤੌਰ 'ਤੇ, ਤਕਰੀਬਨ ਕੁਝ ਵੀ ਅਜਿਹਾ ਨਹੀਂ ਬਚਦਾ ਜੋ ਕਦੇ ਚੰਗਾ ਜਾਂ ਮਹਾਨ ਸਾਹਿਤ ਮੰਨਿਆ ਗਿਆ ਸੀ। ਯਕੀਨਨ ਸ਼ੇਕਸਪੀਅਰ ਨਹੀਂ; ਟਾਲਸਟਾਏ ਵੀ ਨਹੀਂ - ਉਨ੍ਹਾਂ ਦੇ ਰੂਸੀ ਸਾਮਰਾਜਵਾਦ ਦੀ ਤਾਂ ਗੱਲ ਹੀ ਛੱਡੋ, ਜ਼ਰਾ ਸੋਚੋ ਕਿ ਟਾਲਸਟਾਏ ਨੇ ਇਹ ਕਿਵੇਂ ਮੰਨ ਲਿਆ ਸੀ ਕਿ ਉਹ ਅੰਨਾ ਕਰਨੀਨਾ ਨਾਂ ਦੀ ਔਰਤ ਦਾ ਮਨ ਪੜ੍ਹ ਸਕਦਾ ਹੈ। ਦੋਸਤੋਵਸਕੀ ਵੀ ਨਹੀਂ ਜੋ ਬੁੱਢੀਆਂ ਔਰਤਾਂ ਨੂੰ ਸਿਰਫ਼ 'ਚੁੜੇਲ' ਕਹਿੰਦਾ ਸੀ। ਇਸ ਤਰ੍ਹਾਂ ਤਾਂ ਮੈਂ ਯਕੀਨੀ ਤੌਰ 'ਤੇ ਚੁੜੇਲ ਹੋਣ ਦੀ ਕਸੌਟੀ ਉੱਪਰ ਖਰੀ ਉੱਤਰਦੀ ਹਾਂ ਪਰ ਇਸ ਦੇ ਬਾਵਜੂਦ ਮੈਂ ਚਾਹਾਂਗੀ ਕਿ ਲੋਕ ਉਨ੍ਹਾਂ ਨੂੰ ਪੜ੍ਹਨ।

**ਜੇ ਅਸੀਂ ਉਨ੍ਹਾਂ ਲੇਬਲਾਂ ਅਤੇ ਪਛਾਣਾਂ ਦੀਆਂ ਕਾਲ-ਕੋਠੜੀਆਂ 'ਚ ਖ਼ੁਦ ਨੂੰ ਕੈਦ ਕਰ ਲਈਏ ਜੋ ਸਾਨੂੰ ਉਨ੍ਹਾਂ ਲੋਕਾਂ ਨੇ ਦਿੱਤੀਆਂ ਹਨ ਜੋ ਸਾਡੇ ਉੱਪਰ ਹਮੇਸ਼ਾ ਹਕੂਮਤ ਕਰਦੇ ਆਏ ਹਨ ਤਾਂ ਅਸੀਂ ਵੱਧ ਤੋਂ ਵੱਧ ਜੇਲ੍ਹ ਦੀ ਬਗ਼ਾਵਤ ਨੂੰ ਹੀ ਅੰਜਾਮ ਦੇ ਸਕਦੇ ਹਾਂ; ਅਸੀਂ ਇਨਕਲਾਬ ਨਹੀਂ ਕਰ ਸਕਦੇ; ਤੇ ਫਿਰ ਛੇਤੀ ਹੀ ਜੇਲ੍ਹ ਦੇ ਰਖਵਾਲੇ ਵੀ ਪਹੁੰਚ ਜਾਣਗੇ ਤਾਂ ਕਿ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਿਆ ਜਾਵੇ। ਦਰਅਸਲ ਉਹ ਤਾਂ ਪਹਿਲਾਂ ਹੀ ਤੁਰ ਪਏ ਹਨ। ਜਦੋਂ ਅਸੀਂ ਫ਼ਰਮਾਨਾਂ ਅਤੇ ਸੈਂਸਰਸ਼ਿਪ ਦੇ ਸੱਭਿਆਚਾਰ ਨੂੰ ਸਵੀਕਾਰ ਕਰ ਲੈਂਦੇ ਹਾਂ ਤਾਂ ਆਖ਼ਿਰਕਾਰ ਇਸ ਨਾਲ ਹੱਦੋਂ ਵੱਧ ਫ਼ਾਇਦਾ ਹਮੇਸ਼ਾ ਹੀ ਸੱਜੇ ਪੱਖ ਨੂੰ ਅਤੇ ਆਮ ਤੌਰ 'ਤੇ ਯਥਾਸਥਿਤੀ ਨੂੰ ਹੀ ਹੋਣਾ ਹੁੰਦਾ ਹੈ।**

ਜਾਂ ਜੇ ਤੁਸੀਂ ਚਾਹੋ ਤਾਂ ਮਹਾਤਮਾ ਗਾਂਧੀ ਦੀਆਂ ਲਿਖਤਾਂ ਦੇ ਸੰਗ੍ਰਹਿ ਪੜ੍ਹ ਲੈਣਾ। ਮੈਂ ਗਾਰੰਟੀ ਦੇ ਸਕਦੀ ਹਾਂ ਕਿ ਤੁਸੀਂ ਹਰ ਹਿਸਾਬ ਨਾਲ ਦੰਗ ਰਹਿ ਜਾਓਗੇ - ਭਾਵੇਂ ਇਹ ਨਸਲ ਦੀ ਗੱਲ ਹੋਵੇ, ਜਾਂ ਲਿੰਗ, ਜਾਤ ਜਾਂ ਜਮਾਤ ਦੀ। ਕੀ ਇਸ ਦਾ ਭਾਵ ਇਹ ਹੈ ਕਿ ਉਨ੍ਹਾਂ ਉੱਪਰ ਪਾਬੰਦੀ ਲਗਾ ਦੇਣੀ ਚਾਹੀਦੀ ਹੈ? ਜਾਂ ਹੁਣ ਉਨ੍ਹਾਂ ਨੂੰ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ? ਇੱਥੋਂ ਤੱਕ ਕਿ ਜੇਨ ਆਸਟਨ ਵੀ ਨਹੀਂ ਬਚ ਸਕੇਗੀ। ਇਹ ਕਹਿਣ ਦੀ ਜ਼ਰੂਰਤ ਨਹੀਂ ਹੈ ਕਿ ਕਿਸੇ ਵੀ ਧਰਮ ਦਾ ਕੋਈ ਵੀ ਪਵਿੱਤਰ ਗ੍ਰੰਥ ਇਨ੍ਹਾਂ ਮਾਪਦੰਡਾਂ ਉੱਪਰ ਪੂਰਾ ਨਹੀਂ ਉੱਤਰੇਗਾ।

ਜਨਤਕ ਸੰਵਾਦ ਦੇ ਜ਼ਾਹਰਾ ਰੌਲੇ-ਗੌਲੇ ਦਰਮਿਆਨ ਅਸੀਂ ਲੋਕ ਇਕ ਤਰ੍ਹਾਂ ਦੀ ਬੌਧਿਕ ਖੜੋਤ ਵਿਚ, ਬੰਦ ਗਲੀ ਵਿਚ ਪ੍ਰਵੇਸ਼ ਕਰ ਰਹੇ ਹਾਂ। ਇਕਜੁੱਟਤਾ ਕਦੇ ਵੀ ਪੂਰੀ ਤਰ੍ਹਾਂ ਨਿਰਦੋਸ਼ ਨਹੀਂ ਹੋ ਸਕਦੀ। ਇਸ ਨੂੰ ਚੁਣੌਤੀ ਦਿੱਤੀ ਜਾਣੀ ਚਾਹੀਦੀ ਹੈ, ਇਸ ਉੱਪਰ ਬਹਿਸ ਹੋਣੀ ਚਾਹੀਦੀ ਹੈ, ਇਸ ਨੂੰ ਸੁਧਾਰਨਾ ਚਾਹੀਦਾ ਹੈ ਪਰ ਇਸ ਦੀ ਗੁੰਜਾਇਸ਼ ਨੂੰ ਖ਼ਤਮ ਕਰਦੇ ਹੋਏ ਅਸੀਂ ਉਸੇ ਚੀਜ਼ ਨੂੰ ਮਜ਼ਬੂਤ ਕਰਦੇ ਹਾਂ ਜਿਸ ਨਾਲ ਲੜਨ ਦਾ ਦਾਅਵਾ ਅਸੀਂ ਕਰਦੇ ਹਾਂ।

ਇਸ ਸਭ ਦਾ ਸਾਹਿਤ 'ਤੇ ਕੀ ਪ੍ਰਭਾਵ ਪੈਂਦਾ ਹੈ? ਗਲਪ ਲੇਖਕ ਹੋਣ ਦੇ ਨਾਤੇ ਕੁਝ ਚੀਜ਼ਾਂ ਮੈਨੂੰ 'ਐਪਰੋਪ੍ਰੀਏਸ਼ਨ' (ਬਿਨਾ ਇਜਾਜ਼ਤ ਮੰਗ ਲੈਣਾ ਜਾਂ ਖੋਹ ਲੈਣਾ) ਸ਼ਬਦ ਨਾਲੋਂ ਵੀ ਜ਼ਿਆਦਾ ਪ੍ਰੇਸ਼ਾਨ ਕਰਦੀਆਂ ਹਨ ਜੋ ਨਵੀਂ ਸੈਂਸਰਸ਼ਿਪ ਦੇ ਨਾਅਰਿਆਂ ਵਿਚੋਂ ਇਕ ਹੈ। ਇਸ ਪ੍ਰਸੰਗ 'ਚ, ਸਿੱਧਾ-ਸਿੱਧਾ ਕਹੀਏ ਤਾਂ ਇਸ ਹੜੱਪਣ ਦਾ ਰਿਸ਼ਤਾ ਲੁਟੇਰਿਆਂ ਨਾਲ ਜੋੜਿਆ ਜਾ ਰਿਹਾ ਹੈ, ਪਛਤਾਵਾ ਕਰਨ ਵਾਲੇ ਉਨ੍ਹਾਂ ਲੁਟੇਰਿਆਂ ਨਾਲ ਵੀ ਜੋ ਦੂਜਿਆਂ ਨੂੰ ਲਿਖਣ ਦੀ, ਨੁਮਾਇੰਦਗੀ ਕਰਨ ਦੀ, ਦੂਜਿਆਂ ਨੂੰ ਉੱਚੀ ਆਵਾਜ਼ ਵਿਚ ਬੋਲਣ ਦੀ, ਜਾਂ ਦਰ ਅਸਲ ਆਪਣੇ ਸ਼ਿਕਾਰ ਲੋਕਾਂ ਦੀਆਂ ਕਹਾਣੀਆਂ ਨੂੰ ਉਨ੍ਹਾਂ ਦੇ ਨਾਂ 'ਤੇ ਸੁਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਹ ਬਹੁਤ ਘਿਨਾਉਣੀ ਗੱਲ ਹੈ, ਤੇ ਇਹ ਕਿਸੇ ਵੀ ਚੀਜ਼ ਦੀ ਆਲੋਚਨਾ ਕਰਦੇ ਹੋਏ ਧਿਆਨ ਵਿਚ ਰੱਖਣ ਵਾਲਾ ਇਕ ਉਪਯੋਗੀ ਸਿਧਾਂਤ ਹੈ।

ਪਰ ਇਹ ਚੀਜ਼ਾਂ ਉੱਪਰ ਪਾਬੰਦੀ ਲਗਾਉਣ ਜਾਂ ਉਨ੍ਹਾਂ ਨੂੰ ਸੈਂਸਰ ਕਰਨ ਦਾ ਵਾਜਿਬ ਕਾਰਨ ਨਹੀਂ ਹੈ। ਹਾਂ, ਸਾਡੇ ਤੋਂ ਮਾਈਕ ਖੋਹ ਲਿਆ ਗਿਆ ਹੈ। ਹਾਂ, ਅਸੀਂ ਇਕ ਕਿਸਮ ਦੇ ਲੋਕਾਂ ਨੂੰ ਬਹੁਤ ਜ਼ਿਆਦਾ ਸੁਣ ਲਿਆ ਹੈ ਅਤੇ ਹੋਰ ਕਿਸਮ ਦੇ ਲੋਕਾਂ ਨੂੰ ਬਹੁਤ ਘੱਟ ਸੁਣਿਆ ਹੈ ਪਰ ਜੀਵਨ ਦਾ ਜਾਲ ਸੰਘਣਾ ਅਤੇ ਉਲਝਿਆ ਹੋਇਆ ਹੈ, ਇਸ ਵਿਚ ਰਹਿਣ ਵਾਲੇ ਜੀਵਾਂ ਅਤੇ ਉਨ੍ਹਾਂ ਦੇ ਕੰਮਾਂ ਨੂੰ ਰੂੜ੍ਹੀ ਵਿਸ਼ੇਸ਼ਤਾਈਆਂ ਤੱਕ ਸੁੰਗੇੜਿਆ ਨਹੀਂ ਜਾ ਸਕਦਾ ਅਤੇ ਨਾ ਹੀ ਉਨ੍ਹਾਂ ਨੂੰ ਏਨੀ ਆਸਾਨੀ ਨਾਲ ਅਤੇ ਬੇਸਮਝੀ ਵਾਲੇ ਤਰੀਕਿਆਂ ਨਾਲ ਵੰਡਿਆ ਜਾ ਸਕਦਾ ਹੈ।

ਜੇਕਰ ਖ਼ਾਸ ਤੌਰ 'ਤੇ ਗਲਪ ਦੀ ਗੱਲ ਕਰੀਏ ਤਾਂ ਐਪ੍ਰੋਪਰੀਏਸ਼ਨ ਤੋਂ ਬਿਨਾ ਕੋਈ ਵੀ ਕਹਾਣੀ ਲਿਖੀ ਨਹੀਂ ਜਾ ਸਕਦੀ ਕਿਉਂਕਿ ਅਸੀਂ ਕਥਾ-ਲੇਖਕ ਵੀ ਲੁਟੇਰੇ ਹੁੰਦੇ ਹਾਂ। ਜੇ ਸੀਰੀਅਲ ਕਿਲਰ ਬੇਕਿਰਕ ਕਾਤਲ ਹੁੰਦੇ ਹਨ ਤਾਂ ਨਾਵਲਕਾਰ ਬੇਰਹਿਮ ਲੁਟੇਰੇ ਹੁੰਦੇ ਹਨ। ਆਪਣੀ ਕਾਲਪਨਿਕ ਦੁਨੀਆ ਦੀ ਰਚਨਾ ਕਰਨ ਲਈ ਅਸੀਂ ਹਰ ਉਸ ਚੀਜ਼ ਨੂੰ ਹਥਿਆ ਲੈਂਦੇ ਹਾਂ ਜਿਸ ਨਾਲ ਸਾਡੀ ਮੁਲਾਕਾਤ ਹੁੰਦੀ ਹੈ ਅਤੇ ਉਸ ਸਭ ਕਾਸੇ ਤੋਂ ਅਸੀਂ ਕੰਮ ਲੈਂਦੇ ਹਾਂ। ਇਹੀ ਉਹ ਚੀਜ਼ ਹੈ ਜੋ ਮਹਾਨ ਨਾਵਲਾਂ ਨੂੰ ਖ਼ਤਰਨਾਕ ਬਣਾਉਂਦੀ ਹੈ, ਉਨ੍ਹਾਂ ਨੂੰ ਅਜਿਹੀਆਂ ਚੀਜ਼ਾਂ ਬਣਾਉਂਦੀ ਹੈ ਜੋ ਲੁਕੀਆਂ ਚੀਜ਼ਾਂ ਨੂੰ ਉਜਾਗਰ ਕਰਦੇ ਹਨ।

ਮੈਂ ਆਪਣੇ ਬਾਰੇ ਕਹਾਂ ਤਾਂ ਮੈਂ ਆਪਣੀ ਸ਼ਿਲਪ ਨੂੰ ਨਾ ਸਿਰਫ਼ ਟੋਨੀ ਮੌਰੀਸਨ ਅਤੇ ਜੇਮਸ ਬਾਲਡਵਿਨ ਵਰਗੇ ਰਾਜਨੀਤਕ ਤੌਰ 'ਤੇ ਅਸਾਧਾਰਨ ਲੇਖਕਾਂ ਤੋਂ ਸਿੱਖਣ ਦੀ ਕੋਸ਼ਿਸ਼ ਕੀਤੀ ਹੈ ਸਗੋਂ ਮੈਂ ਕਿਪਲਿੰਗ ਵਰਗੇ ਸਾਮਰਾਜਵਾਦੀਆਂ ਤੋਂ ਵੀ, ਤੇ ਧਾਰਮਿਕ ਕੱਟੜਪੰਥੀ, ਨਸਲਵਾਦੀ, ਉਪੱਦਰੀ ਅਤੇ ਦੁਸ਼ਟ ਲੇਖਕਾਂ ਤੋਂ ਵੀ ਸਿੱਖਣ ਦੀ ਕੋਸ਼ਿਸ਼ ਕੀਤੀ ਹੈ ਜਿਨ੍ਹਾਂ ਨੂੰ ਸੁੰਦਰ ਲਿਖਣਾ ਆਉਂਦਾ ਹੈ। ਕੀ ਉਨ੍ਹਾਂ ਸਾਰਿਆਂ ਨੂੰ ਦੁਬਾਰਾ ਲਿਖਿਆ ਜਾਣਾ ਚਾਹੀਦਾ ਹੈ ਤਾਂ ਜੋ ਉਹ ਕਿਸੇ ਤੰਗਨਜ਼ਰ ਮੈਨੀਫੈਸਟੋ ਦੀ ਤਾਲ 'ਤੇ ਮਾਰਚ ਕਰ ਸਕਣ?

ਪਿੱਛੇ ਜਹੇ ਰੋਲਡ ਡੌਲ ਦੀ ਲੇਖਣੀ ਨੂੰ ਮੁੜ ਸੰਪਾਦਤ ਕਰਨ ਦਾ ਫ਼ੈਸਲਾ ਕੀਤਾ ਗਿਆ - ਹੇ ਰੱਬਾ, ਹੁਣ ਕਿਸ ਦੀ ਵਾਰੀ ਹੈ? ਨਾਬੋਕੋਵ? ਕੀ ਲੋਲਿਤਾ ਸਾਡੀ ਕਿਤਾਬਾਂ ਦੀ ਅਲਮਾਰੀ ਤੋਂ ਗਾਇਬ ਹੋ ਜਾਵੇਗੀ? ਜਾਂ ਕੀ ਉਸ ਨੂੰ ਭੇਸ ਵਟਾਉਣ ਵਾਲੀ ਖ਼ੁਫ਼ੀਆ, ਨਾਬਾਲਗ ਕਾਰਕੁਨ ਵਿਚ ਬਦਲ ਦਿੱਤਾ ਜਾਵੇਗਾ? ਕੀ ਪੁਰਾਣੀਆਂ ਮਹਾਨ ਕਲਾਕ੍ਰਿਤਾਂ ਨੂੰ ਦੁਬਾਰਾ ਪੇਂਟ ਕੀਤਾ ਜਾਵੇਗਾ? ਉਨ੍ਹਾਂ ਨੂੰ ਮਰਦਾਨਾ ਨਜ਼ਰ ਨਾਲ ਸ਼ੁੱਧ ਕਰਦੇ ਹੋਏ? ਇਹ ਸਭ ਕੁਝ ਕਹਿਣਾ ਹੀ ਆਪਣੇ ਆਪ ਵਿਚ ਅਫ਼ਸੋਸਨਾਕ ਹੈ। ਇਹ ਸਾਨੂੰ ਕਿੱਥੇ ਲਿਜਾ ਕੇ ਛੱਡੇਗਾ? ਸਮੁੰਦਰੀ ਕੰਢੇ 'ਤੇ ਜਿੱਥੇ ਪੈਰਾਂ ਦੇ ਨਿਸ਼ਾਨ ਨਹੀਂ ਹਨ? ਇਕ ਦੁਨੀਆ ਜਿਸ ਦਾ ਕੋਈ ਇਤਿਹਾਸ ਨਹੀਂ ਹੈ?

ਜੇ ਸਾਹਿਤ ਹਜ਼ਾਰਾਂ ਗੰਢਾਂ ਵਾਲੇ ਧਾਗੇ ਦੇ ਜਾਲ ਵਿਚ ਉਲਝ ਕੇ ਜੜ੍ਹ ਹੋ ਜਾਵੇ ਤਾਂ ਇਹ ਇਕ ਤਰ੍ਹਾਂ ਦੇ ਖੜੋਤ ਮਾਰੇ, ਬੋਝਲ ਐਲਾਨਨਾਮੇ ਵਿਚ ਬਦਲ ਜਾਵੇਗਾ। ਦੁੱਖ ਦੀ ਗੱਲ ਤਾਂ ਇਹ ਹੈ ਕਿ ਅੱਜ ਜੋ ਲੋਕ ਪੂਰੇ ਜੋਸ਼-ਖਰੋਸ਼ ਨਾਲ ਇਸ ਉੱਪਰ ਲਾਠੀਆਂ ਚਲਾਉਣ 'ਚ ਲੱਗੇ ਹੋਏ ਹਨ, ਉਹ ਨਾ ਸਿਰਫ਼ ਦੂਜਿਆਂ ਨੂੰ ਸੰਵੇਦਨਾਹੀਣ ਪੱਥਰ ਬਣਾ ਰਹੇ ਹਨ ਸਗੋਂ ਆਪਣੇ ਆਪ ਨੂੰ ਵੀ ਪੱਥਰ ਬਣਾ ਰਹੇ ਹਨ। ਉਹ ਅਜਿਹੀਆਂ ਬਾਰੂਦੀ ਸੁਰੰਗਾਂ ਵਿਛਾ ਰਹੇ ਹਨ ਜਿਨ੍ਹਾਂ ਉੱਪਰ ਉਨ੍ਹਾਂ ਦੇ ਆਪਣੇ ਪੈਰ ਜ਼ਰੂਰ ਧਰੇ ਜਾਣਗੇ, ਇਹ ਹਕੀਕਤ ਉਹ ਜਾਣਦੇ ਹਨ। ਜਦੋਂ ਦਿਮਾਗ਼ ਉੱਪਰ ਚੌਕਸੀ ਅਤੇ ਚੁਕੰਨੇਪਣ ਦਾ ਪਹਿਰਾ ਹੋਵੇ ਤਾਂ ਉਸ ਦੇ ਲਈ ਥਿਰਕਣਾ ਅਤੇ ਨੱਚਣਾ ਸੰਭਵ ਨਹੀਂ ਹੁੰਦਾ। ਇਸ ਨਵੀਂ, ਛਲਾਵੇ ਨਾਲ ਭਰੀ ਜ਼ੁਬਾਨ ਵਿਚ ਭਾਰੇ, ਸੰਭਲ-ਸੰਭਲ ਕੇ ਹੀ ਕਦਮ ਚੁੱਕੇ ਜਾ ਸਕਦੇ ਹਨ।

ਕੁਝ ਵੀ ਹੋਵੇ, ਇਹ ਚੀਜ਼ਾਂ ਠੰਢੇ ਬਸਤੇ ਵਿਚ ਪਾਉਣ ਨਾਲ ਖ਼ਤਮ ਨਹੀਂ ਹੋ ਜਾਂਦੀਆਂ। ਇਹ ਬਹਿਸਾਂ ਜਿਸ ਧੌਂਸ ਅਤੇ ਬਦਲਾਖੋਰੀ ਨਾਲ ਹੋ ਰਹੀਆਂ ਹਨ, ਜੇ ਇਹ ਇਸ ਤੋਂ ਬਿਨਾ ਹੁੰਦੀਆਂ ਤਾਂ ਨਿਸ਼ਚਿਤ ਰੂਪ 'ਚ ਇਸ ਦੇ ਨਤੀਜੇ 'ਚ ਜੋ ਕੱਟੜਪੁਣੇ, ਨਸਲਵਾਦ ਅਤੇ ਲਿੰਗਵਾਦ ਦੀ ਗੜਬੜ ਨਜ਼ਰ ਆਉਂਦੀ ਹੈ, ਉਹ ਨਾ ਹੁੰਦੀ। ਇਸ ਦੀ ਬਜਾਇ, ਐਸੀਆਂ ਬੇਮਿਸਾਲ ਆਵਾਜ਼ਾਂ ਉੱਭਰ ਕੇ ਸਾਹਮਣੇ ਆਉਂਦੀਆਂ ਜੋ ਪਹਿਲਾਂ ਕਦੇ ਸੁਣੀਆਂ ਨਹੀਂ ਗਈਆਂ ਸਨ ਜੋ ਜ਼ਿਆਦਾਤਰ ਅਤੀਤ ਨੂੰ ਸ਼ਰਮਿੰਦਾ ਕਰ ਦੇਣਗੀਆਂ।

ਇਹ ਸਭ ਸਹੀ ਹੈ, ਫਿਰ ਵੀ, ਸ਼ਬਦਾਂ ਨੂੰ ਬਾਰੀਕੀ ਨਾਲ ਗੌਰ ਕਰਕੇ ਦੇਖਣਾ ਬੁਰਾ ਖ਼ਿਆਲ ਨਹੀਂ ਹੈ। ਕਿਉਂਕਿ ਕਦੇ-ਕਦੇ ਇਕ ਸ਼ਬਦ ਹੀ ਪੂਰੀ ਕਾਇਨਾਤ ਬਣ ਜਾਂਦਾ ਹੈ।

ਮਿਸਾਲ ਵਜੋਂ, ਜਦੋਂ ਪਹਿਲੀ ਵਾਰ ਮੇਰਾ ਨਾਵਲ ਛਪਿਆ ਅਤੇ ਮੈਂ ਪ੍ਰਕਾਸ਼ਿਤ ਨਾਵਲਕਾਰ ਬਣੀ ਤਾਂ ਭਾਰਤ ਤੋਂ ਬਾਹਰ ਮੰਚਾਂ ਉੱਪਰ ਅਕਸਰ ਹੀ ਮੇਰਾ ਤੁਆਰਫ਼ 'ਭਾਰਤੀ ਔਰਤ ਲੇਖਕ' ਵਜੋਂ ਕਰਵਾਇਆ ਜਾਂਦਾ (ਭਾਰਤ ਵਿਚ 'ਬੁੱਕਰ ਪੁਰਸਕਾਰ ਜੇਤੂ ਪਹਿਲੀ ਭਾਰਤੀ ਔਰਤ' ਕਿਹਾ

(ਪਿਛਲੇ ਸਫੇ ਦੀ ਬਾਕੀ)

ਜਾਂਦਾ ਹੈ)। ਹਰ ਵਾਰ ਜਦੋਂ ਅਜਿਹਾ ਹੁੰਦਾ ਤਾਂ ਮੈਂ ਅੰਦਰੋ-ਅੰਦਰੀ ਕੰਬ ਜਾਂਦੀ ਅਤੇ ਇਸ ਤਰ੍ਹਾਂ ਕਿਸੇ ਉੱਪਰ ਲੇਬਲ ਲਗਾਉਣ ਦੇ ਤਰੀਕਿਆਂ ਬਾਰੇ ਸੋਚਦੀ।

ਕੀ ਅਜਿਹਾ ਕਰਨਾ ਜ਼ਰੂਰੀ ਸੀ ਜਾਂ ਕੀ ਇਹ ਕਿਸੇ ਵਿਅਕਤੀ ਨੂੰ ਸੀਮਤ ਅਤੇ ਸੁੰਗੇੜਨ ਦਾ ਤਰੀਕਾ ਹੈ? ਆਖ਼ਿਰਕਾਰ, ਅਸੀਂ ਸਾਹਿਤ ਦੀ ਗੱਲ ਕਰ ਰਹੇ ਸੀ, ਵੀਜ਼ਾ ਅਰਜੀਆਂ ਦੀ ਨਹੀਂ। ਮੈਂ ਕੰਬ ਜਾਂਦੀ ਕਿਉਂਕਿ ਰਸੂਖਵਾਨ ਅਤੇ ਖ਼ੁਦ ਨੂੰ ਲਾਇਕ ਸਮਝਣ ਵਾਲੇ ਮਰਦ ਮੈਨੂੰ ਲਗਾਤਾਰ ਗਿਆਨ ਦਿੰਦੇ ਰਹਿੰਦੇ ਸਨ ਕਿ ਲਿਖਣਾ ਕਿਵੇਂ ਹੈ, ਕੀ ਲਿਖਣਾ ਹੈ, ਕਿਸ ਸੁਰ 'ਚ ਲਿਖਣਾ ਹੈ, ਮੇਰੇ ਵਰਗੀ (ਔਰਤ) ਲੇਖਕ ਦੇ ਲਿਖਣ ਲਈ ਕਿਹੜੇ ਵਿਸ਼ੇ ਮੁਨਾਸਿਬ ਹੋਣਗੇ। ਅਜਿਹਾ ਉਹ ਸਿਰਫ਼ ਨਿੱਜੀ ਤੌਰ 'ਤੇ ਹੀ ਨਹੀਂ ਕਹਿੰਦੇ, ਇੱਥੋਂ ਤੱਕ ਕਿ ਅਖ਼ਬਾਰਾਂ ਦੇ ਪਹਿਲੇ ਪੰਨਿਆਂ ਉੱਪਰ ਵੀ ਅਜਿਹੀਆਂ ਗੱਲਾਂ ਲਿਖੀਆਂ ਜਾਂਦੀਆਂ। ਇਕ ਸਲਾਹ ਅਕਸਰ ਦਿੱਤੀ ਜਾਂਦੀ ਹੈ ਕਿ ਮੈਂ ਬੱਚਿਆਂ ਲਈ ਕਹਾਣੀਆਂ ਲਿਖਾਂ। ਉਨ੍ਹਾਂ ਨੂੰ ਕਥਾ-ਸਹਿਤ ਨਾਲ ਓਨੀ ਪ੍ਰੇਸ਼ਾਨੀ ਨਹੀਂ ਹੁੰਦੀ ਜਿੰਨੀ ਉਨ੍ਹਾਂ ਲੇਖਾਂ ਨਾਲ ਹੁੰਦੀ, ਹਾਲਾਂਕਿ ਮੈਂ ਜੋ ਕਹਿ ਰਹੀ ਸੀ ਉਨ੍ਹਾਂ ਗੱਲਾਂ ਨਾਲ ਉਹ ਸਿਧਾਂਤਕ ਤੌਰ 'ਤੇ ਸਹਿਮਤ ਸਨ।

ਇਕ ਵਾਰ ਮੈਨੂੰ ਭਾਰਤ ਵਿਚ ਵੱਡੇ ਡੈਮਾਂ ਉੱਪਰ ਮੇਰੀਆਂ ਲਿਖਤਾਂ ਨੂੰ ਲੈ ਕੇ ਅਦਾਲਤ ਦੀ ਮਾਣਹਾਨੀ ਲਈ ਸੁਪਰੀਮ ਕੋਰਟ ਵਿਚ ਪੇਸ਼ ਹੋਣ ਲਈ ਕਿਹਾ ਗਿਆ। ਸੁਣਵਾਈ ਦੌਰਾਨ ਜੱਜ ਸਾਹਿਬ ਨਿਰਾਸ਼ਾ ਦੇ ਆਲਮ 'ਚ ਮੇਰੇ ਲੇਖ ਦਾ ਜ਼ਿਕਰ ਕਰਦਿਆਂ ਮੈਨੂੰ 'ਉਹ ਔਰਤ' ਕਹਿ ਰਹੇ ਸਨ; ਜਿਵੇਂ ਮੈਂ ਉਸ ਦੇ ਸਾਹਮਣੇ, ਉੱਥੇ ਮੌਜੂਦ ਨਾ ਹੋਵਾਂ। ਮੈਂ ਨਿੱਜੀ ਤੌਰ 'ਤੇ ਆਪਣੇ ਆਪ ਨੂੰ 'ਬੁੱਕਰ ਵਿਨਿੰਗ ਹੁਕਰ (ਬੁੱਕਰ ਜੇਤੂ ਬਜ਼ਾਰੂ)' ਕਹਿੰਦੀ। ਜਦੋਂ ਮੈਂ ਅਦਾਲਤ ਤੋਂ ਮੁਆਫ਼ੀ ਮੰਗਣ ਤੋਂ ਇਨਕਾਰ ਕਰ ਦਿੱਤਾ ਤਾਂ ਮੈਨੂੰ ਕਿਹਾ ਗਿਆ ਕਿ ਮੈਂ 'ਤਰਕਸ਼ੀਲ ਆਦਮੀ' ਵਾਂਗ ਵਿਹਾਰ ਨਹੀਂ ਕਰ ਰਹੀ ਅਤੇ ਮੈਨੂੰ ਇਕ ਦਿਨ ਲਈ ਜੇਲ੍ਹ ਭੇਜ ਦਿੱਤਾ ਗਿਆ।

ਉਦੋਂ ਤੋਂ ਬਾਅਦ ਹਾਲਾਤ ਬਦਲ ਗਏ ਹਨ। ਮੇਰੀ ਜਾਣ-ਪਛਾਣ ਲਈ ਤਿਆਰ ਕੀਤੀ ਗਈ ਸੂਚੀ ਵਿਚ ਇਕ-ਇਕ ਸ਼ਬਦ- ਭਾਰਤੀ, ਔਰਤ ਅਤੇ ਲੇਖਕ - ਅੱਜ ਕੱਲ੍ਹ ਅਜਿਹਾ ਵਿਸ਼ਾ ਬਣ ਗਏ ਹਨ ਜਿਨ੍ਹਾਂ ਉੱਪਰ ਬੜੀ ਬੇਕਰਾਰੀ ਨਾਲ ਅਤੇ ਬੜੀ ਮੁਸ਼ਕਿਲ ਨਾਲ ਛਾਣ-ਬੀਣ ਅਤੇ ਬਹਿਸਾਂ ਕੀਤੀਆਂ ਜਾ ਰਹੀਆਂ ਹਨ। ਇਹ ਸ਼ਬਦ ਅਜਿਹੇ ਟਕਰਾਵਾਂ ਦਾ ਵਿਸ਼ਾ ਹਨ ਜਿਨ੍ਹਾਂ ਉੱਪਰ ਤਕਰੀਬਨ ਕੋਈ ਰਾਜ਼ੀਨਾਮਾ ਨਹੀਂ ਹੋ ਸਕਦਾ। ਕੋਈ ਔਰਤ ਕੌਣ ਹੁੰਦੀ ਹੈ? ਜਾਂ ਦਰਅਸਲ ਮਨੁੱਖ ਕੌਣ ਹੁੰਦਾ ਹੈ? ਦੇਸ਼ ਕੀ ਹੁੰਦਾ ਹੈ? ਨਾਗਰਿਕ ਕੀ ਹੁੰਦਾ ਹੈ? ਓਪਨ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਅਤੇ ਚੈਟਜੀ.ਪੀ.ਟੀ. ਦੇ ਯੁਗ ਵਿਚ ਲੇਖਕ ਕੌਣ ਜਾਂ ਕੀ ਹੈ?

ਚਾਹੇ ਬਹੁਤ ਸਾਰੇ ਲੋਕ ਇਸ ਨੂੰ ਨਾ ਮੰਨਣ ਪਰ ਅਸੀਂ ਹੁਣ ਜਾਣਦੇ ਹਾਂ ਕਿ ਆਦਮੀ ਅਤੇ ਔਰਤ ਵਿਚਕਾਰਲੀ ਸਰਹੱਦ ਤਰਲ, ਹਮੇਸ਼ਾ ਬਦਲਦੀ ਰਹਿਣ ਵਾਲੀ ਚੀਜ਼ ਹੈ। ਇਹ ਉਹ ਚੀਜ਼ ਨਹੀਂ ਹੈ ਜੋ ਰਵਾਇਤੀ ਮਾਨਤਾਵਾਂ ਵਿਚ ਬਿਆਨ ਕੀਤੀ ਜਾਂਦੀ ਹੈ। ਉਂਝ, ਮਨੁੱਖ ਅਤੇ ਮਸ਼ੀਨ ਦਰਮਿਆਨ, ਕਲਾ ਅਤੇ ਕੋਡਿੰਗ ਦਰਮਿਆਨ, ਨਕਲੀ ਬੁੱਧੀ ਅਤੇ ਮਨੁੱਖੀ ਚੇਤਨਾ ਦਰਮਿਆਨ ਸਰਹੱਦ ਬਾਰੇ ਕੀ ਖ਼ਿਆਲ ਹੈ? ਕੀ ਇਹ ਸਰਹੱਦਾਂ ਓਨੀਆਂ ਹੀ ਪੱਕੀਆਂ ਅਤੇ ਬਣੀਆਂ-ਬਣਾਈਆਂ ਸਰਹੱਦਾਂ ਹਨ ਜਿਵੇਂ ਅਸੀਂ ਸੋਚਿਆ ਸੀ?

ਚੈਟਬੋਟਸ ਦਾ ਜ਼ਮਾਨਾ ਆ ਗਿਆ ਹੈ, ਤੇ ਕੁਝ ਲੋਕ ਕਹਿ ਰਹੇ ਹਨ ਕਿ ਨਕਲੀ ਬੁੱਧੀ (ਏ.ਆਈ.: ਆਰਟੀਫੀਸ਼ੀਅਲ ਇੰਟੈਲੀਜੈਂਸ) ਚੌਥੀ ਉਦਯੋਗਿਕ ਕ੍ਰਾਂਤੀ ਹੈ। ਕੀ ਲੇਖਕ, ਪੱਤਰਕਾਰ, ਕਲਾਕਾਰ ਅਤੇ ਸੰਗੀਤਕਾਰ ਹੌਲੀ-ਹੌਲੀ ਉਸੇ ਤਰ੍ਹਾਂ ਮਰ ਜਾਣਗੇ ਜਿਵੇਂ ਜੁਲਾਹੇ, ਕਾਰੀਗਰ, ਕਾਰਖ਼ਾਨੇ ਦੇ ਮਜ਼ਦੂਰ ਅਤੇ ਪੁਰਾਣੀ ਦੁਨੀਆ ਦੇ ਕਿਸਾਨ ਖ਼ਤਮ ਹੋ ਗਏ ਸਨ? (ਸ਼ਾਇਦ 'ਹੱਥ ਨਾਲ ਸਿਰਜੇ' ਅਤੇ 'ਹੱਥ ਨਾਲ ਬੁਣੇ' ਪਹਿਰਾਵਿਆਂ/ਪੁਸ਼ਾਕਾਂ ਅਤੇ ਕਲਾਕ੍ਰਿਤੀਆਂ ਵਾਂਗ ਨਾਵਲ ਵੀ 'ਹੱਥ ਨਾਲ ਲਿਖੇ' ਬਣ ਜਾਣਗੇ ਅਤੇ ਫਿਰ ਸਾਹਿਤ ਵਜੋਂ ਨਹੀਂ ਸਗੋਂ ਕਲਾਤਮਕ ਚੀਜ਼ਾਂ ਵਾਂਗ ਸੀਮਤ ਸੰਸਕਰਨਾਂ ਵਿਚ ਵਿਕਣਗੇ।) ਕੀ ਚੈਟਜੀ.ਪੀ.ਟੀ. ਬਿਹਤਰ ਸਾਹਿਤ ਰਚੇਗਾ ਜਾਂ ਸਿਡਨੀ ਜਾਂ ਬਿੰਜ?

ਮਹਾਨ ਭਾਸ਼ਾ ਵਿਗਿਆਨੀ ਨੋਮ ਚੌਮਸਕੀ ਸੋਚਦਾ ਹੈ ਕਿ ਇਹ ਅਸੰਭਵ ਹੈ। ਜੇਕਰ ਮੈਂ ਚੌਮਸਕੀ ਨੂੰ ਸਹੀ ਸਮਝ ਸਕੀ ਹਾਂ ਤਾਂ ਉਸ ਦਾ ਮੰਨਣਾ ਹੈ ਕਿ ਕੋਈ ਮਸ਼ੀਨ ਲਰਨਿੰਗ ਪ੍ਰੋਗਰਾਮ ਬੇਅੰਤ ਮਾਤਰਾ ਵਿਚ ਡੇਟਾ ਨੂੰ ਬਹੁਤ ਤੇਜ਼ੀ ਨਾਲ ਪ੍ਰਾਸੈੱਸ ਕਰ ਕੇ ਨਕਲੀ ਵਿਗਿਆਨ ਜਾਂ ਨਕਲੀ ਕਲਾ (ਸੂਡੋ-ਸਾਇੰਸ ਜਾਂ ਸੂਡੋ-ਆਰਟ) ਬਣਾ ਸਕਦਾ ਹੈ ਪਰ ਇਹ ਕਦੇ ਵੀ ਮਨੁੱਖੀ ਸਹਿਜ-ਬੋਧ ਦੀਆਂ ਜਟਿਲ ਸਮਰੱਥਾਵਾਂ ਦੀ ਥਾਂ ਨਹੀਂ ਲੈ ਸਕਦਾ।

ਇਸ ਨੂੰ ਲੈ ਕੇ ਭਾਰੀ ਬੇਚੈਨੀ ਹੈ ਕਿ ਜੇ ਓਪਨ ਏ.ਆਈ. ਨਿਯਮਾਂ ਅਤੇ ਕਾਇਦਿਆਂ ਤੋਂ ਬਿਨਾ ਦੁਨੀਆ ਵਿਚ ਥਾਂ ਬਣਾ ਲੈਂਦਾ ਹੈ ਤਾਂ ਕੀ ਹੋਵੇਗਾ; ਤੇ ਅਜਿਹੀ ਬੇਚੈਨੀ ਹੋਣੀ ਚਾਹੀਦੀ ਹੈ।

ਜਦੋਂ ਸਾਹਿਤ ਦੀ ਗੱਲ ਆਉਂਦੀ ਹੈ ਤਾਂ ਮੇਰੀ ਚਿੰਤਾ ਇਸ ਗੱਲ ਨੂੰ ਲੈ ਕੇ ਘੱਟ ਹੈ ਕਿ ਕੀ ਚੈਟਬੋਟਸ ਲੇਖਕਾਂ ਦੀ ਥਾਂ ਲੈ ਸਕਣਗੇ? (ਸ਼ਾਇਦ ਮੈਂ ਇਸ ਪੱਖੋਂ ਕੁਝ ਜ਼ਿਆਦਾ ਹੀ ਉਮਰ ਦਰਾਜ ਹਾਂ ਅਤੇ ਕੁਝ ਜ਼ਿਆਦਾ ਹੀ ਬੇਕਾਰ ਹਾਂ। ਜਾਂ ਸ਼ਾਇਦ ਇਹ ਇਸ ਲਈ ਹੈ ਕਿ ਮੈਂ ਸਾਹਿਤ ਨੂੰ 'ਵਸਤੂ' ਵਜੋਂ ਨਹੀਂ ਦੇਖਦੀ। ਇਸ ਪ੍ਰਕਿਰਿਆ 'ਚ ਜੋ ਦਰਦ, ਖ਼ੁਸ਼ੀ ਅਤੇ ਬਹੁਤ ਜ਼ਿਆਦਾ ਪਾਗਲਪਨ ਹੈ, ਉਹੀ ਮੇਰੇ ਲਿਖਣ ਦੀ ਅਸਲ ਵਜ੍ਹਾ ਹੈ)। ਮੇਰੀ ਚਿੰਤਾ ਇਹ ਹੈ ਕਿ ਇਨਸਾਨੀ ਲੇਖਕਾਂ ਨੂੰ - ਦੇਖੋ, ਮੈਂ ਕਹਿ ਹੀ ਦਿੱਤਾ, ਮੈਂ 'ਇਨਸਾਨੀ ਲੇਖਕ' ਕਿਹਾ - ਜਿੰਨੀ ਮਾਤਰਾ 'ਚ ਡੇਟਾ ਅਤੇ ਜਾਣਕਾਰੀ ਅੱਜ ਕੱਲ੍ਹ ਪ੍ਰੋਸੈੱਸ ਕਰਨੀ ਪੈਂਦੀ ਹੈ, ਅਤੇ ਗ਼ਲਤੀਆਂ ਤੋਂ ਬੇਦਾਗ਼ ਹੋਣ ਅਤੇ ਰਾਜਨੀਤਕ ਰੂਪ 'ਚ ਪੂਰੀ ਤਰ੍ਹਾਂ ਸਹੀ ਹੋਣ ਲਈ ਵਿਛੇ ਹੋਏ ਫੰਦਿਆਂ ਦੇ ਜਾਲ ਵਿਚੋਂ ਲੰਘਣਾ ਪੈਂਦਾ ਹੈ, ਖ਼ਤਰਾ ਇਹ ਹੈ ਕਿ ਲੇਖਕ ਆਪਣੀ ਸਹਿਜ-ਬੋਧ ਗੁਆ ਸਕਦੇ ਹਨ ਅਤੇ ਚੈਟਬੋਟ ਵਿਚ ਬਦਲ ਸਕਦੇ ਹਨ। ਇਹ ਸੰਭਵ ਹੈ ਕਿ ਫਿਰ ਰੂਹਾਂ ਦੀ ਅਦਲਾ-ਬਦਲੀ ਹੋ ਜਾਵੇਗੀ। ਚੈਟਬੋਟਸ ਫਿਰ ਅਸਲੀ ਰੂਹਾਂ ਦੇ ਰੂਪ ਵਿਚ ਦਿਖਾਈ ਦੇਣਗੇ, ਤੇ ਅਸਲ ਰੂਹਾਂ ਨੇ ਚੈਟਬੋਟ ਦਾ ਭੇਖ ਧਾਰਿਆ ਹੋਵੇਗਾ।

ਇਸ ਸਾਰੀ ਤਰਲਤਾ ਅਤੇ ਆਵਾਜਾਈ ਦੀ ਗੁੰਜਾਇਸ਼ ਦਰਮਿਆਨ, ਸਿਰਫ਼ ਜੋ ਸਰਹੱਦਾਂ ਮਜ਼ਬੂਤ ਹੁੰਦੀਆਂ ਜਾਪਦੀਆਂ ਹਨ, ਉਹ ਰਾਸ਼ਟਰੀ ਰਾਜਾਂ ਦਰਮਿਆਨ ਦੀਆਂ ਸਰਹੱਦਾਂ ਹਨ। ਉਹ ਮਜ਼ਬੂਤ ਨੀਹਾਂ ਅਤੇ ਸਖ਼ਤ ਕੰਡੇਦਾਰ ਤਾਰਾਂ ਵਾਲੀਆਂ ਸਰਹੱਦਾਂ ਹਨ, ਤੇ ਉਨ੍ਹਾਂ ਉੱਪਰ ਗਸ਼ਤ ਕੀਤੀ ਜਾ ਰਹੀ ਹੈ। ਜਦੋਂ ਫ਼ੌਜਾਂ ਉਨ੍ਹਾਂ ਨੂੰ ਪਾਰ ਕਰਦੀਆਂ ਹਨ, ਉਸ ਨੂੰ ਅਸੀਂ ਯੁੱਧ ਕਹਿੰਦੇ ਹਾਂ। ਜਦੋਂ ਲੋਕ ਉਨ੍ਹਾਂ ਨੂੰ ਪਾਰ ਕਰਦੇ ਹਨ ਤਾਂ ਉਸ ਨੂੰ ਸ਼ਰਨਾਰਥੀ ਸੰਕਟ ਕਿਹਾ ਜਾਂਦਾ ਹੈ। ਜਦੋਂ ਬੇਲਗਾਮ ਪੂੰਜੀ ਇਨ੍ਹਾਂ ਨੂੰ ਪਾਰ ਕਰਦੀ ਹੈ ਤਾਂ ਉਸ ਨੂੰ ਖੁੱਲ੍ਹੀ ਮੰਡੀ ਕਿਹਾ ਜਾਂਦਾ ਹੈ।

ਆਧੁਨਿਕ ਰਾਸ਼ਟਰ/ਰਾਜ ਨੇ ਇਕ ਵਿਚਾਰ ਵਜੋਂ ਹੁਣ ਈਸ਼ਵਰ ਦਾ ਦਰਜਾ ਹਾਸਲ ਕਰ ਲਿਆ ਹੈ ਜਿਸ ਦੇ ਲਈ ਜਾਨ ਲਈ ਜਾ ਸਕਦੀ ਅਤੇ ਦਿੱਤੀ ਜਾ ਸਕਦੀ ਹੈ ਪਰ ਹੁਣ, ਡਿਜੀਟਲ ਯੁੱਗ ਵਿਚ, ਕੀ ਅਸੀਂ ਇਕ ਨਵੀਂ ਕਿਸਮ ਦੇ ਰਾਜ ਵੱਲ ਵਧ ਰਹੇ ਹਾਂ? ਕੋਈ ਇਲੈਕਟ੍ਰਾਨਿਕ ਰਾਜ, ਜਾਂ ਜਿਸ ਨੂੰ ਸਟੇਟ ਇਨ ਏ ਸਮਾਰਟਫੋਨ (ਸਮਾਰਟਫੋਨ ਵਿਚ ਸਰਕਾਰ) ਕਿਹਾ ਜਾ ਰਿਹਾ ਹੈ? ਜੇ ਤੁਸੀਂ ਚਾਹੋ ਤਾਂ ਤੁਸੀਂ ਇਸ ਨੂੰ ਅਵਤਾਰ ਰਾਜ ਕਹਿ ਸਕਦੇ ਹੋ।

ਯੂ.ਐੱਸ.ਏਡ ਫੰਡ ਉੱਪਰ ਅਤੇ ਵੱਡੀਆਂ ਤਕਨੀਕੀ ਕੰਪਨੀਆਂ- ਐਮਾਜ਼ਨ, ਗੂਗਲ, ਔਰੈਕਲ ਦੀ ਹਮਾਇਤ ਨਾਲ ਅਵਤਾਰ ਰਾਜ ਸਾਡੇ ਸਾਹਮਣੇ ਤਕਰੀਬਨ ਹਕੀਕਤ ਬਣ ਚੁੱਕਾ ਹੈ। 2019 ਵਿਚ, ਯੂਕਰੇਨ ਦੀ ਸਰਕਾਰ ਨੇ ਡੀ.ਆਈ.ਆਈ.ਏ. ਦੀ ਸ਼ੁਰੂਆਤ ਕੀਤੀ ਜੋ ਐਸੀ ਸਮਾਰਟਫੋਨ ਐਪ ਹੈ ਜੋ ਡਿਜੀਟਲ ਸ਼ਨਾਖ਼ਤ ਦੇ ਕੰਮ ਆਉਂਦੀ ਹੈ। ਸੌ ਤੋਂ ਵੱਧ ਸਰਕਾਰੀ ਸੇਵਾਵਾਂ ਮੁਹੱਈਆ ਕਰਾਉਣ ਤੋਂ ਇਲਾਵਾ ਡੀ.ਆਈ.ਆਈ.ਏ. ਵਿਚ ਪਾਸਪੋਰਟ, ਵੈਕਸੀਨ ਸਰਟੀਫ਼ਿਕੇਟ ਅਤੇ ਹੋਰ ਸ਼ਨਾਖ਼ਤੀ ਕਾਰਡ ਜਾਂ ਦਸਤਾਵੇਜ਼ ਸਟੋਰ ਕੀਤੇ ਜਾ ਸਕਦੇ ਹਨ। ਡੀ.ਆਈ.ਆਈ.ਏ. ਸਿਟੀ ਉਸ ਦੀਆਂ ਸਰਹੱਦਾਂ ਤੋਂ ਬਾਹਰ ਇਸ ਦੀ ਵਿੱਤੀ ਰਾਜਧਾਨੀ ਹੈ- ਇਕ ਤਰ੍ਹਾਂ ਦਾ ਪੂੰਜੀ-ਨਿਵੇਸ਼ ਕੇਂਦਰ ਜਿੱਥੇ ਨਾਗਰਿਕ ਆਪਣੇ ਕੰਮਕਾਜ ਨੂੰ ਰਜਿਸਟਰ ਕਰਵਾ ਸਕਦੇ ਹਨ, ਤੇ ਕਾਰੋਬਾਰ ਕਰ ਸਕਦੇ ਹਨ।

ਸ਼ੁਰੂ 'ਚ ਡੀਆ ਜਾਂ ਡੀ.ਆਈ.ਆਈ.ਏ. (ਯੂਕਰੇਨੀ ਭਾਸ਼ਾ ਵਿਚ ਡੀਆ ਦਾ ਅਰਥ ਹੈ 'ਕਾਰਵਾਈ', ਤੇ ਡੀ.ਆਈ.ਆਈ.ਏ. 'ਰਾਜ ਅਤੇ ਮੈਂ' ਦਾ ਸੰਖੇਪ ਰੂਪ ਵੀ ਹੈ) ਦੀ ਕਲਪਨਾ 'ਪਾਰਦਰਸ਼ਤਾ ਅਤੇ ਕੁਸ਼ਲਤਾ' ਨੂੰ ਯਕੀਨੀ ਬਣਾਉਣ ਵਾਲੇ ਨੌਕਰਸ਼ਾਹ ਸੰਦ ਵਜੋਂ ਕੀਤੀ ਗਈ ਸੀ, ਰੂਸੀ ਹਮਲਾ ਸ਼ੁਰੂ ਹੋਣ ਤੋਂ ਬਾਅਦ ਇਸ ਨੂੰ ਯੂ.ਐਸ.ਏਡ ਦੀ ਪ੍ਰਸ਼ਾਸਕ ਸਮੰਤਾ ਪਾਵਰ ਦੇ ਸ਼ਬਦਾਂ 'ਚ 'ਯੁੱਧ ਲਈ ਅਪਣਾ ਲਿਆ ਗਿਆ'।' ਸਾਰੀਆਂ ਖ਼ਬਰਾਂ ਅਨੁਸਾਰ ਡੀ.ਆਈ.ਆਈ.ਏ. ਨੇ ਯੂਕਰੇਨ ਦੇ ਬਹਾਦਰ ਲੋਕਾਂ ਦੀ ਬਹੁਤ ਵੱਡੀ ਸੇਵਾ ਕੀਤੀ ਹੈ।


ਹੁਣ ਇਸ ਦਾ ਨਾਗਰਿਕਾਂ ਲਈ ਇਕ 24 ਘੰਟੇ ਸੱਤੇ ਦਿਨ ਚੱਲਦਾ ਰਹਿਣ ਵਾਲਾ ਸਰਕਾਰੀ ਨਿਊਜ਼ ਚੈਨਲ ਹੈ ਜਿਸ ਤੋਂ ਨਾਗਰਿਕ ਯੁੱਧ ਸਬੰਧੀ ਤਾਜ਼ਾ ਜਾਣਕਾਰੀ ਹਾਸਲ ਕਰ ਸਕਦੇ ਹਨ। ਸ਼ਰਨਾਰਥੀ ਇਸ ਉੱਪਰ ਆਪਣੇ ਆਪ ਨੂੰ ਰਜਿਸਟਰ ਕਰ ਸਕਦੇ ਹਨ, ਮੁਆਵਜ਼ੇ ਦੇ ਦਾਅਵੇ ਦਾਇਰ ਕਰ ਸਕਦੇ ਹਨ। ਖ਼ਬਰਾਂ ਅਨੁਸਾਰ ਨਾਗਰਿਕ ਇਸ ਉੱਪਰ ਦੁਸ਼ਮਣ ਨੂੰ ਸਹਿਯੋਗ ਦੇਣ ਵਾਲਿਆਂ ਦੀ ਜਾਣਕਾਰੀ ਅਤੇ ਰੂਸੀ ਫ਼ੌਜੀ ਸਰਗਰਮੀਆਂ ਦੀਆਂ ਫੋਟੋਆਂ ਅੱਪਲੋਡ ਕਰ ਸਕਦੇ ਹਨ। ਇਹ ਇਕ ਤਰ੍ਹਾਂ ਦਾ ਰੀਅਲ-ਟਾਈਮ ਪਬਲਿਕ ਖ਼ੁਫ਼ੀਆ ਇੰਟੈਲੀਜੈਂਸ ਅਤੇ ਨਿਗਰਾਨੀ ਨੈੱਟਵਰਕ ਬਣ ਗਿਆ ਹੈ ਜਿਸ ਦਾ ਸੰਚਾਲਨ ਆਮ ਨਾਗਰਿਕ ਕਰ ਰਹੇ ਹਨ।

ਜਦੋਂ ਯੁੱਧ ਸ਼ੁਰੂ ਹੋਇਆ ਤਾਂ ਡੀ.ਆਈ.ਆਈ.ਏ. ਵਿਚ ਸਟੋਰ ਕੀਤੇ ਯੂਕਰੇਨੀ ਨਾਗਰਿਕਾਂ ਦੇ ਨਿੱਜੀ ਡੇਟਾ ਨੂੰ ਮਹਿਫ਼ੂਜ਼ ਕਰਨ ਲਈ ਐਮਾਜ਼ਨ ਏ.ਡਬਲਿਊ.ਐੱਸ. ਸਨੋਬਾਲਜ਼ ਕਹੀਆਂ ਜਾਣ ਵਾਲੀਆਂ ਮਿਲਟਰੀ ਗਰੇਡ ਹਾਰਡ ਡਰਾਈਵਾਂ ਵਿਚ ਟਰਾਂਸਫਰ ਕਰ ਦਿੱਤਾ ਗਿਆ ਜੋ ਕਲਾਊਡ ਵਿਚ ਡੇਟਾ ਅੱਪਲੋਡ-ਡਾਊਨਲੋਡ ਕਰਨ ਦੇ ਕੰਮ ਆਉਂਦੀਆਂ ਹਨ। ਫਿਰ ਉਨ੍ਹਾਂ ਨੂੰ ਯੂਕਰੇਨ ਤੋਂ ਬਾਹਰ ਲਿਜਾਇਆ ਗਿਆ ਅਤੇ ਸਾਰਾ ਡੇਟਾ ਕਲਾਊਡ ਉੱਪਰ ਅੱਪਲੋਡ ਕਰ ਦਿੱਤਾ ਗਿਆ।

ਯੂਕਰੇਨ ਦੇ ਲੋਕ ਜਿਸ ਤਰ੍ਹਾਂ ਦੇ ਵਿਨਾਸ਼ਕਾਰੀ ਯੁੱਧ ਦਾ ਸਾਹਮਣਾ ਕਰ ਰਹੇ ਹਨ ਅਤੇ ਉਸ ਦੀਆਂ ਪੈਦਾ ਕੀਤੀਆਂ ਮੁਸੀਬਤਾਂ ਝੱਲ ਰਹੇ ਹਨ। ਯੁੱਧ ਵਿਚ ਜੇ ਕਰ ਲੋਕ ਪੂਰੀ ਤਰ੍ਹਾਂ ਆਪਣੀ ਸਰਕਾਰ ਦੇ ਨਾਲ ਹਨ ਤਾਂ ਆਪਣੇ ਸਮਾਰਟਫੋਨਾਂ ਵਿਚ ਆਪਣੀ ਸਰਕਾਰ ਹੋਣ ਦੇ ਬੇਮਿਸਾਲ ਫ਼ਾਇਦੇ ਹਨ ਪਰ ਕੀ ਸ਼ਾਂਤੀ ਦੇ ਸਮਿਆਂ ਵਿਚ ਵੀ ਇਨ੍ਹਾਂ ਲਾਭਾਂ ਵਿਚ ਵਾਧਾ ਹੁੰਦਾ ਹੈ? ਕਿਉਂਕਿ ਐਡਵਰਡ ਸਨੋਡਨ ਦੀ ਬਦੌਲਤ ਅਸੀਂ ਜਾਣਦੇ ਹਾਂ ਕਿ ਨਿਗਰਾਨੀ ਦੋ-ਧਾਰੀ ਤਲਵਾਰ ਹੈ। ਸਾਡੇ ਫੋਨ ਸਾਡੇ ਸਭ ਤੋਂ ਨੇੜਲੇ ਦੁਸ਼ਮਣ ਹਨ ਜੋ ਸਾਡੀ ਜਾਸੂਸੀ ਵੀ ਕਰਦੇ ਹਨ।

'ਲੋਕਤੰਤਰੀ ਦੁਨੀਆ ਦੀ ਰੱਖਿਆ' ਲਈ ਯੂ.ਐੱਸ.ਏਡ ਦੀ ਯੋਜਨਾ ਹੈ ਕਿ ਡੀ.ਆਈ.ਆਈ.ਏ. ਜਾਂ ਅਜਿਹੀ ਹੀ ਐਪ ਨੂੰ ਦੂਜੇ ਮੁਲਕਾਂ ਵਿਚ ਲਾਗੂ ਕੀਤਾ ਜਾਵੇ। ਇਕੁਆਡੋਰ, ਜ਼ਾਂਬੀਆ, ਡੋਮਿਨਿਕਨ ਰਿਪਬਲਿਕ ਵਰਗੇ ਮੁਲਕ ਇਸ ਕਤਾਰ ਵਿਚ ਸਭ ਤੋਂ ਅੱਗੇ ਹਨ। ਚਿੰਤਾ ਦੀ ਗੱਲ ਇਹ ਹੈ ਕਿ ਇਕ ਵਾਰ ਜਦੋਂ ਡੀ.ਆਈ.ਆਈ.ਏ. ਵਰਗੀ ਐਪ ਨੂੰ 'ਯੁੱਧ ਲਈ ਅਪਣਾ ਲਿਆ' ਜਾਂਦਾ ਹੈ ਤਾਂ ਕੀ ਇਸ ਨੂੰ ਸ਼ਾਂਤੀ ਦੇ ਲਈ 'ਤਿਆਗਿਆ' ਜਾਂ 'ਬਦਲਿਆ' ਜਾ ਸਕਦਾ ਹੈ? ਕੀ ਹਥਿਆਰਾਂ ਦੇ ਰੂਪ 'ਚ ਢਾਲ ਦਿੱਤੀ ਗਈ ਨਾਗਰਿਕ ਆਬਾਦੀ ਤੋਂ ਉਸ ਦਾ ਇਹ ਰੂਪ ਵਾਪਸ ਲਿਆ ਜਾ ਸਕਦਾ ਹੈ? ਕੀ ਨਿੱਜੀ ਹੱਥਾਂ ਨੂੰ ਸੌਂਪੇ ਗਏ ਡੇਟਾ ਨੂੰ ਮੁੜ ਵਿਅਕਤੀਗਤ ਬਣਾਉਣਾ ਸੰਭਵ ਹੈ?

***ਮਹਾਨ ਭਾਸ਼ਾ ਵਿਗਿਆਨੀ ਨੋਮ ਚੌਮਸਕੀ ਦਾ ਮੰਨਣਾ ਹੈ ਕਿ ਕੋਈ ਮਸ਼ੀਨ ਲਰਨਿੰਗ ਪ੍ਰੋਗਰਾਮ ਬੇਅੰਤ ਮਾਤਰਾ ਵਿਚ ਡੇਟਾ ਨੂੰ ਬਹੁਤ ਤੇਜ਼ੀ ਨਾਲ ਪ੍ਰੋਸੈੱਸ ਕਰ ਕੇ ਨਕਲੀ ਵਿਗਿਆਨ ਜਾਂ ਨਕਲੀ ਕਲਾ (ਸੂਡੋ-ਸਾਇੰਸ ਜਾਂ ਸੂਡੋ-ਆਰਟ) ਬਣਾ ਸਕਦਾ ਹੈ ਪਰ ਇਹ ਕਦੇ ਵੀ ਮਨੁੱਖੀ ਸਹਿਜ-ਬੋਧ ਦੀਆਂ ਜਟਿਲ ਸਮਰੱਥਾਵਾਂ ਦੀ ਥਾਂ ਨਹੀਂ ਲੈ ਸਕਦਾ।***



ਭਾਰਤ ਵੀ ਇਸ ਰਾਹ 'ਤੇ ਚੱਲ ਰਿਹਾ ਹੈ। ਪ੍ਰਧਾਨ ਮੰਤਰੀ ਵਜੋਂ ਨਰਿੰਦਰ ਮੋਦੀ ਦੇ ਪਹਿਲੇ ਕਾਰਜਕਾਲ ਦੌਰਾਨ ਭਾਰਤ ਦੀ ਉਸ ਸਮੇਂ ਦੀ ਸਭ ਤੋਂ ਵੱਡੀ ਕਾਰਪੋਰੇਟ ਕੰਪਨੀ ਰਿਲਾਇੰਸ ਇੰਡਸਟਰੀਜ਼ ਨੇ ਜੀਓ ਨਾਂ ਦਾ ਮੁਫ਼ਤ ਵਾਇਰਲੈੱਸ ਡੇਟਾ ਨੈੱਟਵਰਕ ਲਾਂਚ ਕੀਤਾ ਸੀ ਜਿਸ ਵਿਚ ਇਕ ਬਹੁਤ ਹੀ ਸਸਤਾ ਸਮਾਰਟਫੋਨ ਵੀ ਨਾਲ ਦਿੱਤਾ ਜਾਂਦਾ ਸੀ। ਇਕ ਵਾਰ ਆਪਣੇ ਸ਼ਰੀਕਾਂ ਨੂੰ ਮੁਕਾਬਲੇ ਤੋਂ ਬਾਹਰ ਕਰ ਦੇਣ ਤੋਂ ਬਾਅਦ ਜੀਓ ਨੇ ਪੈਸੇ ਵਸੂਲਣੇ ਸ਼ੁਰੂ ਕਰ ਦਿੱਤੇ। ਜੀਓ ਨੇ ਭਾਰਤ ਨੂੰ ਦੁਨੀਆ ਦੇ ਸਭ ਤੋਂ ਵੱਡੇ ਵਾਇਰਲੈੱਸ ਡੇਟਾ ਖ਼ਪਤਕਾਰ ਵਿਚ ਬਦਲ ਦਿੱਤਾ ਹੈ- ਇੱਥੇ ਕੁਲ-ਮਿਲਾ ਕੇ ਚੀਨ ਅਤੇ ਅਮਰੀਕਾ ਨਾਲੋਂ ਜ਼ਿਆਦਾ ਇੰਟਰਨੈੱਟ ਖ਼ਪਤਕਾਰ ਹਨ।

2019 ਤੱਕ 30 ਕਰੋੜ ਸਮਾਰਟਫੋਨ ਖ਼ਪਤਕਾਰ ਸਨ। ਇੰਟਰਨੈੱਟ ਨਾਲ ਜੁੜੇ ਹੋਣ ਦੇ ਬੇਸ਼ੱਕ ਅਨੇਕਾਂ ਫ਼ਾਇਦੇ ਹਨ ਪਰ ਨਾਲ ਦੀ ਨਾਲ ਇਹੀ ਕਰੋੜਾਂ ਲੋਕ ਨਫ਼ਰਤ ਦੇ, ਸਮਾਜੀ ਤੌਰ 'ਤੇ ਰੇਡੀਐਕਟਿਵ ਸੰਦੇਸ਼ਾਂ ਦੇ, ਤੇ ਅਨੰਤ ਜਾਅਲੀ ਖ਼ਬਰਾਂ ਦੇ ਦਰਸ਼ਕ ਵੀ ਹਨ ਜੋ ਸੋਸ਼ਲ ਮੀਡੀਆ ਤੋਂ ਹੁੰਦੀਆਂ ਹੋਈਆਂ ਉਨ੍ਹਾਂ ਦੇ ਫੋਨਾਂ ਤੱਕ ਲਗਾਤਾਰ ਪਹੁੰਚਦੀਆਂ ਰਹਿੰਦੀਆਂ ਹਨ। ਇੱਥੇ ਤੁਸੀਂ ਭਾਰਤ ਨੂੰ ਇਸ ਦੇ ਅਸਲੀ ਨੰਗੇ ਰੂਪ ਵਿਚ ਦੇਖ ਸਕਦੇ ਹੋ।

ਇਹ ਉਹ ਜਗ੍ਹਾ ਹੈ ਜਿੱਥੋਂ ਮੁਸਲਮਾਨਾਂ ਦੇ ਸਮੂਹਿਕ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਦਾ ਸੱਦਾ ਦੇਣ ਵਾਲਿਆਂ ਦੀ ਆਵਾਜ਼ ਦੂਰ-ਦੂਰ ਤੱਕ ਪਹੁੰਚਦੀ ਹੈ। ਜਿੱਥੇ ਮੁਸਲਮਾਨਾਂ ਦੇ ਕਤਲੇਆਮ ਕਰਨ ਵਾਲੇ ਹਿੰਦੂ 'ਯੋਧਿਆਂ' ਦੀਆਂ ਵੀਡੀਓ, ਮੁਸਲਮਾਨਾਂ ਵੱਲੋਂ ਹਿੰਦੂਆਂ ਦੀਆਂ ਹੱਤਿਆਵਾਂ ਕਰਨ ਦੀਆਂ ਜਾਅਲੀ ਵੀਡੀਓ ਅਤੇ ਕੋਵਿਡ ਮਹਾਮਾਰੀ ਫੈਲਾਉਣ ਲਈ ਚੋਰੀ-ਛੁਪੇ ਫ਼ਲਾਂ ਉੱਪਰ ਥੁੱਕਦੇ ਮੁਸਲਮਾਨ ਫ਼ਲ ਵਿਕ੍ਰੇਤਾਵਾਂ ਦੀਆਂ ਜਾਅਲੀ ਵੀਡੀਓ ਲੋਕਾਂ ਵਿਚ ਫੈਲਾ ਕੇ ਉਨ੍ਹਾਂ 'ਚ ਗੁੱਸੇ ਅਤੇ ਨਫ਼ਰਤ ਦੀ ਅੱਗ ਭੜਕਾਈ ਜਾਂਦੀ ਹੈ (ਜਿਵੇਂ ਨਾਜ਼ੀ ਜਰਮਨੀ ਵਿਚ ਯਹੂਦੀਆਂ ਉੱਪਰ ਟਾਈਫਸ ਫੈਲਾਉਣ ਦੇ ਦੋਸ਼ ਲਗਾਏ ਗਏ ਸਨ)। ਮੁੱਖ ਧਾਰਾ ਦੇ ਮੀਡੀਆ ਦਾ ਹਿੰਦੂ ਸਰਵਉੱਚਤਾਵਾਦੀਆਂ ਦੇ ਸੋਸ਼ਲ ਮੀਡੀਆ ਚੈਨਲਾਂ ਨਾਲ ਉਹੀ ਰਿਸ਼ਤਾ ਹੈ ਜੋ ਰਵਾਇਤੀ ਫ਼ੌਜ ਦਾ ਕਾਤਲ ਦਸਤੇ ਨਾਲ ਹੁੰਦਾ ਹੈ। ਅਜਿਹੇ ਦਸਤੇ ਉਹ ਕੰਮ ਕਰ ਸਕਦੇ ਹਨ ਜੋ ਰਵਾਇਤੀ ਫ਼ੌਜ ਲਈ ਗ਼ੈਰ-ਕਾਨੂੰਨੀ ਹੁੰਦੇ ਹਨ।

ਭਾਰਤ ਵਿਚ ਡਿਜੀਟਲ ਕ੍ਰਾਂਤੀ ਇਸ ਗੱਲ ਦੀ ਸਟੀਕ ਮਿਸਾਲ ਹੈ ਕਿ ਕਿਵੇਂ ਵੱਡੇ ਕਾਰੋਬਾਰ ਅਤੇ ਹਿੰਦੂ ਸ਼੍ਰੇਸ਼ਟਤਾਵਾਦ ਤਾਲਮੇਲ ਬਿਠਾ ਕੇ ਚੱਲ ਸਕਦੇ ਹਨ।

ਲੱਖਾਂ ਭਾਰਤੀ ਨਾਗਰਿਕਾਂ ਨੂੰ ਡਿਜੀਟਲ ਰੰਗ-ਮੰਚ ਉੱਪਰ ਲਿਜਾਇਆ ਜਾ ਰਿਹਾ ਹੈ, ਪੂਰੀਆਂ ਦੀਆਂ ਪੂਰੀਆਂ ਜ਼ਿੰਦਗੀਆਂ ਔਨਲਾਈਨ ਚਲ ਰਹੀਆਂ ਹਨ - ਸਿੱਖਿਆ, ਮੈਡੀਕਲ ਸੇਵਾਵਾਂ, ਵਪਾਰ, ਬੈਂਕਿੰਗ ਅਤੇ ਗ਼ਰੀਬਾਂ ਲਈ ਰਾਸ਼ਨ ਦੀ ਵੰਡ ਸਭ ਔਨਲਾਈਨ ਹੋ ਰਿਹਾ ਹੈ। ਸੋਸ਼ਲ ਮੀਡੀਆ ਚਲਾਉਣ ਵਾਲੀਆਂ ਕਾਰਪੋਰੇਟ ਕੰਪਨੀਆਂ ਨੂੰ ਹੁਣ ਸਰਕਾਰਾਂ ਦਾ ਕਹਿਣਾ ਜ਼ਿਆਦਾ ਮੰਨਣਾ ਪੈਂਦਾ ਹੈ ਕਿਉਂਕਿ ਉਹ ਮੰਡੀ ਦੇ ਏਨੇ ਵੱਡੇ ਹਿੱਸੇ ਨੂੰ ਕੰਟਰੋਲ ਕਰਦੇ ਹਨ।

ਕਿਉਂਕਿ ਜਦੋਂ ਸਰਕਾਰ ਨਾਰਾਜ਼ ਹੁੰਦੀ ਹੈ, ਜਿਵੇਂ ਅਕਸਰ ਹੁੰਦਾ ਹੈ ਤਾਂ ਉਹ ਸਭ ਕੁਝ ਬੰਦ ਕਰ ਸਕਦੀ ਹੈ। ਜਲਦੀ ਹੀ 2023 ਡਿਜੀਟਲ ਇੰਡੀਆ ਐਕਟ ਵਰਗਾ ਨਵਾਂ ਸਖ਼ਤ ਕਾਨੂੰਨ ਲਾਗੂ ਹੋਣ ਵਾਲਾ ਹੈ ਜੋ ਸਰਕਾਰ ਨੂੰ ਇੰਟਰਨੈੱਟ ਉੱਪਰ ਅਜਿਹੀ ਤਾਕਤ ਮੁਹੱਈਆ ਕਰਾਏਗਾ ਜਿਸ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਇਸ ਤੋਂ ਬਿਨਾ ਵੀ ਭਾਰਤ ਦੁਨੀਆ ਦੇ ਕਿਸੇ ਵੀ ਮੁਲਕ ਨਾਲੋਂ ਵੱਧ ਇੰਟਰਨੈੱਟ ਬੰਦ ਕਰਨ ਵਾਲਾ ਮੁਲਕ ਹੈ।

2019 ਵਿਚ ਕਸ਼ਮੀਰ ਘਾਟੀ ਦੇ 70 ਲੱਖ ਬਾਸ਼ਿੰਦਿਆਂ ਉੱਪਰ ਟੈਲੀਕਾਮ ਅਤੇ ਇੰਟਰਨੈੱਟ ਦੀ ਘੇਰਾਬੰਦੀ ਥੋਪ ਦਿੱਤੀ ਗਈ ਜੋ ਮਹੀਨਿਆਂ ਤੱਕ ਚੱਲੀ। ਕੋਈ ਫੋਨ ਕਾਲ ਨਹੀਂ, ਕੋਈ ਟੈਕਸਟ ਨਹੀਂ, ਕੋਈ ਸੁਨੇਹਾ ਨਹੀਂ, ਕੋਈ ਓ.ਟੀ.ਪੀ. ਨਹੀਂ, ਕੋਈ ਇੰਟਰਨੈੱਟ ਨਹੀਂ। ਕੁਝ ਵੀ ਨਹੀਂ; ਤੇ ਉਨ੍ਹਾਂ ਦੇ ਲਈ ਸਟਾਰਲਿੰਕ ਸੈਟੇਲਾਈਟ ਮੁਹੱਈਆ ਕਰਾਉਣ ਵਾਲਾ ਕੋਈ ਨਹੀਂ ਸੀ।

ਅੱਜ ਜਦੋਂ ਮੈਂ ਇੱਥੇ ਬੋਲ ਰਹੀ ਹਾਂ ਤਾਂ 2 ਕਰੋੜ 70 ਲੱਖ ਦੀ ਆਬਾਦੀ ਵਾਲੇ ਪੰਜਾਬ ਰਾਜ ਵਿਚ ਇੰਟਰਨੈੱਟ ਬੰਦੀ ਦਾ ਚੌਥਾ ਦਿਨ ਹੈ ਕਿਉਂਕਿ ਪੁਲਿਸ ਸਿਆਸੀ ਕਾਰਨਾਂ ਕਰ ਕੇ ਫ਼ਰਾਰ ਦੱਸੇ ਜਾ ਰਹੇ ਇਕ ਸ਼ਖ਼ਸ ਦੀ ਭਾਲ ਕਰ ਰਹੀ ਹੈ ਅਤੇ ਉਨ੍ਹਾਂ ਨੂੰ ਚਿੰਤਾ ਹੈ ਕਿ ਉਹ ਕਿਤੇ ਹਮਾਇਤ ਨਾ ਜੁਟਾ ਲਵੇ।

2026 ਤੱਕ ਭਾਰਤ ਵਿਚ ਇਕ ਅਰਬ ਸਮਾਰਟਫੋਨ ਖ਼ਪਤਕਾਰ ਹੋਣ ਦੀ ਉਮੀਦ ਹੈ। ਜ਼ਰਾ ਕਲਪਨਾ ਕਰੋ ਕਿ ਡੀ.ਆਈ.ਆਈ.ਏ. ਐਪ ਦੇ ਭਾਰਤੀ ਐਡੀਸ਼ਨ ਵਿਚ ਕਿੰਨਾ ਵੱਡਾ ਡੇਟਾ ਹੋਵੇਗਾ। ਕਲਪਨਾ ਕਰੋ ਕਿ ਇਹ ਸਾਰਾ ਡੇਟਾ ਨਿੱਜੀ ਕਾਰਪੋਰੇਸ਼ਨਾਂ ਦੇ ਹੱਥਾਂ ਵਿਚ ਹੈ; ਜਾਂ, ਕਲਪਨਾ ਕਰੋ ਕਿ ਇਹ ਕਿਸੇ ਫਾਸ਼ੀਵਾਦੀ ਰਾਜ ਦੇ ਹੱਥਾਂ ਵਿਚ ਹੈ ਅਤੇ ਇਸ ਦੇ ਪ੍ਰਚਾਰ 'ਚ ਮਦਹੋਸ਼, ਇੰਤਹਾਪਸੰਦ ਹਮਾਇਤੀਆਂ ਦੇ ਹੱਥਾਂ ਵਿਚ ਹੈ।

ਮਿਸਾਲ ਲਈ ਮੰਨ ਲਓ ਕਿ ਕੋਈ ਬੇਨਾਮ ਮੁਲਕ ਕੋਈ ਨਵਾਂ ਨਾਗਰਿਕਤਾ ਕਾਨੂੰਨ ਪਾਸ ਕਰਨ ਤੋਂ ਬਾਅਦ ਆਪਣੇ ਹੀ ਨਾਗਰਿਕਾਂ ਵਿਚੋਂ ਲੱਖਾਂ 'ਸ਼ਰਨਾਰਥੀ' ਤਿਆਰ ਕਰਦਾ ਹੈ। ਇਹ ਉਨ੍ਹਾਂ ਨੂੰ ਜਲਾਵਤਨ ਨਹੀਂ ਦੇ ਸਕਦਾ, ਇਸ ਕੋਲ ਉਨ੍ਹਾਂ ਸਾਰਿਆਂ ਨੂੰ ਕੈਦ ਕਰਨ ਵਾਸਤੇ ਜੇਲ੍ਹਾਂ ਬਣਾਉਣ ਲਈ ਪੈਸਾ ਨਹੀਂ ਹੈ ਪਰ ਇਸ ਬੇਨਾਮ ਮੁਲਕ ਨੂੰ ਗੁਲਾਗ ਜਾਂ ਤਸੀਹਾ ਕੈਂਪ ਬਣਾਉਣ ਦੀ ਵੀ ਲੋੜ ਨਹੀਂ ਪਵੇਗੀ। ਇਹ ਉਨ੍ਹਾਂ ਸ਼ਰਨਾਰਥੀਆਂ ਨੂੰ ਬਸ ਸਵਿਚ-ਆਫ ਕਰ ਸਕਦਾ ਹੈ। ਇਹ ਉਨ੍ਹਾਂ ਦੇ ਸਮਾਰਟਫੋਨਾਂ ਵਿਚ ਸਰਕਾਰ ਨੂੰ ਸਵਿਚ-ਆਫ ਕਰ ਸਕਦਾ ਹੈ। ਫਿਰ ਇਸ ਦੇ ਕੋਲ ਕੰਮ ਕਰਨ ਲਈ ਤਿਆਰ ਵੱਡੀ ਆਬਾਦੀ ਹੋਵੇਗੀ, ਮਜ਼ਦੂਰਾਂ ਦੀ ਉਪ-ਸ਼੍ਰੇਣੀ ਹੋਵੇਗੀ ਜਿਸ ਕੋਲ ਕੋਈ ਅਧਿਕਾਰ ਨਹੀਂ ਹੋਵੇਗਾ, ਜਿਨ੍ਹਾਂ ਦੇ ਲਈ ਕੋਈ ਘੱਟੋ-ਘੱਟ ਮਜ਼ਦੂਰੀ ਨਹੀਂ ਹੋਵੇਗੀ, ਜਿਨ੍ਹਾਂ ਨੂੰ ਵੋਟ ਪਾਉਣ, ਸਿਹਤ ਸੇਵਾਵਾਂ, ਰਾਸ਼ਨ ਆਦਿ ਲੈਣ ਦਾ ਕੋਈ ਅਧਿਕਾਰ ਨਹੀਂ ਹੋਵੇਗਾ।

ਉਨ੍ਹਾਂ ਨੂੰ ਸਰਕਾਰੀ ਅੰਕੜਿਆਂ ਅਤੇ ਰਿਪੋਰਟਾਂ ਵਿਚ ਸ਼ਾਮਿਲ ਕਰਨ ਦੀ ਵੀ ਜ਼ਰੂਰਤ ਨਹੀਂ ਹੋਵੇਗੀ। ਇਸ ਨਾਲ ਅੰਕੜਿਆਂ 'ਚ ਬੇਨਾਮ ਮੁਲਕ ਦੀ ਬਿਹਤਰ ਤਸਵੀਰ ਉੱਭਰੇਗੀ। ਇਹ ਇਕ ਪੂਰੀ ਤਰ੍ਹਾਂ ਸਮਰੱਥ ਅਤੇ ਪਾਰਦਰਸ਼ੀ ਕਾਰਵਾਈ ਹੋ ਸਕਦੀ ਹੈ। ਇਹ ਇਕ ਮਹਾਨ ਲੋਕਤੰਤਰ ਦੀ ਤਰ੍ਹਾਂ ਵੀ ਦਿਖਾਈ ਦੇ ਸਕਦਾ ਹੈ।

ਅਜਿਹਾ ਰਾਜ ਕਿਹੋ ਜਿਹਾ ਮਹਿਸੂਸ ਹੋਵੇਗਾ? ਜਾਂ ਇਸ ਦਾ ਸੁਆਦ ਕਿਹੋ ਜਿਹਾ ਹੋਵੇਗਾ? ਕੀ ਇਹ ਅਜਨਬੀ ਜਿਹੀ ਚੀਜ਼ ਹੋਵੇਗੀ? ਜਾਂ ਕੀ ਇਹ ਕੋਈ ਬਹੁਤ ਜਾਣੀ-ਪਛਾਣੀ ਚੀਜ਼ ਹੋਵੇਗੀ?

ਤਹੱਮਲ ਨਾਲ ਸੁਣਨ ਲਈ ਤੁਹਾਡਾ ਧੰਨਵਾਦ। ਫ਼ਿਲਹਾਲ, ਵਿਦਾ ਲੈਂਦੀ ਹਾਂ ਅਤੇ ਇਹ ਵਿਚਾਰ ਤੁਹਾਡੇ ਅੰਗ-ਸੰਗ ਛੱਡਣਾ ਚਾਹੁੰਦੀ ਹਾਂ। ਇਕ ਮੁਲਕ ਕੀ ਹੁੰਦਾ ਹੈ? ਹਕੂਮਤ ਕੀ ਹੁੰਦੀ ਹੈ? ਇਨਸਾਨ ਕੀ ਹੁੰਦਾ ਹੈ? ਅਤੇ ਲੇਖਕ ਕੌਣ, ਜਾਂ ਕੀ ਚੀਜ਼ ਹੁੰਦਾ ਹੈ? ***(ਸਮਾਪਤ)***

## ਪ੍ਰਤੀਕਰਮ

# ਗੁਰਬਾਣੀ, ਮਾਰਕਸਵਾਦ ਤੇ ਸਾਡੇ ਨਵ-ਸਿੱਖ ਚਿੰਤਕ

*'ਪੰਜਾਬ ਟਾਈਮਜ਼' ਦੇ ਪਿਛਲੇ ਕੁਝ ਅੰਕਾਂ ਵਿਚ ਗੁਰਮਤਿ ਅਤੇ ਮਾਰਕਸਵਾਦ ਦੀਆਂ ਧਾਰਨਾਵਾਂ ਬਾਰੇ ਕੁਝ ਲੇਖ ਛਾਪੇ ਗਏ ਸਨ। ਇਸ ਮਸਲੇ ਬਾਰੇ ਸਾਡੇ ਪ੍ਰਬੁੱਧ ਪਾਠਕ ਅਤੇ ਲੇਖਕ ਡਾ. ਗੋਬਿੰਦਰ ਸਿੰਘ ਸਮਰਾਓ ਨੇ ਇਹ ਲੇਖ ਭੇਜਿਆ ਹੈ ਜਿਸ ਵਿਚ ਉਨ੍ਹਾਂ ਇਨ੍ਹਾਂ ਦੋਹਾਂ ਪੱਖਾਂ ਦੀ ਪੈਰਵਾਈ ਕਰ ਰਹੇ ਵਿਦਵਾਨਾਂ ਲਈ ਕੁਝ ਸਵਾਲ ਖੜ੍ਹੇ ਕਰਨ ਦਾ ਯਤਨ ਕੀਤਾ ਹੈ।*

'ਪੰਜਾਬ ਟਾਈਮਜ਼' ਦੇ 15 ਅਪਰੈਲ ਦੇ ਅੰਕ ਵਿਚ ਗੁਰਬਚਨ ਸਿੰਘ ਦੇ ਲੇਖ ਬਾਰੇ ਕਰਮ ਬਰਸਟ ਦਾ ਪ੍ਰਤੀਕਰਮ ਪੜ੍ਹਨ ਨੂੰ ਮਿਲਿਆ। ਇਨ੍ਹਾਂ ਦੋਹਾਂ ਲੇਖਾਂ ਦਾ ਵਿਸ਼ਾ-ਵਸਤੂ ਗੁਰਬਾਣੀ ਬਨਾਮ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-634-2310

ਮਾਰਕਸਵਾਦ ਹੈ। ਮਾਰਕਸਵਾਦੀ ਵਿਚਾਰਧਾਰਾ ਅਨੁਸਾਰ ਇਹ ਯੂਟੋਪੀਆਈ ਤੇ ਵਿਗਿਆਨਕ ਸਮਾਜਵਾਦ ਦੀ ਸਮਝ ਦਾ ਮਸਲਾ ਹੈ। ਹੋਰ ਪਰ੍ਹੇ ਜਾ ਕੇ ਦੇਖਿਆ ਜਾਵੇ ਤਾਂ ਇਹ ਅਧਿਆਤਮਵਾਦ ਤੇ ਪਦਾਰਥਵਾਦ ਦਾ ਮਸਲਾ ਹੈ। ਕੁਝ ਵੀ ਹੋਵੇ, ਇਹ ਮਸਲਾ ਇਨ੍ਹਾਂ ਵਿਚਾਰਧਾਰਾਵਾਂ ਦੀ ਮੌਜੂਦਾ ਸਮਝ ਦੇ ਘੇਰੇ ਵਿਚ ਸੁਲਝਣ ਵਾਲਾ ਨਹੀਂ। ਦੋਵੇਂ ਪਾਸਿਆਂ ਦੇ ਵਿਦਵਾਨ ਗੁਰਬਾਣੀ ਅਤੇ ਮਾਰਕਸਵਾਦ ਬਾਰੇ ਪਈ ਜਾਂ ਪਾਈ ਗਈ ਬਾਜ਼ਾਰੀ ਘੜਮੱਸ ਵਿਚ ਉਲਝ ਕੇ ਸੰਵਾਦ ਰਚਾ ਰਹੇ ਹਨ ਜੋ ਸੰਭਵ ਤੇ ਸਾਰਥਿਕ ਨਹੀਂ ਹੋ ਸਕਦਾ। ਉਹ ਭਾਵੇਂ ਆਪੋ-ਆਪਣੇ ਪੱਖਾਂ ਦੀ ਗੂੜ੍ਹੀ ਜਾਣਕਾਰੀ ਰੱਖਦੇ ਹੋਣ ਪਰ ਉਹ ਉਦੋਂ ਤੀਕਰ ਕੰਮ ਦਾ ਸੰਵਾਦ ਨਹੀਂ ਰਚਾ ਸਕਦੇ ਜਦੋਂ ਤੀਕਰ ਇਕੋ ਧਰਾਤਲ 'ਤੇ ਨਾ ਹੋਣ। ਇਸ ਦੇ ਤਾਣੇ-ਬਾਣੇ 'ਚੋਂ ਬਾਹਰ ਨਿਕਲ ਕੇ ਉਨ੍ਹਾਂ ਨੂੰ ਆਪੋ-ਆਪਣਾ ਪੱਖ ਰੱਖਣ ਲਈ ਕੁਝ ਸਿਧਾਂਤਕ ਔਜ਼ਾਰਾਂ ਦੀ ਵਰਤੋਂ ਕਰਨੀ ਪਵੇਗੀ।

ਅਜੋਕੇ ਸਮੇਂ ਵਿਚ ਗੁਰਬਾਣੀ ਤੇ ਮਾਰਕਸਵਾਦ ਨੂੰ ਸਮਝਣ ਲਈ ਇਨ੍ਹਾਂ ਦੇ ਜਨ-ਪੱਧਰੀ ਵਰਗੀਕਰਨ ਤੋਂ ਬਚਣ ਦੀ ਲੋੜ ਹੈ। ਇਹ ਦੋਵੇਂ ਵਿਚਾਰਧਾਰਾਵਾਂ ਬੜੀਆਂ ਪ੍ਰਭਾਵਸ਼ਾਲੀ ਹਨ ਤੇ ਇਨ੍ਹਾਂ ਦੇ ਅਨੁਆਈਆਂ ਨੇ ਇਨ੍ਹਾਂ ਨੂੰ ਸਮਝਣ ਨਾਲੋਂ ਵਧ ਜ਼ੋਰ ਦਿਲ ਨਾਲ ਲਾਉਣ, ਭਾਵ ਪੂਜਣ 'ਤੇ ਲਾਇਆ ਹੋਇਆ ਹੈ। ਉਨ੍ਹਾਂ ਨੇ ਇਨ੍ਹਾਂ ਨਾਲ ਆਪਣੇ ਹਿੱਤ ਇਸ ਕਦਰ ਜੋੜ ਲਏ ਹਨ ਕਿ ਉਨ੍ਹਾਂ ਨੂੰ ਇਨ੍ਹਾਂ ਵਿਚੋਂ ਹੀ ਆਪਣਾ ਸੰਸਾਰ ਨਜ਼ਰ ਆਉਣ ਲੱਗਿਆ ਹੈ।

ਇਸ ਲਈ ਇਨ੍ਹਾਂ ਦੇ ਵਿਸ਼ਵਾਸਪਾਤਰਾਂ ਦੀ ਸਮਝ ਉਲਾਰ ਹੋ ਗਈ ਹੈ ਜਿਸ ਕਾਰਨ ਇਹ ਨਿਰਪੱਖ ਹੋ ਕੇ ਨਹੀਂ ਸੋਚ ਸਕਦੇ। ਇਨ੍ਹਾਂ ਦੋਵੇਂ ਵਿਚਾਰਧਾਰਾਵਾਂ ਵਿਚ ਭਾਵੇਂ ਮਣਾਂਮੂੰਹੀਂ ਸਾਹਿਤ ਮਿਲਦਾ ਹੈ ਪਰ ਉਸ ਨੂੰ ਪੜ੍ਹ ਕੇ ਸਹੀ ਵਿਆਖਿਆ ਦਾ ਰੁਝਾਨ ਦੋਹਾਂ ਪਾਸਿਆਂ ਦੇ ਵਿਦਵਾਨਾਂ ਵਿਚ ਘਟ ਹੈ। ਆਮ ਪਾਠਕਾਂ ਦੀ ਗੱਲ ਛੱਡੋ ਤੇ ਸੋਚੋ ਕਿ ਕਿੰਨੇ ਵਿਦਵਾਨ ਹਨ ਜੋ ਆਪਣੇ ਲਿਖਤ ਸੋਮਿਆਂ ਨੂੰ ਪੜ੍ਹਨ ਵੇਲੇ ਕਾਪੀ ਪੈਨ ਨਾਲ ਲੈ ਕੇ ਬੈਠਦੇ ਹਨ ਤੇ ਵਿਸ਼ਲੇਸ਼ਣ ਲਈ ਨੋਟ ਤਿਆਰ ਕਰਦੇ ਹਨ। ਕਿੰਨੇ ਵਿਦਵਾਨ ਹਨ ਜੋ ਆਪਣੇ ਖਿੱਤੇ ਦਾ ਪੂਰਾ ਤੇ ਦੂਜੇ ਖਿੱਤਿਆਂ ਦਾ ਯਥਾਯੋਗ ਗਿਆਨ ਰੱਖਦੇ ਹਨ ਤੇ ਇਸ ਨੂੰ ਨਵਿਆਉਂਦੇ ਰਹਿੰਦੇ ਹਨ? ਉਤਰ ਅਸੰਤੋਸ਼ਜਨਕ ਹੋਵੇਗਾ। ਸਥਿਤੀ ਸਗੋਂ ਇਹ ਹੈ ਕਿ ਜੇ ਕੋਈ ਇਕ ਤੋਂ ਵੱਧ ਵਿਸ਼ਿਆਂ ਦੀ ਮੁਹਾਰਤ ਰੱਖਦਾ ਹੋਵੇ ਤਾਂ ਉਸ ਨੂੰ ਕਿਸੇ ਪਾਸੇ ਦਾ ਵੀ ਨਹੀਂ ਸਮਝਿਆ ਜਾਂਦਾ। ਇਤਿਹਾਸ ਦੇ ਵਿਦਵਾਨ ਦੀ ਵਿਗਿਆਨ ਬਾਰੇ ਤੇ ਵਿਗਿਆਨ ਦੇ ਵਿਦਿਆਰਥੀ ਦੀ ਧਾਰਮਿਕ ਫਿਲਾਸਫੀ ਬਾਰੇ ਟਿੱਪਣੀ ਨੂੰ ਬੇਤੁਕੀ ਸਮਝਿਆ ਜਾਂਦਾ ਹੈ।

ਗਹਿਰਾਈ ਵਿਚ ਜਾਣ ਦੀ ਥਾਂ ਵਿਦਵਾਨ ਆਮ ਤੌਰ ਤੇ ਲੋਕ-ਘੜ੍ਹਤ ਮੁਹਾਵਰਿਆਂ 'ਤੇ ਟੂਕਾਂ ਤੇ ਆਪਣੀ ਟੇਕ ਰੱਖਦੇ ਹਨ। ਇਸ ਕਾਰਣ ਉਹ ਆਪਣੀਆਂ ਆਪਣੀਆਂ ਵਿਚਾਰਧਾਰਾਵਾਂ ਦੇ ਮੂਲ ਸੋਮਿਆਂ ਨਾਲੋਂ ਅਲਗ-ਥਲਗ ਹੋ ਗਏ ਹਨ ਤੇ ਹਵਾ ਵਿਚ ਤਲਵਾਰਾਂ ਮਾਰਨ ਦਾ ਕੰਮ ਕਰਦੇ ਹਨ। ਕਿਸੇ ਠੋਸ ਅਧਿਐਨ ਤੋਂ ਬਿਨਾ ਉਹ ਕੇਵਲ ਟੋਟਕਿਆਂ ਸਹਾਰੇ ਮਾਹਿਰ ਬਣਨਾ ਚਾਹੁੰਦੇ ਹਨ। ਇਸ ਨਾਲ ਵਿਦਵਾਨਾਂ ਵਿਚ ਸਮਝ ਦਾ ਪਾੜਾ ਤੇ ਦਵੈਸ਼ ਵਧੇ ਹਨ। ਇਸ ਦਾ ਸਿੱਟਾ ਇਹ ਹੋਇਆ ਹੈ ਕਿ ਅੱਜ ਦੇ ਸਿੱਖ ਤੇ ਮਾਰਕਸਵਾਦੀ ਵਿਦਵਾਨ ਇਕ ਦੂਜੇ ਨੂੰ ਦੂਰ ਤੋਂ ਹੀ ਨਕਾਰਨ ਲਗ ਪਏ ਹਨ।

ਸਿੱਖ ਵਿਦਵਾਨਾਂ ਦੇ ਮਸਤਕ ਵਿਚ ਮਾਰਕਸਵਾਦੀਆਂ ਪ੍ਰਤੀ ਕਿਤੇ ਨਾ ਕਿਤੇ ਬੇਗਾਨਗੀ, ਬੇਭਰੋਸਗੀ ਤੇ ਅਪ੍ਰਵਾਨਗੀ ਦੀ ਭਾਵਨਾ ਛੁਪੀ ਰਹਿੰਦੀ ਹੈ। ਉਹ ਉਨ੍ਹਾਂ ਨਾਲ ਪੱਲਾ ਛੁਹਾਉਣ ਤੋਂ ਵੀ ਭੱਜਦੇ ਹਨ। ਉਹ ਮਾਰਕਸਵਾਦੀਆਂ ਨੂੰ ਨਾਸਤਿਕ ਤੇ ਅਧਰਮੀ ਸਮਝਦੇ ਹਨ ਤੇ ਤੁਹਮਤ ਲਾਉਂਦੇ ਹਨ ਕਿ ਉਹ ਅਸਲ ਰਾਹ ਤੋਂ ਭਟਕੇ ਹੋਏ ਹਨ। ਉਹ ਉਨ੍ਹਾਂ ਨੂੰ 'ਕਾਮਰੇਡ' ਕਹਿ ਕੇ ਸੱਦਦੇ ਹਨ ਕਿਉਂਕਿ 'ਮਾਰਕਸਵਾਦ' ਦਾ ਸ਼ਬਦ ਉਨ੍ਹਾਂ ਦੀ ਜ਼ੁਬਾਨ 'ਤੇ ਨਹੀਂ ਚੜ੍ਹਦਾ ਜਾਂ ਉਹ ਇਸ ਨੂੰ ਚੜ੍ਹਾਉਣਾ ਨਹੀਂ ਚਾਹੁੰਦੇ। ਕਾਮਰੇਡ ਸ਼ਬਦ ਨੂੰ ਘਟੀਆ ਅੱਲ ਵਜੋਂ ਵਰਤ ਕੇ ਉਹ ਉਨ੍ਹਾਂ ਨੂੰ ਉਲਟੀ ਸੋਚ ਵਾਲੇ ਇਨਸਾਨ ਸਮਝਦੇ ਹਨ। ਉਨ੍ਹਾਂ ਦਾ ਇਤਰਾਜ਼ ਹੈ ਕਿ ਕਾਮਰੇਡਾਂ ਦਾ ਨਾ ਕੋਈ ਧਰਮ ਹੈ ਤੇ ਨਾ ਰੱਬ ਵਿਚ ਕੋਈ ਵਿਸ਼ਵਾਸ। ਉਹ ਨਿੰਦਦੇ ਹਨ ਕਿ ਨਾ ਇਹ ਆਪ ਜੀਵਨ ਵਿਚ ਕੋਈ ਨਾਮ ਸਿਮਰਨ ਕਰਦੇ ਹਨ ਤੇ ਨਾ ਦੂਜਿਆਂ ਦੇ ਧਰਮ ਪ੍ਰਤੀ ਸ਼ਰਧਾ ਸਤਿਕਾਰ ਰੱਖਦੇ ਹਨ। ਧਰਮ ਨੂੰ ਤਾਂ ਉਹ 'ਅਫੀਮ' ਜਿਹਾ ਨਸ਼ਾ ਕਹਿੰਦੇ ਹਨ ਜੋ ਸਹਿਣਯੋਗ ਨਹੀਂ ਪਰ ਅਸਚਰਜ ਦੀ ਗੱਲ ਇਹ ਹੈ ਕਿ ਕਾਰਲ ਮਾਰਕਸ ਤੇ ਫ੍ਰੈਡਰਿਕ ਏਂਗਲਜ਼ ਦੀਆਂ ਸਮੂਹਿਕ ਲਿਖਤਾਂ ਦੀਆਂ ਪੂਰੇ ਸਾਈਜ਼ ਦੀਆਂ ਪੰਜਾਹ ਜਿਲਦਾਂ ਛਪ ਚੁੱਕੀਆਂ ਹਨ ਪਰ ਬਹੁਤੇ ਸਿੱਖ ਵਿਦਵਾਨ ਇਨ੍ਹਾਂ ਨੂੰ ਪੜ੍ਹੇ ਬਿਨਾ ਮਾਰਕਸਵਾਦ ਬਾਰੇ ਕੇਵਲ ਇੰਨਾ ਹੀ ਪੱਤਾ ਰੱਖਦੇ ਹਨ ਕਿ ਇਹ ਧਰਮ ਨੂੰ ਅਫੀਮ ਮੰਨਦਾ ਹੈ। ਬੜੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਫਰਵਰੀ 1844 ਦੇ 'ਇੰਟ੍ਰੋਡੱਕਸ਼ਨ ਟੂ ਏ ਕੰਟ੍ਰੀਬਿਊਸ਼ਨ ਟੂ ਦਿ ਕ੍ਰਿਟੀਕ ਆਫ ਹੀਗਲ ਫਿਲਾਸਫੀ ਆਫ ਰਾਈਟ' ਨਾਮਕ ਜਿਸ ਲੇਖ ਵਿਚ ਮਾਰਕਸ ਨੇ ਇਹ ਲਿਖਿਆ ਸੀ, ਉਸ ਨੂੰ ਪੂਰਾ ਕਿਸੇ ਸਿੱਖ ਵਿਦਵਾਨ ਨੇ ਵੀ ਨਹੀਂ ਪੜ੍ਹਿਆ ਹੋਣਾ ਤਾਂ ਜੋ ਦੱਸਣ ਕਿ ਉਥੇ ਹੋਰ ਕੀ ਲਿਖਿਆ ਹੈ। ਪੜ੍ਹਨਾ ਤਾਂ ਇਕ ਪਾਸੇ, ਕਿਸੇ ਵਿਦਵਾਨ ਨੂੰ ਇਹ ਵੀ ਪਤਾ ਨਹੀਂ ਹੋਣਾ ਕਿ ਲਿਖਿਆ ਕਿੱਥੇ ਹੈ। ਪੜ੍ਹਨ ਵੀ ਕਿਉਂ ਕਿਉਂਕਿ ਉਹ ਤਾਂ ਮਾਰਕਸ ਦਾ ਧਰਮ ਨਾਲ ਕੋਈ ਲੈਣਾ ਦੇਣਾ ਹੀ ਨਹੀਂ ਸਮਝਦੇ ਪਰ ਸਚਾਈ ਇਹ ਹੈ ਕਿ ਮਾਰਕਸ ਦੀ ਡਾਕਟਰੇਟ ਡਿਗਰੀ ਧਰਮ ਵਿਸ਼ੇ ਵਿਚ ਸੀ।

ਸਿੱਖ ਵਿਦਵਾਨਾਂ ਦੇ ਮਨ ਵਿਚ ਬੈਠਿਆ ਹੋਇਆ ਹੈ ਕਿ 'ਕਾਮਰੇਡ' ਪਦਾਰਥ ਨੂੰ ਮੁੱਖ ਰੱਖਦੇ ਹਨ ਤੇ ਪਦਾਰਥ ਦੀ ਹੀ ਗੱਲ ਕਰਦੇ ਹਨ। ਪਦਾਰਥ ਅਤੇ ਹੋਰ ਨਿਗੂਣੀਆਂ ਦੁਨਿਆਵੀ ਗੱਲਾਂ ਤੋਂ ਬਿਨਾ ਉਨ੍ਹਾਂ ਕੋਲ ਕੋਈ ਹੋਰ ਸੂਖਮ ਅਨੁਭਵ ਨਹੀਂ ਹੈ। ਪਦਾਰਥ ਵਿਚ ਗ੍ਰਸੇ ਹੋਣ ਕਾਰਨ ਉਹ ਪਸ਼ੂ ਪੱਧਰ 'ਤੇ ਵਿਚਰਦੇ ਹਨ, ਇਸ ਲਈ ਨਰਕਾਂ ਦੇ ਭਾਗੀ ਬਣਦੇ ਹਨ। ਉਨ੍ਹਾਂ ਅਨੁਸਾਰ ਕਿ ਬੰਦੇ ਦਾ ਕੋਈ ਗੁਰ-ਪੀਰ ਹੋਣਾ ਜਰੂਰੀ ਹੈ, ਭਾਵ ਉਸ ਦਾ ਕੋਈ ਸੰਤੋਖ, ਕੋਈ ਅੰਕੁਸ਼ ਤੇ ਕੋਈ ਨੈਤਿਕ ਅਸੂਲ ਤਾਂ ਹੋਣਾ ਚਾਹੀਦਾ ਹੈ ਪਰ ਇਨ੍ਹਾਂ ਕਾਮਰੇਡਾਂ ਦਾ ਤਾਂ ਕੋਈ ਵੀ ਨਹੀਂ। ਇਸ ਲਈ ਇਨ੍ਹਾਂ ਦੀ ਗਤ ਹੋਣੀ ਮੁਸ਼ਕਿਲ ਹੈ।

ਉਨ੍ਹਾਂ ਅਨੁਸਾਰ ਇਹ ਵਿਦੇਸ਼ੀ ਵਿਚਾਰਧਾਰਾ ਨੂੰ ਸਿਰ ਤੇ ਚੁੱਕੀ ਫਿਰਦੇ ਹਨ ਜਿਸ ਦਾ ਆਪਣੇ ਵਤਨ ਦੀ ਗੁਰੂਆਂ ਪੀਰਾਂ ਦੀ ਵਰੋਸਾਈ ਧਰਤੀ ਤੇ ਸਿਰਜੀ ਸਿੱਖੀ ਵਿਚਾਰਧਾਰਾ ਨਾਲ ਕੋਈ ਮੋਹ ਨਹੀਂ ਹੈ। ਇਸ ਲਈ ਇਹ ਸਿੱਖ ਪੰਥ ਦੀ ਸ਼ਾਖ ਤੋਂ ਡਿਗੇ ਹੋਏ ਇਨਸਾਨ ਹਨ ਤੇ ਸਿਰੇ ਦੇ ਪਤਿਤ ਹਨ। ਇਨ੍ਹਾਂ ਦੀ ਗੁਰੂ ਵਲ ਪਿੱਠ ਹੈ ਇਸ ਲਈ ਇਹ ਸਿੱਖੀ ਮੁਹਾਂਦਰੇ ਵਿਚ ਹੋ ਕੇ ਵੀ ਸਿੱਖ ਨਹੀਂ ਹੋ ਸਕਦੇ। ਆਪਣੇ ਆਪ ਨੂੰ ਗੁਰਮੁਖ ਦੱਸਦੇ ਹੋਏ ਉਹ ਮਾਰਕਸਵਾਦੀਆਂ ਨੂੰ ਮਨਮੁੱਖ ਤੇ ਪਤਿਤ ਗਰਦਾਨਦੇ ਹਨ।

ਸਿੱਖਾਂ ਦੀ ਸਮਝ ਹੈ ਕਿ ਪਦਾਰਥਵਾਦੀ ਹੋਣ ਕਾਰਨ ਕਾਮਰੇਡਾਂ ਦਾ ਅਧਿਆਤਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਅਧਿਆਤਮਵਾਦ ਨੂੰ ਉਹ ਸਿੱਖੀ ਦਾ ਸ੍ਰੋਤ ਤੇ ਪਦਾਰਥਵਾਦ ਨੂੰ ਫਿਲਾਸਫੀ ਦਾ ਕੂੜਾ ਕਰਕਟ ਸਮਝਦੇ ਹਨ। ਉਨ੍ਹਾਂ ਅਨੁਸਾਰ ਪਦਾਰਥਵਾਦ ਤਾਂ ਸਰੀਰਕ ਲੋੜਾਂ ਪੂਰੀਆਂ ਕਰਨ ਨਾਲ ਸਬੰਧਿਤ ਹੈ, ਇਸ ਦਾ ਅਧਿਆਤਮਿਕ ਖੇਤਰ ਵਿਚ ਕੋਈ ਮਹਤੱਵ ਨਹੀਂ। ਇਹ ਲੋੜਾਂ ਤਾਂ ਜਾਨਵਰ ਵੀ ਪੂਰੀਆਂ ਕਰਦੇ ਹਨ ਪਰ ਇਸ ਨਾਲ ਉਹ ਮਹਾਂਪੁਰਸ਼ ਤਾਂ ਨਹੀਂ ਬਣ ਜਾਂਦੇ। ਅਧਿਆਤਮਵਾਦ ਕੇਵਲ ਮੱਨੁਖ ਦੀ ਰੂਹਾਨੀ ਖੁਰਾਕ ਹੈ ਜਿਸ ਤੋਂ ਕਾਮਰੇਡ ਵਰਗ ਦੇ ਲੋਕ ਵਿਜੋਗੇ ਹੋਏ ਹਨ। ਇਸ ਲਈ ਇਹ ਇਸ ਫਾਨੀ ਦੁਨੀਆ ਤੇ ਪਸ਼ੂ ਬਿਰਤੀ ਦੇ ਰੁਝਾਨਾਂ ਨਾਲ ਬਾਵਸਤਾ ਹਨ ਜਦੋਂ ਕਿ ਸਿੱਖੀ ਮਨੁੱਖਤਾ ਦੇ ਸੱਚੇ, ਪੱਕੇ ਤੇ ਸਦੀਵੀ ਮੁੱਦਿਆਂ ਨਾਲ ਜੁੜੀ ਹੋਈ ਹੈ। ਉਨ੍ਹਾਂ ਅਨੁਸਾਰ ਚੁਰਾਸੀ ਲੱਖ ਜੂਨੀਆਂ ਭੋਗ ਕੇ ਮਨੁੱਖਾ ਦੇਹੀ ਪ੍ਰਾਪਤ ਹੁੰਦੀ ਹੈ ਜਿਸ ਨੂੰ ਸਿਮਰਨ ਲੇਖੇ ਲਾ ਕੇ ਹੀ ਮਨੁੱਖ ਪਰਮਾਤਮਾ ਨੂੰ ਪਾ ਸਕਦਾ ਹੈ ਤੇ ਸੰਸਾਰ ਤੋਂ ਮੁਕਤ ਹੋ ਸਕਦਾ ਹੈ। ਇਸ ਜੂਨੀ ਵਿਚ ਵੀ ਜੇ ਪਦਾਰਥ ਦਾ ਮੋਹ ਨਾ ਛੱਡਿਆ ਤਾਂ ਫਿਰ ਚੁਰਾਸੀ ਦੇ ਅਗਲੇ ਗੇੜ ਵਿਚ ਪੈ ਜਾਣਾ ਲਾਜ਼ਮੀ ਹੈ। ਮਨੁੱਖ ਦੇ ਪੈਦਾ ਹੋਣ ਦਾ ਅਸਲ ਮੰਤਵ ਇਹ ਨਹੀਂ ਕਿ ਉਹ ਪਦਾਰਥ ਵਿਚ ਉਲਝੇ ਸਗੋਂ ਇਹ ਹੈ ਕਿ ਉਹ ਨਾਮ ਜਪ ਕੇ ਆਪਣੇ ਪਰਲੋਕ ਨੂੰ ਸੰਵਾਰੇ। ਅਗਲੇ ਜਨਮ ਨੂੰ ਸੰਵਾਰਨ ਤੋਂ ਉਨ੍ਹਾਂ ਦਾ ਅਰਥ ਇਸ ਮਾਯਾਵੀ ਸੰਸਾਰ ਵਿਚ ਆਉਣ-ਜਾਣ ਤੋਂ ਮੁਕਤ ਹੋਣਾ ਹੈ। ਇਹ ਮੁਕਤੀ ਪ੍ਰਾਣੀ ਨੂੰ ਤਾਂ ਹੀ ਪ੍ਰਾਪਤ ਹੋ ਸਕਦੀ ਹੈ ਜੇ ਉਹ ਪਰਮਾਤਮਾ ਦੀ ਭਗਤੀ ਕਰ ਕੇ ਉਸ ਵਿਚ ਲੀਨ ਹੋਵੇ, ਭਾਵ ਮਿਲ ਜਾਵੇ। ਉਨ੍ਹਾਂ ਅਨੁਸਾਰ ਪਰਮਾਤਮਾ ਜਨਮ-ਮਰਨ ਤੋਂ ਉਪਰ ਹੈ ਇਸ ਲਈ ਉਸ ਦੀ ਸ਼ਰਨ ਵਿਚ ਜਾ ਕੇ ਜਾਂ ਉਸ ਨਾਲ ਇਕ-ਮਿੱਕ ਹੋ ਕੇ ਹੀ ਮੁਕਤੀ ਦਾ ਪਰਮ ਪਦ ਪਾਇਆ ਜਾ ਸਕਦਾ ਹੈ। ਇਨ੍ਹਾਂ ਵਿਦਵਾਨਾਂ ਅਨੁਸਾਰ ਕਾਮਰੇਡ ਗੁਰੂ ਸਾਹਿਬ ਦੀ ਇਸ ਰੂਹਾਨੀ ਸਿੱਖਿਆ ਤੋਂ ਵਾਂਝੇ ਹੀ ਨਹੀਂ ਵਿਪਰੀਤ ਵੀ ਹਨ।

ਇਹੀ ਨਹੀਂ, ਸਿੱਖ ਵਿਦਵਾਨ ਯਕੀਨ ਰੱਖਦੇ ਹਨ ਕਿ ਪਰਮਾਤਮਾ ਸਰਬ ਸ਼ਕਤੀਮਾਨ ਹੈ, ਅਰਥਾਤ ਸਭ ਕੁਝ ਕਰਨ ਕਰਾਵਣਹਾਰ ਹੈ। ਉਸ ਦੀ ਮਰਜ਼ੀ ਤੋਂ ਬਿਨਾ ਪੱਤਾ ਵੀ ਨਹੀਂ ਹਿੱਲਦਾ। ਮਨੁੱਖ ਦੀ ਦੇਹ, ਸਿਹਤ, ਜੀਵਨ, ਪਰਿਵਾਰ ਤੇ ਜੰਮਣ-ਮਰਨ ਸਭ ਉਸ ਦੇ ਹੱਥ ਵਿਚ ਹੈ। ਇਸ ਲਈ ਉਸ ਤੋਂ ਵਿਛੜ ਕੇ ਜਾਂ ਉਸ ਦੀ ਛਤਰ-ਛਾਇਆ 'ਚੋਂ ਨਿਕਲ ਕੇ ਉਹ ਇਕ ਪਲ ਵੀ ਨਹੀਂ ਰਹਿ ਸਕਦਾ। ਆਮ ਸਿੱਖ ਸ਼ਰਧਾਲੂਆਂ ਵਾਂਗ ਉਹ ਹਮੇਸ਼ਾ ਇਸ ਭਾਲ ਵਿਚ ਰਹਿੰਦੇ ਹਨ ਕਿ ਕੋਈ ਆ ਕੇ ਉਨ੍ਹਾਂ ਨੂੰ ਹੋਰ ਅਗਾਂਹ ਦਾ ਰਸਤਾ ਦੱਸ ਦੇਵੇ ਤਾਂ ਜੋ ਉਹ ਬਿਨਾ ਖੱਜਲ-ਖਵਾਰੀ ਆਪਣੀ ਮੰਜ਼ਿਲ 'ਤੇ ਪਹੁੰਚ ਸਕਣ। ਉਨ੍ਹਾਂ ਦਾ ਇਹ ਵੀ ਵਿਸ਼ਵਾਸ ਹੈ ਕਿ ਸ਼ਾਇਦ ਡੂੰਘੀ ਲਿਵ ਲਾਉਣ ਨਾਲ ਉਨ੍ਹਾਂ ਦੇ ਅੰਦਰੋਂ ਆਪ ਹੀ ਕੋਈ ਗਿਆਨ ਦੀ ਕਿਰਨ ਫੁੱਟ ਪਵੇ। ਇਸ ਕੰਮ ਲਈ ਉਹ ਗੁਰੂ ਦੀ ਜ਼ਰੂਰਤ ਸਮਝਦੇ ਹਨ। ਉਨ੍ਹਾਂ ਅਨੁਸਾਰ ਉਨ੍ਹਾਂ ਦੀ ਅਗਵਾਈ ਕਰਨ ਲਈ ਗੁਰੂ ਸਰਬ ਸਮਰਥ ਹੈ ਕਿਉਂਕਿ ਗੁਰੂ ਅੰਤਰਜਾਮੀ ਹੈ, ਉਸ ਨੇ ਪ੍ਰਭੂ ਪਾਇਆ ਹੋਇਆ ਹੈ ਤੇ ਉਹ ਅਦੁੱਤੀ ਗਿਆਨ ਦਾ ਭੰਡਾਰ ਹੈ।

ਉਨਾਂ ਦੇ ਗੁਰੂ ਦਾ ਅੱਗੇ ਕੋਈ ਦੁਨਿਆਵੀ ਗੁਰੂ ਨਹੀਂ ਹੈ ਕਿਉਂਕਿ ਉਸ ਦਾ ਗਿਆਨ ਸਿੱਧਾ ਪਰਮਾਤਮਾ ਕੋਲੋਂ ਆਇਆ ਹੈ। ਇਸੇ ਲਈ ਜੇ ਕੋਈ ਗੁਰੂ ਨਾਨਕ ਦੇ ਗੁਰੂ ਬਾਰੇ ਗੱਲ ਛੇੜੇ ਤਾਂ ਸਿੱਖ ਵਿਦਵਾਨ ਇਸ ਗੱਲ ਨੂੰ ਸੁਖਾਵਾਂ ਨਹੀਂ ਲੈਂਦੇ। ਉਨ੍ਹਾਂ ਅਨੁਸਾਰ ਸੱਚੀ ਬਾਣੀ ਧੁਰ ਤੋਂ ਆਈ ਹੋਈ ਹੈ, ਇਸ ਲਈ ਗੁਰੂ ਸਾਹਿਬ ਦਾ ਗੁਰੂ ਕੇਵਲ ਪਰਮਾਤਮਾ ਹੀ ਹੈ। ਇਸ ਵਿਚਾਰ ਨੇ ਵੀ ਉਨ੍ਹਾਂ ਨੂੰ ਧਰਮ ਸੰਕਟ ਵਿਚ ਪਾਇਆ ਹੋਇਆ ਹੈ ਕਿ ਸੰਸਾਰ ਪਰਮਾਤਮਾ ਦੇ ਹੁਕਮ ਦਾ ਬੱਧਾ ਹੋਇਆ ਹੈ। ਇਕ ਪਾਸੇ ਉਹ ਮੰਨਦੇ ਹਨ ਕਿ ਪਰਮਾਤਮਾ ਜੋ ਕਰ ਰਿਹਾ ਹੈ, ਉਹ ਉਸ ਦਾ ਹੁਕਮ ਹੈ ਤੇ ਮਨੁੱਖ ਭਾਣਾ ਮੰਨਣ ਤੋਂ ਬਿਨਾ ਕੁਝ ਨਹੀਂ ਕਰ ਸਕਦਾ। ਦੂਜੇ ਪਾਸੇ, ਉਹ ਇਸ ਗੱਲ ਵਿਚ ਵੀ ਯਕੀਨ ਕਰਦੇ ਹਨ ਕਿ ਧਰਮ ਨੂੰ ਚਲਾਉਣ ਲਈ ਰਾਜ ਦੀ ਲੋੜ ਹੈ। ਇਸ ਲਈ ਉਹ ਰਾਜ ਪ੍ਰਾਪਤੀ ਲਈ ਹੰਭਲਾ ਮਾਰਨਾ ਆਪਣਾ ਧਾਰਮਿਕ ਫਰਜ ਕਬੂਲਦੇ ਹਨ। ਜੇ ਪੁੱਛੋ ਕਿ ਜੇ ਮੱਨੁਖ ਦੇ ਹੱਥ ਵਸ ਕੁਝ ਨਹੀਂ ਤਾਂ ਉਹ ਰਾਜ ਕਿਵੇਂ ਸਥਾਪਤ ਕਰਨਗੇ? ਗੁਰਬਾਣੀ ਦੀਆਂ ਕਈ ਟੂਕਾਂ ਦੀ ਆੜ ਲੈਂਦੇ ਹੋਏ ਉਹ ਕਹਿੰਦੇ ਹਨ ਕਿ ਇਹ ਗੁਰੂ ਦਾ ਹੀ ਫਰਮਾਨ ਹੈ।

ਸਿੱਖ ਵਿਦਵਾਨ ਇਕ ਪਾਸੇ ਪਦਾਰਥਵਾਦ ਨੂੰ ਨਕਾਰਦੇ ਹਨ ਤੇ ਦੂਜੇ ਪਾਸੇ ਕੁਦਰਤ ਨੂੰ ਨਿਰੰਕਾਰ ਦਾ ਪਸਾਰਾ ਦੱਸਦੇ ਹਨ ਜਿਸ ਨੇ ਪਦਾਰਥਿਕ ਬ੍ਰਹਿਮੰਡ ਦੀ ਜਿਣਸੀ ਮਾਇਆ ਨੂੰ ਸਾਜਿਆ ਹੈ। ਉਹ ਨਿਰੰਕਾਰ ਨੂੰ ਇਸ ਦੇ ਕਣ-ਕਣ ਵਿਚ ਸਮਾਇਆ ਹੋਇਆ ਮੰਨਦੇ ਹਨ ਪਰ ਪਦਾਰਥ ਨੂੰ ਨਿਰੰਕਾਰ ਦੇ ਨੇੜੇ ਨਹੀਂ ਲਗਣ ਦਿੰਦੇ। ਉਹ ਇਕ ਪਾਸੇ ਸਭ ਮਨੁੱਖਾਂ ਨੂੰ ਇਕੋ ਪਰਮਾਤਮਾ ਦੇ ਵੰਸ਼ਜ ਹੋਣ ਕਰ ਕੇ ਸਮਾਨ ਸਮਝਦੇ ਹਨ ਤੇ ਉਨ੍ਹਾਂ ਦੀ ਸੇਵਾ ਕਰਨਾ ਆਪਣੇ ਧਾਰਮਿਕ ਫਰਜ਼ ਦਾ ਹਿੱਸਾ ਸਮਝਦੇ ਹਨ। ਦੂਜੇ ਪਾਸੇ ਉਹ ਮੱਨੁਖਤਾ ਦਾ ਫਿਰਕੂਕਰਨ ਕਰ ਕੇ ਵਿਚ ਦਵੈਸ਼ ਭਾਵਨਾ ਦੇ ਰੰਗ ਭਰਦੇ ਹਨ। ਪਦਾਰਥ ਤੋਂ ਬਿਨਾ ਉਨ੍ਹਾਂ ਦਾ ਗੁਜ਼ਾਰਾ ਵੀ ਨਹੀਂ ਪਰ ਉਹ ਆਪਣੇ ਵਿਸ਼ਵਾਸ ਕਾਰਨ ਆਪਣੀ ਸੋਚ ਤੇ ਪਦਾਰਥ ਦਾ ਅਕਸ ਵੀ ਨਹੀਂ ਪੈਣ ਦਿੰਦੇ। ਇਸ ਕਰ ਕੇ ਉਨ੍ਹਾਂ ਦੀ ਸੋਚ ਵਿਚ ਅੰਤਰ-ਵਿਰੋਧ ਪੈਦਾ ਹੋਣ ਲਗਦੇ ਹਨ ਜਿਸ ਕਾਰਨ ਇਹ ਥਿੜਕ ਜਾਂਦੀ ਹੈ। ਇਸ ਕਾਰਨ ਉਹ ਆਪਣੇ ਸਭ ਦਵੰਧਾਂ ਨੂੰ ਧਰਮ ਦੇ ਪੱਲੇ ਹੇਠ ਢਕ ਕੇ ਰੱਖਦੇ ਹਨ ਤਾਂ ਜੋ ਇਹ ਨਜ਼ਰ ਨਾ ਆਵੇ ਤੇ ਕੋਈ ਪ੍ਰਸ਼ਨ ਨਾ ਕਰੇ।

ਇਹੀ ਕਾਰਨ ਹੈ ਕਿ ਵੱਡੇ ਤੋਂ ਵੱਡਾ ਸਿੱਖ ਵਿਦਵਾਨ ਵੀ ਨਿਰਪੱਖ ਖੋਜਕਾਰ ਨਹੀਂ ਕਹਾਉਂਦਾ। ਸਿੱਖ ਵਿਦਵਾਨ ਆਪ ਵੀ ਨਿਰਪੱਖ ਹੋਣ ਤੇ ਬੇਲਾਗ ਖੋਜ ਕਰਨ ਦੇ ਹਾਮੀ ਨਹੀਂ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਨਿਰਪੱਖ ਹੋਣ ਨਾਲ ਉਨ੍ਹਾਂ ਦੇ ਹੱਥੋਂ ਸਿੱਖੀ ਦਾ ਪੱਲਾ ਖਿਸਕ ਜਾਵੇਗਾ ਪਰ ਇਹ ਉਕਾ ਹੀ ਬੇਬੁਨਿਆਦ ਡਰ ਹੈ ਕਿਉਂਕਿ ਉਨ੍ਹਾਂ ਨੇ ਸਿੱਖੀ ਵਿਚਾਰਧਾਰਾ ਨੂੰ ਸਹੀ ਢੰਗ ਨਾਲ ਸਮਝਿਆ ਹੀ ਨਹੀਂ ਹੈ। ਜੇ ਇਸ ਨੂੰ ਠੀਕ ਸਮਝਿਆ ਹੋਵੇ ਤਾਂ ਉਹ ਇਹ ਆਸ ਰੱਖ ਸਕਦੇ ਹਨ ਕਿ ਇਹ ਹਰ ਪਰਖ ਝੱਲਣ ਦੇ ਸਮਰੱਥ ਹੈ। ਫਿਰ ਉਹ ਇਸ ਗੱਲ ਬਾਰੇ ਚਿੰਤਤ ਨਾ ਹੋਣ ਕਿ ਦੂਜੇ ਵਿਦਵਾਨ ਆਪਣੀ ਖੋਜ ਵਿਚ ਉਨ੍ਹਾਂ ਦੇ ਹਿੱਤਾਂ ਦੀ ਗੱਲ ਕਰਨ।

ਸਿੱਖ ਵਿਦਵਾਨਾਂ ਲਈ ਨਿਰਪੱਖ ਖੋਜੀ ਉਹੀ ਹੈ ਜੋ ਸਿੱਖੀ ਦਾ ਪੱਖ ਪੂਰੇ। ਇਸ ਲਈ ਉਹ ਪਗੜੀ ਤੇ ਕਕਾਰਾਂ ਰਹਿਤ ਸਿੱਖਾਂ ਨੂੰ ਸਿੱਖੀ ਬਾਰੇ ਗੱਲ ਕਰਨ ਤੋਂ ਟੋਕਦੇ ਹਨ। ਉਨ੍ਹਾਂ ਦਾ ਗੂੜ੍ਹਾ ਵਿਸ਼ਵਾਸ ਹੈ ਕਿ ਜੋ ਵਿਅਕਤੀ ਵਿਸ਼ਵਾਸ ਕਰ ਕੇ ਸਿੱਖ ਨਹੀਂ ਜਾਂ ਵੇਸ-ਭੂਸਾ ਤੋਂ ਸਿੱਖ ਦਿਖਾਈ ਨਹੀਂ ਦਿੰਦਾ ਉਹ ਸਿੱਖੀ ਬਾਰੇ ਕੁਝ ਨਹੀਂ ਜਾਣਦਾ। ਉਹ ਸਿੱਖੀ ਬਾਰੇ ਚੰਗਾ ਨਹੀਂ ਲਿਖੇਗਾ, ਕੋਈ ਊਟ ਪਟਾਂਗ ਗੱਲ ਹੀ ਕਰੇਗਾ। ਇਸ ਲਈ ਅਜਿਹੇ ਵਿਅਕਤੀ ਦਾ ਕੋਈ ਅਧਿਕਾਰ ਨਹੀਂ ਕਿ ਉਹ ਸਿੱਖੀ ਬਾਰੇ ਕੋਈ ਟਿੱਪਣੀ ਕਰੇ। ਉਨ੍ਹਾਂ ਨੂੰ ਇਹ ਵੀ ਭਰਮ ਹੈ ਕਿ ਗੈਰ-ਸਿੱਖ ਸਿੱਖਾਂ ਦੇ ਵਧੀਆ ਇਤਿਹਾਸਕਾਰ ਨਹੀਂ ਹੋ ਸਕਦੇ ਹਨ ਤੇ ਨਾ ਹੀ ਉਹ ਗੁਰਬਾਣੀ ਦੇ ਸਹੀ ਵਿਆਖਿਆਕਾਰ ਹੋ ਸਕਦੇ ਹਨ ਪਰ ਜੇ ਕੋਈ ਗੈਰ-ਸਿੱਖ ਜਾਂ ਪਤਿਤ ਸਿੱਖ ਹੋ ਕੇ ਵੀ ਸਿੱਖ ਧਰਮ ਦੀ ਪ੍ਰਸੰਸਾ ਕਰੇ ਤਾਂ ਉਹ ਉਸ ਨੂੰ ਪਲਕਾਂ 'ਤੇ ਬਿਠਾ ਲੈਂਦੇ ਹਨ।

ਸਿੱਖ ਵਿਦਵਾਨ ਸਿੱਖ ਧਰਮ ਤੋਂ ਬਾਹਰ ਕੋਈ ਸੰਸਾਰ ਦ੍ਰਿਸ਼ਟੀਕੋਣ ਬਣਾਉਣ ਸਾਂਝਾ ਕਰਨ ਤੋਂ ਝਿਜਕਦੇ ਹਨ। ਉਹ ਵਿਗਿਆਨੀ ਹੋ ਕੇ ਵੀ ਵਿਗਿਆਨ ਨਾਲ ਜੁੜਨਾ ਮਨਮੱਤ ਸਮਝਦੇ ਹਨ। ਉਨ੍ਹਾਂ ਅਨੁਸਾਰ ਵਿਗਿਆਨ ਠੀਕ ਤਾਂ ਹੈ ਪਰ ਜੇ ਇਹ ਗੁਰਮਤਿ ਦੀ ਅਵਹੇਲਣਾ ਕਰੇ ਤਾਂ ਮਨਮਤ ਹੈ। ਉਹ ਮੰਨਦੇ ਹਨ ਜਿੱਥੋਂ ਤੀਕਰ ਗੁਰਮਤਿ ਪਹੁੰਚੀ ਹੋਈ ਹੈ, ਉਥੇ ਵਿਗਿਆਨ ਨਹੀਂ ਪਹੁੰਚ ਸਕਦਾ, ਭਾਵ ਵਿਗਿਆਨ ਦੀ ਪਹੁੰਚ ਉਥੇ ਤੀਕਰ ਨਹੀਂ ਹੈ। ਜੇ ਕੋਈ ਕਹੇ ਕਿ ਵਿਗਿਆਨ ਦਾ ਮਨੋਰਥ ਵੀ ਤਾਂ ਸੱਚ ਦੀ ਤਾਲਾਸ਼ ਹੈ ਤਾਂ ਉਹ ਕਹਿੰਦੇ ਹਨ ਕਿ ਕਿਸੇ ਛੋਟੇ-ਮੋਟੇ ਦੁਨਿਆਵੀ ਸੱਚ ਦੀ ਤਾਲਾਸ਼ ਨਾਲ ਪਰਮਾਤਮਾ ਥੋੜ੍ਹਾ ਪਾਇਆ ਜਾਂਦਾ ਹੈ।

ਇਸ ਲਈ ਗੂੜ੍ਹ ਵਿਗਿਆਨੀ ਸਿੱਖ ਵੀ ਆਮ ਤੌਰ 'ਤੇ ਵਿਗਿਆਨ ਨਾਲ ਚਲਦੇ ਹੋਏ ਵੀ ਗੁਰਮਤਿ ਦਾ ਰਾਹ ਹੀ ਅਪਣਾਉਂਦੇ ਹਨ। ਉਹ ਵਿਗਿਆਨਕ ਸੱਚ ਨਾਲ ਨਹੀਂ ਖੜ੍ਹ ਸਕਦੇ ਕਿਉਂਕਿ ਉਨ੍ਹਾਂ ਨੂੰ ਆਪਣੇ ਫਲਸਫੇ ਦੇ ਵਿਗਿਆਨ ਦਾ ਗਿਆਨ ਨਹੀਂ ਹੈ। ਉਹ ਤਾਂ ਇਹੀ ਸਮਝਦੇ ਹਨ ਕਿ ਉਨ੍ਹਾਂ ਦੇ ਧਰਮ ਤੇ ਵਿਗਿਆਨ ਦੀਆਂ ਚੂਲਾਂ ਹੀ ਵੱਖੋ ਵੱਖਰੀਆਂ ਥਾਵਾਂ ਤੇ ਲੱਗੀਆਂ ਹੋਈਆਂ ਹਨ। ਮੁੱਕਦੀ ਗੱਲ ਕਿ ਅਜੋਕੇ ਸਿੱਖ ਵਿਦਵਾਨਾਂ ਲਈ ਗੁਰਮਤਿ ਹੀ ਗਿਆਨ ਹੈ ਤੇ ਗੁਰਮਤਿ ਹੀ ਵਿਗਿਆਨ। ਉਨ੍ਹਾਂ ਦਾ ਸਮੂਚਾ ਸੰਸਾਰ ਦ੍ਰਿਸ਼ਟੀਕੋਣ ਹੀ ਉਨ੍ਹਾਂ ਦੀ ਆਪਣੀ ਸਮਝ ਵਾਲੀ ਗੁਰਮਤਿ ਦੁਆਲੇ ਉਸਰਿਆ ਹੁੰਦਾ ਹੈ ਤੇ ਉਸਰਿਆ ਵੀ ਬੜੀ ਪਕੜ ਨਾਲ ਹੁੰਦਾ ਹੈ।

ਦੂਜੇ ਪਾਸੇ ਜਿਨ੍ਹਾਂ ਚੀਜ਼ਾਂ ਨੂੰ ਸਿੱਖ ਵਿਦਵਾਨ ਸਰਬਉਚ ਅਹਿਮੀਅਤ ਦਿੰਦੇ ਹਨ, ਮਾਰਕਸਵਾਦੀ ਵਿਦਵਾਨ ਉਨ੍ਹਾਂ ਨੂੰ ਅਧਿਆਤਮਵਾਦ ਦੱਸਦੇ ਹਨ। ਅਧਿਆਤਮਵਾਦ ਉਹ ਵਿਚਾਰ ਜਾਂ ਵਿਚਾਰਧਾਰਾ ਹੈ ਜੋ ਤੱਥਾਂ 'ਤੇ ਆਧਾਰਿਤ ਨਾ ਹੋਵੇ ਸਗੋਂ ਸੁਣੀ ਸੁਣਾਈ, ਪੜ੍ਹੀ ਪੜਾਈ ਜਾਂ ਕਲਪਨਾ ਰਾਹੀਂ ਵੱਡੀ ਛੋਟੀ ਕਰ ਕੇ ਜਾਂ ਤੋੜ-ਮਰੋੜ ਕੇ ਸਿਰਜੀ ਹੋਈ ਹੋਵੇ। ਵਿਚਾਰਾਂ ਦੇ ਅਜਿਹੇ ਜੁਗਾੜ ਦਾ ਮੁੱਖ ਗੁਣ ਇਹ ਹੁੰਦਾ ਹੈ ਕਿ ਇਹ ਯਥਾਰਥ 'ਤੇ ਆਧਾਰਿਤ ਨਹੀਂ ਹੁੰਦਾ ਤੇ ਇਸ ਦੀ ਕੋਈ ਦੁਨਿਆਵੀ ਗਵਾਹੀ ਨਹੀਂ ਹੁੰਦੀ। ਇਸ ਦੇ ਤਰਕ ਜੋੜ ਬੜੇ ਢਿੱਲੇ ਹੁੰਦੇ ਹਨ ਤੇ ਇਨ੍ਹਾਂ ਦੀ ਕੋਈ ਪਰਖ ਪੜਤਾਲ ਨਹੀਂ ਕੀਤੀ ਜਾ ਸਕਦੀ। ਮਾਰਕਸਵਾਦੀ ਇਸ ਤਰ੍ਹਾਂ ਦੇ ਵਿਚਾਰ ਸਮੂਹਾਂ ਨੂੰ ਸਮਝਦੇ ਤਾਂ ਹਨ ਪਰ ਆਪਣੇ ਆਪ ਨੂੰ ਇਨਾਂ ਨਾਲ ਜੋੜਦੇ ਨਹੀਂ। ਜੁੜਦੇ ਉਹ ਕੇਵਲ ਵਿਗਿਆਨ ਨਾਲ ਹਨ ਤੇ ਵਿਗਿਆਨ ਨੂੰ ਹੀ ਅੰਤਿਮ ਸਚਾਈ ਭਾਲਣ ਦੀ ਸਰਬਉਤਮ ਵਿਧੀ ਮੰਨਦੇ ਹਨ। ਕਿਉਂਕਿ ਵਿਗਿਆਨ ਦਾ ਪਦਾਰਥ ਤੇ ਯਥਾਰਥ ਨਾਲ ਅਟੁਟ ਨਾਤਾ ਹੈ, ਇਸ ਲਈ ਉਹ ਪਦਾਰਥ ਦੀ ਖੋਜ ਰਾਹੀਂ ਹੀ ਆਪਣੇ ਵਿਚਾਰ ਅਤੇ ਵਿਚਾਰ ਪ੍ਰਣਾਲੀ ਘੜਦੇ ਹਨ। ਮਾਰਕਸਵਾਦ ਕੇਵਲ ਤੇ ਕੇਵਲ ਗਤੀਸ਼ੀਲ ਮਾਦੇ ਨੂੰ ਅੰਤਮ ਸਚਾਈ ਸਮਝਦਾ ਹੈ ਤੇ ਅਧਿਆਤਮਵਾਦ ਦੀ ਇਸ ਵਿਚ ਕੋਈ ਥਾਂ ਨਹੀਂ ਹੈ। ਉਨ੍ਹਾਂ ਅਨੁਸਾਰ ਅਧਿਆਤਮਵਾਦ ਕੇਵਲ ਮੱਨੁਖੀ ਸੋਚ ਦੀ ਉਲਾਰ ਪ੍ਰਕਿਰਿਆ ਹੈ ਜੋ ਬੁੱਧੀ ਦੇ ਯਥਾਰਥਕ ਵਿਕਾਸ ਨਾਲ ਸੂਤ ਹੋ ਸਕਦੀ ਹੈ। ਇਸ ਤਰ੍ਹਾਂ ਮਾਰਕਸਵਾਦ ਸਮਝ ਦਾ ਬੇਕਿਰਕ ਸਿਸਟਮ ਹੈ ਜੋ ਅਧਿਆਤਮਵਾਦ ਤਾਂ ਇਕ ਪਾਸੇ, ਕੱਚੇ ਪੱਕੇ ਮਕਾਨਕੀ ਪਦਾਰਥਵਾਦ ਨਾਲ ਵੀ ਸਮਝੌਤਾ ਨਹੀਂ ਕਰਦਾ। ਮਾਰਕਸਵਾਦ ਅਨੁਸਾਰ ਪਦਾਰਥ ਕਹਿਣ ਨਾਲ ਹੀ ਪਦਾਰਥਵਾਦ ਨਹੀਂ ਬਣ ਜਾਂਦਾ, ਇਸ ਧਾਰਨਾ ਵਿਚ ਗਤੀਸ਼ੀਲ ਪਦਾਰਥ ਤੇ ਵਿਗਿਆਨ ਦੋਵੇਂ ਸਮਾਏ ਹੋਏ ਹਨ ਪਰ ਅਧਿਆਤਮਵਾਦੀ ਇਸ ਗੱਲ ਨੂੰ ਨਜ਼ਰ ਅੰਦਾਜ਼ ਕਰ ਦਿੰਦੇ ਹਨ।

ਇਸ ਤਰ੍ਹਾਂ ਦੋਵੇਂ ਪਾਸਿਆਂ ਦੇ ਵਿਦਵਾਨਾਂ ਨੇ ਆਪਣੀਆਂ ਵਿਚਾਰਧਾਰਾਵਾਂ ਦੀ ਮੋਰਚੇਬੰਦੀ ਕੀਤੀ ਹੋਈ ਹੈ। ਉਨ੍ਹਾਂ ਨੇ ਕਈ ਗੱਲਾਂ ਦਿਖਾਉਣ ਲਈ ਤਹਿਆਂ ਦੇ ਉਪਰ ਰੱਖੀਆਂ ਹੋਈਆਂ ਹਨ ਤੇ ਕਈ ਤਹਿਆਂ ਵਿਚ ਲੁਕੀਆਂ ਹੋਈਆਂ ਹਨ ਜਿਨ੍ਹਾਂ ਤੀਕਰ ਉਨ੍ਹਾਂ ਦੀ ਪਹੁੰਚ ਨਹੀਂ। ਦੋਵੇਂ ਪੱਖਾਂ ਨੇ ਮੁੱਖ ਮੁੱਦਿਆਂ ਬਾਰੇ ਸਮਝ ਦੇ ਲੋਕਵਰਤੀ ਅਖਾਣ ਤੇ ਮੁਹਾਵਰੇ ਬਣਾਏ ਹੋਏ ਹਨ। ਸਿੱਖ ਵਿਦਵਾਨਾਂ ਨੂੰ ਪੁੱਛੋ, "ਕੀ ਬਾਣੀ ਵਿਗਿਆਨ ਹੈ?" ਵਿਗਿਆਨ ਜਿਹਾ ਆਧੁਨਿਕ ਸ਼ਬਦ ਲੱਗਿਆ ਦੇਖ ਕੇ ਉਹ ਕਹਿਣਗੇ, "ਹਾਂ ਜੀ ਗੁਰਬਾਣੀ ਤਾਂ ਪੂਰੀ ਵਿਗਿਆਨਕ ਹੈ। ਜੇ ਪੁੱਛੋ, ਕਿਵੇਂ ਤਾਂ ਉਹ "ਅਗਾਸਾ ਅਗਾਸ ਲਖ ਪਤਾਲਾ ਪਤਾਲ" ਦਾ ਹਵਾਲਾ ਦੇ ਕੇ ਆਊਂ ਕਤਾਊਂ ਕਰ ਜਾਂਦੇ ਹਨ। ਇਸੇ ਤਰ੍ਹਾਂ ਜੇ ਮਾਰਕਸਵਾਦੀਆਂ ਨੂੰ ਪੁੱਛੋ, "ਕੀ ਮਾਰਕਸਵਾਦ ਸਰਮਾਏਦਾਰੀ ਦੇ ਪੱਖ ਵਿਚ ਹੈ? ਕਹਿਣਗੇ, "ਇਹ ਕਿਵੇਂ ਹੋ ਸਕਦਾ ਹੈ?" ਜੇ ਪੁੱਛੋ, "ਕੀ ਮਾਰਕਸ ਦੀ ਪੁਸਤਕ 'ਦਾਸ ਕੈਪੀਟਲ' ਪੜ੍ਹੀ ਹੈ?" ਕਹਿਣਗੇ, "ਉਹ ਤਾਂ ਨਹੀਂ ਪੜ੍ਹੀ, ਬੜੀ ਮੁਸ਼ਕਿਲ ਹੈ ਪਰ ਉਹਦੇ ਬਾਰੇ ਇੱਧਰੋਂ ਉਧਰੋਂ ਪੂਰਾ ਪੜ੍ਹਿਆ ਹੈ।"

ਅਸਲੀਅਤ ਇਹ ਹੈ ਕਿ ਮਾਰਕਸ ਨੇ ਇਸ ਪੁਸਤਕ ਵਿਚ ਆਪਣਾ ਵਿਸ਼ਾ ਇੰਨਾ ਸਰਲ ਕਰ ਕੇ ਬਿਆਨ ਕੀਤਾ ਹੈ ਜਿੰਨਾ ਸਰਲ ਕਰ ਕੇ ਕੋਈ ਪ੍ਰਾਇਮਰੀ ਅਧਿਆਪਕ ਵੀ ਆਪਣੇ ਵਿਦਿਆਰਥੀਆਂ ਨੂੰ ਨਹੀਂ ਸਮਝਾਉਂਦਾ। ਸਿੱਖ ਵਿਦਵਾਨ ਮਾਰਕਸਵਾਦ ਨੂੰ ਇਸ ਕਰ ਕੇ ਵੀ ਭੰਡਦੇ ਹਨ ਕਿ ਇਹ ਆਰਥਿਕ ਨਿਸਚੇਵਾਦਵਿਚ ਵਿਸ਼ਵਾਸ ਰੱਖਦਾ ਹੈ ਜਿਸ ਕਾਰਨ ਵਿਗਿਆਨਕ ਨਹੀਂ ਹੋ ਸਕਦਾ।

ਮਾਰਕਸਵਾਦੀ ਵਿਦਵਾਨ ਨਿਰੁੱਤਰ ਹੋ ਕੇ ਕਹਿੰਦੇ ਹਨ ਕਿ ਜੇ ਸਮਾਜ ਵਿਚ ਆਰਥਿਕ ਨਿਸਚੇਵਾਦ ਦਾ ਤੱਥ ਪਾਇਆ ਜਾਂਦਾ ਹੈ ਤਾਂ ਹੀ ਤਾਂ ਉਹ ਇਸ ਨੂੰ ਸਵੀਕਾਰ ਕਰਦੇ ਹਨ ਪਰ ਸਚਾਈ ਇਹ ਹੈ ਕਿ ਮਾਰਕਸ ਨੇ ਇਕ ਕਾਮਾ ਸੰਗਠਨ ਨੂੰ ਸਪਸ਼ਟ ਕਰਦਿਆਂ ਕਿਹਾ ਸੀ ਕਿ ਜੇ ਤੁਸੀਂ ਆਰਥਿਕ ਨਿਸਚੇਵਾਦ ਨੂੰ ਮਾਰਕਸਵਾਦ ਸਮਝਦੇ ਹੋ ਤਾਂ ਮੈਂ ਮਾਰਕਸਵਾਦੀ ਨਹੀਂ ਹਾਂ। ਫ੍ਰੈਡਰਿਕ ਏਂਗਲਜ਼ ਨੇ ਵੀ ਇਕ ਮਾਰਕਸੀ ਆਗੂ ਜੇ ਬਲਾਕ ਨੂੰ ਸਤੰਬਰ 1889 ਦੇ ਇਕ ਪੱਤਰ ਦੇ ਜਵਾਬ ਵਿਚ ਦੱਸਿਆ ਸੀ ਕਿ ਜੇ ਤੁਸੀਂ ਆਰਥਿਕ ਨਿਸਚੇਵਾਦ ਨੂੰ ਹੀ ਮਾਰਕਸਵਾਦ ਦਾ ਮੁੱਖ ਅੰਗ ਸਮਝਦੇ ਹੋ ਤਾਂ ਅਸੀਂ ਇਸ ਵਿਚਾਰ ਨਾਲ ਕਤਈ ਸਹਿਮਤ ਨਹੀਂ ਹਾਂ। ਸਾਡਾ ਕਸੂਰ ਸਿਰਫ ਇੰਨਾ ਹੈ ਕਿ ਕੰਮਾਂ ਦੇ ਰੁਝੇਵਿਆਂ ਕਾਰਨ ਅਸੀਂ ਅਜਿਹੇ ਅਵਿਗਿਆਨਕ ਰੁਝਾਨਾਂ ਦਾ ਗਹੁ ਨਾਲ ਖੰਡਨ ਨਹੀਂ ਕਰ ਸਕੇ ਸਾਂ।

ਇਸ ਤਰ੍ਹਾਂ ਦੋਹਾਂ ਪਾਸਿਆਂ ਦੇ ਵਿਦਵਾਨਾਂ ਵਿਚ ਇਕ ਦੂਜੇ ਦੀ ਵਿਚਾਰਧਾਰਾ ਪ੍ਰਤੀ ਸਾਰਥਕ ਜਾਣਕਾਰੀ ਦੀ ਘਾਟ ਤਾਂ ਹੈ ਹੀ, ਉਹ ਆਪਣੀਆਂ ਵਿਚਾਰਧਾਰਾਵਾਂ ਨੂੰ ਵੀ ਟੂਕਾਂ, ਗੰਢਾਂ ਤੇ ਅਖਾਣਾਂ ਦੇ ਸਹਾਰੇ ਹੀ ਜਾਣਦੇ ਹਨ। ਅਲਪ ਜਾਣਕਾਰੀ ਤੇ ਵਿਕਾਸਵਾਦੀ ਸਮਝ ਦੀ ਕਮੀ ਕਾਰਨ ਉਹ ਆਪਣੇ ਵਿਚਾਰਾਂ ਵਿਚ ਜਾਇਜ਼ ਸੁਧਾਰ ਕਰਨਾ ਵੀ ਵਾਜਿਬ ਨਹੀਂ ਸਮਝਦੇ। ਕਿਸੇ ਦੀ ਸਹੀ ਗੱਲ ਨਾਲ ਸਹਿਮਤ ਹੋਣਾ ਉਨ੍ਹਾਂ ਲਈ ਕੋਈ ਮੋਰਚਾ ਖੁੱਸ ਜਾਣ ਦੇ ਬਰਾਬਰ ਹੈ। ਸਾਰੰਸ਼ ਇਹ ਕਿ ਕਿਸੇ ਲਾਭਯੋਗ ਵਾਰਤਾਲਾਪ ਲਈ ਉਨ੍ਹਾਂ ਨੂੰ ਬੰਨ੍ਹੀਆਂ ਤਹਿਆਂ ਖੋਲ੍ਹਣੀਆਂ ਪੈਣਗੀਆਂ, ਛੁਟਕਾਏ ਨੁਕਤੇ ਵਿਸਤਰਿਤ ਕਰਨੇ ਪੈਣਗੇ, ਮੋਰਚੇਬੰਦੀ ਖਤਮ ਕਰਨੀ ਪਵੇਗੀ ਤੇ ਤੱਥਾਂ-ਪ੍ਰਮਾਣਾਂ ਦੇ ਕਟਿਹਰੇ ਵਿਚ ਖੜ੍ਹਾ ਹੋਣਾ ਪਵੇਗਾ। ਅਜਿਹਾ ਕਰਨਾ ਕੋਈ ਸਮਝੌਤਾਵਾਦੀ ਕਦਮ ਨਹੀਂ ਹੋਵੇਗਾ ਸਗੋਂ ਯਥਾਰਥ ਨੂੰ ਯਥਾਰਥ ਦੇ ਤੌਰ 'ਤੇ ਦੇਖਣ ਦਾ ਉਪਰਾਲਾ ਹੋਵੇਗਾ।

# ਅੱਗ ਦੀ ਲਾਟ ਚਿਮਟੇ ਨਾਲ ਫੜਨ ਵਾਲਾ - ਸੰਪੂਰਨ ਸਿੰਘ ਉਰਫ਼ ਗੁਲਜ਼ਾਰ

***ਸੂਖਮ ਤੰਦਾਂ ਨਾਲ ਗਜ਼ਲ ਦੀ ਬੁਣਤੀ ਪਾਉਣ ਵਾਲੇ ਗਜ਼ਲਗੋ ਅਜੈ ਤਨਵੀਰ ਨੇ ਉਘੇ ਸ਼ਾਇਰ ਅਤੇ ਫਿਲਮੀ ਹਸਤੀ ਗੁਲਜ਼ਾਰ ਦੇ ਕਲਾ ਦੇ ਵਿਹੜੇ ਝਾਤੀ ਮਾਰੀ ਹੈ; ਨਾਲ ਹੀ ਉਨ੍ਹਾਂ ਦੀ ਜ਼ਿੰਦਗੀ ਦੇ ਕੁਝ ਖਾਸ ਤੇ ਅਣਛੋਹੇ ਵਰਕੇ ਫਰੋਲੇ ਹਨ। ਇਸ ਲਿਖਤ ਵਿਚ ਅਜੈ ਤਨਵੀਰ ਪਾਠਕ ਨੂੰ ਗੁਲਜ਼ਾਰ ਦੀ ਮਹਿਕ ਨਾਲ ਹੀ ਸਰਸ਼ਾਰ ਨਹੀਂ ਕਰਦਾ ਸਗੋਂ ਜ਼ਿੰਦਗੀ ਦੀਆਂ ਉਨ੍ਹਾਂ ਸਚਾਈਆਂ ਦੇ ਰੂਬਰੂ ਵੀ ਕਰਦਾ ਹੈ ਜੋ ਇਨ੍ਹਾਂ ਦੋਹਾਂ ਨੇ ਆਪਣੇ ਅਨੁਭਵ ਵਿਚੋਂ ਕਮਾਈਆਂ ਹਨ। ਅਸੀਂ ਗੁਲਜ਼ਾਰ ਬਾਰੇ ਇਹ ਲੰਮਾ ਲੇਖ ਪਾਠਕਾਂ ਨਾਲ ਸਾਂਝਾ ਕਰ ਰਹੇ ਹਾਂ। ਇਸ ਦੀ ਦੂਜੀ ਕਿਸ਼ਤ ਹਾਜ਼ਰ ਹੈ।***

ਉਨ੍ਹਾਂ ਦਿਨਾਂ ਵਿਚ ਇਕ ਬੰਗਾਲੀ ਫ਼ਿਲਮ 'ਅਪਨਜਨ' ਕਾਫ਼ੀ ਚਰਚਾ ਵਿਚ ਸੀ। ਇਹ ਫ਼ਿਲਮ ਤਪਨ ਸਿਨਹਾ ਦੀ ਡਾਇਰੈਕਟ ਕੀਤੀ ਹੋਈ ਸੀ। ਐੱਨ. ਸੀ. ਸਿੱਪੀ ਇਸ ਫ਼ਿਲਮ ਨੂੰ ਹਿੰਦੀ ਵਿਚ ਬਣਾਉਣਾ ਚਾਹੁੰਦੇ ਸਨ। ਉਹ ਫ਼ਿਲਮ ਇੰਡਸਟਰੀ ਦੇ ਮੰਨੇ-ਪ੍ਰਮੰਨੇ ਫ਼ਿਲਮ ਨਿਰਮਾਤਾ ਸਨ। ਉਨ੍ਹਾਂ ਨੇ 'ਅਪਨਜਨ' ਫ਼ਿਲਮ ਨੂੰ ਹਿੰਦੀ ਵਿਚ ਡਬ ਕਰਨ



**ਅਜੈ ਤਨਵੀਰ**

ਲਈ ਤਪਨ ਸਿਨਹਾ ਨੂੰ ਚੁਣਿਆ। ਗੁਲਜ਼ਾਰ ਨੇ ਸਾਰੀ ਸਕ੍ਰਿਪਟ ਲਿਖੀ। ਪਰ ਅਖ਼ੀਰ ਵਿਚ ਤਪਨ ਸਿਨਹਾ ਨੇ ਇਸ ਫ਼ਿਲਮ ਨੂੰ ਡਾਇਰੈਕਟ ਕਰਨ ਤੋਂ ਨਾਂਹ ਕਰ ਦਿੱਤੀ। ਐੱਨ. ਸੀ. ਸਿੱਪੀ ਬੜੀ ਮੁਸ਼ਕਿਲ ਵਿਚ ਸਨ ਕਿ ਹੁਣ ਕੀ ਕੀਤਾ ਜਾਵੇ। ਉਨ੍ਹਾਂ ਸੋਚਿਆ, ਕਿਉਂ ਨਾ ਇਸ ਬਾਰੇ ਗੁਲਜ਼ਾਰ ਨਾਲ ਮਸ਼ਵਰਾ ਕੀਤਾ ਜਾਵੇ। ਉਨ੍ਹਾਂ ਗੁਲਜ਼ਾਰ ਨੂੰ ਕਿਹਾ, 'ਜੋ ਤੁਸੀਂ ਸਕ੍ਰਿਪਟ ਲਿਖੀ ਹੈ, ਉਸ ਨੂੰ ਲੈ ਕੇ ਮੇਰੇ ਘਰ ਸਵੇਰੇ ਤਿੰਨ ਵਜੇ ਆ ਜਾਣਾ।' ਗੁਲਜ਼ਾਰ ਪੂਰੇ ਸਮੇਂ 'ਤੇ ਸਕ੍ਰਿਪਟ ਲੈ ਕੇ ਸਿੱਪੀ ਦੇ ਘਰ ਪਹੁੰਚ ਗਿਆ। ਉਹ ਬਹੁਤ ਹੈਰਾਨ ਹੋਏ ਕਿ ਗੁਲਜ਼ਾਰ ਸਮੇਂ ਦਾ ਕਾਫ਼ੀ ਪਾਬੰਦ ਹੈ। ਦੋਵਾਂ ਨੇ ਬੈਠ ਕੇ ਬਣ ਰਹੀ ਫ਼ਿਲਮ ਬਾਰੇ ਕਾਫ਼ੀ ਚਰਚਾ ਕੀਤਾ। ਸਿੱਪੀ ਜੋ ਚਾਹੁੰਦਾ ਸੀ, ਉਸ ਨੂੰ ਗੁਲਜ਼ਾਰ ਵਿਚੋਂ ਨਜ਼ਰ ਆ ਰਿਹਾ ਸੀ। ਸਿੱਪੀ ਨੇ ਗੁਲਜ਼ਾਰ ਨੂੰ ਪੁੱਛਿਆ-ਇਸ ਫ਼ਿਲਮ ਵਿਚ ਜੋ ਬੁੱਢੀ ਔਰਤ ਦਾ ਰੋਲ ਹੈ, ਉਸ ਲਈ ਕਿਸ ਨੂੰ ਲੈਣਾ ਚਾਹੀਦੈ ਤਾਂ ਗੁਲਜ਼ਾਰ ਨੇ ਛਾਇਆ ਦੇਵੀ ਦਾ ਨਾਮ ਲਿਆ। ਸਿੱਪੀ ਹੱਸਣ ਲੱਗ ਪਿਆ, ਉਸ ਨੇ ਕਿਹਾ, 'ਕਿਸੇ ਖ਼ੂਬਸੂਰਤ ਐਕਟਰੇਸ ਦਾ ਨਾਮ ਲਵੋ, ਕੀ ਤੁਸੀਂ ਰਿਸ਼ੀਕੇਸ਼ ਮੁਖਰਜੀ ਹੋ, ਉਸ ਨੂੰ ਇਸ ਤਰ੍ਹਾਂ ਦੇ ਬੋਰਿੰਗ ਚਿਹਰੇ ਪਸੰਦ ਹਨ।' ਗੁਲਜ਼ਾਰ ਨੇ ਫਿਰ ਮੀਨਾ ਕੁਮਾਰੀ ਦਾ ਨਾਮ ਲਿਆ। ਅਸਲ ਵਿਚ ਗੱਲ ਇਹ ਸੀ ਕਿ ਸਿੱਪੀ ਨਿੰਮੀ ਨੂੰ ਲੈਣਾ ਚਾਹੁੰਦੇ ਸਨ ਕਿਉਂਕਿ ਉਸ ਦਾ ਕਰੱਸ਼ ਸੀ ਨਿੰਮੀ 'ਤੇ, ਪਰ ਅਖ਼ੀਰ ਵਿਚ ਮੀਨਾ ਕੁਮਾਰੀ ਦੇ ਨਾਮ 'ਤੇ ਮੋਹਰ ਲਾਈ ਗਈ। ਇਸ ਫ਼ਿਲਮ ਨੂੰ 'ਮੇਰੇ ਅਪਨੇ' ਦਾ ਨਾਮ ਦਿੱਤਾ ਗਿਆ। ਫ਼ਿਲਮ ਬਹੁਤ ਕਮਾਲ ਦੀ ਬਣੀ। ਗੁਲਜ਼ਾਰ ਦੀ ਹਰ ਪਾਸੇ ਤੂਤੀ ਬੋਲਣ ਲੱਗੀ। ਉਸ ਦੀ ਡਾਇਰੈਕਸ਼ਨ ਵਿਚ ਇਹ ਪਹਿਲੀ ਫ਼ਿਲਮ ਸੀ। ਮੀਨਾ ਕੁਮਾਰੀ ਦੇ ਕੰਮ ਦੀ ਜਿੰਨੀ ਤਾਰੀਫ਼ ਕੀਤੀ ਜਾਵੇ, ਘੱਟ। ਕਮਾਲ ਦੀ ਅਦਾਕਾਰੀ। ਗੁਲਜ਼ਾਰ ਨੂੰ ਉਸ ਦੀ ਇਸ ਉਡਾਰੀ



ਨੇ ਇਸ਼ਾਰਾ ਕਰ ਦਿੱਤਾ ਸੀ ਕਿ ਤੇਰੀ ਉਡਾਰੀ ਅੱਗੇ ਇਹ ਅਸਮਾਨ ਬਹੁਤ ਨਿੱਕਾ ਜਿਹਾ ਹੈ ਪਰ ਜਦੋਂ ਵੀ ਉੱਡਣਾ, ਉੱਡਣਾ ਪਰਾਂ ਨੂੰ ਤੋਲ ਕੇ।

ਗੁਲਜ਼ਾਰ ਕਮਾਲ ਦੇ ਗੀਤਕਾਰ ਤਾਂ ਸਨ ਹੀ, ਹੁਣ ਨਿਰਦੇਸ਼ਕ ਵੀ ਕਮਾਲ ਦੇ ਬਣ ਗਏ ਸਨ। 'ਮੇਰੇ ਅਪਨੇ' ਫ਼ਿਲਮ ਦੇ ਚਰਚੇ ਗ਼ਲੀ-ਗ਼ਲੀ ਹੋਣ ਲੱਗੇ। ਇਹ ਫ਼ਿਲਮ ਬਣਨ ਨੂੰ ਕਾਫ਼ੀ ਸਮਾਂ ਲੱਗਾ ਸੀ ਕਿਉਂਕਿ ਮੀਨਾ ਕੁਮਾਰੀ ਦੀ ਸਿਹਤ ਕਾਫ਼ੀ ਖ਼ਰਾਬ ਸੀ। ਇਸ ਵਿਚ ਮੀਨਾ ਕੁਮਾਰੀ ਦਾ ਇਕ ਬੁੱਢੀ ਮਾਂ ਦਾ ਰੋਲ ਸੀ। ਇਸ ਬੁੱਢੀ ਮਾਂ ਲਈ ਗੁਲਜ਼ਾਰ ਨੇ ਇਕ ਸਪੈਸ਼ਲ ਗੀਤ ਲਿਖਿਆ ਸੀ। ਪਰ ਉਹ ਸ਼ੂਟ ਨਾ ਹੋ ਸਕਿਆ। 'ਮੇਰੇ ਅਪਨੇ' ਦੀ ਕਹਾਣੀ ਨੇ ਸਿਨੇਮਾ ਸਭਿਆਚਾਰ ਵਿਚ ਸੰਵੇਦਨਾ ਦੀ ਨਵੀਂ ਲੀਹ ਪਾਈ। ਹੁਣ ਅੱਲ੍ਹੜਾਂ ਦੀਆਂ ਅੱਖਾਂ ਵਿਚ ਸੁਰਮਾ ਨਹੀਂ, ਗੁਲਜ਼ਾਰ ਵਸਦਾ ਸੀ। 'ਮੇਰੇ ਅਪਨੇ' ਤੋਂ ਬਾਅਦ ਗੁਲਜ਼ਾਰ ਦੀ ਨਿਰਦੇਸ਼ਨਾ ਹੇਠ 'ਪਰਿਚਯ' ਫ਼ਿਲਮ ਆਉਂਦੀ ਹੈ, ਇਸ ਫ਼ਿਲਮ ਵਿਚ ਸੰਜੀਵ ਕੁਮਾਰ, ਜਯਾ ਭਾਦੁੜੀ




ਦੇ ਪਿਤਾ ਦਾ ਰੋਲ ਕਰ ਰਿਹਾ ਸੀ। ਇਸ ਫ਼ਿਲਮ ਦਾ ਹੀਰੋ ਜਤਿੰਦਰ ਸੀ। ਉਸ ਨੂੰ ਇਸ ਫ਼ਿਲਮ ਨੇ ਇਕ ਨਵੀਂ ਦਿੱਖ ਤੇ ਨਵੀਂ ਪਛਾਣ ਦਿੱਤੀ। ਇਸ ਫ਼ਿਲਮ ਦਾ ਇਕ ਗੀਤ 'ਬੀਤੇ ਨਾ ਬਿਤਾਈ ਰੈਨਾ, ਬਿਰਹਾ ਕੀ ਜਾਈ ਰੈਨਾ' ਜਤਿੰਦਰ ਨੂੰ ਪਸੰਦ ਨਹੀਂ ਸੀ। ਉਹ ਚਾਹੁੰਦਾ ਸੀ ਇਹ ਗੀਤ ਬਦਲ ਦਿੱਤਾ ਜਾਵੇ, ਪਰ ਜਿਸ ਦਿਨ ਇਹ ਗੀਤ ਸ਼ੂਟ ਕਰਨਾ ਸੀ, ਅਮਿਤਾਭ ਬੱਚਨ ਵੀ ਉਥੇ ਪਹੁੰਚ ਗਿਆ, ਕਿਉਂਕਿ ਉਸ ਦੀ ਪਤਨੀ ਇਸ ਫ਼ਿਲਮ ਵਿਚ ਕੰਮ ਕਰ ਰਹੀ ਸੀ। ਜਦੋਂ ਅਮਿਤਾਭ ਬੱਚਨ ਨੇ ਇਹ ਗੀਤ ਸੁਣਿਆ, ਉਹ ਰੋਣ ਲੱਗ ਪਿਆ। ਇਹ ਗੀਤ ਜਯਾ ਭਾਦੁੜੀ ਅਤੇ ਸੰਜੀਵ ਕੁਮਾਰ 'ਤੇ ਫ਼ਿਲਮਾਇਆ ਗਿਆ ਸੀ। ਇਸ ਗੀਤ ਨੂੰ ਵੀ ਨੈਸ਼ਨਲ ਐਵਾਰਡ ਮਿਲਿਆ ਸੀ। 'ਪਰਿਚਯ' ਫ਼ਿਲਮ ਦਾ ਗੀਤ 'ਮੁਸਾਫ਼ਿਰ ਹੂੰ ਯਾਰੋ' ਦੀ ਧੁਨ ਦਾ ਅਜੀਬ ਕਿੱਸਾ ਹੈ। ਗੁਲਜ਼ਾਰ ਨਾਲ ਆਰ. ਡੀ. ਬਰਮਨ ਦੀ ਯਾਰੀ, ਉਸ ਸਮੇਂ ਤੋਂ ਸੀ ਜਦੋਂ ਉਹ ਆਪਣੇ ਡੈਡੀ ਐੱਸ. ਡੀ. ਬਰਮਨ ਨਾਲ ਬਤੌਰ ਅਸਿਸਟੈਂਟ ਕੰਮ ਕਰਦਾ ਸੀ। ਗੁਲਜ਼ਾਰ ਦੀ ਗਹਿਰੇ ਗੀਤਾਂ ਵਰਗੀ ਯਾਰੀ ਸੀ ਆਰ. ਡੀ. ਬਰਮਨ ਦੇ ਨਾਲ। ਦੋਵੇਂ ਸੁਰਾਂ ਦੇ ਰਿਸ਼ਤੇ ਨੂੰ ਰੂਹਾਨੀ ਮੰਨਦੇ ਸਨ। 'ਮੁਸਾਫ਼ਿਰ ਹੂੰ ਯਾਰੋ' ਦੀ ਧੁਨ ਆਰ. ਡੀ. ਬਰਮਨ ਨੇ ਕਾਰ ਚਲਾਉਂਦੇ ਸਮੇਂ ਬਣਾਈ ਸੀ। ਇਸ ਧੁਨ ਨੂੰ ਬਣਾਉਂਦੇ ਬਣਾਉਂਦੇ ਉਹ ਗੁਲਜ਼ਾਰ ਦੇ ਘਰ ਪਹੁੰਚੇ। ਗੁਲਜ਼ਾਰ ਨੂੰ ਨਾਲ ਲੈ ਕੇ ਧੁਨ ਬਣਾਉਣ ਲੱਗਾ ਆਰ. ਡੀ. ਬਰਮਨ। ਗੁਲਜ਼ਾਰ ਵਿਚੋਂ ਹੀ ਟੋਕ ਦਿੰਦਾ। ਇਥੇ ਇਸ ਤਰ੍ਹਾਂ ਹੋਵੇਗਾ, ਗੁਲਜ਼ਾਰ ਆਪਣੇ ਗਹਿਰੇ ਸ਼ਬਦਾਂ ਨੂੰ ਮਹੱਤਤਾ ਦਿੰਦਾ। ਆਰ.ਡੀ. ਬਰਮਨ ਉਨ੍ਹਾਂ ਸ਼ਬਦਾਂ ਨੂੰ ਸੰਗੀਤ।

ਇਸ ਤੋਂ ਬਾਅਦ ਗੁਲਜ਼ਾਰ ਨੇ ਜੋ ਹੈਟ੍ਰਿਕ ਮਾਰੀ, ਉਹ ਸੀ ਫ਼ਿਲਮ 'ਕੋਸ਼ਿਸ਼'। ਇਸ ਫ਼ਿਲਮ ਵਿਚ ਸੰਜੀਵ ਕੁਮਾਰ ਅਤੇ ਜਯਾ ਭਾਦੁੜੀ ਪਤੀ-ਪਤਨੀ ਦਾ ਰੋਲ ਕਰ ਰਹੇ ਸਨ। ਦੋਵੇਂ ਗੂੰਗੇ ਤੇ ਬੋਲ਼ੇ ਸਨ। ਇਕ ਅਜੀਬ ਕਿੱਸਾ ਹੈ 'ਕੋਸ਼ਿਸ਼' ਅਤੇ 'ਪਰਿਚਯ' ਫ਼ਿਲਮ ਦਾ। ਸੰਜੀਵ 'ਕੋਸ਼ਿਸ਼' ਵਿਚ ਜਯਾ ਭਾਦੁੜੀ ਦਾ ਪਤੀ ਅਤੇ 'ਪਰਿਚਯ' ਵਿਚ ਪਿਤਾ ਬਣੇ ਸਨ। ਇਹ ਦੋਵੇਂ ਫ਼ਿਲਮਾਂ ਇਕ ਹਫ਼ਤੇ ਦੇ ਵਕਫ਼ੇ ਨਾਲ ਹੀ ਰਿਲੀਜ਼ ਹੋਈਆਂ ਸਨ, ਲੋਕ ਹੈਰਾਨ ਸਨ। ਗੁਲਜ਼ਾਰ ਦੀਆਂ ਦੋਵੇਂ ਫ਼ਿਲਮਾਂ ਇਕੋ ਵਕਤ ਆ ਗਈਆਂ। ਦੋਵੇਂ ਫ਼ਿਲਮਾਂ ਨੇ ਸਫਲਤਾ ਦੇ ਐਸੇ ਝੰਡੇ ਗੱਡੇ ਜੋ ਅਜੇ ਤੀਕਰ ਵੀ ਝੂ਼ਲ ਰਹੇ ਹਨ। ਇਨ੍ਹਾਂ ਫ਼ਿਲਮਾਂ ਦੇ ਨਿਰਮਾਤਾ ਐੱਨ. ਸੀ. ਸਿੱਪੀ ਸਨ। ਉਨ੍ਹਾਂ ਨੂੰ ਕਿਸੇ ਨੇ ਸਲਾਹ ਦਿੱਤੀ, ''ਇਹ ਦੋਵੇਂ ਫ਼ਿਲਮਾਂ ਤੁਸੀਂ 'ਕੱਠੀਆਂ ਰਿਲੀਜ਼ ਨਾ ਕਰੋ, ਲੋਕ ਕੀ ਸੋਚਣਗੇ। ਇਕ ਵਿਚ ਹੀਰੋ ਪਤੀ ਹੈ, ਦੂਜੇ ਵਿਚ ਪਿਤਾ।' ਸਾਰੀ ਗੱਲ ਗ਼ੌਰ ਨਾਲ ਸੁਣ ਕੇ ਐੱਨ. ਸੀ. ਸਿੱਪੀ ਨੇ ਕਿਹਾ, 'ਕੋਈ ਵੀ ਫ਼ਿਲਮ ਹੋਵੇ, ਉਹ ਐਕਟਰ ਨਾਲ ਨਹੀਂ, ਐਕਟਿੰਗ ਨਾਲ ਚਲਦੀ ਹੈ।' ਐੱਨ. ਸੀ. ਸਿੱਪੀ ਨਿਰਮਾਤਾ ਹੀ ਨਹੀਂ, ਬੜੀ ਲੰਬੀ ਸੋਚ ਵਾਲੇ ਇਨਸਾਨ ਸਨ। ਉਹ ਲੋਕਾਂ ਦੀ ਨਬਜ਼ ਹੀ ਨਹੀਂ, ਵਕਤ ਦੀ ਨਬਜ਼ ਵੀ ਜਾਣਦੇ ਸਨ। ਇਸ ਲਈ ਉਨ੍ਹਾਂ ਦਾ ਗੁਲਜ਼ਾਰ ਨਾਲ ਜਿਗਰੀ ਯਾਰ ਵਾ਼ਲਾ ਰਿਸ਼ਤਾ ਸੀ। ਉਹ ਹਰ ਕੰਮ ਵਿਚ ਗੁਲਜ਼ਾਰ ਦੀ ਤਾਰੀਫ਼ ਕਰਦੇ ਨਾ ਥੱਕਦੇ, ਜੌਹਰੀ ਲੋਕ ਹੀ ਹੀਰੇ ਦੀ ਪਰਖ ਕਰਦੇ ਹਨ।

'ਕੋਸ਼ਿਸ਼' ਫ਼ਿਲਮ ਗੁਲਜ਼ਾਰ ਦੀ ਕੋਸ਼ਿਸ਼ ਨਹੀਂ, ਹੁਣ ਸਾਰਿਆਂ ਦੀ ਕੋਸ਼ਿਸ਼ ਹੋ ਗਈ ਸੀ। ਕੋਸ਼ਿਸ਼ ਨੂੰ ਪਿਆ ਬੂਰ ਦਿਸਦਾ ਸੀ। ਇਹ ਫ਼ਿਲਮ ਜਾਪਾਨੀ ਫ਼ਿਲਮ 'ਹੈਪੀਨੈਸ ਆਫ਼ ਅਸ ਅਲੋਨ' ਤੋਂ ਪ੍ਰਭਾਵਿਤ ਹੋ ਕੇ ਬਣਾਈ ਸੀ। ਇਸ ਫ਼ਿਲਮ ਨੇ ਇਹ ਸਾਬਿਤ ਕਰ ਦਿੱਤਾ ਸੀ ਕਿ ਪਿਆਰ ਨੂੰ ਆਵਾਜ਼ ਦੀ ਨਹੀਂ, ਮਹਿਸੂਸ ਕਰਨ ਦੀ ਲੋੜ ਹੁੰਦੀ ਹੈ। ਗੁਲਜ਼ਾਰ ਦੀ ਹਰ ਫ਼ਿਲਮ ਦੀ ਕਹਾਣੀ ਕਵਿਤਾ ਵਰਗੀ ਹੁੰਦੀ।

ਕਲਕੱਤਾ ਰਹਿੰਦੇ ਸਮੇਂ ਹੀ ਰਾਖੀ ਨੇ ਗੁਲਜ਼ਾਰ ਦਾ ਨਾਮ ਸੁਣਿਆ ਸੀ। ਰਾਖੀ ਦਾ ਵਿਆਹ ਪੰਦਰਾਂ ਸਾਲ ਦੀ ਉਮਰ ਵਿਚ ਹੀ ਬੰਗਲਾ ਫ਼ਿਲਮ ਡਾਇਰੈਕਟਰ ਅਜੇ ਵਿਸ਼ਵਾਸ ਨਾਲ ਹੋ ਗਿਆ ਸੀ ਪਰ ਇਹ ਬੰਧਨ ਲੰਮਾ ਸਮਾਂ ਨਾ ਚੱਲ ਸਕਿਆ। ਰਾਖੀ ਕਲਾ ਤੇ ਹੁਨਰ ਦੀ ਮਲਿਕਾ ਸੀ। ਰਾਖੀ ਦੀ ਪਹਿਲੀ ਬੰਗਲਾ ਫ਼ਿਲਮ 'ਮਧੂਵਰਨ' ਸੁਪਰਹਿੱਟ ਹੋਈ। ਰਾਖੀ ਬੰਬਈ ਆ ਗਈ। ਪਰ ਪਤੀ ਨਾਲ ਜ਼ਿਆਦਾ ਸਮਾਂ ਨਾ ਰਹਿ ਸਕੀ। ਪਤੀ ਦਾ ਘਰ ਛੱਡ ਕੇ ਆਪਣੇ ਦੋਸਤ 'ਚਾਂਦ ਉਸਮਾਨੀ' ਦੇ ਘਰ ਆ ਗਈ। ਗੁਲਜ਼ਾਰ ਨਾਲ ਰਾਖੀ ਦੀ ਪਹਿਲੀ ਮੁਲਾਕਾਤ ਚਾਂਦ ਉਸਮਾਨੀ ਦੇ ਘਰ ਹੀ ਹੋਈ ਸੀ। ਰਾਖੀ ਗੁਲਜ਼ਾਰ ਦੇ ਗੀਤ ਸੁਣ ਕੇ ਸੋਚਦੀ ਸੀ ਕਿ ਇਸ ਤਰ੍ਹਾਂ ਦੇ ਗੀਤ ਲਿਖਣ ਵਾਲਾ ਕੋਈ ਸਿਆਣੀ ਉਮਰ ਦਾ ਆਦਮੀ ਹੋਵੇਗਾ। ਜਦ ਚਾਂਦ ਉਸਮਾਨੀ ਦੇ ਘਰ ਰਾਖੀ ਨੇ ਗੁਲਜ਼ਾਰ ਨੂੰ ਚਿੱਟੇ ਕੁੜਤੇ ਪਜਾਮੇ ਵਿਚ ਵੇਖਿਆ ਤਾਂ ਉਹ ਹੈਰਾਨ ਰਹਿ ਗਈ। ਭਾਵੇਂ ਦੋਵੇਂ ਇਸ ਮੁਲਾਕਾਤ ਨੂੰ ਪਿਆਰ ਦੀ ਸ਼ੁਰੂਆਤ ਨਹੀਂ ਮੰਨਦੇ ਪਰ ਇਸ ਮੁਲਾਕਾਤ ਨੇ ਕਿਸੇ ਨਾ ਕਿਸੇ ਰਿਸ਼ਤੇ ਨੂੰ ਜਨਮ ਜ਼ਰੂਰ ਦੇ ਦਿੱਤਾ ਸੀ। ਜਦੋਂ ਪਿਆਰ ਦਰ 'ਤੇ ਦਸਤਕ ਦਿੰਦਾ ਹੈ, ਪਿਆਰ ਕਰਨ ਵਾਲੇ ਨੂੰ ਪਤਾ ਨਹੀਂ ਲੱਗਦਾ। ਪਰ ਆਪਣਾ ਆਲਾ-ਦੁਆਲਾ ਇਹ ਮਹਿਸੂਸ ਕਰਨ ਲਾ ਦਿੰਦਾ ਹੈ ਕਿ ਕੁਝ ਹੋ ਗਿਆ ਹੈ। ਕੀ ਹੋ ਗਿਆ ਹੈ, ਭਾਵੇਂ ਪਤਾ ਨਾ ਹੋਵੇ। ਇਸ ਦੋਸਤੀ ਵਿਚ ਬਾਂਗਲਾ ਸਾਹਿਤ ਤੇ ਸਭਿਆਚਾਰ ਨੇ ਅਹਿਮ ਭੂਮਿਕਾ ਨਿਭਾਈ। ਗੁਲਜ਼ਾਰ ਬਾਂਗਲਾ ਚੰਗੀ ਤਰ੍ਹਾਂ ਜਾਣਦੇ ਸਨ। ਰਾਖੀ ਤੇ ਗੁਲਜ਼ਾਰ ਦੀਆਂ ਮੁਲਾਕਾਤਾਂ ਦਾ ਦੌਰ ਵਧ ਗਿਆ ਸੀ। ਦੋਵੇਂ ਇਕ ਦੂਜੇ ਦੀ ਲੋੜ ਮਹਿਸੂਸ ਕਰਨ ਲੱਗੇ। ਪਿਆਰ, ਪਿਆਰ ਨੂੰ ਆਪਣੇ ਵੱਲ ਖਿੱਚਦਾ ਹੈ। ਅਖ਼ੀਰ ਵਿਚ ਦੋਵਾਂ ਨੇ




ਇਕੱਠੇ ਰਹਿਣ ਦਾ ਫ਼ੈਸਲਾ ਕਰ ਲਿਆ, ਵਿਆਹ ਦੀ ਤਾਰੀਖ਼ ਮਿੱਥ ਲਈ ਗਈ। ਉਸ ਸਾਲ ਬੰਬਈ ਵਿਚ ਤਿੰਨ ਵਿਆਹਾਂ ਦੀ ਖ਼ੂਬ ਚਰਚਾ ਹੋਈ। ਉਹ ਤਿੰਨ ਵਿਆਹ ਸਨ-ਰਾਜੇਸ਼ ਖੰਨਾ ਦਾ ਡਿੰਪਲ ਕਪਾਡੀਆ ਨਾਲ, ਅਮਿਤਾਭ ਬੱਚਨ ਦਾ ਜਯਾ ਭਾਦੁੜੀ ਨਾਲ ਅਤੇ ਗੁਲਜ਼ਾਰ ਦਾ ਰਾਖੀ ਨਾਲ। ਇਨ੍ਹਾਂ ਵਿਆਹਾਂ ਦੀ ਚਰਚਾ ਹਰ ਫ਼ਿਲਮ ਦੇ ਸੈੱਟ ਅਤੇ ਘਰ ਘਰ ਹੋਣ ਲੱਗੀ। ਤਿੰਨੇ ਹੀ ਸੁਪਰਹਿੱਟ ਜੋੜੀਆਂ। ਇਕ ਦੂਜੇ ਨਾਲੋਂ ਵਧ ਚੜ੍ਹ ਕੇ। ਬੁਲੰਦੀ 'ਤੇ ਪਹੁੰਚਣਾ ਸੌਖਾ ਨਹੀਂ ਪਰ ਬੁਲੰਦੀ 'ਤੇ ਟਿਕੇ ਰਹਿਣਾ ਬਹੁਤ ਮੁਸ਼ਕਿਲ ਹੈ।

ਗੁਲਜ਼ਾਰ ਦੇ ਵਿਆਹ ਦੀ ਸਾਰੀ ਜ਼ਿੰਮੇਵਾਰੀ ਗੁਲਜ਼ਾਰ ਦੇ ਜਿਗਰੀ ਯਾਰ ਐੱਨ. ਸੀ. ਸਿੱਪੀ ਨੇ ਆਪਣੇ ਮੋਢਿਆਂ 'ਤੇ ਲਈ। ਉਸ ਨੇ ਕਿਹਾ-ਵਿਆਹ ਦਾ ਸਾਰਾ ਜਸ਼ਨ ਮੇਰੇ ਘਰ ਹੋਵੇਗਾ।




ਬਾਰਾਤ ਵੀ ਮੇਰੇ ਘਰੋਂ ਹੀ ਤੁਰੇਗੀ। ਵਿਆਹ ਤੋਂ ਇਕ ਹਫ਼ਤਾ ਪਹਿਲਾਂ ਹੀ ਸਿੱਪੀ ਦੇ ਘਰ ਵਿਆਹ ਵਰਗਾ ਮਾਹੌਲ ਬਣ ਗਿਆ। ਕੋਈ ਗੀਤਕਾਰ, ਕੋਈ ਸੰਗੀਤਕਾਰ, ਕੋਈ ਨਿਰਮਾਤਾ ਆਦਿ ਸਭ ਸ਼ਾਮ ਨੂੰ ਗਲਾਸੀ ਖੜਕਾਉਂਦੇ। ਗੁਲਜ਼ਾਰ ਦੇ ਵਿਆਹ ਦਾ ਹਰ ਕਿਸੇ ਨੂੰ ਚਾਅ ਸੀ। ਹਰ ਕੋਈ ਸਾਬਿਤ ਕਰਨਾ ਚਾਹੁੰਦਾ ਸੀ ਕਿ ਗੁਲਜ਼ਾਰ ਮੇਰੇ ਆਪਣੇ ਹਨ। ਰਾਖੀ ਲਈ ਸ਼ਗਨ ਵੀ ਸਿੱਪੀ ਦੇ ਘਰੋਂ ਹੀ ਗਿਆ। ਸਿੱਪੀ ਨੇ ਮਾਣ-ਤਾਣ ਵਿਚ ਕੋਈ ਕਸਰ ਨਾ ਛੱਡੀ। ਰਾਖੀ ਦੇ ਘਰੋਂ ਸ਼ਗਨ ਵਿਚ ਗੁਲਜ਼ਾਰ ਲਈ ਬੈਂਗਣ ਆਏ। ਰਾਖੀ ਨੂੰ ਪਤਾ ਸੀ, ਗੁਲਜ਼ਾਰ ਬੈਂਗਣ ਪਸੰਦ ਨਹੀਂ ਕਰਦੇ। ਇਸ ਲਈ ਉਸ ਨੇ ਇਹ ਸ਼ਰਾਰਤ ਕੀਤੀ ਸੀ। ਰਾਖੀ ਦੇ ਬੰਗਲੇ ਵਿਚ ਬਾਰਾਤ ਦੇ ਸੁਆਗਤ ਲਈ ਕੋਈ ਕਸਰ ਨਾ ਛੱਡੀ ਗਈ। ਵਿਆਹ ਤੋਂ ਦੋ ਦਿਨ ਪਹਿਲਾਂ ਮਹਿੰਦੀ ਦੀ ਰਸਮ ਵੇਲੇ ਮਸ਼ਹੂਰ ਗਾਇਕਾ ਬੇਗਮ ਅਖ਼ਤਰ ਨੇ ਵਿਆਹ ਦੇ ਗੀਤ ਗਾਏ। ਸਾਰੀ ਫ਼ਿਲਮ ਇੰਡਸਟਰੀ ਵਿਆਹ ਵਿਚ ਹਾਜ਼ਰੀ ਲਗਾਉਣ ਪਹੁੰਚੀ ਸੀ। ਵਿਆਹ ਤੋਂ ਬਾਅਦ ਗੁਲਜ਼ਾਰ ਦਾ ਫ਼ਿਲਮੀ ਕਰੀਅਰ ਦਿਨੋਂ ਦਿਨ ਹੋਰ ਉੱਚਾ ਹੁੰਦਾ ਗਿਆ। ਗੁਲਜ਼ਾਰ ਆਖਦਾ ਹੈ ਕਿ ਵਿਆਹ ਤੋਂ ਬਾਅਦ ਰਾਖੀ ਨਾਲ ਜਿਹੜੇ ਪਲ ਕਸ਼ਮੀਰ ਵਿਚ ਬਿਤਾਏ, ਉਹ ਮੇਰੀ ਜ਼ਿੰਦਗੀ ਦੇ ਹੁਸੀਨ ਪਲ ਸਨ।

ਜਦੋਂ ਗੁਲਜ਼ਾਰ ਨੂੰ ਪਤਾ ਲੱਗਾ ਕਿ ਰਾਖੀ ਮਾਂ ਬਣਨ ਵਾਲੀ ਹੈ, ਉਸ ਦੀ ਖ਼ੁਸ਼ੀ ਨੂੰ ਹੋਰ ਵੀ ਪਰ ਲੱਗ ਗਏ। ਉਹ ਇਸ ਖ਼ੁਸ਼ੀ ਨਾਲ ਹੋਰ ਉੱਚਾ ਉੱਡਣ ਲੱਗਾ। ਰਾਖੀ ਦੇ ਮਾਂ ਬਣਨ ਵਾਲੀ ਰਿਪੋਰਟ ਅੱਜ ਵੀ ਗੁਲਜ਼ਾਰ ਨੇ ਸਾਂਭ ਕੇ ਰੱਖੀ ਹੋਈ ਹੈ। ਹੁਣ ਗੁਲਜ਼ਾਰ ਨੂੰ ਇਹੀ ਡਰ ਲੱਗਾ ਰਹਿੰਦਾ, ਕਿਤੇ ਡਿਲਿਵਰੀ ਕਾਰ ਵਿਚ ਹੀ ਨਾ ਹੋ ਜਾਵੇ, ਕਿਉਂਕਿ ਐੱਨ.ਸੀ. ਸਿੱਪੀ ਨੇ ਕਿਹਾ ਸੀ-ਇਕ ਵਾਰ, ਇਕ ਔਰਤ ਨੂੰ ਬੱਚਾ ਟਰੇਨ ਵਿਚ ਹੀ ਹੋ ਗਿਆ ਸੀ। ਇਸ ਤਰ੍ਹਾਂ ਦੀਆਂ ਖ਼ਬਰਾਂ ਸੁਣਦੇ ਗੁਲਜ਼ਾਰ ਰਾਖੀ ਦਾ ਦਿਨ-ਰਾਤ ਖ਼ਿਆਲ ਰੱਖਦੇ। ਸਾਰੇ ਆਖਦੇ ਸਨ ਲੜਕਾ ਹੋਵੇਗਾ। ਗੁਲਜ਼ਾਰ ਆਖਦਾ, ਲੜਕੀ ਹੋਵੇਗੀ। ਗੁਲਜ਼ਾਰ ਸ਼ਰਤ ਜਿੱਤ ਚੁੱਕੇ ਸਨ। ਰਾਖੀ ਨੇ ਲੜਕੀ ਨੂੰ ਜਨਮ ਦਿੱਤਾ। ਗੁਲਜ਼ਾਰ ਨੇ ਧੀ ਵੱਲ ਵੇਖਦੇ ਹੀ ਉਸ ਦਾ ਨਾਂ 'ਬੋਸਕੀ' ਰੱਖਿਆ। ਗੁਲਜ਼ਾਰ ਨੇ ਚਾਰ ਦਿਨਾਂ ਦੀ ਬੋਸਕੀ ਲਈ ਕਵਿਤਾ ਲਿਖੀ, ਜਿਸ ਦਾ ਨੌਂ ਮਹੀਨਿਆਂ ਤੋਂ ਇੰਤਜ਼ਾਰ ਸੀ :


ਬਿੱਟੋ ਗਈ ਬੋਸਕੀ
ਬੂੰਦ ਗਿਰੀ ਹੈ ਉਸਕੀ
ਉਸਕਾ ਦਾਨਾ ਮੋਤੀ ਹੈ
ਬੋਸਕੀ ਜਿਸ ਮੇਂ ਸੋਤੀ ਹੈ

ਰਾਖੀ ਨੇ ਧੀ ਦਾ ਨਾਂ ਮੇਘਨਾ ਰੱਖਿਆ। ਪਰ ਗੁਲਜ਼ਾਰ ਲਈ ਤਾਂ ਉਹ ਬੋਸਕੀ ਸੀ। ਰੇਸ਼ਮ ਜਿਹੀ ਬੋਸਕੀ, ਘਰ ਦਾ ਸ਼ਿੰਗਾਰ ਬਣ ਚੁੱਕੀ ਸੀ। ਗੁਲਜ਼ਾਰ ਰਾਖੀ, ਬੋਸਕੀ ਨੂੰ ਵੇਖ-ਵੇਖ ਨਾ ਰੱਜਦੇ। ਕਦੇ ਗੁਲਜ਼ਾਰ ਉਸ ਨੂੰ ਮੇਘਨਾ ਦੇ ਨਾਮ ਨਾਲ ਬੁਲਾਉਂਦਾ, ਕਦੇ ਰਾਖੀ ਉਸ ਨੂੰ ਬੋਸਕੀ ਦੇ ਨਾਮ ਨਾਲ ਬੁਲਾਉਂਦੀ। ਬੋਸਕੀ ਦੇ ਜਨਮ ਤੋਂ ਬਾਅਦ ਮਿੱਤਰਾਂ ਦੇ ਫੋਨ ਆਉਣ ਲੱਗੇ। ਹਰ ਕੋਈ ਵਧਾਈਆਂ ਦੇ ਰਿਹਾ ਸੀ। ਗੁਲਜ਼ਾਰ ਦੇ ਇਕ ਦੋਸਤ ਨੇ ਫੋਨ ਕਰ ਕੇ ਪੁੱਛਿਆ- ਧੀ ਦਾ ਨਾਂ ਕੀ ਰੱਖਿਆ ਹੈ? ਗੁਲਜ਼ਾਰ ਨੇ ਦੱਸਿਆ-'ਬੋਸਕੀ'। ਉਹ ਦੋਸਤ ਮਜ਼ਾਕ ਕਰਦਾ ਕਹਿਣ ਲੱਗਾ-'ਗੁਲਜ਼ਾਰ, ਜੇ ਲੜਕਾ ਪੈਦਾ ਹੁੰਦਾ, ਫਿਰ ਕੀ ਨਾਂ ਰੱਖਦਾ?' ਗੁਲਜ਼ਾਰ ਵੀ ਹੱਸਣ ਲੱਗ ਪਿਆ, ਕਹਿੰਦਾ-ਅਗਰ ਲੜਕਾ ਹੁੰਦਾ ਤਾਂ ਮੈਂ ਉਸ ਦਾ ਨਾਮ 'ਲੱਠਾ' ਰੱਖਦਾ।

# ਨਾਮ ਵਿਚ ਕੀ ਰੱਖਿਆ...

**ਕਿਸੇ ਸਮੇਂ ਅਯੁੱਧਿਆ ਦੇ ਸਾਧੂ ਵੱਖਰੀ ਕਿਸਮ ਦੀ ਕਲਾ ਦੇ ਮਾਹਰ ਹੁੰਦੇ ਸਨ ਪਰ 1980 ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਸਰਗਰਮੀ ਤੋਂ ਬਾਅਦ ਸਾਧੂਆਂ ਨੂੰ ਧਾਰਮਿਕ-ਸਿਆਸੀ ਕਾਰਜਾਂ ਲਈ ਵਰਤਿਆ ਜਾਣ ਲੱਗਾ। ਹੁਣ ਤਾਂ ਇਹ ਸਾਧੂ ਪੁਰਾਣੀਆਂ ਪ੍ਰੰਪਰਾਵਾਂ, ਵਿਸ਼ਵਾਸ, ਗੁਰਗੱਦੀ ਅਤੇ ਗਿਆਨ ਦੀ ਥਾਂ ਤਾਕਤ, ਪੈਸਾ ਅਤੇ ਸ਼ਕਤੀ ਲਈ ਖੇਡਾਂ ਖੇਡਦੇ ਹਨ। ਉਘੇ ਪੱਤਰਕਾਰ ਧੀਰੇਂਦਰ ਕੇ. ਝਾਅ ਨੇ ਇਸ ਸਿਆਸੀ ਸ਼ਕਤੀ ਦੇ ਵੇਰਵੇ ਆਪਣੀ ਅੰਗਰੇਜ਼ੀ ਕਿਤਾਬ 'ਅਸੈਟਿਕ ਗੇਮਜ਼' ਵਿਚ ਪੇਸ਼ ਕੀਤੇ ਹਨ। ਇਸ ਕਿਤਾਬ ਦਾ ਪੰਜਾਬੀ ਤਰਜਮਾ ਤਰਸੇਮ ਲਾਲ ਨੇ ਕੀਤਾ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਕਿਤਾਬ ਲੜੀਵਾਰ ਛਾਪ ਰਹੇ ਹਾਂ। ਇਸ ਅਹਿਮ ਕਿਤਾਬ ਦੀ ਛੇਵੀਂ ਕਿਸ਼ਤ ਹਾਜ਼ਿਰ ਹੈ।**

## ਸਾਧੂਆਂ ਦੀ ਦੁਨੀਆ ਅਤੇ ਸਿਆਸਤ-6




ਅਖਾੜਿਆਂ ਵੱਲੋਂ ਨਾਗਾ ਸਾਧੂਆਂ ਨੂੰ ਦਿੱਤੀਆਂ ਉਪਾਧੀਆਂ ਭਾਰੀ ਲਾਭ ਦਾ ਸਬੱਬ ਬਣਦੀਆਂ ਹਨ; ਖਾਸ ਤੌਰ 'ਤੇ ਸ਼ੈਵ ਅਖਾੜੇ ਵੱਲੋਂ ਦਿੱਤੀ ਜਾਂਦੀ ਮਹਾਂ ਮੰਡਲੇਸ਼ਵਰ ਦੀ ਉਪਾਧੀ ਦਾ ਵੱਡਾ ਮੁੱਲ ਹੈ। ਇਹ ਉਪਾਧੀ ਕਈ ਵਾਰੀ ਅਖਾੜਿਆਂ ਲਈ ਮੁਸ਼ਕਿਲ ਦਾ ਕਾਰਨ ਵੀ ਬਣ ਜਾਂਦੀ ਹੈ। 2013 ਦੇ ਅਲਾਹਾਬਾਦ ਕੁੰਭ ਤੋਂ ਬਾਅਦ ਸਭ ਤੋਂ ਵੱਡੇ ਜੂਨਾ ਸੰਨਿਆਸੀ ਅਖਾੜੇ ਦੇ ਮਹੰਤ ਗੁੱਸੇ ਵਿਚ ਸਨ ਕਿ ਪ੍ਰਬੰਧਕਾਂ ਨੇ ਮਹਾਂ ਮੰਡਲੇਸ਼ਵਰ ਦਾ ਖਿਤਾਬ 40 ਸਾਲਾ ਉਮਰ ਦੀ ਰਾਧੇ ਮਾਂ ਨੂੰ ਦੇ ਦਿੱਤਾ ਹੈ। 1954 ਦੇ ਮਹਾਂ ਨਿਰਵਾਣੀ ਅਖਾੜੇ ਦੇ ਫੈਸਲੇ ਬਾਅਦ ਝਗੜੇ ਵਾਲਾ ਇਹ ਦੂਜਾ ਫੈਸਲਾ ਸੀ। ਇਹ ਵਿਰੋਧ ਕੇਵਲ ਰਾਧੇ ਮਾਂ ਦੇ ਔਰਤ ਹੋਣ ਕਾਰਨ ਹੀ ਨਹੀਂ ਸੀ। ਰਾਧੇ ਮਾਂ ਦਾ ਅਸਲ ਨਾਮ ਸੁਖਵਿੰਦਰ ਕੌਰ (ਗੁੱਡੀਆ) ਹੈ ਜੋ ਗੁਰਦਾਸਪੁਰ ਦੀ ਜੰਮਪਲ ਹੈ ਅਤੇ ਵਿਆਹ ਤੋਂ ਬਾਅਦ ਮੁੰਬਈ ਆ ਗਈ।



ਉਹ ਮਸ਼ਹੂਰੀ ਕਰਨ ਵਾਲੀ ਕੰਪਨੀ ਦੇ ਪਰਿਵਾਰ ਦੀ ਨੂੰਹ ਸੀ। ਫਿਰ ਉਹ ਮੁੰਬਈ ਤੋਂ ਦਿੱਲੀ ਪਹੁੰਚੀ। ਕਾਰਾਂ ਦੇ ਵੱਡੇ ਕਾਫਲੇ ਨਾਲ ਹਰਿਦੁਆਰ ਪੁੱਜੀ। ਮਹਿੰਗੇ ਹੋਟਲ ਵਿਚ

**ਧੀਰੇਂਦਰ ਕੇ. ਝਾਅ**
**ਅਨੁਵਾਦ: ਤਰਸੇਮ ਲਾਲ**

ਰੁਕੀ, 31 ਜੁਲਾਈ 2012 ਦੀ ਅੱਧੀ ਰਾਤ ਕੈਂਪ ਵਿਚ ਗਈ ਜਿਥੇ ਅਵਦੇਸ਼ਾ ਨੰਦ ਗਿਰੀ ਨੇ ਉਸ ਨੂੰ ਮਹਾਂ ਮੰਡਲੇਸ਼ਵਰ ਦੀ ਉਪਾਧੀ ਦੇ ਦਿੱਤੀ। ਅਗਲੀ ਸਵੇਰ ਹੀ ਉਹ ਦਿੱਲੀ ਤੋਂ ਹੁੰਦੀ ਹੋਈ ਮੁੰਬਈ ਪਹੁੰਚ ਗਈ।

ਇਸ ਰਸਮ ਦੇ ਪ੍ਰਬੰਧ ਮੜ੍ਹੀਆਂ (ਮੱਠਾਂ) ਦੇ ਚਾਰ ਸਕੱਤਰਾਂ ਵਿਚੋਂ ਵੱਧ ਪ੍ਰਭਾਵਸ਼ਾਲੀ ਹਰੀ ਗਿਰੀ ਵੱਲੋਂ ਕੀਤੇ ਗਏ ਸਨ। ਇਸ 'ਤੇ ਵੱਡਾ ਬਵਾਲ ਖੜ੍ਹਾ ਹੋ ਗਿਆ ਕਿ ਭੇਤਭਰੇ ਢੰਗ ਨਾਲ ਧਨ ਲੈ ਕੇ ਬਿਨਾ ਕਿਸੇ ਸੰਨਿਆਸ ਲਏ ਤੋਂ ਤੁਰੀ ਫਿਰਦੀ ਸੁੰਦਰਤਾ ਅਤੇ ਫਜ਼ੂਲ ਖਰਚੀ ਦੀ ਮੂਰਤੀ ਨੂੰ ਉਪਾਧੀ ਦੇ ਦਿੱਤੀ। ਜੂਨਾ ਅਖਾੜੇ ਦੇ ਹਰਿਦੁਆਰ ਵਾਲੇ ਮਹਾਂ ਮੰਡਲੇਸ਼ਵਰ ਜਤਿੰਦਰ ਨਾਥ ਗਿਰੀ ਨੇ ਕਿਹਾ ਕਿ ਉਸ ਵਿਚ ਰੱਤੀ ਭਰ ਵੀ ਸਾਧ-ਸੰਤਾਂ ਵਾਲੇ ਗੁਣ ਨਹੀਂ। ਸਾਰੇ ਭਾਵੇਂ ਹਰੀ ਗਿਰੀ ਤੋਂ ਔਖੇ ਸਨ ਪਰ ਉਸ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਨਾਲ ਸਬੰਧਾਂ ਕਾਰਨ ਸਿੱਧਾ ਵਿਰੋਧ ਨਹੀਂ ਕਰ ਰਹੇ ਸਨ। ਦਬਾਉ ਵਧਣ ਕਾਰਨ ਅਗਲੇ ਦਿਨ ਉਪਾਧੀ ਮੁਅੱਤਲ ਕਰ ਦਿੱਤੀ ਗਈ। ਪੰਜ ਮੈਂਬਰੀ ਪੜਤਾਲ ਕਮੇਟੀ ਬਣਾਈ ਜਿਸ ਨੇ ਤਿੰਨ ਮਹੀਨਿਆਂ ਵਿਚ ਰਿਪੋਰਟ ਦੇਣੀ ਸੀ। ਉਸ ਵਿਚ ਬਹੁਤੇ ਮੈਂਬਰ ਹਰੀ ਗਿਰੀ ਦੇ ਵਫਾਦਾਰ ਸਨ; ਜਿਵੇਂ ਮਹਾਂ ਮੰਡਲੇਸ਼ਵਰ ਪੰਚਾ ਨੰਦ ਗਿਰੀ। ਰਾਧੇ ਮਾਂ ਦੇ ਸੂਤਰਾਂ ਨੇ ਮੀਡੀਆ ਨੂੰ ਰਾਧੇ ਮਾਂ ਦੇ ਇਸ ਲਈ ਯੋਗ ਹੋਣ ਬਾਰੇ ਸੂਚਿਤ ਕੀਤਾ।

ਅਲਾਹਾਬਾਦ ਕੁੰਭ (2013) ਆਉਣ ਕਾਰਨ ਮਸਲਾ ਠੰਢਾ ਪੈ ਗਿਆ। 14 ਜਨਵਰੀ ਦੇ ਸ਼ਾਹੀ ਇਸ਼ਨਾਨ ਤੋਂ ਬਾਅਦ ਅਫਵਾਹ ਫੈਲ ਗਈ ਕਿ 9 ਫਰਵਰੀ ਦੇ ਸ਼ਾਹੀ ਇਸ਼ਨਾਨ ਸਮੇਂ ਜੂਨਾ ਮਹਾਂ ਮੰਡਲੇਸ਼ਵਰਾਂ ਦੀ ਟੀਮ ਨਾਲ ਰਾਧੇ ਮਾਂ ਵੀ ਸ਼ਾਮਲ ਹੋ ਰਹੀ ਹੈ। 23 ਜਨਵਰੀ ਨੂੰ ਮੀਡੀਆ ਵਿਚ ਖਬਰਾਂ ਆਉਣ ਲੱਗੀਆਂ ਕਿ ਜਾਂਚ ਟੀਮ ਨੇ ਰਾਧੇ ਮਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਜੂਨਾ ਅਖਾੜੇ ਵਿਚ ਰੌਲਾ ਪੈ ਗਿਆ। ਅਖਾੜੇ ਦੇ ਚਾਰਾਂ ਸਕੱਤਰਾਂ ਵਿਚ ਦੋ ਨੇ ਮੀਟਿੰਗ ਮਗਰੋਂ ਪ੍ਰੈੱਸ ਕਾਨਫਰੰਸ ਕਰ ਕੇ ਐਲਾਨ ਕਰ ਦਿੱਤਾ ਕਿ ਫੈਸਲਾ ਆਉਣਾ ਬਾਕੀ ਹੈ, ਕੇਵਲ ਪੰਚਾਨੰਦ ਗਿਰੀ ਨੇ ਹੀ ਕਲੀਨ ਚਿੱਟ ਦਿੱਤੀ ਹੈ। ਕਮੇਟੀ ਨੇ ਨਹੀਂ; ਇਸ ਲਈ ਉਸ ਨੂੰ ਕੁੰਭ ਸਮੇਂ ਸ਼ਾਹੀ ਇਸ਼ਨਾਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

ਜੂਨਾ ਅਖਾੜਾ ਭਾਵੇਂ ਹੋਰ ਬਇੱਜ਼ਤੀ ਤੋਂ ਬਚ ਗਿਆ ਪਰ ਹਰੀ ਗਿਰੀ ਦੀ ਆਪਣੀ ਹੇਠੀ ਬਹੁਤ ਹੋ ਗਈ। ਉਸ ਦੀ 6 ਸਾਲਾਂ ਦੀ ਸਕੱਤਰੀ ਵਿਚ ਉਸ ਦੇ ਫੈਸਲੇ ਕਦੇ ਬਦਲੇ ਨਹੀਂ ਸਨ ਗਏ ਪਰ ਇਹ ਹਾਰ ਕੱਚੀ ਸੀ ਅਤੇ ਉਹ ਮੁੜ ਹੋਰ ਚਾਲ ਖੇਡ ਸਕਦਾ ਸੀ। ਦਿਵਿਆਨੰਦ ਸਰਸਵਤੀ ਅਨੁਸਾਰ (ਵਿਦਿਆ ਨੰਦ ਸਰਸਵਤੀ ਦਾ ਉਤਰਾਧਿਕਾਰੀ) ਹਰੀ ਗਿਰੀ ਨੂੰ ਅਚਾਰੀਆ ਅਵਦੇਸ਼ਾ ਨੰਦ ਗਿਰੀ ਨੇ ਰੋਕਿਆ ਜਿਸ ਨੇ ਰਾਧੇ ਮਾਂ ਵਾਲੀ ਬਹਿਸ ਦੌਰਾਨ ਅੱਧ ਵਿਚਾਲੇ ਕੁੰਭ ਛੱਡ ਕੇ ਜਾਣ ਦੀ ਧਮਕੀ ਦੇ ਦਿੱਤੀ ਸੀ। ਹਰੀ ਗਿਰੀ ਤੋਂ ਅਖਾੜੇ ਦੇ ਬਹੁਤੇ ਲੋਕ ਡਰਦੇ ਸਨ ਪਰ ਅਚਾਰੀਆ ਮਹਾਂ ਮੰਡਲੇਸ਼ਵਰ ਦੇ ਧਾਰਮਿਕ ਮੁਖੀ ਹੋਣ ਕਾਰਨ ਉਸ ਦੀ ਵੀ ਚੰਗੀ ਇੱਜ਼ਤ ਸੀ।




*ਮਹਾਂ ਮੰਡਲੇਸ਼ਵਰ ਦੀ ਉਪਾਧੀ ਦੀ ਰਸਮ ਅਤੇ (ਸੱਜੇ) ਇਹ ਉਪਾਧੀ ਮਿਲਣ ਕਾਰਨ ਵਿਵਾਦਾਂ ਵਿਚ ਘਿਰੀ ਰਾਧੇ ਮਾਂ।*

ਅਲਾਹਾਬਾਦ ਕੁੰਭ ਵਿਚ ਹਰੀ ਗਿਰੀ ਦਾ ਛੇ ਸਾਲਾ ਕਾਰਜ ਖਤਮ ਹੋ ਗਿਆ। ਉਹ ਆਪਣੀ ਪੈਂਠ ਵਰਤ ਕੇ ਜੂਨਾ ਅਖਾੜੇ ਦਾ ਕੌਮਾਂਤਰੀ ਪੈਟਰਨ ਬਣ ਗਿਆ ਅਤੇ ਜੂਨਾ ਅਖਾੜੇ ਦੀਆਂ ਨਿੱਤ ਦਿਨ ਦੀਆਂ ਕਾਰਵਾਈਆਂ ਤੋਂ ਬਾਹਰ ਹੋ ਗਿਆ। ਸੀਨੀਅਰ ਜਰਨਲਿਸਟ ਕੌਸ਼ਲ ਸਿਖੋਲਾ ਅਨੁਸਾਰ, ਫਿਰ ਵੀ ਵੱਡੇ ਮਸਲਿਆਂ 'ਤੇ ਉਸ ਦਾ ਫੈਸਲਾ ਹੀ ਆਖਰੀ ਹੁੰਦਾ ਸੀ। ਹੋਰ ਅਖਾੜਿਆਂ ਵਿਚ ਪੈਟਰਨ ਦੀ ਅਸਾਮੀ ਰਸਮੀ ਹੈ ਪਰ ਹਰੀ ਗਿਰੀ ਨੇ ਆਪਣੀ ਧੌਂਸ ਕਾਇਮ ਰੱਖੀ। ਨੈਨੀਤਾਲ ਹਾਈਕੋਰਟ ਨੇ ਗੰਗਾ ਦੇ ਨਾਲ 200 ਮੀਟਰ ਤੱਕ ਸਭ ਗੈਰ-ਕਾਨੂੰਨੀ ਉਸਾਰੀਆਂ ਸਮਾਪਤ ਕਰਨ ਦੇ ਹੁਕਮ ਸੁਣਾ ਦਿੱਤੇ। ਪਹਿਲੀ ਬਿਲਡਿੰਗ ਜੋ ਗਿਰਾਈ ਗਈ, ਉਹ ਹਰੀ ਗਿਰੀ ਦਾ ਵਿਸ਼ਾਲ ਮੰਦਰ ਆਸ਼ਰਮ ਸੀ ਜਿਸ ਵਿਚ 24-25 ਕਮਰੇ ਸਨ। ਹਰੀ ਗਿਰੀ ਖਿਲਾਫ ਰਿਪੋਰਟ ਵੀ ਦਰਜ ਹੋ ਗਈ।

14 ਫਰਵਰੀ ਨੂੰ ਅਲਾਹਾਬਾਦ ਕੁੰਭ ਦੀ ਸਮਾਪਤੀ ਤੋਂ ਬਾਅਦ ਅਖਾੜੇ ਦੇ ਅਹੁਦੇਦਾਰ ਵਾਰਾਨਸੀ ਮੀਟਿੰਗ ਵਿਚ ਇਕੱਠੇ ਹੋਏ ਅਤੇ ਰਾਧੇ ਮਾਂ ਨੂੰ ਕਲੀਨ ਚਿੱਟ ਦੇਣ ਦੀ ਗੱਲ ਕਈ ਮਹੀਨੇ ਚੱਲਦੀ ਰਹੀ। ਇਸ ਵਾਰ ਹਰੀ ਗਿਰੀ ਆਪ ਹੀ ਮੀਡੀਆ ਅੱਗੇ ਪੇਸ਼ ਹੋਇਆ ਅਤੇ ਸਾਰੇ ਭੇਤ ਖੋਲ੍ਹ ਦਿੱਤੇ। ਪਹਿਲੀ ਸਤੰਬਰ 2013 ਦੇ 'ਦੈਨਿਕ ਜਾਗਰਣ' ਵਿਚ ਹਰੀ ਗਿਰੀ ਦੇ ਹਵਾਲੇ ਨਾਲ ਰਾਧੇ ਮਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ। ਪਹਿਲਾਂ-ਪਹਿਲਾਂ ਤਾਂ ਇਸ ਫੈਸਲੇ 'ਤੇ ਕਿਸੇ ਨੇ ਗੌਰ ਨਹੀਂ ਕੀਤੀ ਪਰ ਹਫਤੇ ਵਿਚ ਵਿਰੋਧ ਸੰਗਠਿਤ ਹੋਣਾ ਸ਼ੁਰੂ ਹੋ ਗਿਆ। ਅਚਾਰੀਆ ਅਵਦੇਸ਼ਾ ਨੰਦ ਗਿਰੀ ਅਤੇ ਕਈ ਮਹਾਂ ਮੰਡਲੇਸ਼ਵਰ ਫੈਸਲੇ ਖਿਲਾਫ ਖੜ੍ਹੇ ਹੋਣ ਲੱਗੇ ਜਿਸ ਬਾਰੇ 12 ਸਤੰਬਰ 2013 ਦੇ 'ਦੈਨਿਕ ਜਾਗਰਣ' ਵਿਚ ਖਬਰਾਂ ਲੱਗੀਆਂ। ਰਾਧੇ ਵੱਲੋਂ ਦਿੱਤੇ 50 ਲੱਖ (ਉਸ ਅਨੁਸਾਰ ਕਰੋੜ) ਰੁਪਏ ਖੁਰਦ ਬੁਰਦ ਹੋ ਚੁੱਕੇ ਸਨ। ਉਸ ਵੱਲੋਂ ਮੰਗੀ ਰਕਮ ਦੀ ਵਾਪਸੀ ਕਿਵੇਂ ਹੋ ਸਕਦੀ ਸੀ?

2015 ਵਿਚ ਜਦੋਂ ਮਹਾਰਾਸ਼ਟਰ ਵਿਚ ਦਾਜ ਦੇ ਮਾਮਲੇ ਵਿਚ ਉਸ ਦਾ ਨਾਮ ਆਇਆ ਤਾਂ ਜੂਨਾ ਅਖਾੜੇ ਨੂੰ ਵੀ ਨਮੋਸ਼ੀ ਦੇ ਸਾਹਮਣਾ ਕਰਨਾ ਪਿਆ। ਇਹ ਖੇਡ ਸਤੰਬਰ 2017 ਤੱਕ ਚਲਦੀ ਰਹੀ। ਜਦੋਂ ਸਰਬ ਭਾਰਤੀ ਅਖਾੜਾ ਪ੍ਰੀਸ਼ਦ ਨੇ ਉਸ ਦਾ ਨਾਮ ਸ਼ੱਕੀ ਸੰਤਾਂ ਦੀ ਸੂਚੀ ਵਿਚ ਪਾ ਦਿੱਤਾ। ਅਖਾੜੇ ਵਿਚ ਉਹ ਮਜ਼ਾਕ ਦਾ ਪਾਤਰ ਬਣ ਗਈ ਸੀ।

ਅਖਾੜਿਆਂ ਵਿਚ ਪਹਿਲਾਂ ਮਹਾਂ ਮੰਡਲੇਸ਼ਵਰ ਨਹੀਂ ਹੁੰਦੇ ਸਨ। ਇਹ 20ਵੀਂ ਸਦੀ ਤੋਂ ਸ਼ੁਰੂ ਹੋਏ। ਪਹਿਲਾਂ ਪਹਿਲਾਂ ਇਸ ਨਾਮ ਦੀ ਕੋਈ ਵੱਡੀ ਅਹਿਮੀਅਤ ਨਹੀਂ ਸੀ 1980 ਤੋਂ ਹੀ ਜ਼ਿਆਦਾ ਚਰਚਾ ਵਿਚ ਆਏ। ਜੀ.ਸੀ. ਘੁਰਾਏ ਅਨੁਸਾਰ, ਇਹ ਇਸਾਈ ਮਿਸ਼ਨਰੀਆਂ ਦੇ ਹਮਲੇ ਦਾ ਟਾਕਰਾ ਕਰਨ ਲਈ ਸ਼ੁਰੂ ਕੀਤੇ ਗਏ।

ਦਸਨਾਮੀ ਅਖਾੜਿਆਂ ਦੇ ਪੜ੍ਹੇ ਲਿਖੇ ਪਰਮ ਹੰਸ ਨਾਗਿਆਂ ਨੂੰ ਮਹਾਂ ਮੰਡਲੇਸ਼ਵਰ ਥਾਪਿਆ ਗਿਆ। ਸੁਰਜੀਤ ਸਿਨਹਾ ਅਤੇ ਬੈਦਨਾਥ ਸਰਸਵਤੀ (1978 ਵਿਚ ਛਪੀ ਕਿਤਾਬ) ਅਨੁਸਾਰ ਇਹ ਡਾਂਡੀਆਂ, ਪਰਮ ਹੰਸ ਅਤੇ ਨਾਗਿਆਂ ਵਿਚਕਾਰ ਟਕਰਾ ਵਿਚੋਂ ਪੈਦਾ ਹੋਏ। ਇਹ ਸਾਰੇ ਦਸਨਾਮੀ ਅਖਾੜੇ ਵਿਚੋਂ ਹੀ ਸਨ। ਇਹ ਭਗਵਾ ਕਪੜਾ ਲਿਪਟਿਆ ਡੰਡਾ ਰੱਖਦੇ ਹਨ, ਉਹਨਾਂ ਨੂੰ ਡਾਂਡੀ ਕਹਿੰਦੇ ਹਨ। ਕੋਈ ਸੱਤ ਦਿਨ ਬਾਅਦ ਡੰਡਾ ਛੱਡ ਦਿੰਦੇ ਹਨ। ਉਹਨਾਂ ਨੂੰ ਤਿਆਕਤਾ ਡਾਂਡੀ ਕਹਿੰਦੇ ਹਨ। ਇਹ ਬ੍ਰਾਹਮਣ ਜਾਤ ਵਿਚੋਂ ਹੁੰਦੇ ਹਨ। ਸ਼ੰਕਰਚਾਰੀਆ ਇਸੇ ਵਰਗ ਦੇ ਸੰਨਿਆਸੀ ਸਨ। ਤਿਆਕਤਾ ਡਾਂਡੀ ਕਿਸੇ ਵੀ ਜਾਤੀ ਦੇ ਹੋ ਸਕਦੇ ਹਨ। ਇਹ ਅਗਾਂਹ ਦੋ ਤਰ੍ਹਾਂ ਦੇ ਪਰਮ ਹੰਸ ਅਤੇ ਨਾਗਾ ਕਿਸਮਾਂ ਵਿਚ ਵੰਡੇ ਹੁੰਦੇ ਹਨ। ਪਰਮ ਹੰਸ ਡਾਂਡੀ ਹੁੰਦੇ ਹਨ। ਨਾਗੇ 'ਟੰਗ ਤੋੜ' ਰਸਮ ਰਾਹੀਂ ਬਣਾਏ ਜਾਂਦੇ ਹਨ। ਸਿਨਹਾ ਅਤੇ ਸਰਸਵਤੀ ਅਨੁਸਾਰ 20ਵੀਂ ਸਦੀ ਦੇ ਸ਼ੁਰੂ ਤੱਕ ਡਾਂਡੀ ਨੂੰ ਬਹੁਤ ਸਤਿਕਾਰ ਦਿੱਤਾ ਜਾਂਦਾ ਸੀ, ਉਹਨਾਂ ਨੂੰ ਗੁਰੂ ਮੰਨਿਆ ਜਾਂਦਾ ਸੀ ਪਰ ਕੁੰਭ ਦੇ ਇੱਕ ਮੇਲੇ ਵਿਚ ਹਰਿਦੁਆਰ ਵਿਖੇ ਡਾਂਡੀਆ ਅਤੇ ਪਰਮਹੰਸ ਵਿਚ ਝਗੜਾ ਹੋ ਗਿਆ ਕਿ ਕੌਣ ਵਧੀਆ ਹੈ? ਡਾਂਡੀਆ ਨੇ ਨਾਗਾ ਦਿਗੰਬਰੀਆ ਨੂੰ ਮੋਕਸ਼ ਦੇਣ ਤੋਂ ਇਨਕਾਰ ਕਰ ਦਿੱਤਾ, ਇਸ ਤੋਂ ਬ੍ਰਾਹਮਣ ਨੂੰ ਪਰਮ ਹੰਸ ਨੂੰ ਮੋਕਸ਼ ਦੇਣ ਲਈ ਤਿਆਰ ਕੀਤਾ। ਇਹਨਾਂ ਨੂੰ ਅਚਾਰੀਆ ਮਹਾਂ ਮੰਡਲੇਸ਼ਵਰ ਕਿਹਾ ਗਿਆ। ਪਹਿਲਾ ਕੇਵਲ ਤਿੰਨ ਮਹਾਂ ਮੰਡਲੇਸ਼ਵਰ ਹੁੰਦੇ ਸਨ। ਨਿਰੰਜਨੀ, ਜੂਨਾ ਅਤੇ ਮਹਾਂ ਨਿਰਵਾਣੀ ਅਖਾੜੇ ਦੇ ਮਹਾਂ ਮੰਡਲੇਸ਼ਵਰ ਜੋ ਸ਼ਾਹੀ ਇਸ਼ਨਾਨ ਦੀ ਵੀ ਅਗਵਾਈ ਕਰਦੇ ਸਨ। ਬਾਅਦ ਵਿਚ ਅਨੰਦ, ਅਵਹਾਨ ਅਤੇ ਅਟੱਲ ਨੇ ਵੀ ਆਪਣੇ ਅਚਾਰੀਆ ਮਹਾਂ ਮੰਡਲੇਸ਼ਵਰ ਬਣਾ ਲਏ। ਪਹਿਲਾਂ ਮਹਾਂ ਨਿਰਵਾਣੀ ਅਤੇ ਅਟੱਲ ਦਾ ਇੱਕ ਹੀ ਅਚਾਰੀਆ ਮਹਾਂ ਮੰਡਲੇਸ਼ਵਰ ਹੁੰਦਾ ਸੀ। ਸਾਰੇ ਮਹਾਂ ਮੰਡਲੇਸ਼ਵਰ ਬ੍ਰਾਹਮਣ ਜਾਤੀ ਵਿਚੋਂ ਹੋਣ ਕਾਰਨ ਸਾਰੇ ਹੀ ਪੂਜਨ ਯੋਗ ਹਨ। ਅਚਾਰੀਆ ਮਹਾਂ ਮੰਡਲੇਸ਼ਵਰ ਮੋਕਸ਼ ਮੁਹੱਈਆ ਕਰਦੇ ਹਨ। ਸਾਰੇ ਮਹਾਂ ਮੰਡਲੇਸ਼ਵਰ ਪ੍ਰਵਚਨ ਦਿੰਦੇ ਹਨ। ਅੱਜ ਦੇ ਸਮਿਆਂ ਵਿਚ ਮਹਾਂ ਮੰਡਲੇਸ਼ਵਰਾਂ ਦੀ ਗਿਣਤੀ ਬਹੁਤ ਵਧ ਗਈ ਹੈ।

ਅਧਿਕਾਰੀਆਂ ਅਨੁਸਾਰ ਇਕੱਲੇ ਜੂਨਾ ਅਖਾੜੇ ਦੇ ਹੀ 500 ਮਹਾਂ ਮੰਡਲੇਸ਼ਵਰ ਹਨ। ਇਸ ਉਪਾਧੀ ਨਾਲ ਉਹਨਾਂ ਦੀ ਮਾਨਤਾ ਵਧਦੀ ਹੈ। ਉਪਾਧੀ ਲੈਣ ਲਈ ਉਹ ਇੱਕ ਨੰਬਰ ਵਿਚ ਪੁਕਾਰ ਅਤੇ ਦੋ ਨੰਬਰ ਵਿਚ ਮਹੀਨਾਵਾਰ ਭੇਟ ਦਿੰਦੇ ਰਹਿੰਦੇ ਹਨ। ਅਖਾੜਿਆਂ ਅਤੇ ਮਹਾਂ ਮੰਡਲੇਸ਼ਵਰ ਵਿਚਲਾ ਰਿਸ਼ਤਾ ਸਰਕਾਰ ਅਤੇ ਰਾਜਿਆਂ ਵਾਲਾ ਹੈ। ਉਹ ਗੋਲਾਂ ਸਮੇਂ ਪੂਜਾ ਦੇ ਰੂਪ ਵਿਚ ਧਨ ਅਤੇ ਹੋਰ ਵਸਤੂਆਂ ਇਕੱਠੀਆਂ ਕਰਦੇ ਸਨ (ਸਵਾਹ ਦਾ ਦੇਵਤਾ ਬਣਾ ਕੇ ਪੂਜਾ ਕਰਦੇ ਹਨ।) ਜੂਨਾ ਅਤੇ ਅਵਹਾਨ ਅਖਾੜੇ ਲਿੰਗ ਵਰਗਾ ਗੋਲਾ ਬਣਾਉਂਦੇ ਹਨ। ਨਿਰੰਕਾਰੀ ਤੇ ਅਨੰਦ ਗੋਲ, ਮਹਾਂ ਨਿਰਵਾਣੀ ਚੌਰਸ, ਅਟੱਲ ਅੱਠ ਭੁਜੀ ਗੋਲਾਂ ਬਣਾਉਂਦੇ ਹਨ। ਇਹ ਪੂਜਾ ਹੋਲੀ ਅਤੇ ਦੁਸਹਿਰੇ ਸਮੇਂ ਕੀਤੀ ਜਾਂਦੀ ਹੈ। ਜੂਨਾ ਦਾ ਗੋਲਾ ਦੱਤੇ ਰਇਆ, ਨਿਰੰਜਨੀ ਦਾ ਕਰਤੀਕਿਆ, ਮਹਾਂ ਨਿਰਵਾਣੀ ਦਾ ਕਪਿਲ ਮੁਨੀ, ਅਨੰਦ ਦਾ ਸੂਰਿਆ, ਅਵਹਾਨ ਦਾ ਸਿੱਧ ਗਣੇਸ਼ ਅਤੇ ਅਟੱਲ ਦਾ ਆਦਿ ਗਣੇਸ਼ ਦੇ ਚਿੰਨ੍ਹ ਰੂਪ ਵਿਚ ਪੂਜੇ ਜਾਂਦੇ ਹਨ।

ਪਹਿਲਾਂ ਨਾਗੇ ਗੋਲੇ ਦੀ ਪੂਜਾ ਕਰਦੇ ਹਨ, ਫਿਰ ਉਸ ਨੂੰ ਆਸ਼ਰਮ ਵਿਚ ਲਿਜਾ ਕੇ ਫਿਰ ਪੂਜਾ ਕਰਦੇ ਹਨ ਅਤੇ ਮਹਾਂ ਮੰਡਲੇਸ਼ਵਰ ਗੁਰੂ ਦਖਸ਼ਿਣਾ (ਤੈਅ ਰਾਸ਼ੀ) ਅਦਾ ਕਰਦੇ ਹਨ। ਮਹਾਂ ਮੰਡਲੇਸ਼ਵਰ ਨਾਗਿਆਂ ਨੂੰ ਵਿਦਾਈ ਦੇ ਤੋਹਫੇ ਵੀ ਦਿੰਦੇ ਹਨ। ਗੋਲਾ ਪੂਜਾ ਬਹੁਤ ਪੁਰਾਣੀ ਰਸਮ ਹੈ। ਪਹਿਲਾਂ ਇਹ ਗੋਲਾਂ ਰਾਜਿਆਂ ਨੂੰ ਸਮਝੌਤਾ ਕਰਨ ਲਈ ਭੇਜਦੇ ਸਨ। ਜੇ ਰਾਜਾ ਉਸ ਨੂੰ ਸਵੀਕਾਰ ਕਰ ਲੈਂਦਾ ਤਾਂ ਉਸ ਦੀ ਰਾਖ ਆਪਣੇ ਮੱਥੇ 'ਤੇ ਮਲ ਲੈਂਦੇ ਸਨ। ਉਸ ਅਖਾੜੇ ਨੂੰ ਮਿੱਤਰ ਸਮਝਿਆ ਜਾਂਦਾ, ਨਹੀਂ ਤਾਂ ਦੁਸ਼ਮਣ। ਹੁਣ ਇਹ ਰਵਾਇਤ ਮਹਾਂ ਮੰਡਲੇਸ਼ਵਰ ਲਈ ਵਰਤੀ ਜਾਂਦੀ ਹੈ।

ਸਾਰੀਆਂ ਮੁਸ਼ਕਿਲਾਂ ਅਤੇ ਧਨ ਦੇ ਲੈਣ ਦੇਣ ਦੇ ਬਾਵਜੂਦ ਬਹੁਤ ਸਾਰੇ ਸਾਧੂ ਇਸ ਉਪਾਧੀ ਦੀ ਇੱਛਾ ਰੱਖਦੇ ਹਨ। ਰਾਧੇ ਮਾਂ ਤੋਂ ਇਲਾਵਾ ਮਾਰਤੰਡਪੁਰੀ ਸਵਾਮੀ ਨਿਤਿਆਨੰਦ ਮਹਾਂ ਨਿਰਵਾਣੀ ਅਖਾੜੇ ਦੇ ਮਹਾਂ ਮੰਡਲੇਸ਼ਵਰ ਰਹੇ ਹਨ।

ਮਾਰਤੰਡਪੁਰੀ ਸੰਨਿਆਸ ਲੈਣ ਦੇ ਤਿੰਨ ਮਹੀਨੇ ਵਿਚ ਹੀ ਮਹਾਂ ਮੰਡਲੇਸ਼ਵਰ ਬਣ ਗਿਆ (ਸਭ ਤੋਂ ਛੋਟੀ)। ਉਸ ਨੂੰ 67 ਸਾਲ ਦੀ ਉਮਰ ਵਿਚ 25 ਜਨਵਰੀ 2013 ਨੂੰ ਸਵਾਮੀ ਵਿਸ਼ਵਾ ਦੇਵਨੰਦ ਪੁਰੀ ਜੀ ਨੇ 29 ਅਕਤੂਬਰ 2012 ਨੂੰ ਦੀਕਸ਼ਾ ਤੋਂ ਬਾਅਦ ਮਹਾਂ ਮੰਡਲੇਸ਼ਵਰ ਦੀ ਉਪਾਧੀ ਦਿੱਤੀ। ਉਹ ਪੱਤਰਕਾਰ ਤੋਂ ਸੰਨਿਆਸੀ, ਵਿਸ਼ਵਾਦੇਵ ਨੰਦ ਗਿਰੀ ਨਾਲ ਨੇੜਤਾ ਦੇ ਕਾਰਨ ਹੀ ਬਣੇ। ਕਿਸੇ ਸਮੇਂ ਕੇਸ਼ਵ ਕਾਂਤਮਿਸ਼ਰਾ ਦੇ ਨਾਮ ਨਾਲ ਜਾਣੇ ਜਾਂਦੇ ਇਸ ਨਵੇਂ ਸਵਾਮੀ ਦੇ ਵਿਜ਼ਿਟਿੰਗ ਕਾਰਡ 'ਤੇ ਬਹੁਤ ਸਾਰੀਆਂ ਮੀਡੀਆ ਸੰਸਥਾਵਾਂ ਦੇ ਪਤੇ ਦਰਜ ਹਨ। ਉਹ ਨਿਮਰ, ਸਿਆਣਾ, ਖੁਸ਼ ਮਿਜ਼ਾਜ ਬਾਵਾ ਹੈ। ਉਹ ਬਹੁਤ ਸਾਰੇ ਅਧਿਆਤਮਕ ਚੈਨਲਾਂ ਨੂੰ ਚਲਾਉਣ ਅਤੇ ਬਾਵਿਆਂ ਨੂੰ ਉਹਨਾਂ ਵਿਚ ਚੰਗੇ ਸਲਾਟ ਦਿਵਾਉਣ ਲਈ ਸਨਾਤਨ ਧਰਮ ਦੀ 'ਸੇਵਾ' ਕਰਦਾ ਰਹਿੰਦਾ ਹੈ।

ਮਾਰਤੰਡਪੁਰੀ ਵੱਖਰੀ ਕਿਸਮ ਦਾ ਸੰਤ ਹੈ ਜੋ ਹਿੰਦੂ ਧਰਮ ਦੀ ਪੁਰਾਤਨ ਸ਼ਾਨ ਕਾਇਮ ਲਈ ਤਤਪਰ ਹੈ। ਉਹ ਮਹਾਂ ਮੰਡਲੇਸ਼ਵਰਾਂ ਵੱਲੋਂ ਆਧੁਨਿਕ ਸਚਾਈਆਂ ਨੂੰ ਨਾ ਸਮਝ ਸਕਣ ਦਾ ਆਲੋਚਕ ਹੈ। ਉਹ ਸੰਚਾਰ ਨੂੰ ਹਿੰਦੂਤਵ ਦੇ ਪਸਾਰ ਲਈ ਮਹੱਤਵਪੂਰਨ ਸੰਦ ਸਮਝਦਾ ਹੈ। ਉਹ ਮਹਾਂ ਮੰਡਲੇਸ਼ਵਰ ਬਣਨ ਲਈ ਕੁੱਝ ਦੇਣ ਤੋਂ ਇਨਕਾਰੀ ਹੈ। ਉਹ ਸਮਝਦਾ ਹੈ ਕਿ ਕਿਸੇ ਨੇ ਉਸ ਦਾ ਵਿਰੋਧ ਨਹੀਂ ਕੀਤਾ। ਸਾਰਿਆਂ ਨੂੰ ਉਸ ਤੋਂ ਕੋਈ ਨਾ ਕੋਈ ਲਾਭ ਹੀ ਪਹੁੰਚ ਰਿਹਾ ਹੈ। ਦੱਖਣੀ ਭਾਰਤੀ ਸਾਧੂ ਨਿਤਿਆ ਨੰਦ ਜੋ ਉਸੇ ਸਮੇਂ ਹੀ ਮਹਾਂ ਮੰਡਲੇਸ਼ਵਰ ਬਣਿਆ ਸੀ, ਦੋ ਤਾਮਿਲ ਅਭਿਨੇਤਰੀਆਂ ਨਾਲ ਲਿੰਗਕ ਸਬੰਧਾਂ ਦੀ ਵੀਡੀਓ ਨਸ਼ਰ ਹੋਣ ਤੋਂ ਬਾਅਦ, 53 ਦਿਨ ਜੇਲ੍ਹ ਵਿਚ ਬਿਤਾਉਣ ਬਾਅਦ ਜ਼ਮਾਨਤ 'ਤੇ ਆ ਗਿਆ। ਨਿਤਿਆ ਨੰਦ ਨੇ ਸਭ ਤੋਂ ਅਮੀਰ ਸਵਾਮੀ ਨੂੰ ਵੱਡੀ ਮਾਤਰਾ ਵਿਚ ਧਨ ਗੁਰੂ ਦਕਸ਼ਿਣਾ ਦਿੱਤੀ। ਮਹਾਂ ਨਿਰਵਾਣੀ ਅਖਾੜੇ ਨੇ ਅਟੱਲ ਅਖਾੜੇ ਦੇ ਮਹਾਂ ਮੰਡਲੇਸ਼ਵਰ ਸੁਖਦੇਵਨ ਨੂੰ ਵੀ ਭਰੋਸੇ ਵਿਚ ਲੈ ਲਿਆ ਸੀ। ਕੋਈ ਵੀ ਸੰਤ ਜਾਂ ਗੈਰ-ਸੰਤ ਜੇ ਸਬੰਧ ਠੀਕ ਹੋਣ ਤਾਂ ਜੇਬ ਢਿੱਲੀ ਕਰ ਕੇ ਅਜਿਹੀਆਂ ਉਪਾਧੀਆਂ ਲੈ ਸਕਦਾ ਹੈ।

2013 ਦੇ ਅਲਾਹਾਬਾਦ ਕੁੰਭ ਸਮੇਂ ਜੂਨਾ ਅਖਾੜੇ ਦੇ ਜਤਿੰਦਰ ਨਾਥ ਗਿਰੀ ਦੇ ਉਪਰਾਲੇ ਨਾਲ 5 ਫਰਵਰੀ ਨੂੰ 100 ਦੇ ਕਰੀਬ ਮਹਾਂ ਮੰਡਲੇਸ਼ਵਰ ਜੋ ਦਸਨਾਮੀ ਅਖਾੜੇ ਨਾਲ ਜੁੜੇ ਹੋਏ ਸਨ, ਮਹਾਂ ਮੰਡਲੇਸ਼ਵਰ ਬਾਲਕਾਨੰਦ ਗਿਰੀ ਦੇ ਜੂਨਾ ਅਖਾੜੇ ਵਿਚ ਇਕੱਠੇ ਹੋਏ ਅਤੇ ਮਹਾਂ ਮੰਡਲੇਸ਼ਵਰ ਪ੍ਰੀਸ਼ਦ ਬਣਾਉਣ ਦਾ ਐਲਾਨ ਕੀਤਾ। ਜੂਨਾ ਅਖਾੜੇ ਦੇ ਅਰਜਨ ਗਿਰੀ ਪ੍ਰਧਾਨ ਅਤੇ ਬਾਲਕਾਨੰਦ ਗਿਰੀ ਜਨਰਲ ਸਕੱਤਰ, ਜਤਿੰਦਰ ਨਾਥ ਗਿਰੀ ਸੰਗਠਨ ਸਕੱਤਰ, ਦਸਨਾਮੀ ਅਖਾੜੇ ਦੇ ਸੀਨੀਅਰ ਮਹਾਂ ਮੰਡਲੇਸ਼ਵਰ ਪਾਈਲਟ ਬਾਵਾ, ਦਾਤੀ ਮਹਾਰਾਜ, ਆਤਮਾ ਪ੍ਰਕਾਸ਼ ਯਤੀ ਅਤੇ ਵੇਦ ਭਾਰਤੀ ਉਪ ਪ੍ਰਧਾਨ ਬਣਾਏ ਗਏ। ਅਚਾਰੀਆ ਮਹਾਂ ਮੰਡਲੇਸ਼ਵਰਾਂ ਨੂੰ ਇਸ ਦੇ ਪੈਟਰਨ ਬਣਾਇਆ ਗਿਆ। ਮਹਾਂ ਮੰਡਲੇਸ਼ਵਰਾਂ ਦੀ ਇਕ ਟੀਮ ਇਸ ਦਾ ਸੰਵਿਧਾਨ ਲਿਖਣ ਲਈ ਬਣਾਈ ਗਈ। 250 ਹੋਰ ਮਹਾਂ ਮੰਡਲੇਸ਼ਵਰਾਂ ਨੂੰ ਉਸ ਨਾਲ ਜੋੜਨ ਦੀ ਗੱਲਬਾਤ ਚਲਾਈ ਗਈ। ਅਜਿਹੀ ਕੋਸ਼ਿਸ਼ ਜਤਿੰਦਰ ਨਾਥ ਗਿਰੀ ਨੇ 2010 ਦੇ ਹਰਿਦੁਆਰ ਕੁੰਭ ਸਮੇਂ ਵੀ ਕੀਤੀ ਸੀ। ਉਹ ਧਰਮ ਵਿਚ ਸਿਆਸਤ ਦਾ ਵਿਰੋਧੀ ਸੀ ਪਰ ਸਿਆਸਤ ਵਿਚ ਧਰਮ ਨੂੰ ਜ਼ਰੂਰੀ ਸਮਝਦਾ ਸੀ। ਇਸੇ ਲਈ 13 ਅਖਾੜਿਆਂ ਦੀ ਸਰਬ ਭਾਰਤੀ ਅਖਾੜਾ ਪ੍ਰੀਸ਼ਦ ਵਰਗੇ ਮਹਾਂ ਮੰਡਲੇਸ਼ਵਰ ਪ੍ਰੀਸ਼ਦ ਬਣਾਉਣ ਦਾ ਯਤਨ ਕਰ ਰਿਹਾ ਸੀ। ਇਸ ਨਾਲ ਅਖਾੜਿਆਂ ਦੀ ਆਮਦਨ ਘਟਣ ਲੱਗੀ। ਅਖਾੜਿਆਂ ਦੇ ਪ੍ਰਬੰਧਕਾਂ ਨੇ ਅਜਿਹੇ ਸੰਗਠਨ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਜੂਨਾ ਅਖਾੜੇ ਦੇ ਸਕੱਤਰ ਹਰੀ ਗਿਰੀ ਅਤੇ ਮਹਾਂ ਨਿਰਵਾਣੀ ਅਖਾੜੇ ਦੇ ਰਵਿੰਦਰ ਪੁਰੀ ਨੇ ਅਜਿਹੇ ਸੰਗਠਨਾਂ ਦਾ ਵਿਰੋਧ ਕੀਤਾ। ਧਾਰਮਿਕ ਪ੍ਰਚਾਰ ਤੱਕ ਤਾਂ ਗੱਲ ਸਹਿਣ ਯੋਗ ਸੀ ਪਰ ਅਗਾਂਹ ਟਕਰਾ ਵਾਲੀ ਸਥਿਤੀ ਬਣ ਗਈ।

2010 ਦੇ ਹਰਿਦੁਆਰ ਕੁੰਭ ਸਮੇਂ ਬੜਾ ਉਦਾਸੀਨ ਅਖਾੜੇ ਦੇ ਸਵਾਮੀ ਹੰਸਦਾਸ ਨੂੰ ਇਸੇ ਉਪਾਧੀ ਲਈ ਸਾਰੇ ਸਬੰਧ ਖਤਮ ਕਰ ਲਏ। ਇਹ ਸ਼ੈਵ ਸਾਧੂ, ਗੁਰੂ ਗ੍ਰੰਥ ਸਾਹਿਬ ਨੂੰ ਪਵਿੱਤਰ ਸਮਝਦੇ ਹਨ ਅਤੇ ਧੂਣੀ ਦੀ ਵੀ ਪਾਲਣਾ ਕਰਦੇ ਹਨ। ਅਦਵੈਤ ਦੀ ਨੀਤੀ ਵਾਲੇ ਇਹ ਸਾਧੂ ਦਸਨਾਮੀ ਵਾਂਗ ਹੀ ਲਾਲ ਜਾਂ ਕਾਲਾ ਚੋਲਾ ਅਤੇ ਸਰੀਰ 'ਤੇ ਰਾਖ ਮਲਦੇ ਹਨ ਅਤੇ ਜਟਾਂ ਰੱਖਦੇ ਹਨ।

ਹੰਸ ਦਾਸ ਦੇ ਜਗਤ ਗੁਰੂ, ਰਾਮ ਚੰਦ, ਰਾਮਚਾਰੀਆ ਬਣਨ 'ਤੇ ਉਸ ਨੇ ਆਪਣੇ ਆਪ ਨੂੰ

**(ਬਾਕੀ ਅਗਲੇ ਸਫੇ 'ਤੇ)**

# ਸਿਆਸਤਦਾਨ ਬਨਾਮ ਸਿਵਲ ਸੁਸਾਇਟੀ

**ਰਾਮਚੰਦਰ ਗੁਹਾ**

> ***2014 ਤੋਂ ਬਾਅਦ ਰਿਆਸਤ/ਸਟੇਟ ਨੇ ਖ਼ੁਦਮੁਖ਼ਤਾਰ ਢੰਗ ਨਾਲ ਵਿਚਰਨ ਵਾਲੇ ਗਰੁੱਪਾਂ ਅਤੇ ਜਥੇਬੰਦੀਆਂ ਖ਼ਿਲਾਫ਼ ਆਪਣੀ ਤਾਕਤ ਨੂੰ ਦਰਸਾਉਣਾ ਸ਼ੁਰੂ ਕੀਤਾ ਹੈ। ਇਹ ਸੱਚ ਹੈ ਕਿ ਬੀਤੇ ਵਿਚ ਕੋਈ ਵੀ ਸਿਆਸੀ ਪਾਰਟੀ ਸਿਵਲ ਸੁਸਾਇਟੀ ਦੀਆਂ ਪੂਰੀ ਤਰ੍ਹਾਂ ਆਜ਼ਾਦ ਜਥੇਬੰਦੀਆਂ ਨੂੰ ਪਸੰਦ ਨਹੀਂ ਕਰਦੀ ਰਹੀ ਪਰ ਭਾਜਪਾ ਮਹਿਜ਼ ਬੇਲਾਗ ਜਾਂ ਸ਼ੱਕੀ ਨਹੀਂ ਹੈ ਸਗੋਂ ਪੁੱਜ ਕੇ ਇਨ੍ਹਾਂ ਦੇ ਖ਼ਿਲਾਫ਼ ਵੀ ਹੈ।***

ਅਪਰੈਲ ਦੇ ਸ਼ੁਰੂ ਵਿਚ ਕਰਨਾਟਕ ਦੀਆਂ ਤਿੰਨ ਦਰਜਨ ਵਾਲੰਟਰੀ ਜਥੇਬੰਦੀਆਂ ਨੇ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਲੜ ਰਹੀਆਂ ਸਿਆਸੀ ਪਾਰਟੀਆਂ ਲਈ ਸਾਂਝੇ ਤੌਰ 'ਤੇ ਮਨੋਰਥ ਪੱਤਰ ਤਿਆਰ ਕੀਤਾ ਸੀ। ਇਸ 'ਸਿਵਲ ਸੁਸਾਇਟੀ ਫੋਰਮ' ਵਿਚ ਸ਼ਾਮਲ ਗਰੁੱਪਾਂ ਵਿਚ ਦਲਿਤਾਂ, ਔਰਤਾਂ ਅਤੇ ਝੁੱਗੀ-ਝੌਂਪੜੀ ਦੇ ਵਸਨੀਕਾਂ ਲਈ ਕੰਮ ਕਰਨ, ਸਿੱਖਿਆ, ਸਿਹਤ ਤੇ ਸਾਫ਼ ਸਫ਼ਾਈ ਦੇ ਖੇਤਰ ਵਿਚ ਅਤੇ ਭਾਰਤੀ ਸੰਵਿਧਾਨ ਦੀ 73ਵੀਂ ਤੇ 74ਵੀਂ ਸੋਧ ਨੂੰ ਸਮੁੱਚੇ ਰੂਪ ਵਿਚ ਲਾਗੂ ਕਰ ਕੇ ਸਿਆਸੀ ਵਿਕੇਂਦਰੀਕਰਨ ਲਈ ਲਾਮਬੰਦੀ ਕਰਨ ਵਾਲੇ ਗਰੁੱਪ ਸ਼ਾਮਲ ਹਨ। ਵੀਹ ਪੰਨਿਆਂ ਦਾ ਇਹ ਮਨੋਰਥ ਪੱਤਰ ਕੰਨੜ ਅਤੇ ਅੰਗਰੇਜ਼ੀ, ਦੋਵਾਂ ਜ਼ਬਾਨਾਂ ਵਿਚ ਛਪਵਾਇਆ ਗਿਆ ਹੈ। ਇਸ ਵਿਚ ਵੱਖੋ-ਵੱਖਰੇ ਕਿਸਮ ਦੇ ਮੁੱਦੇ ਦਰਜ ਕੀਤੇ ਗਏ ਹਨ ਜੋ ਭਾਈਵਾਲ ਗਰੁੱਪਾਂ ਦੀਆਂ ਤਰਜੀਹਾਂ ਅਤੇ ਨਾਲ ਹੀ ਸੂਬੇ ਦੇ ਲੋਕਾਂ ਨੂੰ ਦਰਪੇਸ਼ ਚੁਣੌਤੀਆਂ ਨੂੰ ਦਰਸਾਉਂਦੇ ਹਨ। ਫੋਰਮ ਨੇ ਸਾਰੀਆਂ ਸਿਆਸੀ ਪਾਰਟੀਆਂ ਨੂੰ ਇਨ੍ਹਾਂ ਮੰਗਾਂ ਨੂੰ ਆਪੋ-ਆਪਣੇ ਚੋਣ ਮਨੋਰਥ ਪੱਤਰ ਵਿਚ ਸ਼ਾਮਲ ਕਰਨ ਅਤੇ ਇਸ ਤੋਂ ਅਗਾਂਹ ਵਿਧਾਨ ਸਭਾ ਲਈ ਚੁਣੇ ਜਾਣ ਵਾਲੇ ਨੁਮਾਇੰਦਿਆਂ ਨੂੰ ਇਨ੍ਹਾਂ ਮੰਗਾਂ ਦੇ ਹੱਕ ਵਿਚ ਫ਼ੈਸਲੇ ਕਰਨ ਦੀ ਅਪੀਲ ਕੀਤੀ।

ਮਨੋਰਥ ਪੱਤਰ ਵੰਡਣ ਤੋਂ ਬਾਅਦ ਮੀਟਿੰਗ ਰੱਖੀ ਗਈ ਜਿਸ ਵਿਚ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਸੱਦਿਆ ਗਿਆ। ਮੈਂ ਵੀ ਇਸ ਮੀਟਿੰਗ ਵਿਚ ਸ਼ਿਰਕਤ ਕੀਤੀ। ਇਸ ਦੀ ਸ਼ੁਰੂਆਤ ਸ਼ਾਸਨ, ਸਿਹਤ, ਸਿੱਖਿਆ, ਖੇਤੀਬਾੜੀ, ਸਮਾਜਿਕ ਨਿਆਂ ਦੇ ਮੁੱਦਿਆਂ 'ਤੇ ਕੰਮ ਕਰਨ ਵਾਲੇ ਸਿਵਲ ਸੁਸਾਇਟੀ ਕਾਰਕੁਨਾਂ ਵੱਲੋਂ ਦਿੱਤੀਆਂ ਪੇਸ਼ਕਾਰੀਆਂ ਨਾਲ ਹੋਈ ਅਤੇ ਸ਼ਾਮਲ ਹੋਏ ਸਿਆਸਤਦਾਨਾਂ ਵੱਲੋਂ ਇਨ੍ਹਾਂ ਮੁੱਦਿਆਂ ਦੇ ਦਿੱਤੇ ਜਵਾਬਾਂ ਨਾਲ ਸਮਾਪਤੀ ਹੋਈ। ਵਿਚਾਰ ਚਰਚਾ ਕਾਫ਼ੀ ਉਸਾਰੂ ਸਾਬਿਤ ਹੋਈ ਅਤੇ ਸਹਿਣਸ਼ੀਲਤਾ ਤੇ ਸੂਝ-ਬੂਝ ਭਰੇ ਢੰਗ ਨਾਲ ਚਲਾਈ ਗਈ। ਉਂਝ, ਸੂਬੇ ਦੀਆਂ ਤਿੰਨ ਮੁੱਖ ਪਾਰਟੀਆਂ 'ਚੋਂ ਦੋ ਜਨਤਾ ਦਲ (ਸੈਕੂਲਰ) ਅਤੇ ਭਾਰਤੀ ਜਨਤਾ ਪਾਰਟੀ ਦੇ ਨੁਮਾਇੰਦਿਆਂ ਦੀ ਗ਼ੈਰ-ਹਾਜ਼ਰੀ ਰੜਕਦੀ ਰਹੀ। ਕਰਨਾਟਕ ਦੀ ਤੀਜੀ ਮੁੱਖ ਧਿਰ ਕਾਂਗਰਸ ਤੋਂ ਇਲਾਵਾ ਆਮ ਆਦਮੀ ਪਾਰਟੀ ਜੋ ਸੂਬੇ ਅੰਦਰ ਆਪਣੀ ਪਛਾਣ ਬਣਾਉਣਾ ਚਾਹੁੰਦੀ ਹੈ ਅਤੇ ਸੀ.ਪੀ.ਆਈ.(ਐਮ.) ਜਿਸ ਦਾ ਕੁਝ ਖੇਤਰਾਂ ਦੇ ਮਿਹਨਤਕਸ਼ ਤਬਕਿਆਂ ਵਿਚ ਪ੍ਰਭਾਵ ਹੈ, ਨੇ ਆਪੋ ਆਪਣੇ ਨੁਮਾਇੰਦੇ ਭੇਜੇ।

ਪ੍ਰਬੰਧਕ ਵਾਰ-ਵਾਰ ਜਨਤਾ ਦਲ (ਐੱਸ.) ਅਤੇ ਭਾਜਪਾ ਦੇ ਆਗੂਆਂ ਫੋਨ ਕਰਦੇ ਰਹੇ ਪਰ ਤਰਜਮਾਨ ਭੇਜਣ ਦਾ ਵਾਅਦਾ ਕਰਨ ਦੇ ਬਾਵਜੂਦ ਉਨ੍ਹਾਂ ਨੇ ਕੋਈ ਨੁਮਾਇੰਦਾ ਨਹੀਂ ਭੇਜਿਆ। ਮੇਰਾ ਆਪਣਾ ਖ਼ਿਆਲ ਹੈ ਕਿ ਜਨਤਾ ਦਲ (ਐੱਸ.) ਸਿਵਲ ਸੁਸਾਇਟੀ ਪ੍ਰਤੀ ਬੇਰੁਖ਼ੀ ਅਖ਼ਤਿਆਰ ਕਰ ਕੇ ਰੱਖਦਾ ਹੈ ਜਦੋਂਕਿ ਭਾਜਪਾ ਆਜ਼ਾਦਾਨਾ ਰੂਪ ਵਿਚ ਕੰਮ ਕਰਨ ਵਾਲੀਆਂ ਸਿਵਲ ਸੁਸਾਇਟੀ ਦੀਆਂ ਜਥੇਬੰਦੀਆਂ ਨੂੰ ਪਸੰਦ ਨਹੀਂ ਕਰਦੀ। ਸਿਵਲ ਸੁਸਾਇਟੀ ਪ੍ਰਤੀ ਭਾਜਪਾ ਦੀ ਨਾਪਸੰਦਗੀ ਦਾ ਮੁੱਖ ਕਾਰਨ ਇਸ ਦਾ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀ ਵਿਚਾਰਧਾਰਾ ਨਾਲ ਜੁੜੇ ਹੋਣਾ ਹੈ। ਆਰ.ਐੱਸ.ਐੱਸ. ਭਾਰਤ ਦੇ ਸਮਾਜਿਕ ਤੇ ਸਭਿਆਚਾਰਕ ਜੀਵਨ ਦੇ ਹਰ ਸ਼ੋਹਬੇ ਨੂੰ ਕੰਟਰੋਲ ਕਰਨਾ ਚਾਹੁੰਦੀ ਹੈ। ਕਿਸਾਨਾਂ, ਕਬਾਇਲੀਆਂ, ਔਰਤਾਂ, ਵਿਦਿਆਰਥੀਆਂ, ਆਸ ਪੜੋਸ ਦੇ ਗਰੁੱਪਾਂ ਸਮੇਤ ਜਿੱਥੇ ਵੀ ਕਿਤੇ ਇਹ ਕੰਮ ਕਰਦੀ ਹੈ, ਉੱਥੇ ਕਿਸੇ ਵੀ ਤਰ੍ਹਾਂ ਦੀ ਮੁਕਾਬਲੇਬਾਜ਼ੀ ਨਹੀਂ ਹੋਣ ਦੇਣਾ ਚਾਹੁੰਦੀ।

ਇਸ ਤੋਂ ਇਲਾਵਾ ਸਿਵਲ ਸੁਸਾਇਟੀ ਪ੍ਰਤੀ ਭਾਜਪਾ ਦੀ ਨਾਪਸੰਦਗੀ ਦਾ ਜ਼ਿਆਦਾ ਅਹਿਮ ਕਾਰਨ ਸ਼ਾਇਦ ਵਰਤਮਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਖ਼ਸੀਅਤ ਕਰ ਕੇ ਹੈ। ਆਪਣੇ ਸੁਭਾਅ ਤੋਂ ਮਜਬੂਰ, ਸੱਤਾ ਵਿਚ ਹੁੰਦਿਆਂ ਨਰਿੰਦਰ ਮੋਦੀ ਸ਼ਾਸਨ ਅਤੇ ਪ੍ਰਸ਼ਾਸਨ ਦੇ ਹਰ ਪਹਿਲੂ 'ਤੇ ਕੰਟਰੋਲ ਕਾਇਮ ਕਰਨਾ ਚਾਹੁੰਦੇ ਹਨ। ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਉਨ੍ਹਾਂ ਸੂਬੇ ਦੇ ਸਿਵਲ ਸੁਸਾਇਟੀ ਗਰੁੱਪਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਸੀ। ਉਸ ਸਮੇਂ ਉਹ ਆਰ.ਐੱਸ.ਐੱਸ. ਦੀ ਗੁਜਰਾਤ ਇਕਾਈ 'ਤੇ ਵੀ ਭਰੋਸਾ ਨਹੀਂ ਕਰਦੇ ਸਨ ਤੇ ਉਸ ਨੂੰ ਵੀ ਆਪਣੀ ਸੱਤਾ ਦਾ ਵਿਰੋਧੀ ਮੰਨਦੇ ਸਨ। ਪ੍ਰਧਾਨ ਮੰਤਰੀ ਵਜੋਂ ਦਿੱਲੀ ਤਬਦੀਲ ਹੋਣ ਤੋਂ ਬਾਅਦ ਮੋਦੀ ਦੇ ਆਰ.ਐੱਸ.ਐੱਸ. ਨਾਲ ਸਬੰਧ ਕਾਫ਼ੀ ਸੁਧਰ ਗਏ, ਕਿਉਂਕਿ ਸੰਘ ਉਨ੍ਹਾਂ ਲਈ ਦੋਇਮ ਦਰਜੇ ਦੀ ਭੂਮਿਕਾ ਨਿਭਾਉਣ ਲਈ ਰਾਜ਼ੀ ਹੋ ਗਿਆ ਸੀ।

ਮੌਜੂਦਾ ਸਰਕਾਰ ਨੇ ਆਪਣੀ ਸੱਤਾ ਦੇ ਨੌਂ ਸਾਲਾਂ ਦੌਰਾਨ ਵਾਲੰਟਰੀ ਜਥੇਬੰਦੀਆਂ ਖ਼ਿਲਾਫ਼ ਦੁਸ਼ਮਣੀ ਦਾ ਮੁਜ਼ਾਹਰਾ ਕੀਤਾ ਹੈ। ਸਿੱਖਿਆ, ਸਿਹਤ, ਨੀਤੀ ਖੋਜ ਅਤੇ ਸਮਾਜ ਭਲਾਈ ਦੇ ਖੇਤਰਾਂ ਵਿਚ ਸ਼ਾਨਦਾਰ ਕੰਮ ਕਰਨ ਵਾਲੇ ਗਰੁੱਪਾਂ ਅਤੇ ਉਨ੍ਹਾਂ ਗਰੁੱਪਾਂ ਜਿਨ੍ਹਾਂ ਦਾ ਕਿਸੇ ਸਿਆਸੀ ਪਾਰਟੀ ਜਾਂ ਧਾਰਮਿਕ ਅਦਾਰੇ ਨਾਲ ਕੋਈ ਸਬੰਧ ਨਹੀਂ ਹੈ, ਉਨ੍ਹਾਂ ਨੂੰ ਟੈਕਸ ਛਾਪਿਆਂ ਅਤੇ ਵਿਦੇਸ਼ੀ ਚੰਦਾ (ਰੋਕਥਾਮ) ਕਾਨੂੰਨ ਅਧੀਨ ਪੈਸੇ ਹਾਸਲ ਕਰਨ ਦੀ ਪ੍ਰਵਾਨਗੀ ਦੇ ਨਾਂ 'ਤੇ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਤਰ੍ਹਾਂ ਕਈ ਜਥੇਬੰਦੀਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਜਿਨ੍ਹਾਂ ਵਿਚ ਔਕਸਫੈਮ ਅਤੇ ਸੈਂਟਰ ਫਾਰ ਪਾਲਿਸੀ ਰਿਸਰਚ ਸ਼ਾਮਲ ਹਨ। ਦੂਜੇ ਪਾਸੇ, ਮੌਜੂਦਾ ਸਰਕਾਰ ਪ੍ਰਤੀ ਹਮਦਰਦੀ ਰੱਖਣ ਵਾਲੇ ਗਰੁੱਪਾਂ ਨੂੰ ਬਾਹਰੋਂ ਚੰਦਾ ਹਾਸਲ ਕਰਨ ਵਿਚ ਕੋਈ ਪ੍ਰੇਸ਼ਾਨੀ ਨਹੀਂ ਹੈ। ਕੁਝ ਸਾਲ ਪਹਿਲਾਂ ਕੁਝ ਗ਼ੈਰ-ਸਰਕਾਰੀ ਜਥੇਬੰਦੀਆਂ ਦੀ ਐਫ.ਸੀ.ਆਰ.ਏ. ਰਜਿਸਟ੍ਰੇਸ਼ਨ ਰੱਦ ਕਰਨ ਦੀ ਰਿਪੋਰਟ ਆਈ ਸੀ ਜਦੋਂਕਿ ਪਰਵਾਸੀ ਹਿੰਦੂਆਂ ਵੱਲੋਂ ਆਰ.ਐੱਸ.ਐੱਸ. ਨਾਲ ਜੁੜੀਆਂ ਜਥੇਬੰਦੀਆਂ ਨੂੰ ਖੁੱਲ੍ਹ ਕੇ ਚੰਦਾ ਦਿੱਤਾ ਜਾ ਰਿਹਾ ਸੀ ਤਾਂ ਕੰਨੜ ਕਾਰਟੂਨਿਸਟ ਪੀ. ਮਹਿਮੂਦ ਨੇ ਕਾਰਟੂਨ ਛਾਪਿਆ ਸੀ ਜਿਸ ਦੀ ਟਿੱਪਣੀ ਸੀ: 'ਮੋਦੀ ਜੀ ਦਾ ਨਾਅਰਾ, ਇਕ ਰਾਸ਼ਟਰ, ਇਕ ਐਨ.ਜੀ.ਓ.'।

ਸਚਾਈ ਇਹ ਹੈ ਕਿ 2004 ਤੋਂ 2014 ਤੱਕ ਸੱਤਾ ਵਿਚ ਰਹਿੰਦਿਆਂ ਕਾਂਗਰਸ ਨੇ ਵੀ ਖ਼ਾਸਕਰ ਉਨ੍ਹਾਂ ਗ਼ੈਰ-ਸਰਕਾਰੀ ਜਥੇਬੰਦੀਆਂ ਨੂੰ ਤੰਗ ਪ੍ਰੇਸ਼ਾਨ ਕਰਨ ਲਈ ਐਫ.ਸੀ.ਆਰ.ਏ. ਦੀ ਦੁਰਵਰਤੋਂ ਕੀਤੀ ਸੀ ਜੋ ਵਾਤਾਵਰਨ ਅਤੇ ਮਨੁੱਖੀ ਅਧਿਕਾਰਾਂ ਲਈ ਕੰਮ ਕਰਦੀਆਂ ਹਨ। ਉਂਝ, ਕਾਂਗਰਸ ਨੇ ਸਮਾਜ ਭਲਾਈ ਨੀਤੀਆਂ (ਜਿਵੇਂ ਦਿਹਾਤੀ ਰੁਜ਼ਗਾਰ ਗਾਰੰਟੀ ਯੋਜਨਾ) ਦੇ ਸਬੰਧ ਵਿਚ ਨਾਗਰਿਕ ਸਮਾਜ ਦੇ ਗਰੁੱਪਾਂ ਤੋਂ ਸਲਾਹ ਮਸ਼ਵਰੇ ਵੀ ਲਏ ਸਨ। ਅਸੀਂ ਕਹਿ ਸਕਦੇ ਹਾਂ ਕਿ ਗ਼ੈਰ-ਸਰਕਾਰੀ ਜਥੇਬੰਦੀਆਂ ਬਾਰੇ ਯੂ.ਪੀ.ਏ. ਸਰਕਾਰ ਦਾ ਰਵੱਈਆ ਰਣਨੀਤਕ ਦੁਚਿੱਤੀ ਵਾਲਾ ਸੀ। ਦੂਜੇ ਬੰਨੇ, ਭਾਜਪਾ ਦੀ ਸਰਕਾਰ ਨੂੰ ਸਿਵਲ ਸੁਸਾਇਟੀ ਦੀਆਂ ਸਾਰੀਆਂ ਜਥੇਬੰਦੀਆਂ 'ਤੇ ਬੇਯਕੀਨੀ ਹੈ, ਸਿਵਾਇ ਉਨ੍ਹਾਂ ਜਥੇਬੰਦੀਆਂ ਦੇ ਜਿਹੜੀਆਂ ਬਹੁਗਿਣਤੀਪ੍ਰਸਤ ਏਜੰਡੇ ਨੂੰ ਮੰਨਦੀਆਂ ਹੋਣ ਤੇ ਇਸ ਦਾ ਜ਼ੋਰ ਸ਼ੋਰ ਨਾਲ ਪ੍ਰਚਾਰ ਕਰਦੀਆਂ ਹੋਣ ਤੇ ਨਾਲ ਹੀ ਪ੍ਰਧਾਨ ਮੰਤਰੀ ਦੇ ਨਿੱਜ ਦਾ ਗੁੱਡਾ ਵੀ ਬੰਨ੍ਹਦੀਆਂ ਹੋਣ।

ਸਿਵਲ ਸੁਸਾਇਟੀ ਦਾ ਇਹ ਭੈਅ ਮੌਜੂਦਾ ਸਰਕਾਰ ਦਾ ਆਮ ਤੌਰ 'ਤੇ ਆਜ਼ਾਦਾਨਾ ਨਿਰਖ ਪਰਖ ਤੋਂ ਖ਼ੌਫ਼ ਨਾਲ ਜੁੜਿਆ ਹੋਇਆ ਹੈ। ਦੋ ਵਾਰ ਸੱਤਾ ਵਿਚ ਆਉਣ ਤੋਂ ਬਾਅਦ ਪ੍ਰਧਾਨ ਮੰਤਰੀ ਨੇ ਇਕ ਵਾਰ ਵੀ ਪ੍ਰੈੱਸ ਕਾਨਫਰੰਸ ਨਹੀਂ ਕੀਤੀ। ਪ੍ਰੈੱਸ ਦੇ ਉਨ੍ਹਾਂ ਹਿੱਸਿਆਂ 'ਤੇ ਹਮਲੇ ਹੋ ਰਹੇ ਹਨ ਜੋ ਹਾਲੇ ਤੱਕ ਨਿਸਬਤਨ ਆਜ਼ਾਦ ਹੋ ਕੇ ਵਿਚਰ ਰਹੇ ਹਨ। ਪੱਤਰਕਾਰਾਂ ਅਤੇ ਵਿਦਿਆਰਥੀ ਕਾਰਕੁਨਾਂ ਨੂੰ ਘਿਨਾਉਣੇ ਯੂ.ਏ.ਪੀ.ਏ. ਤਹਿਤ ਜੇਲ੍ਹਾਂ ਵਿਚ ਬੰਦ ਕੀਤਾ ਜਾਂਦਾ ਹੈ। ਇਸ ਤਰ੍ਹਾਂ ਨਾਗਰਿਕਤਾ ਸੋਧ ਕਾਨੂੰਨ ਅਤੇ ਖੇਤੀਬਾੜੀ ਬਿਲਾਂ ਖ਼ਿਲਾਫ਼ ਬੇਮਿਸਾਲ ਸ਼ਾਂਤਮਈ ਪ੍ਰਦਰਸ਼ਨ ਕਰਨ ਵਾਲਿਆਂ ਪ੍ਰਤੀ ਬਹੁਤ ਹੀ ਘਟੀਆ ਪ੍ਰਾਪੇਗੰਡਾ ਵਿੱਢਿਆ ਗਿਆ। ਵਿਦੇਸ਼ੀ ਵਿਦਵਾਨਾਂ ਨੂੰ ਖੋਜ ਲਈ ਵੀਜ਼ੇ ਦੇਣ ਤੋਂ ਮਨ੍ਹਾ ਕੀਤਾ ਜਾਂਦਾ ਹੈ ਅਤੇ ਭਾਰਤੀ ਯੂਨੀਵਰਸਿਟੀਆਂ ਵਿਚ ਸੈਮੀਨਾਰ ਕਰਾਉਣ 'ਤੇ ਰੋਕਾਂ ਲਾਈਆਂ ਜਾ ਰਹੀਆਂ ਹਨ।

ਇਹ ਗੱਲ ਕਹਿਣੀ ਬਣਦੀ ਹੈ ਕਿ ਬਹੁਤ ਸਾਰੀਆਂ ਗ਼ੈਰ-ਭਾਜਪਾ ਸੂਬਾਈ ਸਰਕਾਰਾਂ ਵੀ ਆਪਣੀਆਂ ਨੀਤੀਆਂ ਦੀ ਆਜ਼ਾਦਾਨਾ ਨਿਰਖ ਪਰਖ ਨੂੰ ਬਹੁਤਾ ਪਸੰਦ ਨਹੀਂ ਕਰਦੀਆਂ। ਨਾ ਹੀ ਉਹ ਕਿਸੇ ਪਾਰਟੀ ਦੀ ਛਤਰੀ ਤੋਂ ਪਰ੍ਹੇ ਰਹਿ ਕੇ ਲੋਕਾਂ ਵਿਚ ਰਹਿ ਕੇ ਉਸਾਰੂ ਕੰਮ ਵਿਚ ਜੁਟੀਆਂ ਜਥੇਬੰਦੀਆਂ ਨੂੰ ਹੱਲਾਸ਼ੇਰੀ ਦਿੰਦੀਆਂ ਹਨ। ਇਹ ਗੱਲ ਸੀ.ਪੀ.ਆਈ.(ਐਮ.) ਅਤੇ ਤ੍ਰਿਣਮੂਲ ਕਾਂਗਰਸ ਦੀ ਅਗਵਾਈ ਹੇਠ ਪੱਛਮੀ ਬੰਗਾਲ, ਅੰਨਾ ਡੀ.ਐਮ.ਕੇ. ਅਤੇ ਡੀ.ਐਮ.ਕੇ. ਤਹਿਤ ਤਾਮਿਲ ਨਾਡੂ, ਵਾਈ.ਐੱਸ.ਆਰ. ਕਾਂਗਰਸ ਤਹਿਤ ਆਂਧਰਾ ਪ੍ਰਦੇਸ਼ ਅਤੇ ਟੀ.ਆਰ.ਐੱਸ. ਤਹਿਤ ਤਿਲੰਗਾਨਾ ਬਾਬਤ ਕਹੀ ਜਾ ਸਕਦੀ ਹੈ। ਭਾਜਪਾ ਸਿਵਲ ਸੁਸਾਇਟੀ ਅਤੇ ਆਜ਼ਾਦਾਨਾ ਖ਼ਿਆਲ ਵਾਲੀਆਂ ਜਥੇਬੰਦੀਆਂ ਪ੍ਰਤੀ ਆਪਣੇ ਵਿਰੋਧ ਨੂੰ ਬਿਲਕੁਲ ਨਵੇਂ ਮੁਕਾਮ 'ਤੇ ਲੈ ਗਈ ਹੈ। ਭਾਜਪਾ ਕੇਂਦਰ ਅਤੇ ਬਹੁਤ ਸਾਰੇ ਸੂਬਿਆਂ ਦੀ ਸੱਤਾ ਵਿਚ ਹੈ ਜਿਸ ਕਰ ਕੇ ਇਹ ਸਿਵਲ ਸੁਸਾਇਟੀ ਦੀਆਂ ਜਥੇਬੰਦੀਆਂ ਨੂੰ ਦਬਾਉਣ ਤੇ ਧਮਕਾਉਣ ਲਈ ਸੱਤਾ ਦੇ ਔਜ਼ਾਰਾਂ ਦੀ ਵਰਤੋਂ ਕਰਨ ਦੀ ਬਿਹਤਰ ਸਥਿਤੀ ਵਿਚ ਹੈ।

ਫਰਾਂਸੀਸੀ ਚਿੰਤਕ ਅਲੈਕਸਿਸ ਡੀ ਟੋਕਵਿਲੇ ਨੇ 1830 ਵਿਚ ਆਪਣੀ ਲਿਖਤਾਂ ਵਿਚ ਤਰਕ ਦਿੱਤਾ ਸੀ ਕਿ ਅਮਰੀਕੀ ਲੋਕਤੰਤਰ ਦੀਆਂ ਜੜ੍ਹਾਂ ਵਾਲੰਟਰੀ ਜਥੇਬੰਦੀਆਂ ਨੇ ਸਿੰਜੀਆਂ ਸਨ। ਉਸ ਵੇਲੇ ਯੂਰਪ ਦੇ ਸਿਰ 'ਤੇ ਕੁਲੀਨਤੰਤਰ ਦਾ ਬੋਝ ਲੱਦਿਆ ਹੋਇਆ ਸੀ ਪਰ 19ਵੀਂ ਸਦੀ ਦੇ ਅੰਤ ਤੱਕ ਉੱਥੇ ਵੀ ਬਹੁਤੀ ਥਾਈਂ ਉਨ੍ਹਾਂ ਦੀਆਂ ਵਾਲੰਟਰੀ ਜਥੇਬੰਦੀਆਂ ਦਾ ਪਸਾਰ ਹੋ ਗਿਆ ਸੀ। ਇਨ੍ਹਾਂ ਜਥੇਬੰਦੀਆਂ ਦੀਆਂ ਦੋ ਕਿਸਮਾਂ ਸਨ ਆਲੋਚਨਾਤਮਿਕ ਅਤੇ ਉਸਾਰੂ। ਪਹਿਲੀ ਕਿਸਮ ਦੀਆਂ ਜਥੇਬੰਦੀਆਂ ਆਪਣੇ ਨਾਗਰਿਕਾਂ ਲਈ ਆਜ਼ਾਦੀ ਅਤੇ ਡਰ ਤੋਂ ਮੁਕਤੀ ਲਈ ਰਿਆਸਤ ਦੀਆਂ ਨਾਕਾਮੀਆਂ ਦੀ ਨਿਸ਼ਾਨਦੇਹੀ ਕਰਾਉਂਦੀਆਂ ਸਨ ਅਤੇ ਦੂਜੀ ਕਿਸਮ ਦੀਆਂ ਜਥੇਬੰਦੀਆਂ ਆਪਣੇ ਤੌਰ 'ਤੇ ਸਕੂਲ, ਹਸਪਤਾਲ ਆਦਿ ਸਥਾਪਤ ਕਰਵਾ ਕੇ ਰਿਆਸਤ ਦੀਆਂ ਨਾਕਾਮੀਆਂ ਦੀ ਭਰਪਾਈ ਕਰਦੀਆਂ ਸਨ।

ਟੋਕਵਿਲੇ ਤੋਂ ਦੋ ਸਦੀਆਂ ਬਾਅਦ ਮੈਂ ਉਨ੍ਹਾਂ ਦੇ ਇਸ ਵਿਚਾਰ ਦੀ ਪ੍ਰੋੜਤਾ ਕਰਦਾ ਹਾਂ ਕਿ ਦੇਸ਼ ਦੀ ਸਿਵਲ ਸੁਸਾਇਟੀ ਦੀ ਸਿਹਤ ਸਮੁੱਚੇ ਤੌਰ 'ਤੇ ਇਸ ਦੀ ਸਿਆਸੀ ਪ੍ਰਣਾਲੀ ਦੀ ਸਿਹਤਯਾਬੀ ਦਾ ਦਰਪਣ ਹੁੰਦੀ ਹੈ। ਇਸ ਸਬੰਧ ਵਿਚ ਐਮਰਜੈਂਸੀ ਮੁੱਕਣ ਤੋਂ ਬਾਅਦ ਕਈ ਦਹਾਕਿਆਂ ਤੱਕ ਭਾਰਤ ਸ਼ਾਇਦ ਸਭ ਤੋਂ ਜ਼ਿਆਦਾ ਲੋਕਰਾਜੀ ਬਣਿਆ ਰਿਹਾ। ਇਹ ਉਹ ਸਮਾਂ ਸੀ ਜਦੋਂ ਆਲੋਚਨਾਤਮਕ ਤੇ ਉਸਾਰੂ ਦੋਵੇਂ ਕਿਸਮ ਦੀਆਂ ਜਥੇਬੰਦੀਆਂ ਨੂੰ ਵਧਣ ਫੁੱਲਣ ਦੀ ਸਪੇਸ ਮਿਲ ਸਕੀ ਸੀ ਅਤੇ ਜਿਸ ਦਾ ਸਾਡੀ ਸਿਆਸੀ ਪ੍ਰਣਾਲੀ ਅਤੇ ਸਮੁੱਚੇ ਤੌਰ 'ਤੇ ਸਮਾਜ ਉਪਰ ਵੀ ਕਾਫ਼ੀ ਵਧੀਆ ਪ੍ਰਭਾਵ ਪਿਆ ਸੀ।

2014 ਤੋਂ ਬਾਅਦ ਰਿਆਸਤ/ਸਟੇਟ ਨੇ ਖ਼ੁਦਮੁਖ਼ਤਾਰ ਢੰਗ ਨਾਲ ਵਿਚਰਨ ਵਾਲੇ ਗਰੁੱਪਾਂ ਅਤੇ ਜਥੇਬੰਦੀਆਂ ਖ਼ਿਲਾਫ਼ ਆਪਣੀ ਤਾਕਤ ਨੂੰ ਦਰਸਾਉਣਾ ਸ਼ੁਰੂ ਕੀਤਾ ਹੈ। ਹਾਲਾਂਕਿ ਇਹ ਸੱਚ ਹੈ ਕਿ ਬੀਤੇ ਵਿਚ ਕੋਈ ਵੀ ਸਿਆਸੀ ਪਾਰਟੀ ਸਿਵਲ ਸੁਸਾਇਟੀ ਦੀਆਂ ਪੂਰੀ ਤਰ੍ਹਾਂ ਆਜ਼ਾਦ ਜਥੇਬੰਦੀਆਂ ਨੂੰ ਪਸੰਦ ਨਹੀਂ ਕਰਦੀ ਰਹੀ ਪਰ ਭਾਜਪਾ ਮਹਿਜ਼ ਬੇਲਾਗ ਜਾਂ ਸ਼ੱਕੀ ਨਹੀਂ ਹੈ ਸਗੋਂ ਪੁੱਜ ਕੇ ਇਨ੍ਹਾਂ ਦੇ ਖ਼ਿਲਾਫ਼ ਵੀ ਹੈ। ਬੰਗਲੁਰੂ ਵਿਚ ਸਿਵਲ ਸੁਸਾਇਟੀ ਫੋਰਮ ਦੀ ਮੀਟਿੰਗ ਵਿਚ ਭਾਜਪਾ ਦੇ ਨੁਮਾਇੰਦੇ ਦੀ ਗ਼ੈਰ-ਹਾਜ਼ਰੀ ਕਿਸੇ ਭੁੱਲ ਚੁੱਕ ਦਾ ਨਤੀਜਾ ਨਹੀਂ ਸੀ ਸਗੋਂ ਸੋਚ ਸਮਝ ਕੇ ਕੀਤਾ ਫ਼ੈਸਲਾ ਸੀ। ਭਾਜਪਾ ਸੁਤੰਤਰ ਪ੍ਰੈਸ ਅਤੇ ਜਾਨਦਾਰ ਸਿਵਲ ਸੁਸਾਇਟੀ ਨੂੰ ਆਪਣੀ ਵਿਚਾਰਧਾਰਾ ਦੇ ਪ੍ਰਸਾਰ ਅਤੇ ਆਪਣੇ ਸ਼ਾਸਨ ਦੀ ਅਉਧ ਲਈ ਖ਼ਤਰਾ ਸਮਝਣ ਲੱਗੀ ਹੈ।

# ਨਾਮ ਵਿਚ ਕੀ ਰੱਖਿਆ...

*(ਪਿਛਲੇ ਸਫੇ ਦੀ ਬਾਕੀ)*

ਵੈਸ਼ਨਵ ਹੋਣ ਬਾਰੇ ਕਿਹਾ। ਅਸਲ ਵਿਚ ਇਹ ਪਹਿਲਾਂ ਤੋਂ ਬਣਾਈ ਯੋਜਨਾ ਸੀ ਜਿਸ ਦਾ ਬੜਾ ਉਦਾਸੀਨ ਅਖਾੜੇ ਨੇ ਵਿਰੋਧ ਕੀਤਾ। ਰਾਮਾਨੰਦੀ ਦਿਗੰਬਰ ਅਖਾੜੇ ਦੇ ਬਾਬਾ ਹੱਠ ਯੋਗੀ ਜੋ ਸਰਬ ਭਾਰਤੀ ਅਖਾੜਾ ਪ੍ਰੀਸ਼ਦ ਅਤੇ ਸਰਬ ਭਾਰਤੀ ਸੰਤ ਸਮਾਜ ਦੀ ਵੀ ਪ੍ਰਤੀਨਿਧਤਾ ਕਰਦਾ ਸੀ, ਨੇ ਕੁੱਝ ਹੀ ਦਿਨਾਂ ਵਿਚ ਇਹ ਅਖਾੜਾ ਤਬਦੀਲੀ ਕਰਵਾ ਦਿੱਤੀ। ਕਹਿੰਦੇ ਹਨ, ਇਸ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦਾ ਵੀ ਹੱਥ ਸੀ। ਉਸ ਤੋਂ ਬਾਅਦ ਹੰਸਦਾਸ ਨੇ ਹਿੰਦੂਤਵੀ ਸਿਆਸਤ ਵਿਚ 2019 ਵਿਚ ਸੜਕ ਹਾਦਸੇ ਵਿਚ ਮੌਤ ਹੋਣ ਤੱਕ ਯੋਗਦਾਨ ਦਿੱਤਾ। ਜਗਤ ਗੁਰੂ ਰਾਮਾ ਚੰਦ ਆਚਾਰੀਆ ਦਾ ਬਹੁਤਾ ਚਲਨ, 20ਵੀਂ ਸਦੀ ਦੇ ਪਿਛਲੇ 25 ਸਾਲਾਂ ਵਿਚ ਦੇਖਿਆ ਗਿਆ। ਪਹਿਲਾ ਜਗਤ ਗੁਰੂ ਰਾਮਾਨੰਦ ਚਾਰੀਆ ਭਗਵਤ ਅਚਾਰੀਆ ਸੀ ਜੋ ਵਿਦਵਾਨ ਸਾਧੂ ਸੀ। ਉਸ ਨੇ ਰਾਮਨੰਦ ਅਤੇ ਰਾਮਾਗੜ੍ਹੀਆਂ ਵਿਚਕਾਰ ਪੈਦਾ ਹੋਏ ਝਗੜੇ ਨੂੰ ਸੁਲਝਾਇਆ। ਰਾਮਾਨੁਜੀ ਆਪਣੇ ਆਪ ਨੂੰ ਰਾਮਾਨੰਦੀ ਤੋਂ ਉੱਪਰ ਸਮਝਦੇ ਸਨ। ਉਸ ਨੇ ਹਨੂੰਮਾਨ ਗੜ੍ਹੀ ਵਿਚ ਰਾਮਾਨੰਦੀਆਂ ਦੀ ਮੀਟਿੰਗ ਸੱਦੀ ਅਤੇ ਸ੍ਰੀ ਰਾਮਾਨੰਦੀ ਵੈਸ਼ਨਵ, ਮਹਾਂਮੰਡਲ ਦੀ ਸਥਾਪਨਾ ਕੀਤੀ। ਉਹ 1880 ਵਿਚ ਜਨਮਿਆ, ਆਰੀਆ ਸਮਾਜ ਅਨਾਥ ਆਸ਼ਰਮ ਵਿਚ ਪਲਿਆ, ਸੰਸਕ੍ਰਿਤ ਤੇ ਅੰਗਰੇਜ਼ੀ ਦਾ ਵਿਦਵਾਨ ਸੀ। ਉਸ ਦੇ ਇੱਕ ਦਸਤਾਵੇਜ਼ ਜੋ ਅਗਰਦਾਸ ਵੱਲੋਂ ਲਿਖਿਆ ਦੱਸਿਆ ਗਿਆ, ਅਨੁਸਾਰ ਸ੍ਰੀ ਰਾਮਾ ਪਰੰਪਰਾ ਅਨੁਸਾਰ ਰਾਮਾ ਨੰਦ ਹੀ ਮੁੱਖ ਗੁਰੂ ਹਨ ਨਾ ਕਿ ਰਾਮਾਨੰਦਚਾਰੀਆ।

1921 ਦੇ ਉਜੈਨ ਦੇ ਕੁੰਭ ਸਮੇਂ ਭਗਵਾਨ ਦਾਸ ਨੇ ਰਾਮਨੁਜੀਆ ਨੂੰ ਸਾਸਰਥਾ, ਭਾਵ ਬਹਿਸ ਲਈ ਸੱਦਾ ਦਿੱਤਾ ਜਿਸ ਵਿਚ ਉਹ ਜੇਤੂ ਸਾਬਤ ਹੋਇਆ ਅਤੇ ਉਸ ਦੇ ਦਸਤਾਵੇਜ਼ ਨੂੰ ਇਤਿਹਾਸਕ ਮੰਨ ਕੇ ਰਾਮਾਨੰਦੀ ਨੂੰ ਰਾਮਨੁਜੀਆ ਤੋਂ ਆਜ਼ਾਦ ਸਮਝ ਲਿਆ ਗਿਆ ਅਤੇ ਰਾਮਾਨੰਦੀਆਂ ਦੀ ਕੁੰਭ ਵਿਚ ਸਰਦਾਰੀ ਕਾਇਮ ਹੋ ਗਈ। 1977 ਦੇ ਅਲਾਹਾਬਾਦ ਕੁੰਭ ਸਮੇਂ ਭਾਗਵਦ ਦਾਸ ਨੂੰ ਜਗਤ ਗੁਰੂ ਰਾਮਾਨੰਦ ਆਚਾਰੀਆ ਦਾ ਖਿਤਾਬ ਦਿੱਤਾ ਗਿਆ। ਉਸ ਦੀ ਮੌਤ ਪਿੱਛੋਂ ਇਹ ਉਪਾਧੀ ਸ਼ਿਵਰਾਮ ਅਚਾਰੀਆ ਨੂੰ ਦਿੱਤੀ ਗਈ (ਉਸ ਦੀ ਵਸੀਅਤ ਅਨੁਸਾਰ)। 4 ਨਵੰਬਰ 1988 ਨੂੰ ਉਸ ਦੀ ਮੌਤ ਮਗਰੋਂ ਰਾਮਨਰੇਸ਼ ਅਚਾਰੀਆ ਅਤੇ ਹਨੂਮਾਨ ਗੜ੍ਹੀ ਦੇ ਵੈਰਾਗੀ ਹਰੀ ਅਚਾਰੀਆ ਵਿਚ ਉਪਾਧੀ ਲਈ ਝਗੜਾ ਖੜ੍ਹਾ ਹੋ ਗਿਆ। ਇਸੇ ਉਪਾਧੀ ਲਈ ਦਿਗੰਬਰ ਅਖਾੜੇ ਦੇ ਵਿਸ਼ਵ ਹਿੰਦੂ ਪ੍ਰੀਸ਼ਦ ਸਮਰਥਿਤ ਰਾਮਚੰਦਰ ਦਾਸ ਪਰਮਹੰਸ ਤੇ ਗਿਆਨ ਦਾਸ ਵਿਚ ਝਗੜਾ ਹੋ ਗਿਆ। ਇਹ ਉਪਾਧੀ ਧਨ ਕਮਾਉਣ ਦਾ ਵੱਡਾ ਸਾਧਨ ਬਣ ਗਈ ਸੀ। ਹੁਣ ਚਿਤਰਕੂਟ, ਵਾਰਾਣਸੀ, ਹਰਿਦੁਆਰ, ਵਰਿੰਦਾਬਨ ਆਦਿ 'ਚ ਜਗਤ ਗੁਰੂ ਰਾਮਾਨੰਦਚਾਰੀਆ ਦੀ 50 ਦੇ ਕਰੀਬ ਸੰਖਿਆ ਹੈ।

ਮਹਾਂ ਮੰਡਲੇਸ਼ਵਰ ਦੀ ਉਪਾਧੀ ਵਾਂਗ ਰਾਮਾਨੰਦਚਾਰੀਆ ਦਾ ਖ਼ਿਤਾਬ ਵੀ ਅੱਜ ਕੱਲ੍ਹ ਵਪਾਰ ਬਣ ਗਿਆ ਹੈ। 2010 ਦੇ ਹਰਿਦੁਆਰ ਕੁੰਭ ਸਮੇਂ ਤਿੰਨ ਸਾਲਾ ਤਜਰਬੇ ਵਾਲੇ ਰਾਮਦਿਨੇਸ਼ ਚਾਰੀਆ ਨੂੰ ਜਗਤ ਗੁਰੂ ਰਾਮਾਨੰਦਚਾਰੀਆ ਬਣਾਉਣ ਸਮੇਂ ਵਾਅਦਾ ਕੀਤੀ ਰਾਸ਼ੀ ਨਿਰਵਾਣੀ ਅਖਾੜੇ ਕੋਲ ਜਮ੍ਹਾਂ ਨਾ ਕਰਾਉਣ 'ਤੇ ਉਸ ਦੇ ਕੈਂਪ ਨੂੰ ਨਾਗਿਆ ਵੱਲੋਂ ਨਸ਼ਟ ਕਰ ਦਿੱਤਾ ਗਿਆ। ਬਾਅਦ ਵਿਚ ਇਹ ਉਸੇ ਦਕਸ਼ਿਣਾ ਦਾ ਵੱਡਾ ਹਮਾਇਤੀ ਬਣ ਗਿਆ। ਉਹ ਹਰੀ ਅਚਾਰੀਆ ਦਾ ਉੱਤਰਾਧਿਕਾਰੀ ਸੀ ਜੋ ਇਸ ਦਕਸ਼ਿਣਾ ਨੂੰ ਰਿਸ਼ਵਤ ਨਹੀਂ ਸੀ ਸਮਝਦਾ। ਉਹ ਸ਼ਰੇਆਮ ਕਹਿੰਦਾ ਹੈ ਕਿ 50 ਲੱਖ ਦੇ ਕੇ ਤੁਸੀਂ ਕਿੰਨੀ ਦਾਨ ਦਕਸ਼ਿਣਾ ਲੈਂਦੇ ਹੋ। ਉਹ ਸੰਸਕ੍ਰਿਤ ਦਾ ਸਲੋਕ ਉਚਾਰਦਾ ਹੈ: 'ਰਾਮਾਨੰਦਾ ਸਵੈਮਰਾਮਾ ਪਰਦਰਭੂਤੋਂ ਮਹੀਵੇਲ', ਭਾਵ ਭਗਵਾਨ ਰਾਮ ਆਪ ਤੁਹਾਨੂੰ ਰਾਮਨੰਦਚਾਰੀਆ ਦਾ ਅਸ਼ੀਰਵਾਦ ਦੇ ਕੇ ਵੈਸ਼ਨਵਵਾਦ ਵਿਚ ਬੁਰਾਈਆਂ ਹਟਾ ਦਿੰਦਾ ਹੈ।

ਜਤਿੰਦਰ ਨਾਥ ਗਿਰੀ ਨੇ ਵੀ ਅਜਿਹੀ ਹੀ ਵਿਆਖਿਆ ਮਹਾਂ ਮੰਡਲੇਸ਼ਵਰ ਬਾਰੇ ਦਿੱਤੀ। ਅਖਾੜੇ ਰਾਮਾਨੰਦ ਚਾਰੀਆ ਨੂੰ ਬਹੁਤਾ ਮਹੱਤਵ ਨਹੀਂ ਦਿੰਦੇ। ਇੱਕ ਹੋਰ ਰਾਮਭੱਦਰਚਾਰੀਆ ਜੋ ਚਿੱਤਰਕੂਟ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਸਮਰਥਨ ਨਾਲ ਕੰਮ ਕਰ ਰਿਹਾ ਸੀ, ਨੂੰ ਅੱਖਾਂ ਤੋਂ ਨਹੀਂ ਸੀ ਦਿਸਦਾ, ਉਸ ਨੇ ਰਾਮਚਰਿਤ ਮਾਨਸ ਦਾ ਅੰਗਰੇਜ਼ੀ ਅਨੁਵਾਦ 2005 ਵਿਚ ਛਾਪਿਆ। ਰਾਮਾਨੰਦੀ ਨਾਗਿਆਂ ਨੇ ਉਸ 'ਤੇ ਮਰਿਆਦਾ ਭੰਗ ਕਰਨ ਦੇ ਦੋਸ਼ ਲਗਾਏ ਅਤੇ ਕਈ ਸਲੋਕ ਗਲਤ ਲਿਖਣ ਦਾ ਇਲਜ਼ਾਮ ਲਗਾਇਆ ਪਰ ਉਸ ਨੇ ਇਹ ਇਲਜ਼ਾਮ ਨਕਾਰ ਦਿੱਤੇ। ਉਹਨੇ ਅਯੁੱਧਿਆ ਦੇ ਸਾਧੂਆਂ ਨੂੰ ਮੂਰਖ ਦੱਸਿਆ। 2015 ਤੱਕ ਵੀ ਉਹ ਇਸੇ ਦੀ ਵਕਾਲਤ ਕਰਦਾ ਰਿਹਾ ਪਰ ਜਨਵਰੀ 2010 ਵਿਚ ਕੁੰਭ ਸਮੇਂ ਜਦੋਂ ਉਹ ਪ੍ਰਚਾਰ ਕਰ ਰਿਹਾ ਸੀ ਤਾਂ ਰਾਮਾਨੰਦੀ ਨਾਗਿਆਂ ਨੇ ਉਸ ਦੇ ਕੈਂਪ ਵਿਚ ਦਾਖਲ ਹੋ ਕੇ ਉਸ 'ਤੇ ਹਮਲਾ ਕਰ ਦਿੱਤਾ ਤੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਬਾਬਾ ਹੱਠ ਯੋਗੀ ਅਨੁਸਾਰ ਉਸ ਨੇ ਆਪਣੀ ਗਲਤੀ ਮੰਨ ਲਈ ਅਤੇ ਅਖਾੜੇ ਤੋਂ ਮੁਆਫੀ ਮੰਗ ਲਈ। ਉਸ ਨੂੰ 5 ਲੱਖ ਦਾ ਭੰਡਾਰਾ ਕਰਨ ਤੋਂ ਬਾਅਦ ਹੀ ਰਾਮਾਨੰਦੀ ਅਖਾੜੇ ਵਿਚ ਦਾਖਲ ਹੋਣ ਦਿੱਤਾ ਗਿਆ।



*ਵਿਸ਼ਵ ਹਿੰਦੂ ਪ੍ਰੀਸ਼ਦ ਜਿਸ ਦੇ ਕਾਰਕੁਨ ਧਾੜਵੀ ਕਾਰਵਾਈਆਂ ਲਈ ਪ੍ਰਸਿੱਧ ਹਨ।*

ਕੁੰਭ ਤੋਂ ਬਾਅਦ ਉਸ ਨੇ ਉਸੇ ਰਾਮਚਰਿਤ ਮਾਨਸ ਅਨੁਸਾਰ ਭਾਸ਼ਣ ਦੇਣੇ ਜਾਰੀ ਰੱਖੇ। ਅਯੁੱਧਿਆ ਦੇ ਰਾਮਾਨੰਦੀਆਂ ਨੇ ਉਸ ਨੂੰ ਦੂਜੀ ਵਾਰ ਅਖਾੜੇ ਤੋਂ ਬੇਦਖਲ ਕਰ ਦਿੱਤਾ। ਉਹ ਕੁੰਭ ਮੇਲੇ ਤੋਂ ਗੈਰ-ਹਾਜ਼ਰ ਰਹਿਣ ਲੱਗ ਗਿਆ। ਉਹ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਜ਼ੋਰ 'ਤੇ ਪ੍ਰੋਗਰਾਮਾਂ ਵਿਚ ਹਿੱਸਾ ਲੈਂਦਾ ਰਿਹਾ। 2015 ਵਿਚ ਨਰਿੰਦਰ ਮੋਦੀ ਨੇ ਰਾਮਭੱਦਰਚਾਰੀਆ ਨੂੰ ਪਦਮ ਭੂਸ਼ਨ ਦੇਣ ਦਾ ਐਲਾਨ ਕਰ ਦਿੱਤਾ। ਗਿਆਨ ਦਾਸ ਨੇ ਇਸ ਦਾ ਡਟਵਾਂ ਵਿਰੋਧ ਕੀਤਾ। ਉਹ ਉਸ ਨੂੰ ਸਾਧੂ ਮੰਨਣ ਲਈ ਹੀ ਤਿਆਰ ਨਹੀਂ ਸੀ। ਉਸ ਨੂੰ ਨਿਰਵਾਣੀ ਅਖਾੜੇ ਨੇ ਬੇਦਖਲ ਕਰ ਦਿੱਤਾ ਸੀ। ਰਾਮਦੇਵਦਾਸ ਇੱਕ ਹੋਰ ਹਨੂੰਮਾਨ ਗੜ੍ਹੀ ਨਾਗੇ ਨੇ ਹੋਰ ਵੀ ਜ਼ਹਿਰ ਉਗਲਿਆ। ਉਸ ਨੇ ਕਿਹਾ ਕਿ ਉਹ ਕੁੰਭ ਵਿਚ ਆ ਕੇ ਤਾਂ ਦੇਖੇ, ਉਸ ਨੂੰ ਦੱਸ ਦੇਵਾਂਗੇ ਕਿ ਕਿਵੇਂ ਰਾਮ ਚਰਿਤ ਮਾਨਸ ਦਾ ਸੰਪਾਦਨ ਕਰਨਾ ਹੈ। ਇਹ ਸਾਰੀ ਖੇਡ ਵਿਸ਼ਵ ਹਿੰਦੂ ਪ੍ਰੀਸ਼ਦ ਦੀ ਮਦਦ ਤੋਂ ਬਿਨਾ ਚੱਲਣੀ ਔਖੀ ਹੈ ਪਰ ਧਨ ਤੋਂ ਬਿਨਾ ਵੀ ਮੁਸ਼ਕਿਲਾਂ ਆ ਜਾਂਦੀਆਂ ਹਨ।

ਉੜੀਸਾ ਅੰਦਰ ਚੇਤੰਨਚਾਰੀਆ ਨਾਲ ਵੀ ਇਸ ਤਰ੍ਹਾਂ ਵਾਪਰਿਆ। 2005 ਵਿਚ ਉਸ ਨੇ ਯੁਗਲ ਕਿਸ਼ੋਰ ਸ਼ਾਸਤਰੀ ਕੋਲ ਰਾਮ ਨੰਦਚਾਰੀਆ ਦੀ ਉਪਾਧੀ ਲਈ ਬੇਨਤੀ ਕੀਤੀ। ਉਹ ਅਯੁੱਧਿਆ ਦੇ ਸਰਾਉ ਕੁੰਜ ਮੰਦਰ ਦਾ ਮਹੰਤ ਹੈ। ਉਸ ਨੇ ਉਸਨੂੰ 5 ਲੱਖ ਰੁਪਏ ਖਰਚ ਕੇ ਭੰਡਾਰਾ ਕਰਨ ਦਾ ਸੁਝਾਅ ਦਿੱਤਾ ਅਤੇ ਚੰਗੀ ਦਕਸ਼ਿਣਾ ਦੇਣ ਦੀ ਸਲਾਹ ਦਿੱਤੀ। ਉਸ ਨੇ ਸਲਾਹ ਪ੍ਰਵਾਨ ਕਰ ਲਈ। ਅਯੁੱਧਿਆ, ਵਰਿੰਦਾਵਨ, ਹਰਿਦੁਆਰ ਅਤੇ ਹੋਰ ਥਾਵਾਂ ਤੋਂ ਆਪੋ-ਆਪਣੇ ਚਿੰਨ੍ਹ ਲੈ ਕੇ ਬਹੁਤ ਸਾਰੇ ਸਾਧੂ ਕਟਕ ਵਿਚ ਇਕੱਠੇ ਹੋ ਗਏ। ਬਹੁਤ ਹੀ ਸ਼ਾਨਦਾਰ ਭੰਡਾਰਾ ਕੀਤਾ ਗਿਆ। ਚੇਤੰਨਚਾਰੀਆ ਨੂੰ ਜਗਤ ਗੁਰੂ ਰਾਮਾਨੰਦਚਾਰੀਆ ਦਾ ਖਿਤਾਬ ਦੇ ਦਿੱਤਾ ਗਿਆ ਪਰ ਉਹ ਕਰਜ਼ਈ ਹੋ ਗਿਆ। ਭੇਟਾਵਾਂ ਉਸ ਢੰਗ ਨਾਲ ਨਾ ਮਿਲੀਆਂ ਅਤੇ ਪੈਸੇ ਲੈਣ ਵਾਲੇ ਦਰਵਾਜ਼ਾ ਖੜਕਾਉਣ ਲੱਗੇ। ਉਹ ਕਾਫੀ ਸਮਾਂ ਲੋਪ ਰਿਹਾ। 2015 ਵਿਚ ਉਹ ਅਚਾਨਕ ਅਯੁੱਧਿਆ ਦੇ ਯੁਗਲ ਕਿਸ਼ੋਰ ਸ਼ਾਸਤਰੀ ਦੇ ਮੰਦਰ ਆਇਆ। ਉਸ ਕੋਲ ਡੰਡਾ ਨਹੀਂ ਸੀ। ਉਹ ਬਿਨਾ ਹੁਨਰ ਤੋਂ ਭਗਵਾਨ ਬਣ ਗਿਆ ਸੀ, ਇਸ ਲਈ ਸਫਲ ਨਹੀਂ ਹੋ ਸਕਿਆ। ***(ਚੱਲਦਾ)***

ਕਹਾਣੀ

# ਪੀ ਬੀ ਕੇ ਇਕੱਤੀ ਸਤਾਰਾਂ

**ਗੁਰਮੀਤ ਕੜਿਆਲਵੀ ਦੀਆਂ ਰਚਨਾਵਾਂ ਵਿਚ ਸਮਾਜ ਦੇ ਵੱਖ-ਵੱਖ ਹਿੱਸਿਆਂ ਦੀਆਂ ਪਰਤਾਂਇੱਕ-ਇੱਕ ਕਰ ਕੇ ਖੁੱਲ੍ਹਦੀਆਂ ਹਨ।'ਪੀ ਬੀ ਕੇ ਇਕੱਤੀ ਸਤਾਰਾਂ' ਕਹਾਣੀ ਵਿਚ ਉਹ ਡਰਾਈਵਰ ਦੇ ਰੂਪ ਵਿਚ ਅਜਿਹਾ ਪਾਤਰ ਉਸਾਰਦਾ ਹੈ ਜਿਸ ਰਾਹੀਂ ਸਮਾਜ ਦੇ ਸਰੋਕਾਰ ਤਾਂ ਉਜਾਗਰ ਹੁੰਦੇਹੀ ਹਨ। ਨਾਲ ਹੀ ਇਸ ਅੰਦਰ ਸਮਾਜਿਕ ਵਧੀਕੀਆਂ ਸੂਖਮ ਰੰਗ ਵਿਚ ਵਿਆਪਦੀਆਂ ਹਨ।**

"ਇਹ ਆ ਬਈ ਆਪਣਾ ਪਊਆ ਡਰੈਵਰ। ਯਾਰਾਂ ਦਾ ਯਾਰ, ਪੂਰੀ ਜਿੰਦ ਜਾਨ ਸਾਡੇ ਮਹਿਕਮੇ ਦੀ। ਇਹਦੇ ਪੁੱਛਿਆਂ ਬਿਨਾਂ ਕੁੱਤੀ ਨੀਂ ਖੰਘਦੀ ਡੀਪੂ 'ਚ। ਆਹ ਵਰਕਸ ਮਨੇਜਰ, ਟਰੈਫਿਕ ਮਨੇਜਰ ਤੇ ਇੰਸਪੈਕਟਰ ਤਾਂ ਕੰਨ ਭੰਨਦੇ ਆ ਬਾਈ ਕੋਲੋਂ। ਜੀ ਐਮ ਪੁੱਛ ਕੇ ਗੱਲ ਕਰਦੈ।" ਨਛੱਤਰ ਨੇ ਪਊਏ ਤੋਂ ਚੋਰੀ ਮੈਨੂੰ ਅੱਖ ਮਾਰਦਿਆਂ ਦੱਸਿਆ।



ਗੁਰਮੀਤ ਕੜਿਆਲਵੀ
ਫੋਨ: +91-98726-40994

ਨਛੱਤਰ ਨੇ ਵਰਕਸ਼ਾਪ ਵਿਚੋਂ ਨਿਕਲਦਿਆਂ ਹੀ ਮੇਰੇ ਨਾਲ ਹੱਥ ਮਿਲਾਇਆ ਅਤੇ ਸਾਡੇ ਤੋਂ ਮੂਹਰੇ ਤੁਰੇ ਜਾਂਦੇ ਡਰਾਈਵਰ ਜਾਪਦੇ ਆਦਮੀ ਨੂੰ ਆਵਾਜ਼ ਦੇ ਕੇ ਰੋਕ ਉਸ ਨਾਲ ਮੇਰੀ ਜਾਣ ਪਛਾਣ ਕਰਾਈ।

"ਜਾਣਦੇ ਉਏ ਨਛੱਤਰਾ! ਐਵੇਂ ਗਿੱਦੜਾਂ ਦਾ ਗੰਦ ਪਹਾੜੀ ਚੜ੍ਹਾਈ ਜਾਨੈਂ। ਪੁੱਤਰਾ ਥੋਡੇ ਸਿਰ 'ਤੇ ਈ ਉੱਡਦੇ ਆਂ, ਨਹੀਂ ਮੇਲੇ 'ਚ ਚੱਕੀ ਰਾਹੇ ਨੂੰ ਕੋਈ ਪੁੱਛਦਾ ਭਲਾ?"ਪਊਏ ਨੇ ਪੀਲੇ ਦੰਦ ਬਾਹਰ ਕੱਢੇ।

"ਨਛੱਤਰਾ! ਆਪਣੇ ਬਾਈ ਡਰੈਵਰ ਦਾ ਨਾਂ ਕੀ ਦੱਸਿਆ?" ਮੈਂ ਜਾਣ ਪਛਾਣ ਵਧਾਉਣ ਦੀ ਮਨਸ਼ਾ ਨਾਲ ਨਹੀਂ, ਬੱਸ ਉਂਝ ਈ ਰਸਮੀ ਤੌਰ 'ਤੇ ਡਰਾਈਵਰ ਨੂੰ ਖੁਸ਼ ਕਰਨ ਲਈ ਪੁੱਛ ਲਿਆ।

"ਦੱਸਿਆ ਤਾਂ ਹੈ ਪਊਆ, ਹੋਰ ਕੀ? ਸਵਾਰੀ ਤੋਂ ਲੈ ਕੇ ਜੀ ਐਮ, ਡੀ ਐਮ ਤੇ ਡਾਇਰੈਕਟਰ ਤੱਕ ਸਾਰੇ ਇਹਨੂੰ ਪਊਆ ਈ ਆਂਹਦੇ ਆ। ਸਾਡੇ ਸਾਰੇ ਮਹਿਕਮੇ 'ਚ ਕਿਸੇ ਤੋਂ ਪੁੱਛ ਲਈਂ। ਕੱਤੀ ਸਤਾਰਾਂ ਵਾਲਾ ਪਊਆ ਤਾਂ ਮਸ਼ਹੂਰ ਆ ਸਾਰੀ ਰੋਡਵੇਜ਼ 'ਚ।"

"ਹੱਛਾ!"

"ਦਾਰੂ ਦਾ ਇੱਕ ਪਊਆ ਪੀ ਕੇ ਗੱਡੀ ਦਾ ਸਟੇਰਿੰਗ ਸੰਭਾਲਦਾ। ਮਜ਼ਾਲ ਕੀ ਭੋਰਾ ਭਰ ਝੋਲ ਮਾਰਜੇ। ਸਾਲੀ ਮੁਰਗਾਬੀ ਵਾਂਗੂੰ ਤਰਦੀ ਫਿਰੂ ਰੋਡ 'ਤੇ। ਹੋਰ ਐਵੇਂ ਤਾਂ ਨੀ ਸਾਰੇ ਕੰਡਕਟਰ ਡਰਾਈਵਰ ਗੋਡੀਂ ਹੱਥ ਲਾਉਂਦੇ ਬਾਈ ਦੇ।" ਨਛੱਤਰ ਪੰਪ 'ਤੇ ਪੰਪ ਭਰ ਰਿਹਾ ਸੀ।

"ਬਈ ਕਮਾਲ ਏ!" ਮੈਂ ਝੂਠ-ਮੂਠ ਦੀ ਹੈਰਾਨੀ ਦਿਖਾਈ।

"ਨਿੱਕਿਆ! ਬੱਸ ਐਵੇਂ ਸ਼ੁਗਲ ਮੇਲਾ ਜਿਆ ਕਰ ਲਈਦਾ। ਏਨੇ ਨਾਲ ਕਾਟੋ ਫੁੱਲਾਂ 'ਤੇ ਖੇਡਦੀ ਰਹਿੰਦੀ ਆ ਸਾਰਾ ਦਿਨ। ਦਿਲ ਤਕੜਾ ਹੋ ਜਾਂਦਾ, ਨਹੀਂ ਤਾਂ ਮਾੜਾ ਮੋਟਾ-ਟਰੈਫਿਕ ਵੇਖ ਕੇ ਲੱਤਾਂ ਕੰਬਣ ਲੱਗ ਪੈਂਦੀਆਂ। ਨਾਲੇ ਬੱਸ 'ਚ ਸੋਹਣੀ ਤੀਵੀਂ ਵੱਲ ਵੇਖਕੇ ਦਿਲ ਘਾਊਂ-ਮਾਊਂ ਨੀ ਹੁੰਦਾ।" ਖੱਬੀ ਅੱਖ ਦੱਬ ਕੇ ਪਊਏ ਨੇ ਆਖਿਆ। ਫੂਕ ਦਾ ਉਸ ਉੱਪਰ ਪੂਰਾ ਅਸਰ ਹੋ ਚੁੱਕਾ ਸੀ।

"ਸਵਾਰੀ ਵੀ ਚੋਟੀ ਦੀ ਬਹਿੰਦੀ ਆ ਪਊਏ ਦੀ ਬੱਸ 'ਚ! ਕਈ ਸਵਾਰੀਆਂ ਤਾਂ ਬੱਝੀਆਂ ਹੋਈਆਂ ਪਊਏ ਦੀ ਬੱਸ ਨਾਲ। ਪਊਆ ਟੈਮੋ-ਬੇਟੈਮ ਹੋ ਜੇ ਤਾਂ ਬੱਸ ਭਾਲਦੀਆਂ ਫਿਰਨੀਆਂ ਅੱਡੇ 'ਚ। ਬਾਈ ਪਊਏ ਨੇ ਸ਼ੇਅਰ ਵੀ ਬੱਸ ਦੇ ਪਿੱਛੇ ਰੀਝ ਨਾਲ ਲਿਖਾਇਆ ਐ-ਬੱਸ ਅੱਡੇ ਵਿਚ ਬੱਸਾਂ ਫਿਰਦੀਆਂ, ਚੌਂਕਾਂ ਵਿਚ ਸਿਪਾਹੀ। ਮੋੜਾਂ ਉੱਤੇ ਪੁੱਛਣ ਸਵਾਰੀਆਂ, ਕੱਤੀ ਸਤਾਰਾਂ ਨੀ ਆਈ।"

"—ਉਏ ਧੀਆਂ-ਪੁੱਤਾਂ ਵਾਂਗੂੰ ਰੱਖੀ ਆ ਲਾਰੀ। ਕਈ ਸਵਾਰੀਆਂ ਤਾਂ ਨੰਬਰ ਨੋਟ ਕਰੀ ਫਿਰਦੀਆਂ। ਪੀ ਬੀ ਕੇ ਕੱਤੀ ਸਤਾਰਾਂ। ਆਊਂਦੀ ਕਿ ਨਹੀਂ ਬੁਕਿੰਗ ਸਾਰਿਆਂ ਨਾਲੋਂ ਵਾਧੂ?" ਸਾਡੇ ਨਾਲ ਤੁਰੇ ਜਾਂਦੇ ਪਊਏ ਨੇ ਛਾਤੀ ਚੌੜੀ ਕਰਦਿਆਂ ਕਿਹਾ। ਗੱਲਾਂ ਕਰਦੇ-ਕਰਦੇ ਅਸੀਂ ਅੱਡਾ ਲੰਘ ਕੇ ਨਾਲ ਹੀ ਪੈਂਦੇ ਬਸ਼ੀਰ ਦੇ ਹੋਟਲ 'ਤੇ ਆ ਪਹੁੰਚੇ। ਪੰਜ ਸੱਤ ਕੰਡਕਟਰ ਤੇ ਡਰਾਈਵਰ ਸਾਡੇ ਉਥੇ ਜਾਣ ਤੋਂ ਪਹਿਲਾਂ ਹੀ ਜੰਮੇ ਹੋਏ ਸਨ। ਪਊਏ ਨੂੰ ਵੇਖ ਕੇ ਤਾਂ ਜਿਵੇਂ ਸਾਰਿਆਂ ਨੂੰ ਚਾਅ ਚੜ੍ਹ ਗਿਆ ਸੀ।

"ਲੈ ਬਈ ਆ ਗਿਆ ਪਊਆ। ਹੁਣ ਸਜੂ ਚੌਂਕੜੀ। ਸੁਣ ਲਊ ਨਕਲਾਂ।" ਢਿੱਡਲ ਜਿਹੇ ਦਿਸਦੇ ਡਰਾਈਵਰ ਨੇ ਆਖਿਆ।

"ਕਿਉਂ ਭੈਣ ਆਵਦੀ ਦਿਆ— ਜੀਜਾ ਤੇਰਾ ਨਕਲੀਆ? ਅਖੇ ਸੁਣ ਲਓ ਨਕਲਾਂ।" ਪਊਏ ਨੇ ਚੜ੍ਹਾਈ ਕਰ ਦਿੱਤੀ।

"ਨਾ ਬਈ ਤਾਇਆ, ਪਊਏ ਨੂੰ ਛੇੜਿਆ ਨਾ ਕਰੋ। ਇਕ ਤਾਂ ਆਪਾਂ ਨੂੰ ਦੁਨੀਆਦਾਰੀ ਦੀਆਂ ਗੱਲਾਂ ਸੁਣਾਉਂਦਾ, ਦੂਜਾ ਆਪਾਂ ਇਹਦਾ ਮਖੌਲ ਉਡਾਈਏ, ਏਹ ਚੰਗੀ ਗੱਲ ਨ੍ਹੀ।"ਬਿੱਕਰ ਕੰਡਕਟਰ ਨੇ ਪਊਏ ਦਾ ਗੁੱਸਾ ਢੈਲਾ ਕਰਨ ਦੇ ਇਰਾਦੇ ਨਾਲ ਕਿਹਾ।

"ਉਏ ਮੈਂ ਕੀ ਏਹਦੀ ਪੂਛ ਨੂੰ ਹੱਥ ਲਾਤਾ? ਐਵੇਂ ਸਿਰ ਚੜ੍ਹਨ ਲੱਗਾ!" ਢਿੱਡਲ ਅਜੇ ਵੀ ਗੁੱਝੀ ਨਸ਼ਤਰ ਲਾਉਣੋਂ ਬਾਜ਼ ਨਹੀਂ ਸੀ ਆ ਰਿਹਾ।

"ਢਿੱਡਲਾ ਤੂੰ ਪੱਕਾ——।" ਪਊਏ ਨੇ ਵਿਅੰਗ ਸਮਝ ਲਿਆ ਸੀ।

ਪਊਏ ਨੂੰ ਬੈਂਚ 'ਤੇ ਬਿਠਾ ਲਿਆ। ਮੈਂ ਤੇ ਨਛੱਤਰ ਵੀ ਹੁਣ ਉਸ ਚੰਡਾਲ ਚੌਂਕੜੀ ਵਿਚ ਸ਼ਾਮਲ ਹੋ ਚੁੱਕੇ ਸਾਂ। ਸ਼ਰਾਬ ਦੀ ਅਜੀਬ ਤਰ੍ਹਾਂ ਦੀ ਹਵਾੜ ਮੇਰੇ ਨੱਕ ਨੂੰ ਚੜ੍ਹ ਗਈ। ਮੈਂ ਨੱਕ ਸੁੰਗੇੜਦਿਆਂ ਆਸੇ-ਪਾਸੇ ਉੱਪਰ ਥੱਲੇ ਵੇਖਿਆ। ਜਾਪਦਾ ਸੀ, ਸ਼ਰਾਬ ਦੀ ਬੋਤਲ ਖਾਲੀ ਕਰਕੇ ਹੁਣੇ ਹੀ ਟੇਬਲ ਦੇ ਥੱਲੇ ਸੁੱਟੀ ਗਈ ਸੀ।

"ਬਾਈ ਸਿਆਂ, ਅੱਜ ਪਊਏ ਨੂੰ ਓਵਰ ਟੈਮ ਮਿਲਿਆ ਦੋ ਮਹੀਨਿਆਂ ਦਾ। ਅੱਜ ਤਾਂ ਸੁੱਕੀ ਈ ਚੱਲੂ, ਭਮੇਂ ਤੰਦੂਰੀ ਵੀ ਮੰਗਾ ਲਿਊ।" ਕਤਰੀ ਦਾਹੜੀ ਵਾਲੇ ਸ਼ੌਕੀਨ ਲੱਗਦੇ ਕੰਡਕਟਰ ਨੇ ਆਖਿਆ।

"ਤੇ ਹੋਰ ਕੀ ਪਊਆ ਤੇਰੇ ਵਰਗਾ? ਤੂੰ ਤਾਂਬਕਾਇਆ ਲੈ ਕੇ ਭਾਫ਼ ਨੀ ਕੱਢੀ। ਪਊਆ ਨੀ ਕਰਦਾ ਤੇਰੇ ਵਾਂਗੂੰ।"ਢਿੱਡਲ ਨੇ ਉਸ ਨੂੰ ਫੂਕ ਛਕਾਈ।

"ਸਾਲਿਓ! ਮੇਰਾ ਕੀ ਬੈਂਕ 'ਚ ਹਿੱਸਾ! ਨਿੱਤ ਮੇਰੇ ਉਦਾਲੇ ਹੋ ਜਾਨੇ ਆਂ। ਅੱਜ ਨੀ ਮੈਂ ਆਉਂਦਾ ਥੋਡੀਆਂ ਮੋਮੋਠਗਣੀਆਂ 'ਚ। ਕਿਵੇਂ ਫੂਕ ਛਕਾਉਣ ਲੱਗੇ ਆ।" ਪਊਏ ਨੇ ਗਾਹਲ ਕੱਢੀ।

"ਮਾਸੜਾ ਤੈਨੂੰ ਕੋਈ ਕੀ ਫੂਕ ਛਕਾਲੂ? ਉਹ ਤਾਂ ਐਵੇਂ ਸਬੱਬੀ ਗੱਲ ਕਰਦੇ ਆਂ। ਕੋਈ ਝੂਠ ਆ ਇਹਦੇ 'ਚ? ਪੈਸੇ ਜੋੜ ਕੇ ਤੂੰ ਕਿਹੜਾ ਮਾਸੀ ਸਾਡੀ ਨੂੰ ਬੁੰਦੇ ਕਰਾ ਕੇ ਦੇਣੇ।" ਵਿਰਲੀ-ਵਿਰਲੀ ਦਾਹੜੀ ਵਾਲੇ ਕੰਡਕਟਰ ਮੁੰਡੇ ਨੇ ਕਿਹਾ।

"ਤੇਰੀ ਮਾਂ ਵਾਸਤੇ ਤਾਂ ਕਰਾਉਣੇ ਆ ਨਾ।" ਪਊਆ ਕਿਹੜਾ ਅੱਗੋਂ ਘੱਟ ਸੀ।

"ਮਾਂ ਵਾਸਤੇ ਬੁੰਦੇ ਫੇਰ ਕਰਾਦੀਂ, ਪਹਿਲਾਂ ਪੁੱਤ ਆਖੇ ਬੋਤਲ ਤਾਂ ਮੰਗਾ ਲੈ।" ਵਿਰਲੀ ਦਾਹੜੀ ਵਾਲਾ ਕੰਡਕਟਰ ਮੁੰਡਾ ਮੁਸਕੜੀਏਂ ਹੱਸਿਆ।

"ਛੱਡੋ ਯਾਰ ਏਹਨੇ ਕੀ ਮੰਗਾਉਣੀ ਮਰੀ ਸਾਮੀ ਨੇ। ਦਿਲ ਕਿੱਥੋਂ ਲਿਆਊ?" ਖੱਬੀ ਪੱਗ ਵਾਲਾ ਬੋਲਿਆ।

"ਤੂੰ ਮੰਗਾ ਲੈ ਮਹਿ ਜਿੱਡੇ ਦਿਲ ਵਾਲਾ।" ਪਊਆ ਕਿਸੇ ਵੀ ਤਰ੍ਹਾਂ ਹੇਠ ਨਹੀਂ ਸੀ ਆ ਰਿਹਾ।

"ਨਾ ਬਈ ਬਿੰਦਰਾ, ਐਡਾ ਮਾੜਾ ਦਿਲ ਨੀ ਪਊਏ ਦਾ। ਐਵੇਂ ਤੁਸੀਂ ਗਰਮੀ ਚੜ੍ਹਾ ਦੇਣੀ।" ਵਿਰਲੀ ਦਾਹੜੀ ਵਾਲੇ ਵੱਲੋਂ ਇਹ ਇਕ ਹੋਰ ਜਾਲ ਸੀ।

"ਤੁਸੀਂ ਸਾਰੇ ਕੁੱਤੇ ਦੇ ਹੱਡ ਓਂ ਪੂਰੇ। ਢਿੱਡਲ ਤਾਂ ਪੂਰਾ ਹਰਾਮਦਾ—।" ਪਊਏ ਦੇ ਹਥਿਆਰ ਡਿੱਗਣੇ ਸ਼ੁਰੂ ਹੋ ਗਏ।

"ਮੰਗਾ ਲੈ ਮਾਸੜਾ ਬੋਤਲ। ਪੰਜਾਹਾਂ ਨਾਲ ਕਿਹੜਾ ਆਪਣੀ ਕੰਪਨੀ ਫੇਲ੍ਹ ਹੋਜੂ। ਐਨੇ ਮਿੰਨਤਾਂ-ਤਰਲਿਆਂ ਨਾਲ ਤਾਂ ਬੁੜ੍ਹਾ ਵਿਆਹ ਲੈਣਾ ਸੀ।" ਨਛੱਤਰ ਵੀ ਢਾਣੀ ਦੀ ਗੱਲਬਾਤ ਵਿਚ ਸ਼ਾਮਲ ਹੋ ਚੁੱਕਾ ਸੀ। ਲੱਗਦਾ ਸੀ, ਸਾਰੇ ਪਊਏ ਨੂੰ ਹੀ ਮੁੰਨਣਾ ਚਾਹੁੰਦੇ ਸਨ।

"ਤੁਸੀਂ ਨੀ ਲਹਿੰਦੇ ਮਗਰੋਂ।" ਪਊਏ ਨੇ ਭੈੜਾ ਜਿਹਾ ਬਟੂਆ ਜੇਬ ਵਿਚੋਂ ਕੱਢਿਆ ਅਤੇ ਪੰਜਾਹ ਦਾ ਨੋਟ ਸ਼ੌਕੀਨ ਕੰਡਕਟਰ ਵੱਲ ਵਧਾ ਦਿੱਤਾ।

"ਫੜੋ ਦਫ਼ਾ ਹੋਵੋ। ਪਤਿਆਉਰਿਓ, ਸ਼ਰਾਬ ਦਾ ਕੀ ਐ, ਭਾਵੇਂ ਬੋਤਲ ਹੋਰ ਮੰਗਾ ਲਿਓ ਪਰ ਪਹਿਲਾਂ ਘੁੱਟ ਲਵਾ ਕੇ ਦਿਲ ਤਾਂ ਬੰਨ੍ਹਾ ਦਿੰਦੇ।"

"ਹੁਣ ਦਿਲ ਛੱਡ ਸਰੀਰ ਵੀ ਬਣਾਲੀਂ।" ਢਿੱਡਲ ਨੇ ਵਿਅੰਗ ਬਾਣ ਫੇਰ ਚਲਾ ਦਿੱਤਾ।

"ਹਾ ਓ, ਹੁਣ ਤਾਂ ਤੈਨੂੰ ਗੱਲਾਂ ਆਉਣਗੀਆਂ ਈ। ਜੀਜੇ ਨੇ ਲਾ ਜੂ ਦਿੱਤੇ ਸਹੇ ਦੇ ਕੰਨਾਂ ਵਰਗੇ।"



ਪਊਆ ਢਿੱਡਲ ਤੋਂ ਕਿਵੇਂ ਵੀ ਹਾਰ ਮੰਨਣ ਵਾਲਾ ਨਹੀਂ ਸੀ ਲੱਗਦਾ। ਸ਼ੌਕੀਨ ਕੰਡਕਟਰ ਨੇ ਨੇੜਲੇ ਠੇਕੇ ਤੋਂ ਮੋਟੇ ਸੰਤਰੇ ਦੀ ਬੋਤਲ ਫੜ ਲਿਆਂਦੀ। ਬਸ਼ੀਰ ਨੇ ਦੋ ਪਲੇਟਾਂ ਵਿਚ ਦਹੀਂ ਪਾ ਕੇ ਟੇਬਲ 'ਤੇ ਲਿਆ ਰੱਖੀਆਂ। ਇਕੋ ਚੱਕਰ ਨਾਲ ਹੀ ਬੋਤਲ ਦਸਾਂ ਗਲਾਸਾਂ ਦੇ ਥੱਲਿਆਂ ਨਾਲ ਜਾ ਲੱਗੀ।

"ਮਾਸੜਾ ਏਹ ਤਾਂ ਸਹੁਰੀ ਦਾ ਇਕ-ਇਕ ਪੈਗ ਵੀ ਨ੍ਹੀ ਬਣਿਆ ਪੂਰਾ।" ਵਿਰਲੀ ਦਾਹੜੀ ਵਾਲੇ ਕੰਡਕਟਰ ਨੇ ਦੂਸਰੀ ਬੋਤਲ ਦੀ ਭੂਮਿਕਾ ਬੰਨ੍ਹਣੀ ਚਾਹੀ।

"ਹੈਨੂੰ ਤਾਂ ਪੀ ਲੈ ਪਹਿਲਾਂ ਮਾਂ ਨੂੰ। ਹੋਰ ਵੀ ਡੰਮ੍ਹ ਦੂੰ ਮੱਥਾ।" ਪਊਏ ਨੇ ਗਿਲਾਸ ਨੂੰ ਹੱਥ ਪਾਇਆ।

"ਆਜ ਕਾ ਜਾਮ ਭਰਜਾਈ ਸਾਡੀ ਦੇ ਨਾਮ।" ਢਿੱਡਲ ਗੱਬਰ ਸਟਾਈਲ ਵਿਚ ਬੋਲਿਆ। ਪਊਏ ਵੱਲ ਵੇਖਦਿਆਂ ਅੱਖ ਮਾਰੀ ਅਤੇ ਇਕੋ ਸਾਹੇ ਸੁੜਾਕ ਗਿਆ।

"ਬੜੇ ਚੰਗੇ ਮੌਕੇ ਯਾਦ ਕੀਤਾ ਭੈਣ ਨੂੰ।" ਪਊਏ ਨੇ ਜੁਆਬੀ ਧਾਵਾ ਕੀਤਾ।

ਪਊਆ ਦੂਸਰੀ ਬੋਤਲ ਮੰਗਾ ਚੁੱਕਿਆ ਸੀ। ਕੰਮ ਚੱਲ ਸੋ ਚੱਲ ਹੋ ਚੁੱਕਾ ਸੀ। ਹੁਣ ਤਾਂ ਪਤਾ ਹੀ ਨਹੀਂ ਸੀ ਲੱਗਦਾ ਕਿ ਕਦੋਂ ਖਾਲੀ ਬੋਤਲ ਟੇਬਲ ਦੇ ਥੱਲੇ ਅਤੇ ਭਰੀ ਉੱਪਰ ਆ ਜਾਂਦੀ। ਪਊਏ ਦੀਆਂ ਬੋਤਲਾਂ ਤੋਂ ਬਗੈਰ ਸ਼ੌਕੀਨ ਕੰਡਕਟਰ, ਵਿਰਲੀ ਦਾਹੜੀ ਵਾਲਾ ਮੁੰਡਾ ਅਤੇ ਨਛੱਤਰ ਵੀ ਇਕ-ਇਕ ਬੋਤਲ ਮੰਗਾ ਚੁੱਕੇ ਸਨ। ਮਹਿਫ਼ਲ ਪੂਰੇ ਰੌਅ ਵਿਚ ਆ ਚੁੱਕੀ ਸੀ। ਪਊਏ ਦੀ ਕਾਟੋ ਫੁੱਲਾਂ ਉੱਪਰ ਦੀ ਲੰਘ ਕੇ ਫਲਾਂ 'ਤੇ ਖੇਡਣ ਜਾ ਲੱਗੀ ਸੀ। ਹੁਣ ਤੱਕ ਮੈਨੂੰ ਪਊਏ ਵਿਚ ਕਾਫੀ ਰੁਚੀ ਪੈਦਾ ਹੋ ਚੁੱਕੀ ਸੀ। ਜਦੋਂ ਗੱਲ ਉਸ 'ਤੇ ਆ ਜਾਂਦੀ ਸੀ ਤਾਂ ਉਹ ਹੋਰ ਵੀ ਚੌੜਾ ਹੋ ਜਾਂਦਾ। ਸਾਰੀ ਜੁੰਡਲੀ ਦੇ ਮਜ਼ਾਕਾਂ ਦਾ ਠੂਣਾ ਉਸ ਦੇ ਸਿਰ ਹੀ ਆ ਕੇ ਭੱਜਦਾ ਸੀ। ਪਊਆ ਗੁੱਸਾ ਕਰਨ ਦੀ ਥਾਂ ਬੇਸ਼ਰਮੀ ਨਾਲ ਮਜ਼ਾਕ ਕਰਨ ਵਾਲੇ ਨੂੰ ਮੋੜਵਾਂ ਟੋਟਕਾ ਸੁਣਾ ਦਿੰਦਾ।

ਜਦੋਂ ਉਹ ਗੱਲ ਕਰਕੇ ਹੱਸਦਾ ਤਾਂ ਕਰੇੜੇ ਮਾਰੇ ਪੀਲੇ ਦੰਦ ਬਾਹਰ ਵੱਲ ਲਪਕਣ ਦੀ ਕੋਸ਼ਿਸ਼ ਕਰਦੇ। ਉਹ ਬੇਤਰਤੀਬੀ ਨਾਲ ਅੱਖਾਂ ਨੂੰ ਵਾਰ-ਵਾਰ ਝਪਕਦਾ ਅਤੇ ਵਿਰਲੇ-ਵਿਰਲੇ ਦੰਦਾਂ ਵਿਚੋਂ ਦੀ ਥੁੱਕ ਦੀ ਪਿਚਕਾਰੀ ਦੂਰ ਵਗਾਹ ਮਾਰਦਾ। ਥੋੜ੍ਹੇ ਚਿਰ ਬਾਅਦ ਥਾਂ-ਥਾਂ ਤੋਂ ਗਰੀਸ ਨਾਲ ਲਿੱਬੜੀ ਪੱਗ ਨੂੰ ਘੁੱਟਦਾ ਹੋਇਆ ਉੱਪਰ ਥੱਲੇ, ਸੱਜੇ ਖੱਬੇ ਕਰਦਾ। ਪੰਜਾਹਾਂ ਨੂੰ ਟੱਪਿਆ ਉਹ ਆਪਣੀ ਉਮਰ ਨਾਲੋਂ ਜ਼ਿਆਦਾ ਬੁੱਢਾ ਲੱਗਦਾ ਸੀ।ਹੱਥਾਂ ਨੂੰ ਅਜੀਬੋ ਗਰੀਬ ਅੰਦਾਜ਼ ਵਿਚ ਹਿਲਾਉਂਦਾ ਕਿਸੇ ਵੀ ਤਰ੍ਹਾਂ ਚੰਗਾ ਨਹੀਂ ਸੀ ਲੱਗਦਾ। ਮੈਂ ਉਸ ਵੱਲ ਵੇਖਣ ਦੀ ਘੱਟ ਤੋਂ ਘੱਟ ਕੋਸ਼ਿਸ਼ ਕਰ ਰਿਹਾ ਸਾਂ ਪਰ ਜਦੋਂ ਹੀ ਉਹ ਬੇਸ਼ਰਮੀ ਭਰਿਆ ਟੋਟਕਾ ਸੁਣਾ ਕੇ ਹੱਸਦਾ, ਧਿਆਨ ਮਲੋਮੱਲੀ ਉਸ 'ਤੇ ਚਲਾ ਜਾਂਦਾ। ਉਸ ਦੀ ਕਰੜ-ਬਰੜ ਦਾਹੜੀ ਵਿਚ ਲੁਕੇ ਜ਼ਰ ਲੱਗੇ ਦੰਦ ਦਿਸਦੇ ਤਾਂ ਕਚਿਆਣ ਜਿਹੀ ਆ ਜਾਂਦੀ। ਉਹ ਸਾਰਿਆਂ ਵਿਚ ਕਿਸੇ ਮਹਾਰਾਜ ਵਾਂਗ ਚੌੜਾ ਹੋਇਆ ਬੈਠਾ ਸੀ।

"ਨਛੱਤਰਾ! ਆ ਨਿੱਕੇ ਬਾਈ ਬਾਰੇ ਪੁੱਛਣ ਦਾ ਸਾਲਾ ਚੇਤਾ ਈ ਭੁੱਲ ਗਿਆ। ਭਤੀਜ ਜਾਣ-ਪਛਾਣ ਤਾਂ ਕਰਾ ਨਿੱਕੇ ਬਾਈ ਨਾਲ।" ਪਊਏ ਨੇ ਮੇਰੇ ਵੱਲ ਇਸ਼ਾਰਾ ਕਰਕੇ ਨਛੱਤਰ ਨੂੰ ਕਿਹਾ। ਮੈਨੂੰ ਸੁੰਗੜਿਆ ਜਿਹਾ ਵੇਖ ਉਹ ਮੇਰੀ ਸੰਕੋਚਤਾ ਸਮਝ ਗਿਆ ਸੀ।

"ਲੈ! ਗੱਲਾਂ-ਗੱਲਾਂ ਵਿਚ ਚੇਤਾ ਈ ਨੀਂ ਰਿਹਾ।" ਨਛੱਤਰ ਨੂੰ ਆਪਣੀ ਭੁੱਲ ਦਾ ਅਹਿਸਾਸ ਹੋਇਆ।

"ਇਹ ਆਪਣੀ ਭੂਆ ਦਾ ਪੁੱਤ ਆ। ਸਮਾਧ ਭਾਈ ਲਾਗੇ ਪਿੰਡ ਆ। ਨਹਿਰ ਮਹਿਕਮੇ 'ਚ ਉਵਰਸੀਅਰ ਲੱਗਾ ਹੋਇਐ।"

"ਦੁਰ-ਫਿੱਟੇ ਮੂੰਹ ਤੇਰੇ ਨਛੱਤਰਾ! ਕੋਹਤੀਆ ਪਹਿਲਾਂ ਦੱਸ ਦਿੰਦਾ ਵਈ ਮੁੰਡੇ ਐਡਾ ਅਫਸਰ ਐ, ਸਾਲੀ ਕੋਈ ਚੰਗੀ ਮੰਗਾ ਲੈਂਦੇ, ਗਰੇਜ਼ੀ-ਗੁਰਜ਼ੀ।ਐਵੇਂ ਸਾਲਾ ਬਲਦ ਦਾ ਮੂਤ ਜਿਹਾ ਪੀਈ ਜਾਨੇ ਆਂ।" ਪਊਆ ਮੈਨੂੰ ਡਾਢਾ ਚੰਗਾ ਲੱਗਾ।

"ਬਈ ਕੇਰਾਂ ਪਊਏ ਦੀ ਮਾਮੀ ਮਰਗੀ। ਪਊਏ ਨੇ ਸੋਚਿਆ, ਜਾ ਕੇ ਮਾਮੇ ਨਾਲ 'ਫਸੋਸ ਕਰਨਾ ਚਾਹੀਦਾ। ਆਪਣੇ ਡੀਪੂ 'ਚ ਕੰਡਕਟਰ ਹੁੰਦਾ ਸੀ 'ਘੀਚੂ'। ਉਹਨੂੰ ਨਾਲ ਲੈ ਲਿਆ। ਦੋਵੇਂ ਤੁਰ ਪਏ ਮਾਮੇ ਦੇ ਪਿੰਡ ਨੂੰ। ਮਾਮਾਇਹਦਾ ਰਹਿੰਦਾ ਸੀ ਭਦੌੜ ਕੋਲੇ ਜੰਗੀਆਣੇ। ਤੁਰਨ ਲੱਗੇ ਤਾਂ ਪਊਆ ਕਹਿੰਦਾ, ਅਖੇ ਅਫਸੋਸ ਕਰਨ ਤਾਂ ਜਾਣਾ, ਘੁੱਟ ਲਾ ਈ ਲਈਏ। ਏਨੇ ਨਾਲ 'ਫਸੋਸ ਚੰਗਾ ਹੋਜੂ ਮਾਮੇ ਨਾਲ। ਘੀਚੂ ਨੇ ਭੱਜ ਕੇ ਅਧੀਆ ਫੜ ਲਿਆਂਦਾ ਠੇਕੇ ਤੋਂ। ਕੰਡੇ ਜੂ 'ਚ ਹੋਕੇ ਚਲੇ ਗਏ ਭਦੌੜ। ਉਥੋਂ ਅਧੀਆ ਫੇਰ ਲੈ ਲਿਆ। ਗੱਲ ਕੀ, ਵਾਹਵਾ ਗ਼ਹਿਰੇ ਜਿਹੇ ਹੋ ਗਏ ਦੋਵੇਂ। ਆਥਣ ਹੋਏ ਤਾਂ ਚਲੇ ਗਏ ਮਾਮੇ ਕੋਲ।"

"ਭੈਣ ਆਵਦੀ ਦਾ ਗੱਲ ਬਣਾਊ ਹੁਣ ਜੀਜੇ ਦੀ।" ਪਊਏ ਨੇ ਢਿੱਡਲਡਰਾਈਵਰ ਦੀ ਗੱਲ ਕੱਟੀ।

"ਮਾਸੜਾ ਸੁਣ ਤਾਂ ਲੈਣ ਦੇ!"

"ਢਿੱਡਲ ਕਿਹੜਾ ਥੋਨੂੰ ਰਮੈਣ ਦੀ ਕਥਾ ਸੁਣਾਉਣ ਲੱਗੇ। ਐਵੇਂ ਛੱਡੀ ਜਾਊ ਲੰਢੇ ਕੇ—ਧੱਲੇ ਕੇ ਦੀਆਂ!" ਅੰਦਰੋਂ ਪਊਆ ਖੁਸ਼ ਸੀ।

"ਹੱਛਾ ਜੀ! ਜਾਂਦਿਆਂ ਈ ਪਊਆ ਮਾਮੇ ਦੇ ਗਲ ਚਿੰਮਟ ਗਿਆ। ਲੱਗਾ ਧਾਹਾਂ ਮਾਰਨ। ਚੁੱਪ ਕਰਨ ਦਾ ਨਾਂ ਈ ਨਾ ਲਵੇ। ਮਾਮੇ ਨੇ ਸੋਚਿਆ, ਬਈ ਭਾਣਜਾ ਮਾਮੀ ਦਾ ਵਿਰਾਗ ਕਰੀ ਜਾਂਦੈ। ਜਿਵੇਂ-ਜਿਵੇਂ ਪਊਏ ਹੋਰਾਂ ਨੂੰ ਮਾਮਾ ਚੁੱਪ ਕਰਾਵੇ, ਤਿਵੇਂ-ਤਿਵੇਂ ਇਹ ਰੋਸ ਜ਼ਿਆਦਾ ਕਰੀ ਜਾਣ।"

"ਡਰੈਵਰ ਜੁ ਸੀ !" ਲੱਗਦੀ ਵਾਹ ਕੋਈ ਵੀ ਬੰਦਾ ਮੌਕਾ ਹੱਥੋਂ ਨਹੀਂ ਸੀ ਜਾਣ ਦਿੰਦਾ।

"ਮਸੀਂ ਕਿਤੇ ਜਾ ਕੇ ਚੁੱਪ ਕੀਤਾ। ਕਹਿੰਦਾ,'ਮਾਮਾ ਅਜੇ ਥੋੜ੍ਹੇ ਦਿਨਾਂ ਦੀ ਗੱਲ ਐ। ਮੈਂ ਬੱਸ ਲਈ ਜਾਵਾਂ ਮਾਨਸੇ ਨੂੰ। ਮਾਮੀ ਅੱਡੇ 'ਚ ਖੜ੍ਹੀ। ਪੂਰੀ ਚੀਚ-ਵਹੁਟੀ ਬਣੀ। ਕਾਲੀ ਸਲਵਾਰ, ਕਾਸ਼ਨੀ ਕੁੜਤੀ। ਸਮਝ ਨ੍ਹੀ ਲੱ[illegible] ਮਾਮੀ ਮਰ ਕਿਵੇਂ ਗਈ?'ਨਾਲ ਦੀ ਨਾਲ ਹੀ ਆਪਣੇ ਪਊਏ ਹੋਰਾਂ ਨੇ ਫੇਰ ਡੁਸਕਣਾ ਸ਼ੁਰੂ ਕਰਤਾ। ਮਾਮਾ ਹੈਰਾਨ ਪਰੇਸ਼ਾਨ ਵ੍ਹੀ ਭਾਣਜਾ ਕਰੀ ਕੀ ਜਾਂਦਾ? ਪਊਆ ਦਾਰੂ ਦੀ ਲੋਰ ਵਿਚ ਫੇਰ ਲੱਗ ਪਿਆ, 'ਮਾਮਾ! ਸਾਲੀ ਮਾਮੀ ਦੀ ਉਮਰ ਹੈਨੀ ਸੀ ਮਰਨ ਆਲੀ। ਸੁਰਾਹੀ ਅਰਗੀ ਧੌਣ, ਮਿਰਗ ਅਰਗੀਆਂ ਅੱਖਾਂ, ਹਿਰਨੀ ਵਰਗੀ ਤੋਰ! ਸਮਝ ਨੀ ਲੱਗਦੀ ਮਾਮੀ ਮਰ ਕਿਵੇਂ ਗਈ?' ਬੱਸ ਜੀ! ਮਾਮੇ ਹੋਰਾਂ ਦਾ ਪਾਰਾ ਚੜ੍ਹ ਗਿਆ ਸੱਤ ਅਸਮਾਨ। ਅਗਿਓਂ ਘੀਚੂ ਕੰਡਕਟਰ ਪਊਏ ਦਾ ਵੀ ਪਿਉ ਸੀ। ਉਹਨੇ ਸੋਚਿਆ, ਮੈਂ ਕਿਉਂ ਪਿੱਛੇ ਰਹਾਂ। ਮੈਂ ਵੀ 'ਫਸੋਸ ਕਰਾਂ ਮਾਮੇ ਨਾਲ। ਮਾਮੇ ਦੇ ਨੇੜੇ ਜੇ ਹੋ ਕੇ ਕਹਿਣ ਲੱਗਾ,'ਮਾਮਾ! ਮਾਮੀ ਮਰ ਗਈ। ਭੈਣ ਦੇਣੀ—ਮਾਮੀ ਮਰਗੀ। ਫੇਰ ਕਿਹੜਾ ਆਪਣਾ ਬਾਂਦਰ ਧੁੱਪੇ ਬੰਨ੍ਹਣੀ।' ਬੱਸ ਜੀ! ਮਾਮੇ ਹੋਰੀਂ ਹੋਗੇ ਕੱਪੜਿਆਂ ਤੋਂ ਬਾਹਰ। ਉਨ੍ਹਾਂ ਤੋਂ ਹੋਰ ਸਬਰ ਨਾ ਹੋਇਆ। ਛੇਤੀ ਦੇਣੇ ਤੂੜੀ ਵਾਲੇ ਕੋਠੇ ਅੰਦਰੋਂ ਖੂੰਡਾ ਕੱਢ ਲਿਆਂਦਾ ਤੇ ਕਰ ਦਿੱਤੀ ਸ਼ੁਰੂ ਸੇਵਾ। ਵੇਂਹਦਿਆਂਵੇਂਹਦਿਆਂ ਭਾਣਜੇਹੋਣੀ ਹਵਾ ਹੋ ਗਏ ਕਿਧਰੇ।" ਢਿੱਡਲ ਦੀ ਗੱਲ ਸੁਣ ਕੇ ਹਾਸੜ ਮੱਚ ਗਈ। ਗੱਲ ਸੁਣਾਉਣ ਦਾ ਉਸਦਾ ਵੱਖਰਾ ਹੀ ਅੰਦਾਜ਼ ਸੀ।

"ਢਿੱਡਲਾ ਤੂੰ ਪੱਕਾ ਭੈਣ ਆਵਦੀ ਦਾ—।" ਪਊਆ ਤੇ ਢਿੱਡਲ ਔਸਰ ਝੋਟੀਆਂ ਵਾਂਗ ਆਪਸ ਵਿਚ ਖਹਿੰਦੇ ਰਹਿੰਦੇ ਸਨ।

"ਬਈ ਭਾਈਚਾਰਿਆ ਯਾਰ ਉਹ ਸੁਣਾ ਸਾਨੂੰ, ਘੁੰਗੀ ਰੰਗੇ ਪਰਸ ਵਾਲੀ ਨਰਸ ਕਿਵੇਂ ਪੱਟੀ ਤੈਂ'ਆ।" ਖੱਬੀ ਪੱਗ ਵਾਲਾ ਲੰਬੂ ਵਾਰ-ਵਾਰ ਸੱਜੀ ਉਂਗਲ ਨਾਲ ਗਿੱਚੀ 'ਚੋਂ ਬਾਹਰ ਨਿਕਲੀਆਂ ਜਟੂਰੀਆਂ ਅੰਦਰ ਕਰਨ ਲੱਗ ਜਾਂਦਾ ਸੀ।ਸਾਰੇ ਹੀ ਪਊਏ ਨਾਲ ਛੇੜ-ਛਾੜ ਕਰਕੇ ਸੁਆਦ ਲੈ ਰਹੇ ਸਨ।

"ਉਏ, ਉਹ ਕਿਤੇ ਮੈਂ ਪੱਟੀ ਸੀ? ਉਹ ਤਾਂ ਪੀ ਬੀ ਕੇਕੱਤੀ ਸਤਾਰਾਂ ਨੇ ਫਸਾਈ ਐ। ਨਰਸ ਨੂੰ ਪਿੰਡ ਦੇ ਅੱਡੇ ਤੋਂ ਚੱਕਦੀ ਆ'ਨ੍ਹਿਲੋ, ਪਹਿਲੇ ਦਿਨ ਨਰਸ ਨੇ ਦਿੱਤਾ ਹੱਥ। ਮੈਂ ਮਾਰੇ ਬਰੇਕ ਗੱਡੀ ਥਾਂ 'ਤੇ ਜਮਾ'ਤੀ। ਜੋਗਿੰਦਰ ਕਨੈਕਟਰ ਮੇਰੇ ਨਾਲ ਔਖਾ-ਸੌਖਾ ਹੋਣ ਲੱਗਾ, ਅਖੇ ਬੱਸ ਕਿਉਂ ਰੋਕੀ। ਇਹ ਕੋਈ ਲੋਕਲ ਐ? ਮੈਂ ਜੋਗਿੰਦਰ ਨੂੰ ਮਾਰੀ ਅੱਖ, ਬਈ ਚੁੱਪ ਰਹਿ! ਅੱਛਾ ਜੀ! ਨਰਸ ਆ ਚੜ੍ਹੀ ਕੱਤੀ ਸਤਾਰਾਂ 'ਚ। ਬੱਸ ਪੂਰੀ ਭਰੀ। ਮੈਂ ਅਵਾਜ਼ ਮਾਰ ਕੇ ਬੋਰਨਟ 'ਤੇ ਬਹਿਣੀ-ਭਾਈ ਬੀਬਾ ਬਹਿਜਾ ਐਥੇ। ਫੇਰ ਕੀ ਸਾਰੇ ਰਾਹ ਅੱਖਾਂ ਗੱਡੀ ਰੱਖੀਆਂ ਮਾਂ ਦੀ ਧੀ ਨੇ।" ਪੰਜਾਹ ਪਾਰ ਕੀਤੇ ਬੁੱਢੇ ਤੋਂ ਅਜਿਹੀ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਿਆ। ਮੈਨੂੰ ਲੱਗਾ ਕਿ ਇਸਦੇ ਅੰਦਰੋਂ ਦੁਨੀਆ ਦਾ ਮੋਹ ਉੱਕਾ ਈ ਮਰ ਚੁੱਕਾ। ਇਹੋ ਜਿਹੀਆਂ ਗੱਲਾਂ ਮਰੇ ਦਿਲ ਵਾਲਾ ਹੀ ਕਰ ਸਕਦਾ ਹੈ।

"ਹੱਛਾ! ਅੱਖਾਂ ਗੱਡੀ ਰੱਖੀਆਂ?" ਢਿੱਡਲ ਸੀ।

"ਢਿੱਡਲਾ! ਤੇਰੀ ਉਹੀ ਨਰਸ ਭੈਣ ਫੇਰ ਤਾਂ ਨਿੱਤ ਆਉਣ ਜਾਣ ਲੱਗੀ ਕੱਤੀ ਸਤਾਰਾਂ ਈ ਭਾਲਿਆ ਕਰੇ।" ਪਊਆ ਢਿੱਡਲ ਦਾ ਵਿਅੰਗ ਸਮਝ ਗਿਆ ਸੀ।

"ਮਾਸੜਾ ਕਦੇ ਸਾਡੀ ਮਾਸੀ ਨੀ ਯਾਦ ਆਈ ਰਾਤ ਬਰਾਤੇ?" ਵਿਰਲੀ-ਵਿਰਲੀ ਦਾਹੜੀ ਵਾਲਾ ਸੁਆਦ ਦੀ ਇਕ ਹੋਰ ਗੋਲੀ ਲੈਣ ਲੱਗਾ।

"ਕੀ ਕਰਨਾ ਉਹਨੂੰ ਯਾਦ ਕਰਕੇ?" ਪਊਏ ਦੀ ਆਵਾਜ਼ ਇਕਦਮ ਬੈਠ ਗਈ। ਮੈਂ ਗਹੁ ਨਾਲ ਵੇਖਿਆ, ਉਹਦੀਆਂ ਅੱਖਾਂ ਵਿਚ ਨਮੀ ਤੈਰਨ ਲੱਗ ਪਈ ਸੀ।

"ਜੇ ਕਿਤੇ ਹੁਣ ਆ ਜਾਏ—?"

"ਐਸਾ ਕੋਈ ਨਾ ਮਿਲਿਆ ਵੇ ਮੈਂ ਢੂੰਡ ਥੱਕੀ, ਜਿਹੜਾ ਗਿਆਂ ਨੂੰ ਮੋੜ ਲਿਆਉਂਦਾ ਈ।" ਪਊਏ ਨੇ ਜਵਾਬ ਵਿਚ ਵਾਰਿਸ ਸ਼ਾਹ ਦੀ ਹੀਰ ਦੀਆਂ ਤੁਕਾਂ ਸੁਣਾ ਦਿੱਤੀਆਂ।

"ਯਾਦ ਤਾਂ ਕਰਦੀ ਈ ਹੋਊ ਕਦੇ ਕਦਾਈਂ ਉਹ?" ਖੱਬੀ ਪੱਗ ਵਾਲਾ ਕਿਵੇਂ ਪਿੱਛੇ ਰਹਿ ਸਕਦਾ ਸੀ।

"ਤੁਸੀਂ ਸਾਲਿਓ ਜਾਣ ਬੁੱਝ ਕੇ ਮੇਰੇ ਫੱਟਾਂ 'ਤੇ ਲੂਣ ਪਾਉਨੇ ਓਂ। ਮੇਰੇ ਤੋਂ ਪੀ ਕੇ ਮੇਰੇ 'ਤੇ ਈ ਖਰੀ ਕਰਨ ਲੱਗ'ਪੇ।" ਪਊਏ ਤੋਂ ਹੋਰ ਸਬਰ ਨਾ ਹੋਇਆ। ਉਹ ਕਾਹਲੀ-ਕਾਹਲੀ ਉੱਠ ਕੇ ਬਾਹਰ ਆ ਗਿਆ। ਉਸਦੀਆਂ ਅੱਖਾਂ ਵਿਚ ਅੱਥਰੂ ਆ ਗਏ ਸਨ। ਉਸ ਨੇ ਚੁੱਪ-ਚਾਪ ਉਥੋਂ ਖਿਸਕ ਜਾਣਾ ਈ ਵਧੀਆ ਸਮਝਿਆ ਸੀ।

'ਤੇ "ਹਾਅ ਤੈਂਅ ਚੰਗੀ ਗੱਲ ਨੀ ਕੀਤੀ। ਐਵੇਂ ਮਾਸੀ-ਮਾਸੀ ਲਾਈ ਰੱਖੀ। ਲੱਗਦਾ ਮਾਸੀ ਦਾ। ਪਊਏ ਦਾ ਦਿਲ ਦੁਖੀ ਕਰ'ਤਾ।"

ਕੰਡਕਟਰ ਡਰਾਈਵਰ ਸਾਰੇ ਉਸ ਲੈਰੀ ਉਮਰ ਵਾਲੇ ਮੁੰਡੇ ਨੂੰ ਬੁਰਾ-ਭਲਾ ਕਹਿਣ ਲੱਗੇ।

"ਬੱਸ ਯਾਰ ਐਵੇਂ ਮੂਡ-ਮੂਡ 'ਚ ਈ—।"

ਮੁੰਡਾ ਵੀ ਹੁਣ ਪਛਤਾ ਰਿਹਾ ਸੀ। ਹੌਲੀ-ਹੌਲੀ ਸਾਰੀ ਢਾਣੀ ਖਿੱਲਰ ਗਈ। ਨਛੱਤਰ ਮੈਨੂੰ ਆਪਣੇਕਵਾਟਰ ਵੱਲ ਲੈ ਤੁਰਿਆ। ਸਾਰੀ ਰਾਤ ਮੈਂ ਪਊਏ ਬਾਰੇ ਹੀ ਸੋਚਦਾ ਰਿਹਾ। ਤੜਕੇ ਉੱਠਦਿਆਂ ਹੀ ਮੈਂ ਨਛੱਤਰ ਕੋਲ ਪਊਏ ਨੂੰ ਮਿਲਣ ਦੀ ਇੱਛਾ ਜ਼ਾਹਰ ਕੀਤੀ। ਨਛੱਤਰ ਨੂੰ ਮੇਰੀ ਆਦਤ

# ਯੇਹ ਚਿਰਾਗ਼ ਕਈ ਆਂਧੀਓਂ ਪੇ ਭਾਰੀ ਰਹਾ

36 ਦਿਨਾਂ ਦੀ ਰੂਪੋਸ਼ ਜ਼ਿੰਦਗੀ ਤੋਂ ਪਿੱਛੋਂ ਇਤਿਹਾਸ ਦੇ ਕਰੜੇ ਪੜਾਵਾਂ, ਦੌਰਾਂ ਅਤੇ ਇਮਤਿਹਾਨਾਂ ਵਿਚੋਂ ਲੰਘਦੇ ਹੋਏ ਭਾਈ ਅੰਮ੍ਰਿਤਪਾਲ ਸਿੰਘ ਨੇ ਆਪਣੀ ਇੱਛਾ ਅਨੁਸਾਰ ਪਿੰਡ ਰੋਡੇ ਤੋਂ ਗ੍ਰਿਫਤਾਰੀ ਦਿੱਤੀ ਜੋ ਸੰਤ ਜਰਨੈਲ ਸਿੰਘ ਦੇ ਜੱਦੀ ਪਿੰਡ ਹੋਣ ਕਰਕੇ ਖਾਲਸਾ ਸੰਘਰਸ਼ ਦੀ ਪਿਆਰੀ ਅਤੇ ਅਭੁੱਲ ਯਾਦਗਾਰ

ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

ਬਣਿਆ ਹੋਇਆ ਹੈ।

ਇਹ ਵੀ ਇਤਿਹਾਸ ਦਾ ਇਕ ਇਤਫਾਕ ਹੀ ਹੈ ਕਿ 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਰੂਹੇ-ਰਵਾਂ ਵਜੋਂ ਭਾਈ ਅੰਮ੍ਰਿਤਪਾਲ ਸਿੰਘ ਦੀ ਦਸਤਾਰ-ਬੰਦੀ ਲਈ ਵੀ ਇਸੇ ਪਿੰਡ ਦੀ ਹੀ ਚੋਣ ਕੀਤੀ ਗਈ, ਜਿਥੇ ਹਜ਼ਾਰਾਂ ਸੰਗਤਾਂ ਦੀ ਹਾਜ਼ਰੀ ਵਿਚ ਪੰਜਾਬ ਦੇ ਵਾਰਸਾਂ ਨੇ ਅਗਲੇ ਸੰਘਰਸ਼ ਦੀ ਸ਼ੁਰੂਆਤ ਕੀਤੀ ਸੀ। ਇਸ ਸੰਘਰਸ਼ ਦਾ ਇੱਕ ਪੜਾਅ ਅੱਜ ਖਤਮ ਹੋਇਆ ਜਦ ਕਿ ਦੂਜਾ ਪੜਾਅ ਆਪਣੀ ਮੰਜ਼ਿਲ ਵੱਲ ਅੱਗੇ ਵਧੇਗਾ। ਪਰ ਉਹ ਪੜਾਅ ਕਿਹੋ ਜਿਹਾ ਹੋਵੇਗਾ ਇਹ ਸਮੇਂ ਦੀ ਕੁੱਖ ਵਿੱਚ ਹੈ, ਪਰ ਇੱਕ ਗੱਲ ਯਕੀਨੀ ਹੈ ਕਿ ਇਹ ਸੰਘਰਸ਼ ਪਹਿਲਾਂ ਨਾਲੋਂ ਵੀ ਪ੍ਰੌੜ, ਪੁਖਤਾ, ਸਿਦਕਬੰਦ ਅਤੇ ਜਥੇਬੰਦਕ ਹੋਵੇਗਾ।

ਇਹ ਗ੍ਰਿਫਤਾਰੀ ਕਿਵੇਂ ਹੋਈ? ਕੀ ਕਿਸੇ ਨੇ ਵਿਚੋਲਗਿਰੀ ਕੀਤੀ ਸੀ? ਕੀ ਇਹ ਆਤਮ ਸਮਰਪਣ ਹੈ? ਪੁਲੀਸ ਦੀਆਂ ਗੱਲਾਂ ਵਿਚ ਕਿੰਨਾ ਕੁ ਸੱਚ ਹੈ? ਅਤੇ ਇਹੋ ਜਿਹੇ ਸਵਾਲਾਂ ਦੇ ਪੁੱਠੇ ਸਿੱਧੇ ਜਵਾਬ ਅਤੇ ਅਣਗਿਣਤ ਊਟ-ਪਟਾਂਗ ਗੱਲਾਂ ਨਾਲ ਨੱਕੋ-ਨੱਕ ਭਰੇ ਵੰਨ-ਸੁਵੰਨੇ ਬਿਰਤਾਂਤ ਅਤੇ ਕਹਾਣੀਆਂ ਤੁਹਾਡੇ ਲਈ ਪਰੋਸੀਆਂ ਜਾਣਗੀਆਂ ਅਤੇ ਪਰੋਸੀਆਂ ਜਾ ਵੀ ਰਹੀਆਂ ਹਨ। ਨੈਸ਼ਨਲ ਚੈਨਲਾਂ ਦੇ ਐਂਕਰ ਇਸ ਗ੍ਰਿਫਤਾਰੀ ਨੂੰ ਲੈ ਕੇ ਜਿਵੇਂ ਅੰਨੀ ਕਲਪਨਾ ਦੇ ਘੋੜੇ ਦੌੜਾ ਰਹੇ ਹਨ ਅਤੇ ਪਿਛਲੇ 35 ਦਿਨਾਂ ਤੋਂ ਦੌੜਾ ਰਹੇ ਹਨ ਉਸ ਤੋਂ ਇਹ ਅੰਦਾਜ਼ਾ ਲਾਉਣਾ ਔਖਾ ਨਹੀਂ ਕਿ ਇਨ੍ਹਾਂ ਚੈਨਲਾਂ ਨੂੰ ਹਮੇਸ਼ਾ ਦੀ ਤਰ੍ਹਾਂ ਨਾ ਪੰਜਾਬ ਦੀ ਸਮਝ ਹੈ ਅਤੇ ਨਾ ਹੀ ਸਿੱਖ ਕੌਮ ਦੇ ਦਰਦ ਦਾ ਪਤਾ ਹੈ। ਇਹ ਆਪਣੀ ਵਿਚਾਰਧਾਰਾ ਦੀ 'ਗਲੀ ਸੜੀ' ਰਸੀ ਨਾਲ ਹੀ 'ਇਤਿਹਾਸ ਦੇ ਖੂਹ' ਵਿੱਚ ਉਤਰ ਰਹੇ ਹਨ। ਇਸ ਲਈ 'ਨਤੀਜੇ' ਸੁਭਾਵਕ ਹੀ ਤਹਿ ਹੀ ਹਨ।

ਹੁਣ ਜਦੋਂ ਕਿ ਭਾਈ ਅੰਮ੍ਰਿਤਪਾਲ ਸਿੰਘ ਗ੍ਰਿਫਤਾਰ ਹੋ ਗਏ ਹਨ ਤਾਂ ਸਾਨੂੰ ਸ਼ਰੀਕਾਂ ਅਤੇ ਦੁਸ਼ਮਣਾਂ ਵੱਲੋਂ ਸਿਰਜੇ ਜਾ ਰਹੇ ਬਿਰਤਾਂਤਾਂ ਦਾ ਮੁਕਾਬਲਾ ਕਰਨ ਲਈ ਆਪਣੇ ਬਿਰਤਾਂਤ ਵੀ ਸਿਰਜਣੇ ਚਾਹੀਦੇ ਹਨ ਤਾਂ ਜੋ ਅਗਲੀ ਜਦੋਜਹਿਦ ਸਮੁੱਚੇ ਪੰਥ ਨੂੰ ਆਪਣੇ ਕਲਾਵੇ ਵਿਚ ਲੈ ਸਕੇ।

ਇਕ ਵੱਡੇ ਸੱਚ 'ਤੇ ਮਾਣ ਕਰਨਾ ਬਣਦਾ ਹੈ ਕਿ 35-36 ਦਿਨਾਂ ਤਕ ਕੋਈ ਪੁਲਿਸ ਫੋਰਸਾਂ



ਦੀਆਂ ਲਕੀਰਾਂ ਕੱਢਵਾਉਂਦਾ ਰਿਹਾ, ਨਵੀਂ ਨਵੀਂ ਤਕਨਾਲੋਜੀ ਵੱਲੋਂ ਸਿਰਜੀਆਂ ਬਰੀਕ 'ਕਰਾਮਾਤਾਂ' ਨੂੰ ਚੁਣੌਤੀ ਦਿੰਦਾ ਰਿਹਾ, ਪਰ ਦੁਸ਼ਮਣ ਦੇ ਹੱਥ ਨਹੀਂ ਆ ਸਕਿਆ। ਜੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਉਸ ਦੇ ਆਪਣੇ ਕਹਿਣ ਮੁਤਾਬਿਕ ਸਾਰੀ ਰਾਤ ਇੱਕ ਪਲ ਲਈ ਵੀ ਨੀਂਦ ਨਹੀਂ ਆਈ ਤਾਂ ਸਾਫ ਜ਼ਾਹਿਰ ਹੈ ਕਿ ਭਾਈ ਅੰਮ੍ਰਿਤਪਾਲ ਸਿੰਘ ਦਾ 'ਪਵਿੱਤਰ ਡਰ' ਮਾਨਸਿਕ ਅਤੇ ਰਾਜਨੀਤਕ ਤੌਰ 'ਤੇ ਕਿੰਨਿਆਂ ਜਣਿਆਂ ਉੱਤੇ ਭਾਰੂ ਸੀ। ਇੱਕੋ ਬੰਦਾ 'ਬਹੁਗਿਣਤੀ' ਬਣ ਗਿਆ ਸੀ। ਦੁਸ਼ਮਣ ਅਤੇ ਦੋਸਤ ਦੋਵੇਂ ਹੀ 'ਅੰਦਰੋਂ' ਇਹ ਤਾਂ ਸਵੀਕਾਰ ਕਰਦੇ ਹੀ ਸਨ ਕਿ ਪਿਛਲੇ ਅੱਠ ਮਹੀਨਿਆਂ ਵਿਚ ਭਾਈ ਅੰਮ੍ਰਿਤਪਾਲ ਸਿੰਘ ਲੋਕ ਨਾਇਕ ਦਾ ਰੁਤਬਾ ਅਖਤਿਆਰ ਕਰ ਗਿਆ ਸੀ। ਇਤਿਹਾਸ ਵਿੱਚ ਇਹੋ ਜਿਹੇ ਚਮਤਕਾਰ ਕਦੇ-ਕਦੇ ਹੀ ਹੁੰਦੇ ਹਨ। ਕਿਸੇ ਸ਼ਾਇਰ ਦਾ ਇਹ ਬੰਦ ਕੀ ਅੰਮ੍ਰਿਤਪਾਲ ਸਿੰਘ ਲਈ ਹੀ ਨਹੀਂ ਸੀ ਬਣਿਆ?

ਦੁਆ ਕਰੋ ਕਿ ਸਲਾਮਤ ਰਹੇ ਉਸ ਕੀ ਹਿੰਮਤ, ਯੇਹ ਚਿਰਾਗ਼ ਕਈ ਆਂਧੀਓਂ ਪੇ ਭਾਰੀ ਹੈ।

ਅਰਦਾਸ ਸ਼ਕਤੀ ਦਾ ਸਿੱਖ ਇਤਿਹਾਸ ਵਿੱਚ ਵੱਡਾ ਰੋਲ ਰਿਹਾ ਹੈ, ਹਾਲਾਂ ਕਿ ਤਰਕ ਅਤੇ ਵਿਗਿਆਨ ਵਿਚ ਇਸ ਚਮਤਕਾਰ ਨੂੰ ਕੋਈ ਥਾਂ ਹਾਸਲ ਨਹੀਂ। ਕਹਿੰਦੇ ਹਨ ਕਿ ਮਨਾਂ ਨੂੰ ਬੁਝਣ ਲਈ ਇਕ ਮਾਹਿਰ (ਮਨਿਦ ਗਅਮਏ ਣਣ-ਪਏਰਟ) ਨੇ ਜਦੋਂ ਦੂਰ ਤੱਕ ਨਜ਼ਰ ਦੌੜਾਈ ਤਾਂ ਉਸ ਨੂੰ ਮਹਿਸੂਸ ਹੋਇਆ ਕਿ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀ ਸੁਰੱਖਿਆ ਅਤੇ ਚੜ੍ਹਦੀ ਕਲਾ ਲਈ ਕੌਮ ਅੰਦਰ ਵੱਡੀ ਪੱਧਰ ਤੇ ਅਰਦਾਸਾਂ ਹੁੰਦੀਆਂ ਰਹੀਆਂ ਸਨ।

ਭਾਈ ਅੰਮ੍ਰਿਤਪਾਲ ਸਿੰਘ ਦੇ ਸੰਖੇਪ ਭਾਸ਼ਣ ਵਿਚ ਕੁਝ ਨੁਕਤੇ ਮਹੱਤਵਪੂਰਨ ਹਨ। ਇਕ ਤਾਂ ਸੰਘਰਸ਼ ਜਾਰੀ ਰਹੇਗਾ। ਦੂਜਾ, ਸੰਘਰਸ਼ ਇਸ ਧਰਤੀ ਉੱਤੇ ਹੀ ਲੜਿਆ ਜਾਵੇਗਾ। ਤੀਜਾ ਅੰਮ੍ਰਿਤਧਾਰੀ ਤੇ ਸ਼ਸਤਰਧਾਰੀ ਬਣਨਾ ਹੈ ਅਤੇ ਚੌਥਾ, ਨਸ਼ਿਆਂ ਦਾ ਮੁਕੰਮਲ ਤਿਆਗ ਕਰਨਾ ਹੈ। ਹੁਣ 'ਵਾਰਸ ਪੰਜਾਬ ਦੇ' ਜਥੇਬੰਦੀ ਦੇ ਕਾਰਕੁਨਾਂ ਉੱਤੇ ਵੱਡੀ ਜ਼ਿੰਮੇਵਾਰੀ ਹੈ ਕਿ ਅਗਲੇ ਸੰਘਰਸ਼ ਨੂੰ ਕੀ ਰੂਪ-ਰੇਖਾ ਦੇਣੀ ਹੈ, ਪੰਥ ਦੇ ਵੱਡੇ ਹਿੱਸਿਆਂ ਦਾ ਸਾਥ ਕਿਵੇਂ ਹਾਸਲ ਕਰਨਾ ਹੈ, ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਨਜ਼ਰਬੰਦ ਸਿੰਘਾਂ ਨੂੰ ਪੰਜਾਬ ਕਿਵੇਂ ਲਿਆਉਣਾ ਹੈ, ਐਨ ਐਸ ਏ ਤੁੜਵਾਉਣ ਲਈ ਵਕੀਲਾਂ ਵਿੱਚ ਤਾਲਮੇਲ ਕਿਵੇਂ ਰੱਖਣਾ ਹੈ ਅਤੇ ਦੇਸ਼ ਭਰ ਦੇ ਨਾਮਵਰ ਵਕੀਲਾਂ ਦੀ ਸਹਾਇਤਾ ਕਿਵੇਂ ਲੈਣੀ ਹੈ ਅਤੇ ਗਲਤੀਆਂ ਅਤੇ ਕਮੀਆਂ ਨੂੰ ਕਿਵੇਂ ਦੂਰ ਕਰਨਾ ਹੈ।

# ਬੇਈਮਾਨੀ ਦੇ ਨਗਾਰਖਾਨੇ ਵਿੱਚ ਇਮਾਨਦਾਰੀ ਦੀ ਤੂਤੀ?

ਇਸੇ ਅਪਰੈਲ ਦੇ ਦੂਸਰੇ ਹਫਤੇ ਅਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਗਏ। ਦਰਸ਼ਨੀ ਡਿਉੜ੍ਹੀ ਤੋਂ ਬਾਹਰ ਜੁੜੀ ਸੰਗਤ ਦੀ ਸੰਘਣੀ ਭੀੜ ਵਿੱਚ ਖੜ੍ਹ ਖੜ੍ਹ ਕੇ ਚੱਲਦੇ ਹੋਏ ਅਸੀਂ ਢਾਈ ਘੰਟਿਆਂ ਬਾਅਦ ਸ੍ਰੀ ਦਰਬਾਰ ਸਾਹਿਬ ਅੰਦਰ ਦਾਖਲ ਹੋਏ। ਅਮਰੀਕਨ ਜੰਮਪਲ ਸਾਡਾ ਦੋਹਤਾ ਕਈ ਵਾਰ ਬਹਿ ਬਹਿ ਕੇ ਅਰਾਮ ਕਰਦਾ ਰਿਹਾ।

ਚਲੋ ਖੈਰ, ਦਰਸ਼ਨ ਇਸ਼ਨਾਨ ਉਪਰੰਤ ਵਾਪਸੀ 'ਤੇ ਚੌਂਕ ਘੰਟਾ ਘਰ ਤੋਂ ਲੈ ਕੇ ਕਾਰ ਪਾਰਕਿੰਗ ਤੱਕ ਜਾਂਦਿਆਂ ਸਾਨੂੰ ਮੰਗਤੇ-ਮੰਗਤੀਆਂ ਅਤੇ ਖੁਸਰਿਆਂ ਜਿਹਾਂ ਨੇ ਕਣਤਾਅ ਮਾਰਿਆ। ਮੱਲੋ-ਮੱਲੀ ਅਸੀਸਾਂ ਦੇ ਢੇਰ ਲਾ ਲਾ ਸਾਥੋਂ ਪੈਸੇ ਮੰਗੀ ਜਾਣ। ਚੁਭਵੀਂ ਧੁੱਪ ਕਾਰਨ ਅਸੀਂ ਬੌਂਦਲੇ ਹੋਏ ਕਾਰ ਪਾਰਕਿੰਗ ਦੇ ਗੇਟ 'ਤੇ ਜਾ ਪਹੁੰਚੇ। ਸਾਡੇ ਪਿੱਛੇ ਪਿੱਛੇ ਪੈਨਾਂ ਦਾ ਗੁੱਛਾ ਫੜੀ ਇੱਕ ਹੋਰ ਬਾਲੜੀ 'ਮੇਰੇ ਸੇ ਪੈਨ ਲੇ ਲੋ ਜੀ।' ਕਹਿੰਦੀ ਤੁਰੀ ਆਵੇ।

ਉਹ ਜਿਵੇਂ ਬਦੋ-ਬਦੀ ਪੈਨ ਸਾਡੇ ਮੋਹਰੇ ਨੂੰ ਕਰੀ ਜਾ ਰਹੀ ਸੀ, ਮੈਨੂੰ ਉਹਦੇ ਵੱਲ ਦੇਖ ਕੇ ਖਿਝ ਵੀ ਆਵੇ। ਕਿਉਂ ਕਿ ਮੈਂ ਅਮਰੀਕਾ ਤੋਂ ਹੋਰ ਗਿਫਟਾਂ-ਗੁਫਟਾਂ ਦੀ ਬਜਾਏ ਪੈਨਾਂ ਦਾ ਝੋਲਾ ਜਰੂਰ ਭਰ ਲਿਆਉਂਦਾ ਹਾਂ ਜੋ ਕਿ ਪਾੜ੍ਹੇ ਬੱਚਿਆਂ ਅਤੇ ਘਰੇ ਆਏ ਦੋਸਤਾਂ ਮਿੱਤਰਾਂ ਨੂੰ ਦੇ ਦਿਆ ਕਰਦਾ ਹਾਂ। ਮੈਂ ਉਸ ਨਿੱਕੀ ਕੁੜੀ ਨੂੰ ਕਿਹਾ ਵੀ ਕਿ ਅਸੀਂ ਪੈਨ ਨਹੀਂ ਲੈਣੇ ਪਰ ਉਹਦੇ ਤਰਲੇ ਜਿਹੇ ਦੇਖ ਕੇ ਮੈਨੂੰ ਤਰਸ ਆ ਗਿਆ ਤੇ ਮੈਂ ਉਸਨੂੰ ਪੈਨ ਦਾ ਮੁੱਲ ਪੁੱਛ ਕੇ ਜੇਬ੍ਹ 'ਚੋਂ ਦਸ ਰੁਪਏ ਕੱਢ ਕੇ ਫੜਾ ਦਿੱਤੇ। ਖੁਸ਼ ਜਿਹੀ ਹੋ ਕੇ ਉਸਨੇ ਇੱਕ ਪੈਨ ਮੈਨੂੰ ਦੇ ਦਿੱਤਾ ਤੇ ਬਾਹਰ ਵੱਲ੍ਹ ਨੂੰ ਚਲੇ ਗਈ।

ਹਾਲੇ ਅਸੀਂ ਕਾਰ 'ਚ ਬਹਿ ਕੇ ਆਪਣਾ ਸਮਾਨ ਅਡਜਸਟ ਕਰ ਰਹੇ ਸਾਂ ਕਿ ਉਹ ਕੁੜੀ ਫਿਰ ਸਾਡੇ ਵੱਲ੍ਹ ਤੁਰੀ ਆਵੇ। ਖਿਝ ਕੇ ਮੈਂ ਕਿਹਾ ਕਿ ਹੁਣ ਕੀ ਹੋਇਆ? ਆਪਣੀਆਂ ਉਂਗਲਾਂ ਵਿੱਚ ਦਸਾਂ ਦਸਾਂ ਦੇ ਦੋ ਨੋਟ੍ਹ ਮੈਨੂੰ ਦਿਖਾਉਂਦਿਆਂ ਉਸਨੇ ਗੁੱਛੇ 'ਚੋਂ ਇੱਕ ਪੈਨ ਹੋਰ ਕੱਢ ਕੇ ਮੈਨੂੰ ਫੜਾਇਆ ਤੇ ਬੋਲੀ-'ਜੀ ਤੁਸੀਂ ਮੈਨੂੰ ਕਾਹਲੀ ਨਾਲ ਦਸ ਦੀ ਬਜਾਏ ਵੀਹ ਰੁਪਏ ਫੜਾ ਆਏ ਸੀ, ਆਹ ਲਉ ਇੱਕ ਪੈਨ



ਹੋਰ ਲੈ ਲਵੋ।' ਮੈਂ ਠਨੰਬਰਿਆ ਹੋਇਆ ਉਸ ਗਰੀਬ ਬੱਚੀ ਨੂੰ ਸਿਰ ਤੋਂ ਪੈਰਾਂ ਤੱਕ ਦੇਖਦਾ ਰਹਿ ਗਿਆ।

'ਗਰੀਬ ਧੀਏ ਰਾਣੀਏ, ਤੂੰ ਬੇਈਮਾਨੀ ਦੇ ਇਸ ਨਗਾਰਖਾਨੇ ਵਿੱਚ ਵੀ ਇਮਾਨਦਾਰੀ ਦੀ ਤੂਤੀ ਵਜਾ ਰਹੀ ਐਂ, ਸ਼ਾਬਾਸ਼ ਬੱਚੀਏ।' ਇਹ ਦੇਖ ਕੇ ਮੈਂ ਹੋਰ ਵੀ ਹੈਰਾਨ ਰਹਿ ਗਿਆ ਕਿ ਜਦ ਮੈਂ ਇਨਾਮ ਵਜੋਂ ਉਸਨੂੰ ਸੌ ਰੁਪਏ ਦਿੱਤੇ ਤਾਂ ਉਸਨੇ ਹਿਚਕਚਾਉਂਦਿਆਂ ਬੜੀ ਲਾਚਾਰਗੀ ਜਿਹੀ ਨਾਲ ਨੋਟ੍ਹ ਫੜਿਆ ਮੈਥੋਂ।

'ਧਰਤੀ ਕਾਸੇ ਦੇ ਆਸਰੇ ਹੀ ਖੜ੍ਹੀ ਹੈ ਦੋਸਤੋ।'

tdupalpuri@yahoo.com
1-408-915-1268

# ਪੀ ਬੀ ਕੇ ਇਕੱਤੀ ਸਤਾਰਾਂ

ਦਾ ਪਤਾ ਸੀ! ਮੇਰੀ ਲਿਖਣ-ਲਿਖਾਉਣ ਵਾਲੀ ਚੰਗੀ-ਚੰਗੀ ਲੱਗੇ। ਪਤਾ ਨਹੀਂ ਰਾਤ ਕਦੋਂ ਸੁੱਤੇ। ਅਗਲੇ ਦਿਨ ਫੇਰ ਗੁਹਾਟੀ। ਇਉਂ ਚੱਲ ਸੋ ਚੱਲ। ਸਾਲ ਤੀਆਂ ਵਾਂਗੂੰ ਨਿਕਲ ਗਿਆ। ਇਕ ਦਿਨ ਜੈਪੁਰ ਦਾ ਚੱਕਰ ਲਾ ਕੇ ਮੁੜਿਆ। ਗੱਡੀ ਆ ਕੇ ਯੂਨੀਅਨਵਿਚ ਖੜ੍ਹਾਈ ਤਾਂ ਸਾਰੇ ਮੇਰੇ ਦੁਆਲੇ ਹੋਗੇ। ਮਸੋਸੇ ਜਿਹੇ ਮੂੰਹ। ਸਿਰ ਸੁੱਟੇ, ਬੁੱਲ੍ਹਾਂ ਨੂੰ ਤਾਲੇ। ਗੱਲ ਕੋਈ ਦੱਸੇ ਨਾ। ਦੱਸਣ ਕੀ? ਕਿਸੇ 'ਚ ਹਿੰਮਤ ਈ ਨ੍ਹੀ ਸੀ ਪੈ ਰਹੀ। ਮੈਂ ਹਾਕਲ-ਬਾਕਲ ਹੋ ਗਿਆ। ਡੌਰ-ਭੌਰ ਹੋ ਕੇ ਆਸੇ-ਪਾਸੇ ਵੇਖਿਆ। ਮੈਨੂੰ ਕੋਈ ਸਮਝ ਨਾ ਆਈ ਕਿ ਗੱਲ ਹੈ ਕੀ? ਆਖਰ ਜੇਰਾ ਕਰਕੇ ਨੰਜੂ ਡਰੈਵਰ ਨੇ ਦੱਸ ਈ ਦਿੱਤਾ। ਸੁਣ ਕੇ ਮੇਰਾ ਕਾਲਜਾ ਪਾਟ ਗਿਆ। ਧਰਤੀ ਨਿੱਘਰਦੀ ਜਾਪੀ। ਮੈਂ ਝੱਲਿਆਂ ਵਾਂਗ ਰੋਣ ਲੱਗ ਪਿਆ। ਸੱਚੀ ਦੱਸਾਂ, ਜ਼ਿੰਦਗੀ 'ਚ ਪਹਿਲੀ ਵਾਰ ਏਨਾ ਰੋਇਆ ਸਾਂ।"

"ਨੰਜੇ ਨੇ ਮੇਰੇ ਮੋਢਿਆਂ 'ਤੇ ਹੱਥ ਰੱਖਿਆ,'ਐਨੀ ਚੜ੍ਹਾਈ ਤੋਂ ਡਿੱਗ ਕੇ ਗੱਡੀ ਦਾ ਕੀ ਬਚਣਾ ਸੀ? ਸੁਣਿਐ ਫੱਟੀ-ਫੱਟੀ ਹੋ ਕੇ ਖਿੱਲਰਗੀ। ਜੀਤੇ ਦੀ ਲਾਸ਼ ਤਾਂ ਉਈਂ ਬੇ-ਸਿਆਣ ਹੋਗੀ ਸੀ। ਕਲੀਂਡਰ ਦਾ ਤਾਂ ਕੋਈ ਥਹੁ ਪਤਾ ਈ ਨ੍ਹੀ ਲੱਗਾ। ਦੱਸਦੇ ਚੰਗੀ ਭਲੀ ਤੁਰੀ ਜਾਂਦੀ ਸੀ ਰੋੜ 'ਤੇ। ਰੱਬ ਜਾਣੇ ਜੀਤੇ ਦੀਆਂ ਅੱਖਾਂ ਅੱਗੇ ਕੀ ਨੇਰ੍ਹਾ ਆਇਆ, ਬੱਸ ਹੋਣੀ ਵਰਤਗੀ।' ਮੈਂ ਸੋਚੀ ਜਾਵਾਂ, ਰੱਬ ਕਰਕੇ ਸਾਰਾ ਕੁੱਛ ਝੂਠ ਹੋਵੇ।" ਪਊਏ ਨੇ ਅੱਖਾਂ 'ਚੋਂ ਬੇਮੁਹਾਰ ਵਗ ਪਏ ਅੱਥਰੂਆਂ ਨੂੰ ਪਰਨੇ ਨਾਲ ਸਾਫ਼ ਕੀਤਾ।

"ਛੋਟੇ ਵੀਰ, ਮੇਰੇ ਸੋਚਣ ਨਾਲ ਕੀ ਬਣਦਾ ਸੀ। ਮੌਤ ਦੀ ਖਬਰ ਵੀ ਕਦੇ ਝੂਠੀ ਹੋਈ ਐ? ਡਰੈਵਰੀ ਕਰਦਿਆਂ ਮੌਤ ਨਾਲ ਖਹਿ ਕੇ ਬਹਿੰਦੀ ਆਸੀਟ 'ਤੇ, ਜਿਥੇ ਮੌਕਾ ਮਿਲਿਆ ਉਲਟਾ ਮਾਰੀ ਖੱਡ 'ਚ—। ਪੁੱਤਾਂ ਆਂਗੂੰ ਪਾਲਿਆ ਸੀ ਮੈਨੂੰ ਡਾਢੇ ਨੇ ਬੜੀ ਧੱਕੇਸ਼ਾਹੀ ਕੀਤੀ। ਸਮਝ ਲੈ ਸਕਾ ਪਿਉ ਈ ਸੀ। ਦਾਦਾ-ਦਾਦੀ ਬਚਪਨ ਵਿਚ ਮੈਨੂੰ ਮੇਰੇ ਪਿਉ ਦੀਆਂ ਗੱਲਾਂ ਸੁਣਾਉਂਦੇ ਹੁੰਦੇ ਸੀਗੇ। ਜੀਤੇ ਕੋਲੇ ਰਹਿੰਦਿਆਂ ਮੈਨੂੰ ਕਦੇ ਲੱਗਿਆ ਈ ਨ੍ਹੀ ਸੀ ਵੀ ਮੇਰਾ ਪਿਉ ਹੈਨੀ। ਮੇਰਾ ਪਿਉ ਤਾਂ ਹੁਣ ਮਰਿਆ ਸੀ। ਪਿੰਡ ਆ ਕੇ ਮੈਂ ਭਾਨੋ ਦੀ ਬੁੱਕਲ ਵਿਚ ਸਿਰ ਰੱਖ ਕੇ ਬੱਚਿਆਂ ਵਾਂਗੂੰ ਰੋਂਦਾ ਰਿਹਾ। ਅੰਗੀਠੀ 'ਤੇ ਪਈ ਔਹ ਫੋਟੋ ਵੇਂਹਨਾ ਏਂ ਨਾ?" ਪਊਆ ਸਿੱਧਾ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਪਹਿਲਾਂ ਵਾਂਗ ਝਾਕਿਆ। ਮੈਂ ਦੁਬਾਰਾ ਫੇਰ ਔਰਤ ਦੀ ਫੋਟੋ ਵੱਲ ਵੇਖਿਆ।

"ਤੂੰ ਪੁੱਛੇਂਗਾ ਇਹ ਕੌਣ ਐ? ਇਹੀ ਪੁੱਛੇਂਗਾ ਨਾ?" ਪਊਏ ਨੇ ਆਪ ਹੀ ਸੁਆਲ ਕਰ ਕੇ ਆਪ ਹੀ ਉੱਤਰ ਦਿੱਤਾ, "ਇਹ ਉਹੀ ਆ ਜਿਹਨੂੰ ਮੁੰਡੀਹਰ ਮਾਸੀ-ਮਾਸੀ ਕਹਿ ਕੇ ਮੇਰੇ ਜ਼ਖ਼ਮ ਉਚੇੜਦੀ ਸੀ। ਇਹੀ ਮੇਰਾ ਫੱਟ ਐ। ਕਰਮਾਂ ਵਾਲੀ ਨਾਲ ਤਿੰਨ ਕੁ ਸਾਲ ਦਾ ਸਾਥ ਸੀ, ਨਿਭ ਗਿਆ। ਮੇਰੇ ਤਾਂ ਸਾਰੇ ਸਰੀਰ 'ਚ ਰਚ ਗਈ। ਭਲਾ ਤਿੰਨ ਸਾਲ ਕੋਈ ਥੋੜ੍ਹੇ ਹੁੰਦੇ?" ਪਊਏ ਨੇ ਅੱਖਾਂ ਮੇਰੇ ਉੱਪਰ ਗੱਡ ਦਿੱਤੀਆਂ। ਬਿੰਦ ਕੁ ਚੁੱਪ ਰਿਹਾ ਤੇ ਫੇਰ ਬੋਲਣਾ ਸ਼ੁਰੂ ਕਰ ਦਿੱਤਾ।

"ਇਹ ਤਾਂ ਮੈਂ ਤੈਨੂੰ ਦੱਸਿਆ ਈ ਨ੍ਹੀ ਇਹ ਕੌਣ ਸੀ? ਕੀਕਣ ਆਈ? ਕਿੱਥੋਂ ਆਈ? ਨਈਂ ਦੱਸਿਆ ਸੀ ਨਾ?" ਪਊਏ ਨੇ ਅਜੀਬ ਅੰਦਾਜ਼ ਵਿਚ ਅੱਖਾਂ ਝਪਕੀਆਂ।

"ਮੈਂ ਤੇ ਉਸਤਾਦ ਜਦੋਂ ਕਦੇ ਬਾਹਰਲਾ ਚੱਕਰ ਲੈ ਕੇ ਜਾਂਦੇ ਹੁੰਦੇ ਸਾਂ ਤਾਂ ਵਾਪਸੀ 'ਤੇ ਵਾਹ ਲੱਗਦੀ ਰਾਜਪੁਰੇ ਲਾਗੇ ਭਾਨੋ ਦੇ ਪਿੰਡ ਜ਼ਰੂਰ ਹੋ ਕੇ ਆਉਂਦੇ। ਉਸਤਾਦ ਦਾ ਭਾਨੋ ਦੇ ਪਿੰਡ ਲੱਗ-ਲਗਾਉ ਸੀ ਕਿਸੇ ਨਾਲ ਥੋੜ੍ਹਾ-ਬਹੁਤਾ। ਮਹੀਨੇ ਪੰਦਰੀਂ ਦਿਨੀਂ ਗੇੜਾ ਵੱਜਦਾ। ਉਥੇ ਈ ਉਸਤਾਦ ਦੀ ਬੇਲਣ ਨੇ ਮੇਰੀ ਗੱਲ ਕਰਾ'ਤੀ ਭਾਨੋ ਨਾਲ। ਭਾਨੋ ਹੋਣੀ ਭੈਣਾਂ ਸੀ ਪੰਜ। ਭਾਨੋ ਦਾ ਪਿਉ ਤੇ ਭਰਾ, ਦੋਵੇਂ ਅਮਲੀ ਭੰਗੀ। ਪੈਸੇ ਲੈ ਕੇ ਕੂੰਜ ਵਰਗੀ ਕੁੜੀ ਦੁਹਾਜੂ-ਤਿਹਾਜੂ ਨਾਲ ਤੋਰ ਦਿੰਦੇ। ਦਾਅ ਲੱਗਦਾ ਤਾਂ ਪੇਕੇ ਮਿਲਣ ਆਈ ਨੂੰ ਹੋਰ ਅੱਗੇ ਵੇਚ ਦਿੰਦੇ। ਮੈਂ ਉਸਤਾਦ ਨਾਲ ਭਾਨੋ ਨੂੰ ਨਾਲ ਲਿਆਉਣ ਦੀ ਸਲਾਹ ਕੀਤੀ। ਉਹਨੇ ਨੰਨ੍ਹਾ ਨਾ ਪਾਇਆ। ਅਸੀਂ ਭਾਨੋ ਬਹਾਈ ਗੱਡੀ 'ਚ ਤੇ ਰਾਤੋ-ਰਾਤ ਪਿੰਡ। ਅੱਗੇ ਪਿੰਡ ਆਇਆਂ ਨੂੰ ਨਵਾਂ ਰੱਫੜ। ਚਾਚਿਆਂ ਤਾਇਆਂ ਨੇ ਥਾਂ ਦੇਣ ਦੀ ਬਜਾਏ ਡਰਾਇਆ ਧਮਕਾਇਆ। ਪੰਚਾਇਤ ਤੋਂ ਅੱਗੇ ਠਾਣੇ ਦਰਬਾਰੇ ਹੋ ਤੁਰੀ। ਆਖਰ ਵਾਹ ਨਾ ਚੱਲਦੀ ਵੇਖ ਸਮਝੌਤੇ 'ਤੇ ਆਗੇ। ਅਖੇ ਤੈਂਅ ਜ਼ਮੀਨ ਕੀ ਕਰਨੀ, ਡਰੈਵਰੀ ਕਰੀ ਚੱਲ। ਦਾਣਾ ਫੱਕਾ ਅਸੀਂ ਦੇ ਦਿਆ ਕਰਾਂਗੇ। ਮੈਂ ਲੜਾਈ ਝਗੜੇ ਤੋਂ ਚਾਲੂ ਸੀ। ਸੋਚਿਆ ਮਨਾ ਗੁਜ਼ਾਰਾ ਤੁਰਿਆ ਜਾਂਦਾ, ਜ਼ਮੀਨ ਸਿਰ 'ਚ ਮਾਰਨੀ? ਲਓ ਜੀ ਜ਼ਮੀਨ ਮੈਂ ਛੱਡ'ਤੀ। ਮਾੜਾ ਕੀਤਾ ਮੈਂ?" ਪਊਏ ਨੇ ਫੋਟੋ ਚੁੱਕ ਕੇ ਪਰਨੇ ਨਾਲ ਸਾਫ ਕੀਤੀ ਤੇ ਫੇਰ ਪਹਿਲੇ ਵਾਲੇ ਥਾਂ 'ਤੇ ਟਿਕਾ ਦਿੱਤੀ।

"ਸ਼ਰੀਕ ਨੂੰ ਵੇਖ ਕੇ ਜਰਦੈ? ਕੋਈ ਨ੍ਹੀ ਜਰਦਾ! ਸ਼ਰੀਕ ਥਹੁ ਟਿਕਾਣਾ ਪਤਾ ਕਰ ਭਾਨੋ ਦੇ ਮਾਪਿਆਂ ਪਾਸ ਜਾ ਵੱਜੇ। ਚੁੱਕ ਚੁਕਾ ਕੇ ਘਰ ਲੈ ਆਏ ਉਨ੍ਹਾਂ ਨੂੰ। ਭਾਨੋ ਦੇ ਭਰਾ ਭਾਨੋ ਨੂੰ ਕਹਿਣ ਨਾਲ ਚੱਲ। ਭਾਨੋ ਅੜਗੀ। ਹੱਥ ਨਾ ਅੜਦਾ ਵੇਖ ਭਰਾ ਮੁੜਗੇ ਉਵੇਂ ਜਿਵੇਂ। ਸਾਲ ਕੁ ਬਾਅਦ ਗੋਭਲਾ ਜਿਆ ਜੁਆਕ ਆ ਗਿਆ ਵਿਹੜੇ 'ਚ।ਮੇਰਾ ਤਾਂ ਪੈਰ ਧਰਤੀ 'ਤੇ ਨਾ ਲੱਗੇ। ਭਾਨੋ ਦੇ ਭਰਾਵਾਂ ਨੂੰ ਪਤਾ ਨ੍ਹੀ ਕਿੱਥੋਂ ਪਤਾ ਲੱਗਾ, ਸੰਧਾਰਾ ਲੈ ਕੇ ਆਗੇ। ਮੇਰਾ ਮੱਥਾ ਠਣਕਿਆ। ਭਾਨੋ ਦੇ ਭਰਾ ਮਿੱਠੀਆਂ-ਮਿੱਠੀਆਂ ਮਾਰਨ।

ਭਾਨੋ ਖੁੱਭ ਗਈ। ਸਾਲ ਕੁ ਬਾਅਦ ਭਾਨੋ ਦਾ ਭਰਾ ਲੈਣ ਲਈ ਆਇਆ। ਭਾਨੋ ਮਾਪਿਆਂ ਨੂੰ ਮਿਲਣ ਜਾਣ ਵਾਸਤੇ ਤਿਆਰ ਹੋਗੀ। ਮੈਂ ਪਾਸੇ ਕਰ ਕੇ ਭਾਨੋ ਨੂੰ ਰੋਕਿਆ। ਉਸਨੇ ਮੂੰਹ ਕੁਸੈਲਾ ਜਿਹਾ ਕਰ ਲਿਆ। ਮੈਂ ਦੜ ਵੱਟ ਗਿਆ। ਬੱਸ ਭਾਨੋ ਮਿਲਣ ਲਈ ਗਈ, ਮੁੜ ਕੇ ਨਾ ਆਈ। ਮੈਂ ਉਸ ਨੂੰ ਲੈਣ ਗਿਆ। ਵਿਹੜੇ 'ਚ ਭਾਨੋ ਨੂੰ ਨਾ ਦੇਖ ਕੇ ਮੈਂ ਹਾਕਲ-ਬਾਕਲ ਹੋ ਗਿਆ। ਸਾਲਿਆਂ ਨੇ ਕੋਈ ਨਿਆਂ ਸਿਰਾ ਈ ਨਾ ਦਿੱਤਾ। ਉਲਟਾ ਕਹਿੰਦੇ ਭਾਨੋ ਤਾਂ ਇਥੋਂ ਕਦੋਂ ਦੀ ਗਈ ਐ, ਤੂੰ ਸਾਡੀ ਭੈਣ ਮਾਰ ਕੇ ਕਿਤੇ ਖਪਾ'ਤੀ। ਮੈਂ ਕੀ ਕਰਦਾ? ਖਾਲੀ ਹੱਥ ਮੁੜ ਆਇਆ। ਪਿੱਛੋਂ ਪਤਾ ਲੱਗਾ ਭਾਨੋ ਮਾਲਵੇ ਦੇ ਕਿਸੇ ਪਿੰਡ ਪੈਸੇ ਲੈ ਕੇ ਦਹਾਜੂ ਨਾਲ ਤੋਰ ਦਿੱਤੀ ਸੀ। ਸਹੁਰੇ ਘਰ ਵਾਲੇ ਭਾਨੋ 'ਤੇ ਪੂਰਾ ਪਹਿਰਾ ਰੱਖਦੇ ਸਨ। ਘਰੋਂ ਪੈਰ ਬਾਹਰ ਧਰਨ ਦਾ ਉਹਨੂੰ ਹੁਕਮ ਨ੍ਹੀ ਸੀ। ਮੇਰਾ ਡੁੱਬ ਮਰਨ ਨੂੰ ਜੀਅ ਕੀਤਾ। ਕੰਧਿਆਂ ਨਾਲ ਲੱਗ-ਲੱਗ ਰੋਇਆ। ਸ਼ਰਾਬ 'ਚ ਡੁੱਬ ਲਿਆ! ਮਾਲਕ ਸੱਦਣ ਆਏ ਤਾਂ ਗੱਡੀ ਦੀਆਂ ਚਾਬੀਆਂ ਫੜਾ ਦਿੱਤੀਆਂ। ਗੱਡੀ ਕਿਹੜੇ ਹੌਸਲੇ ਨਾਲ ਚਲਾਉਂਦਾ? ਫਿਰ ਸਾਲ ਭਰ ਪਿੰਡ ਈ ਰਿਹਾ। ਰੋਡਵੇਜ਼ ਵਿਚ ਡਰੈਵਰਾਂ ਦੀ ਭਰਤੀ ਖੁੱਲ੍ਹੀ। ਸੋਚਿਆ ਵਿਹਲਾ ਮਨ ਆਹਰੇ ਲੱਗਜੂ। ਉਦੋਂ ਪੰਜ ਚਾਰ ਪੜ੍ਹੇ ਨੂੰ ਈ ਰੱਖ ਲੈਂਦੇ ਹੁੰਦੇ ਸੀ। ਪੜ੍ਹਾਈ ਕਿੱਥੇ ਸੀ ਅੱਜਕੱਲ੍ਹ ਵਾਂਗੂੰ। ਆਹ ਵੀਹ ਸਾਲ ਹੋ ਗਏ ਰੋਡਵੇਜ਼ 'ਚ ਡਰੈਵਰੀ ਕਰਦਿਆਂ। ਦਿਲ ਪਰਚ ਗਿਆ। ਲੋਕਾਂ ਨੂੰ ਇੱਕ ਥਾਂ ਤੋਂ ਦੂਜੀ ਥਾਂ ਢੋਈਦਾ। ਔਖੇ ਵੇਲੇ ਚਿੱਠੀ ਚੀਰਾ ਵੀ ਪੁਚਾਈਦਾ। ਹਜ਼ਾਰਾਂ ਲੋਕਾਂ ਦੇ ਗੁੱਝੇ ਭੇਤ ਦਿਲ 'ਚ ਸਾਂਭ ਕੇ ਰੱਖੀਦੇ। ਕਦੇ ਭਾਫ਼ ਨ੍ਹੀ ਕੱਢੀ। ਕਾਹਦੇ ਪਿੱਛੇ?"

"ਭਾਨੋ ਨ੍ਹੀ ਆਈ ਫੇਰ ਕਦੇ ਵੀ?" ਵਿਸ਼ਾ ਬਦਲ ਜਾਣ 'ਤੇ ਮੈਂ ਪਊਏ ਨੂੰ ਫੇਰ ਉਸੇ ਗੱਲ ਵੱਲ ਮੋੜਿਆ।

"ਆਈ ਸੀ ਕੋਈ ਸੱਤੀ ਵਰ੍ਹੀਂ। ਕਾਲਾ ਸਿਆਹ ਰੰਗ। ਗੱਲ੍ਹਾਂ ਵਿਚ ਡੂੰਘ, ਭੱਦੇ ਜਏ। ਅੱਖਾਂ ਮੁਰਝਾਈਆਂ। ਮੈਨੂੰ ਤਾਂ ਕਿੰਨਾ ਚਿਰ ਸਿਆਣ ਈ ਨਾ ਆਈ। ਕੁਆਟਰ 'ਚ ਆ ਕੇ ਚੁਪ-ਚਾਪ, ਗੁੰਮ-ਸੁੰਮ ਬੈਠੀ ਰਹੀ। ਮੈਂ ਪੁੱਛਿਆ,'ਕਿਉਂ ਭਾਨੋ ਠੀਕ ਐਂ?'ਉਹਦੀ ਅਵਾਜ਼ ਜਿਵੇਂ ਖੂਹ 'ਚੋਂ ਆਈ ਸੀ। ਮਸਾਂ ਹੂੰ ਈ ਆਖਿਆ।ਮੈਂ ਆਵਦੇ ਵੱਲੋਂ ਨਿਹੋਰਾ ਮਾਰਿਆ, ਵੈਰਨੇ ਮੈਨੂੰ ਦੱਸਣਾ ਵੀ ਠੀਕ ਨਾ ਸਮਝਿਆ। ਮੈਂ ਤੈਨੂੰ ਇੱਕ ਵਾਰੀ ਵੀ ਜਾਣ ਤੋਂ ਨਾ ਰੋਕਦਾ।"

"ਓਹ!" ਮੇਰੇ ਮੂੰਹੋਂ ਆਪ ਮੁਹਾਰੇ ਨਿਕਲਿਆ। ਮੇਰੇ ਅੰਦਰ ਵੀ ਖੋਹ ਜਿਹੀ ਪੈ ਗਈ ਸੀ। ਪਿਆਰ 'ਚ ਵੱਡਾ ਧੋਖਾ ਖਾਣ ਬਾਅਦ ਦਿਲ ਪਤਲਾ ਪਿਆ ਹੋਇਆ ਸੀ।

"ਕਹਿੰਦੀ ਅਗਲੇ ਜਰਮ 'ਚ ਸਾਰੀ ਦੀ ਸਾਰੀ ਤੇਰੀ ਹੋ ਕੇ ਰਹੂੰ।ਇਹ ਆਖਦਿਆਂ ਭਾਨੋ ਦੀਆਂ ਤਾਂ ਚਾਂਗਰਾਂ ਨਿਕਲ ਗਈਆਂ। ਫੁੱਟ-ਫੁੱਟ ਰੋਣ ਲੱਗੀ। ਚੁੱਪ ਈ ਨਾ ਹੋਣ 'ਚ ਆਵੇ।ਘੰਟਾ ਕੁ ਭਰ ਮੇਰੇ ਕੋਲ ਰਹੀ, ਫੇਰ ਉੱਠ ਕੇ ਚਲੀ ਗਈ। ਫੇਰ ਕਦੇ ਨ੍ਹੀ ਆਈ।"

"ਤੂੰ ਵੀ ਨਹੀਂ ਗਿਆ ਕਦੇ ਮਿਲਣ?" ਮੈਂ ਪੁੱਛਿਆ।

"ਕਾਹਦੇ ਵਾਸਤੇ? ਕੀ ਕਰਨ ਜਾਣਾ ਸੀ?" ਪਊਆ ਹੌਲਾ ਫੁੱਲ ਹੋ ਗਿਆ।

"ਐਹ ਭਾਨੋ ਦੇ ਕੁੱਛੜ ਚੁੱਕਿਆ ਜੁਆਕ ਵੇਹਨਾ ਏਂ ਨਾ? ਮੇਰੀ ਧੀ ਆ। ਹੁਣ ਤਾਂ ਵਿਆਹੁਣ ਵਾਲੀ ਹੋਊ।ਕੱਲ੍ਹ ਜਿਹੜੀ ਨਰਸ ਦੀ ਗੱਲ ਕਰਦੀ ਸੀ ਮੁੰਡੀਹਰ—।"

"ਆਹੋ!" ਮੈਨੂੰ ਉਤਸੁਕਤਾ ਹੋਈ।

"ਮੈਨੂੰ ਭਾਨੋ ਦੀ ਕਸਮ! ਮੈਂ ਉਹਨੂੰ ਕਦੇ ਮਾੜੀ ਨਿਗਾ ਨ੍ਹੀ ਝਾਕਿਆ। ਮੈਂ ਉਹਨੂੰ ਆਪਣੀ ਧੀ ਸਮਝਦੈਂ। ਜੇ ਭਲਾ ਮੈਂ ਮੁੰਡੀਹਰ ਨੂੰ ਕਹਾਂ ਕਿ ਨਰਸ ਕੁੜੀ ਮੈਨੂੰ ਧੀਆਂ ਵਰਗੀ ਲੱਗਦੀ ਐ, ਉਹ ਤਾਂ ਮੇਰਾ ਮਜ਼ਾਕ ਈ ਉਡਾਉਣ ਲੱਗ ਪੈਣ। ਮੈਨੂੰ ਭਾਨੋ ਦੀ ਸਹੁੰ, ਉਹ ਕੁੜੀ ਮੈਨੂੰ ਆਪਣੀ ਸਕੀ ਧੀ ਵਰਗੀ ਲਗਦੀ ਐ।" ਪਊਏ ਦੀਆਂ ਅੱਖਾਂ 'ਚੋਂ ਹੰਝੂ ਧਰਲ-ਧਰਲ ਡਿੱਗਣ ਲੱਗੇ।

"ਨਿੱਕਿਆ, ਤੂੰ ਮੇਰੀ ਜ਼ਿੰਦਗੀ ਬਾਰੇ ਪੁੱਛਿਆ ਸੀ ਨਾ?" ਪਊਏ ਨੇ ਮੇਰਾ ਕੋਈ ਜੁਆਬ ਉਡੀਕੇ ਬਗੈਰ ਹੀ ਗੱਲ ਫੇਰ ਚਾਲੂ ਕਰ ਦਿੱਤੀ, "ਹੁਣ ਤਾਂ ਪੀ ਬੀ ਕੇ ਕੱਤੀ ਸਤਾਰਾਂ ਈ ਜ਼ਿੰਦਗੀ ਐ। ਪੀ ਬੀ ਕੇ ਕੱਤੀ ਸਤਾਰਾਂ। ਪੂਰੀ ਸ਼ਿੰਗਾਰ ਕੇ ਰੱਖੀਦੀ। ਇਕਦਮ ਟਿਪ-ਟਾਪ। ਅਪ-ਟੂ-ਡੇਟ। ਝਾਂਜਰਾਂ ਲਾ ਕੇ। ਪੂਰੇ ਡੀਪੂ 'ਚ ਗੱਲਾਂ ਹੁੰਦੀਆਂ ਕੱਤੀ ਸਤਾਰਾਂ ਦੀਆਂ। ਸਾਰੀਆਂ ਲਾਰੀਆਂ ਨਾਲੋਂ ਵੱਧ ਬੁਕਿੰਗ ਦਿੰਦੀ ਐ, ਮਰਜੀ ਜਿਹੜੇ ਰੂਟ 'ਤੇ ਪਾ ਦਿਉ। ਪਊਆ ਮਾਰੀਦਾ ਅੰਦਰ ਤੇ ਸਟੇਰਿੰਗ ਸੰਭਾਲ ਲਈਦਾ ਮਾਰਾਜ ਦਾ ਨਾਂ ਲੈ ਕੇ। ਦਾਣੇ ਗਿਣਦੀ ਰਹਿੰਦੀ ਰੋੜ 'ਤੇ। ਮਜਾਲ ਕੀ ਕੋਈ ਲਾਰੀ ਪਾਸ ਕਰ'ਜੇ। ਪ੍ਰਾਈਵੇਟਾਂ ਆਲੇ ਤਾਂ ਧਾਹਾਂ ਮਾਰਦੇ। ਪਹਿਲਾਂ ਪਹਿਲ ਮੈਂ ਸੋਚਦਾ ਹੁੰਦਾ ਸਾਂ ਕਿ ਵਈ ਜ਼ਿੰਦਗੀ ਦੀ ਦੌੜ 'ਚ ਕਈ ਮੀਲ ਪਿਛੇ ਰਹਿ ਗਿਆਂ, ਪਰ ਜਦੋਂ ਕੱਤੀ ਸਤਾਰਾਂ ਫਰਾਟੇ ਭਰਦੀ ਕਿਸੇ ਬੱਸ ਟਰੱਕ ਨੂੰ ਪਾਸ ਕਰਦੀ ਆ ਨਾ, ਤਾਂ ਆਏਂ ਲੱਗਣ ਲੱਗਦਾ ਜਿਵੇਂ ਦੁਨੀਆਂ ਤੋਂ ਬਹੁਤ ਅੱਗੇ ਆ ਗਿਆ ਹੁੰਨਾ। ਉਸ ਟੈਮ ਸਾਰੇ ਈ ਗਿਲੇ ਸ਼ਿਕਵੇ ਦੂਰ ਹੋ ਜਾਂਦੇ ਜ਼ਿੰਦਗੀ ਨਾਲ।"

ਗੱਲ ਖਤਮ ਕਰਕੇ ਪਊਆ ਡੂੰਘੀਆਂ-ਡੂੰਘੀਆਂ ਨਜ਼ਰਾਂ ਨਾਲ ਖਲਾਅ ਵਿਚ ਦੇਖਣ ਲੱਗ ਪਿਆ। ਉਸਦੇ ਸ਼ਬਦਾਂ ਤੋਂ ਜ਼ਾਹਰ ਸੀ ਜਿਵੇਂ ਉਸ ਨੂੰ ਹੁਣ ਜ਼ਿੰਦਗੀ ਪ੍ਰਤੀ ਕੋਈ ਵੀ ਰੰਜ ਨਹੀਂ ਪਰ ਉਸਦੀਆਂ ਅੱਖਾਂ ਵਿਚ ਤੈਰ ਰਹੀ ਨਮੀ ਕੁੱਝ ਹੋਰ ਈ ਬਿਆਨ ਕਰ ਰਹੀ ਸੀ।

# 'ਵਿਸ਼ਵ ਪੁਸਤਕ ਦਿਹਾੜਾ' ਮੌਕੇ ਪ੍ਰੋ. ਜਗਮੋਹਨ ਸਿੰਘ ਨਾ.ਲ ਮਿ.ਲਣੀ

ਨਿਊਯਾਰਕ- ਨਿਊਯਾਰਕ ਦੇ ਸਾਹਿਤਕ, ਅਗਾਂਹਵਧੂ ਅਤੇ ਪੰਜਾਬੀ ਬੋਲੀ ਨੂੰ ਪਰਨਾਏ ਸੱਜਣਾਂ ਵੱਲੋਂ ਪ੍ਰੋ. ਜਗਮੋਹਨ ਸਿੰਘ (ਸ਼ਹੀਦੇ-ਆਜ਼ਮ ਭਗਤ ਸਿੰਘ ਦੇ ਭਾਣਜਾ) ਦੀ ਨਿਊਯਾਰਕ ਫੇਰੀ ਦੌਰਾਨ ਮੁਖਤਸਰ ਮਿਲਣੀ ਦਾ ਆਯੋਜਨ ਕੀਤਾ ਗਿਆ। ਇਹ ਮਿਲਣੀ ਹੋਰ ਵੀ ਸਰਾਥਕ ਹੋ ਗਈ ਕਿਉਂਕਿ ਇਹ 'ਵਿਸ਼ਵ ਪੁਸਤਕ ਦਿਹਾੜਾ' ਸੀ। ਮਿਲਣੀ ਦੌਰਾਨ ਜਿੱਥੇ ਸ਼ਹੀਦ ਭਗਤ ਸਿੰਘ ਨਾਲ ਰਚਿਤ ਸਾਹਿਤ ਬਾਰੇ ਗੱਲਾਂ-ਬਾਤਾਂ ਹੋਈਆਂ, ਉਸ ਦੇ ਨਾਲ ਹੀ ਖ਼ਲੀਲ ਜਿਬਰਾਨ, ਮੌਲਾਨਾ ਰੂਮੀ, ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ ਬਾਰੇ ਗਹਿਰ-ਗੰਭੀਰ ਸੰਵਾਦ ਪ੍ਰੋ. ਜਗਮੋਹਨ ਸਿੰਘ ਵੱਲੋਂ ਛੇੜਿਆ ਗਿਆ। ਸ਼ਬਦ ਤੇ ਕਿਤਾਬ ਦੀ ਸ਼ਕਤੀ ਦੀ ਗੱਲ ਕਰਦਿਆਂ 'ਅਸਲੀ ਇਨਸਾਨ ਦੀ ਕਹਾਣੀ' ਦਾ ਹਵਾਲਾ ਆਉਣੋਂ ਵੀ ਰਹਿ ਨਾ ਸਕਿਆ।

ਸਾਹਿਤ ਨੂੰ ਡੀਕੋਡ ਕਰਨ ਦੇ ਹਵਾਲੇ ਨਾਲ ਪ੍ਰੋ. ਜਗਮੋਹਨ ਸਿੰਘ ਹੋਰਾਂ ਅਨੇਕ ਮਿਸਾਲਾਂ ਪੇਸ਼ ਕੀਤੀਆਂ। ਸਾਹਿਤ ਦੇ ਧੁਰ ਅੰਦਰ ਤੱਕ ਪਹੁੰਚਣ ਲਈ ਡੀਕੋਡ ਦੀ ਜੁਗਤ ਦੀ ਮਹੱਤਤਾ ਬਾਰੇ ਡੂੰਘੀ ਚਰਚਾ ਹੋਈ। ਸਾਹਿਤ ਤੇ ਸਿਆਸਤ ਦੇ ਹਵਾਲੇ ਨਾਲ ਪੰਜਾਬੀ ਦੇ ਪ੍ਰਸਿੱਧ ਉਰਦੂ-ਪੰਜਾਬੀ ਸ਼ਾਇਰ ਅਮਰੀਕ ਗ਼ਾਫ਼ਿਲ ਹੋਰਾਂ ਕੀਮਤੀ ਵਿਚਾਰ ਪੇਸ਼ ਕੀਤੇ। ਜਗਤਾਰ ਸਿੰਘ ਕਾਰੀ (ਪ੍ਰਧਾਨ ਕਪੂਰਥਲਾ ਕਲੱਬ, ਨਿਊਯਾਰਕ) ਨੇ ਇਸ ਮੌਕੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਸ਼ਮਸ਼ੇਰ ਸਿੰਘ ਬਾਈ (ਪ੍ਰਧਾਨ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊਯਾਰਕ) ਨੇ ਆਪਣੇ ਵਿਚਾਰ ਸਾਂਝੇ ਕੀਤੇ। 'ਨਵਾਂ ਜ਼ਮਾਨਾ' ਅਖ਼ਬਾਰ ਦੇ ਪ੍ਰਬੰਧਕਾਂ 'ਚ ਵਿਸ਼ੇਸ਼ ਥਾਂ ਰੱਖਣ ਵਾਲੇ ਐਡਵੋਕੇਟ ਗੁਰਮੀਤ ਸਿੰਘ ਸੁਗਲੀ ਹੋਰਾਂ ਕਾਨੂੰਨੀ ਨੁਕਤਾ ਨਿਗਾਹ ਤੋਂ ਅਨਮੁੱਲੀਆਂ ਗੱਲਾਂ ਕੀਤੀਆਂ।

ਨਿਊਯਾਰਕ ਦੀ ਰੂਹੇ-ਰਵਾਂ ਮਨਮੋਹਨ ਪੂਨੀ (ਇੰਡੋ-ਅਮੈਰਿਕਨ ਹੈਰੀਟੇਜ ਫ਼ਾਊਂਡੇਸ਼ਨ ਆਫ਼ ਨਿਊਯਾਰਕ) ਨੂੰ ਇਸ ਦਾ ਸਿਹਰਾ ਜਾਂਦਾ, ਜਿਨ੍ਹਾਂ ਦੇ ਯਤਨ ਸਦਕਾ ਇਹ ਮਿਲਣੀ ਪ੍ਰੀਤੀ-ਭੋਜ ਵਿਚ ਬਦਲ ਗਈ।

ਇਸ ਮੌਕੇ ਹੋਰਾਂ ਤੋਂ ਇਲਾਵਾ ਰਜਿੰਦਰ ਕੁਮਾਰ ਬੇਬੀ (ਵਾਈਸ ਪ੍ਰਧਾਨ ਕਪੂਰਥਲਾ ਕਲੱਬ), ਸੁਰਿੰਦਰ ਸੋਹਲ, ਬਿੱਕਰ ਸਿੰਘ (ਮੈਂਬਰ ਸ਼ਹੀਦ ਭਾਈ ਮਨੀ ਸਿੰਘ ਕਲਚਰਲ ਸੁਸਾਇਟੀ, ਨਿਊਯਾਰਕ) ਮੌਜੂਦ ਸਨ।



## ਕਵਿਤਾ ਬੋਲਦੀ ਹੈ

***************

ਕਿਆ ਕਿਆ ਤੂੰ ਰੰਗ ਦਿਖਾਵੇਂ, ਜ਼ਿੰਦਗੀ ਤੇਰੇ ਆਫ਼ਰੀਨ ਹੈ,
ਚੱਲ ਰਹੀ ਸਾਹਾਂ ਦੀ ਸਰਗਮ, ਭਾਵੇਂ ਕਠੋਰ ਪਰ ਹੁਸੀਨ ਹੈ।

ਦੁਨੀਆਂ ਉੱਤੇ ਸੁੱਖਾਂ ਦੀ ਵਗਦੀ ਹੈ ਗੰਗਾ ਉਨ੍ਹਾਂ ਦੇ ਘਰ,
ਕਰਦੇ ਨਹੀਂ ਮੁਸ਼ੱਕਤਾਂ ਜਿਹੜੇ ਲੁੱਟਦੇ ਕਿਰਤਾਂ ਤੇ ਜ਼ਮੀਨ ਹੈ।

ਕਦੇ ਗੁਰਬੱਤ ਨ ਕੋਈ ਕਸਰ ਬਾਕੀ ਛੱਡੇ, ਕਚੂਮਰ ਕੱਢਦੀ,
ਉਡਦੀ ਹਵਾਈ ਚਿਹਰੇ 'ਤੇ, ਕਿਧਰੇ ਦਿਨ ਰਾਤ ਗ਼ਮਗੀਨ ਹੈ।

ਪਾਏ ਨੇ ਚੋਲੇ ਬਾਹਰ ਮਜ਼ਬਾਂ ਦੇ ਮਗਰ ਅੰਦਰੋਂ ਕਾਲੇ ਚੋਰ,
'ਰਾਮ ਰਾਮ ਜਪਦੇ ਪਰਾਇਆ ਮਾਲ ਛਕਦੇ',ਆਪੂੰ ਸ਼ੌਕੀਨ ਹੈ।

ਨੇਤਾਵਾਂ ਦੇ ਲਾਰਿਆਂ ਨੇ ਪਾਇਆ ਹੈ ਪਰਜਾ ਨੂੰ ਭੰਬਲ ਭੂਸੇ,
ਵੋਟਾਂ ਖਰੀਦ ਕਰਦੇ ਜੋ ਮੌਜਾਂ ਪੰਜ ਸਾਲ,ਖੁਦ ਡਾਢੇ ਕਮੀਨ ਹੈ।

ਮਜ਼ਲੂਮਾਂ ਨੂੰ ਛੱਡ ਪਾਈ ਭਾਈਵਾਲੀ ਸ਼ਾਹੂਕਾਰਾਂ ਦੇ ਨਾਲ,
ਬਣਦੇ ਪਾ ਮੁਖੌਟਾ ਦਰਦੀ ਦੀਨਾਂ ਦੇ,ਨਹੀ ਦਿਲੋਂ ਮਸਕੀਨ ਹੈ।

ਨਾਅਰੇ 'ਤੇ ਨਾਅਰਾ ਰਾਸ਼ਟਰਵਾਦ ਦਾ ਘੜਦੇ ਜੋ ਨਿੱਤ ਨਵਾਂ,
ਲੋਕਾਂ ਨੂੰ ਲੜਾ ਖੁਦ ਮਹਿਲੀਂ ਵੱਸਦੇ,ਰੱਖਦੇ ਮਿਜਾਜ਼ ਰੰਗੀਨ ਹੈ।

ਸੇਵਾ ਸਿੰਘ "ਨੂਰਪੁਰੀ "

# ਘਰ ਦੀ ਸ਼ਾਨ ਬਰਕਰਾਰ ਕਿਵੇਂ ਰਹੇ?

ਅਜੋਕੇ ਮਰਦ ਪ੍ਰਧਾਨ ਸਮਾਜ ਵਿਚ ਦੀ ਗੁਜ਼ਰਦੀ ਔਰਤ ਆਪਣੇ ਜੀਵਨ ਵਿਚ ਆ ਰਹੀਆਂ ਦਰਪੇਸ਼ ਮੁਸ਼ਕਿਲਾਂ ਤੇ ਤੰਗੀਆਂ-ਤੁਰਸ਼ੀਆਂ ਬਾਰੇ ਇਕ ਔਰਤ ਹੀ ਸਮਝ ਸਕਦੀ। 'ਜਿਸ ਤਨ ਲਾਗੇ ਸੋਈ ਜਾਣੇ' ਕਿਹਾ ਤਾਂ ਇਹ ਜਾਂਦਾ ਕਿ ਘਰਾਂ ਵਿਚ ਸਾਰੇ ਅਸੀਂ ਇਕ ਬਰਾਬਰ ਹਾਂ ਪਰ ਇਹ ਬਰਾਬਰਤਾ ਵਾਲਾ ਬਿਰਤਾਂਤ ਜਦ ਘਰ ਵਿਚ ਨਜ਼ਰ ਮਾਰ ਕੇ ਵੇਖੀਏ ਤਾਂ ਨਤੀਜੇ ਕਥਨ ਦੇ ਉਲਟ ਹੀ ਹੋਣਗੇ।

ਸਾਫ਼ ਗੱਲ ਕਿ ਜਿਸ ਨਾਰੀ ਨੂੰ ਗੁਰੂ ਸਾਹਿਬ ਨੇ 'ਜੱਗ ਜਨਨੀ' ਦੇ ਖ਼ਿਤਾਬ ਨਾਲ ਨਿਵਾਜਿਆ ਹੋਵੇ, ਉਸ ਔਰਤ ਜਾਤੀ ਪ੍ਰਤੀ ਮਰਦ ਦੀ ਬੌਣੀ ਤੇ ਗਿਰੀ ਹੋਈ ਮਾਨਸਿਕਤਾ ਆਪਣਾ ਕੀ ਰਵੱਈਆ ਰੱਖਦੀ , ਆਪਾਂ ਭਲੀ-ਭਾਂਤ ਸਾਰੇ ਜਾਣਦੇ ਹਾਂ।

ਔਰਤ ਸਮਾਜ ਦਾ ਇਕ ਹਿੱਸਾ ਹੀ ਨਹੀਂ, ਬਲਕਿ ਇਕ ਮਜ਼ਬੂਤ ਧੁਰਾ । ਉਹ ਧੁਰਾ, ਜਿਸ ਦੁਆਲੇ ਸੰਸਾਰਿਕ ਜੀਵ ਆਪਣੀ ਜ਼ਿੰਦਗੀ ਦਾ ਪੂਰਾ ਚੱਕਰ ਕੱਟਦਾ। ਇਕ ਘਰੇਲੂ ਔਰਤ ਤੋਂ ਲੈ ਕੇ ਅੱਜ ਦੀ ਪੜ੍ਹੀ-ਲਿਖੀ ਔਰਤ ਦੇ ਜੀਵਨ-ਜਾਚ ਦੀ ਪੜਚੋਲ ਕਰੀਏ ਤਾਂ ਅੱਜ ਦੀ ਔਰਤ ਮਰਦ ਨਾਲੋਂ ਵਧੇਰੇ ਦ੍ਰਿੜ੍ਹ, ਸਿਦਕਵਾਨ, ਮਿਹਨਤਕਸ਼ ਤੇ ਹੋਂਦ-ਪੂਰਵਕ ।

ਇਕ ਘਰੇਲੂ ਔਰਤ ਦੇ ਜੀਵਨ 'ਤੇ ਝਾਤ ਮਾਰ ਕੇ ਵੇਖੀਏ ਤਾਂ ਘਰ ਵਿਚ ਕਿਹੜੀ ਜ਼ਿੰਮੇਵਾਰੀ , ਜਿਹੜੀ ਨੂੰ ਉਹ ਸਫ਼ਲਤਾ-ਪੂਰਵਕ ਨਹੀਂ ਨਿਭਾ ਰਹੀ? ਘਰ ਵਿਚ ਚੁੱਲ੍ਹੇ-ਚੌਂਕੇ ਦੇ ਕੰਮ-ਕਾਰ ਦੇ ਨਾਲ-ਨਾਲ ਬੱਚਿਆਂ ਦਾ ਪਾਲਣ-ਪੋਸ਼ਣ ਕਰਨਾ, ਘਰ ਤੇ ਪਰਿਵਾਰਕ ਜ਼ਿੰਮੇਵਾਰੀਆਂ ਵਿਚ ਆ ਰਹੀਆਂ ਤੰਗੀਆਂ-ਤੁਰਸ਼ੀਆਂ ਨਾਲ ਜੂਝਦਿਆਂ ਆਪਣੇ ਜੀਵਨ-ਸਾਥੀ ਦੇ ਮੋਢੇ ਨਾਲ ਮੋਢਾ ਜੋੜ ਕੇ ਹੱਡ-ਤੋੜਵੀਂ ਕਮਾਈ ਕਰਨੀ, ਖੇਤੀ ਨਾਲ ਜੁੜੇ ਕਈ ਸਹਾਇਕ ਧੰਦੇ ਜਿਵੇਂ ਘਰ ਵਿਚ ਰੱਖੇ ਮਾਲ-ਡੰਗਰ ਦੀ ਸਾਂਭ-ਸੰਭਾਲ, ਮੁਰਗੀ ਪਾਲਣ ਤੇ ਸਬਜ਼ੀਆਂ ਦੀ ਕਾਸ਼ਤ ਕਰਨਾ ਤੇ ਫੇਰ ਉਸ ਧੰਦੇ ਤੋਂ ਆਈ ਆਮਦਨ ਨਾਲ ਘਰ ਤੇ ਬੱਚਿਆਂ ਦੀ ਪੜ੍ਹਾਈ 'ਤੇ ਆ ਰਹੇ ਖ਼ਰਚ-ਖੇਚਲ ਨੂੰ ਬੜੀ ਸੂਝ-ਸਮਝ ਨਾਲ ਚਲਾਉਣਾ। ਮੈਂ ਸਮਝਦਾ ਹਾਂ ਕਿ ਅਜਿਹਾ ਕਾਰਜ ਇਕ ਬੜੀ ਹੀ ਮਿਹਨਤੀ ਤੇ ਸੂਝਵਾਨ ਔਰਤ ਦੇ ਹਿੱਸੇ ਹੀ ਆਉਂਦਾ । ਇਹ ਔਰਤ ਵਰਗ ਲਈ ਬੜੀ ਹੀ ਮਾਣ ਮਹਿਸੂਸ ਕਰਨ ਵਾਲੀ ਗੱਲ।

ਮੈਨੂੰ ਇੱਥੇ ਇਹ ਲਿਖਦਿਆਂ ਬੜਾ ਮਾਣ ਤੇ ਖ਼ੁਸ਼ੀ ਮਹਿਸੂਸ ਹੁੰਦੀ ਕਿ ਜਿਨ੍ਹਾਂ ਘਰਾਂ-ਪਰਿਵਾਰਾਂ ਵਿਚ ਅਜਿਹੀਆਂ ਹੋਣਹਾਰ, ਮਿਹਨਤਕਸ਼ ਤੇ ਖ਼ੂਬਸੂਰਤ ਮੁਟਿਆਰਾਂ ਦਾ ਵਸੇਬਾ ਹੁੰਦਾ , ਬਿਨਾਂ ਸ਼ੱਕ ਉਹ ਪਰਿਵਾਰ ਆਨੰਦਿਤ ਤੇ ਖ਼ੁਸ਼ਹਾਲ ਜ਼ਿੰਦਗੀ ਜਿਉਂਦੇ ਹਨ ਤੇ ਅੱਗੇ ਇਹ ਉਮੀਦ ਵੀ ਰੱਖੀ ਜਾਵੇ ਕਿ ਅਜਿਹਾ ਵਰਤਾਰਾ ਗੁਰੂ ਪਾਤਸ਼ਾਹ ਹਰੇਕ ਪਰਿਵਾਰ ਵਿਚ ਨਿਰੰਤਰ ਜਾਰੀ ਰੱਖੇ।

ਅੱਜ ਪੜ੍ਹਾਈ ਦਾ ਯੁੱਗ ਪੂਰੇ ਜੋਬਨ 'ਤੇ । ਅੱਜ ਸਾਡੀ ਨੌਜਵਾਨ ਪੀੜ੍ਹੀ ਨੇ ਪੜ੍ਹ-ਲਿਖ ਕੇ ਖ਼ਾਸ ਕਰਕੇ ਸਾਡੀਆਂ ਹੋਣਹਾਰ ਬੱਚੀਆਂ ਨੇ ਦੇਸ਼ ਤੋਂ ਬਾਹਰ ਵਿਦੇਸ਼ਾਂ ਵਿਚ ਜਾ ਕੇ ਬੜੇ ਉੱਚੇ ਮੁਕਾਮ ਹਾਸਿਲ ਕੀਤੇ ਹਨ।

ਅੱਜ ਦੀਆਂ ਪੜ੍ਹੀਆਂ-ਲਿਖੀਆਂ ਲੜਕੀਆਂ ਡਾਕਟਰ, ਅਧਿਆਪਕ, ਲੇਖਕਾ, ਵਕੀਲ, ਜੱਜ, ਪੁਲਿਸ ਅਫ਼ਸਰ ਜਾਂ ਫੌਜ ਸਮੇਤ ਹਰ ਖੇਤਰ ਵਿਚ ਅਜਿਹੇ ਕਈ ਉੱਚੇ ਤੇ ਮਾਣਯੋਗ ਅਹੁਦੇ ਹਾਸਿਲ ਕਰਕੇ ਇਕ ਮਿਸਾਲ ਕਾਇਮ ਕਰਕੇ ਵਿਖਾ ਦਿੱਤੀ । ਤੇ ਅਜੋਕੇ ਮਰਦ ਪ੍ਰਧਾਨ ਸਮਾਜ ਦੇ ਅਲੰਬਰਦਾਰਾਂ ਨੂੰ ਸ਼ੀਸ਼ਾ ਵੀ ਵਿਖਾ ਦਿੱਤਾ ਕਿ ਮੈਂ ਕੀ ਨਹੀਂ ਕਰ ਸਕਦੀ? ਕੀ ਮੈਂ ਬੱਚਿਆਂ ਨੂੰ ਜਨਮ ਦੇ ਕੇ ਉਨ੍ਹਾਂ ਨੂੰ ਪਾਲਦੀ ਨਹੀਂ? ਘਰ ਤੇ ਪਰਿਵਾਰ, ਬਾਕੀ ਜ਼ਿੰਮੇਵਾਰੀਆਂ ਨਹੀਂ ਨਿਭਾਉਂਦੀ? ਪਰ ਫੇਰ ਵੀ ਮੇਰੀ ਅਕਲ 'ਤੇ ਜਾਣ-ਬੁੱਝ ਕੇ ਪੋਚਾ ਕਿਉਂ ਫੇਰਿਆ ਜਾ ਰਿਹਾ ?

ਮੇਰੇ ਅਕਸ ਨੂੰ ਚਮਕਾਉਣ ਦੀ ਬਜਾਏ ਧੁੰਦਲਾ ਕਿਉਂ ਕੀਤਾ ਜਾ ਰਿਹਾ ? ਮੇਰੇ ਬਣਦੇ ਹੱਕ-ਹਕੂਕ ਉੱਪਰ ਡਾਕਾ ਕਿਉਂ ਮਾਰਿਆ ਜਾ ਰਿਹਾ ? ਇਹ ਇਕ ਸਵਾਲ ਨਹੀਂ, ਅਣਗਿਣਤ ਸਵਾਲ ਹਨ, ਜਿਹੜੇ ਔਰਤ ਵਰਗ ਨੂੰ ਬਣਦੇ ਅਧਿਕਾਰ ਤੋਂ ਵਾਂਝਾ ਰੱਖੇ ਜਾਣ ਦੀ ਗਵਾਹੀ ਭਰਦੇ ਹਨ। ਇਹ ਸਿੱਧੇ ਰੂਪ ਵਿਚ ਔਰਤ ਨਾਲ ਘੋਰ ਅਨਿਆਇ ।

ਅੱਜ ਦੀ ਪੜ੍ਹੀ-ਲਿਖੀ ਮੁਟਿਆਰ ਇਹ ਸਾਰੇ ਸਵਾਲ ਸਮਾਜ ਮੂਹਰੇ ਰੱਖ ਰਹੀ । ਉਹ ਇਹ ਸਵਾਲ ਰੱਖੇ ਵੀ ਕਿਉਂ ਨਾ? ਜਦੋਂ ਉਹ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਵਫ਼ਾਦਾਰ ਤੇ ਆਪਣੇ ਹਰੇਕ ਕਾਰਜ ਵਿਚ ਨਿਪੁੰਨ। ਅੱਜ ਉਹ ਹਰ ਮੁਸ਼ਕਿਲ ਤੇ ਮੁਸੀਬਤ ਦਾ ਟਾਕਰਾ ਕਰਨ ਦੇ ਪੂਰੀ ਤਰ੍ਹਾਂ ਸਮਰੱਥ । ਉਹ ਆਪਣਾ ਬੁਰਾ-ਭਲਾ ਸਭ ਜਾਣਦੀ।

ਉਹ ਇਹ ਵੀ ਜਾਣਦੀ ਕਿ ਮਰਦ ਪ੍ਰਧਾਨ ਸਮਾਜ ਵਿਚ ਕੁੱਝ ਹਲਕੀ ਤੇ ਗਿਰੀ ਹੋਈ ਮਾਨਸਿਕਤਾ ਵਾਲੇ ਲੋਕਾਂ ਨਾਲ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਤੇ ਛਾਤੀ ਤਾਣ ਕੇ ਜਿਊਣ ਲਈ ਕਿਵੇਂ ਵਿਚਰਨਾ ? ਆਪਣੇ ਆਪ ਨੂੰ ਸੁਰੱਖਿਅਤ ਕਿਵੇਂ ਰੱਖਣਾ ?

ਸੋ, ਅੱਗੇ ਵਧੀਏ। ਘਰ-ਪਰਿਵਾਰ ਤੇ ਗ੍ਰਹਿਸਥ ਜੀਵਨ ਨੂੰ ਬਸਰ ਕਰਨ ਲਈ ਇਕਸੁਰਤਾ ਤੇ ਬਰਾਬਰਤਾ ਦੀ ਡਾਢੀ ਲੋੜ ਹੁੰਦੀ । ਪਰਿਵਾਰਕ ਜੀਵਨ ਵਿਸ਼ਵਾਸ 'ਤੇ ਨਿਰਭਰ ਹੁੰਦਾ , ਜਿਸਨੂੰ ਬਰਕਰਾਰ ਰੱਖਣਾ ਪਤੀ-ਪਤਨੀ ਦੋਵਾਂ ਦੀ ਜ਼ਿੰਮੇਵਾਰੀ ਹੁੰਦੀ ਕਿਉਂਕਿ ਘਰ ਵਿਚ ਦੋਵੇਂ ਬਰਾਬਰ ਦੇ ਹੱਕਦਾਰ ਹੁੰਦੇ ਹਨ। ਇਸਨੂੰ ਕਾਇਮ ਰੱਖਣ ਲਈ ਸੰਜਮ, ਧੀਰਜ ਤੇ ਬੇਹੱਦ ਹੌਸਲੇ ਦੀ ਜ਼ਰੂਰਤ ਹੁੰਦੀ ।

ਇਨਸਾਨ ਗਲਤੀ ਦਾ ਪੁਤਲਾ ਹੁੰਦਾ । ਨਿੱਕੀ-ਮੋਟੀ ਗਲਤੀ ਘਰ 'ਚ ਕਿਸੇ ਕੋਲੋਂ ਵੀ ਹੋ ਸਕਦੀ ਪਰ ਗੱਲ ਨੂੰ ਸੋਚੇ-ਸਮਝੇ ਜਾਂ ਜਲਦਬਾਜ਼ੀ ਵਿਚ ਇਕ-ਦੂਸਰੇ 'ਤੇ ਇਲਜ਼ਾਮ-ਤਰਾਸ਼ੀ ਨਾ ਕਰੋ। ਕਈ ਵਾਰ ਵੇਖਣ ਵਿਚ ਆਉਂਦਾ ਕਿ ਨਿੱਕੀ-ਨਿੱਕੀ ਗੱਲ 'ਤੇ ਘਰਾਂ ਵਿਚ ਮਾਹੌਲ ਅਸ਼ਾਂਤ ਤੇ ਖਿੱਚੋਤਾਣ ਵਾਲਾ ਬਣਿਆ ਰਹਿੰਦਾ। ਇਹ ਵਰਤਾਰਾ ਠੀਕ ਨਹੀਂ । ਘੱਟੋ-ਘੱਟ ਵਿਚਾਰਾਂ ਵਿਚ ਤਾਲਮੇਲ ਜ਼ਰੂਰ ਬਣਾਉ। ਗੱਲ-ਗੱਲ 'ਤੇ ਸ਼ੋਰ ਨਾ ਮਚਾਓ। ਅੰਦਰ ਬੈਠੋ ਤੇ ਪਿਆਰ ਨਾਲ ਗੱਲ-ਬਾਤ ਕਰੋ।

ਗਲੀ-ਗੁਆਂਢ 'ਚ ਤਮਾਸ਼ਬੀਨ ਨਾ ਬਣੋ। ਧਿਆਨ ਰੱਖੋ, ਬੱਚਿਆਂ ਸਾਹਮਣੇ ਕਦੇ ਵੀ ਨਾ ਤਾਂ ਗੁੱਸੇਖੋਰ ਸੁਭਾਅ ਦਾ ਪ੍ਰਦਰਸ਼ਨ ਕਰੋ ਤੇ ਨਾ ਹੀ ਭੱਦੀ ਤੇ ਅਸ਼ਲੀਲ ਸ਼ਬਦਾਵਲੀ (ਗਾਲੀ-ਗਲੋਚ) ਦੀ ਵਰਤੋਂ ਕਰੋ। ਬੱਸ ਇਹੋ ਸਮਝ ਕੇ ਚੱਲੋ ਕਿ ਜ਼ਿੰਦਗੀ ਮੁਸੀਬਤਾਂ ਭਰਪੂਰ ਹੁੰਦੀ । ਕਦੇ ਪ੍ਰਵਾਹ ਨਾ ਕਰੋ, ਹਮੇਸ਼ਾ ਖ਼ੁਸ਼ ਰਹੋ, ਸਗੋਂ ਮਾਰੋ-ਮਾਰ ਕਰਦੇ ਮੰਜ਼ਿਲਾਂ ਸਰ ਕਰਦੇ ਜਾਓ।

ਚਿੰਤਾ ਦੀ ਬੁੱਕਲ ਮਾਰ ਕੇ ਨਾ ਬੈਠੋ। ਅੱਗੇ ਵਧੋ। ਕਹਾਵਤ ਕਿ ਜਿੱਥੇ ਦੋ ਭਾਂਡੇ ਹੋਣਗੇ, ਖੜਕਦੇ ਵੀ ਰਹਿਣਗੇ। ਬਿਲਕੁਲ ਠੀਕ ਕਿ ਸਾਡੇ ਆਵਦੇ ਘਰੇ ਵੀ ਦਿਨ ਵਿਚ ਇਕ ਵਾਰ ਇਸ ਤਰ੍ਹਾਂ ਦੇ ਭਾਂਡੇ ਜ਼ਰੂਰ ਖੜਕਦੇ ਨੇ ਪਰ ਮੇਰਾ ਮੰਨਣਾ ਕਿ ਬਿਨਾਂ ਮਤਲਬ ਇਹ ਖੜਕਦੇ ਰਹਿਣਾ ਵੀ ਠੀਕ ਨਹੀਂ। ਬੇਫ਼ਿਕਰੀ ਨਾਲ ਜ਼ਿੰਦਗੀ ਦਾ ਆਨੰਦ ਮਾਣੋ।

ਕਈ ਵਾਰੀ ਜਲਦਬਾਜ਼ੀ ਜਾਂ ਬੇ-ਸਮਝੀ ਨਾਲ ਘਰ ਚਲਾਉਂਦਿਆਂ ਪਰਿਵਾਰ ਵਿਚ ਨਫ਼ੇ-ਨੁਕਸਾਨ ਵਾਲੀ ਸਥਿਤੀ ਬਣ ਜਾਂਦੀ । ਉੱਥੇ ਘਬਰਾਉਣ ਜਾਂ ਮੁਖੀ ਮੈਂਬਰ ਨੂੰ ਦੋਸ਼ ਦੇਣ ਦੀ ਲੋੜ ਨਹੀਂ, ਸਗੋਂ ਉਸ ਨੁਕਤੇ 'ਤੇ ਵਿਚਾਰ ਕਰਨ ਦੀ ਲੋੜ ਹੁੰਦੀ ਕਿ ਕਿੱਥੇ ਇਹ ਤਾਣਾ-ਬਾਣਾ ਉਲਝਿਆ? ਬੱਸ ਇਹ ਸਮਝ ਲੈਣਾ ਸਮੱਸਿਆ ਦਾ ਹੱਲ ਹੁੰਦਾ ।

ਸਿਆਣੇ ਲੋਕ ਤਾਂ ਇਹੋ ਸਲਾਹ ਦਿੰਦੇ ਹਨ ਕਿ ਘਰ-ਪਰਿਵਾਰ ਵਿਚ ਕੋਈ ਵੀ ਕਾਰਜ ਪਰਿਵਾਰਕ ਰਾਇ ਬਗੈਰ ਆਪਹੁਦਰੇ ਹੋ ਕੇ ਨਾ ਕਰੋ, ਜਿਸ ਵਿਚ ਪਿਆ ਘਾਟਾ ਜਾਂ ਨਫ਼ਾ-ਨੁਕਸਾਨ ਤੁਹਾਡੇ ਅਤੇ ਪੂਰੇ ਪਰਿਵਾਰ ਲਈ ਨਮੋਸ਼ੀ ਦਾ ਕਾਰਨ ਬਣੇ।

ਖ਼ੁਸ਼-ਮਿਜ਼ਾਜ ਜ਼ਿੰਦਗੀ ਬਸ਼ਰ ਕਰਨ ਲਈ ਹਉਮੈ ਅਤੇ ਜ਼ਿੱਦ ਨੂੰ ਆਪਣੇ ਦਿਲ-ਦਿਮਾਗ 'ਤੇ ਕਦੇ ਭਾਰੂ ਨਾ ਹੋਣ ਦਿਉ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਆਪਣੀ ਜੇਬ ਦਾ ਧਿਆਨ ਜ਼ਰੂਰ ਰੱਖੋ। ਚਾਦਰ ਵੇਖ ਕੇ ਪੈਰ ਪਸਾਰੋ। ਕਿਤੇ ਇਹ ਨਾ ਹੋਵੇ ਕਿ ਅੱਗੇ ਦੌੜ ਤੇ ਪਿੱਛਾ ਚੌੜ ਵਾਲੀ ਗੱਲ ਬਣੇ।

ਬੱਸ ਏਨਾ ਹੀ, ਬਾਕੀ ਫੇਰ ਕਿਤੇ...।

ਆਸਟ੍ਰੇਲੀਆ ਤੋਂ
ਰਣਜੀਤ ਚੱਕ ਤਾਰੇ ਵਾਲਾ
ਜ਼ਿਲ੍ਹਾ ਮੋਗਾ
82646-05441

# ਭਾਰਤੀ ਫੌਜ ਦੇ ਇੱਕ ਜਾਂ-ਬਾਜ ਪੰਜਾਬੀ ਜਰਨੈਲ ਦੀ ਸਵੈ-ਜੀਵਨੀ

ਆਪ ਨੇ ਕਿਹਾ, "ਕਿਤਨੇ ਗ਼ਾਜ਼ੀ ਆਏ, ਕਿਤਨੇ ਗ਼ਾਜ਼ੀ ਗਏ... ਪਰਵਾਹ ਨਹੀਂ, ਹਮ ਹੈਂ, ਫਿਕਰ ਮੱਤ ਕਰੋ।"

ਇਹ ਬਿਆਨ ਆਪ ਦੇ ਸੇਵਾ-ਕਾਲ ਦੌਰਾਨ ਹੀ ਬਹੁਤ ਪਰਚੱਲਤ ਹੋ ਗਿਆ ਅਤੇ ਵਿਚਾਰ-ਅਧੀਨ ਕਿਤਾਬ ਦਾ ਸਿਰ-ਲੇਖ ਹੈ। ਇਸ ਦਲੇਰੀ ਅਤੇ ਭਰੋਸੇ ਦਾ ਮੁੱਢ ਬਚਪਨ ਵੇਲੇ ਜੱਗੀ ਨਾਲ ਹੋਈ ਲੜਾਈ ਤੋਂ ਹੀ ਬੱਝ ਚੁੱਕਾ ਸੀ। ਆਪਣੀ ਦਲੇਰੀ ਦਾ ਇੱਕ ਹੋਰ ਸਬੂਤ ਦਿੰਦਿਆਂ ਦੇਸ਼ ਦੇ ਗ੍ਰਿਹ ਮੰਤਰੀ ਨੂੰ ਇਹ ਕਿਹਾ ਸੀ ਕਿ "ਜੇ ਇਤਿਹਾਸ ਲਿਖਣਾ ਹੈ ਤਾਂ ਪਹਿਲਾਂ ਕਿਸੇ ਨੂੰ ਇਤਿਹਾਸ ਬਣਾਉਣਾ ਪਵੇਗਾ"।

ਪਾਕਿਸਤਾਨ ਅੰਦਰ 'ਘੁਸ' ਕੇ ਬਾਲਾਕੋਟ ਤੇ ਕੀਤਾ ਸਰਜੀਕਲ ਓਪਰੇਸ਼ਨ ਵੀ ਆਪ ਦੀ ਤਾਇਨਾਤੀ ਵੇਲੇ ਹੋਇਆ, ਭਾਵੇਂ ਕਿ ਇਸ 'ਚ ਮੁੱਖ ਭੂਮਿਕਾ ਭਾਰਤੀ ਹਵਾਈ ਫੌਜ ਦੀ ਸੀ। ਵਰਣਨਯੋਗ ਹੈ ਕਿ ਉਸ ਸਮੇਂ ਸਾਡੇ ਹਵਾਈ ਮੁਖੀ ਏਅਰ ਚੀਫ ਮਾਰਸ਼ਲ ਐੱਸ.ਐੱਸ ਧਨੋਆ ਸਨ। ਇਸ ਓਪਰੇਸ਼ਨ ਦੌਰਾਨ ਦੁਸ਼ਮਣ ਨੇ, ਸਾਡੇ ਪਾਇਲਟ ਅਭਿਨੰਦਨ ਦੇ ਜਹਾਜ਼ ਨੂੰ ਹੇਠਾਂ ਸਿੱਟ ਕੇ, ਉਸ ਨੂੰ ਕੈਦ ਕਰ ਲਿਆ ਪਰ ਭਾਰਤ ਦੀ ਘੁਰਕੀ ਕਰ ਕੇ ਉਸ ਨੂੰ ਤੁਰੰਤ ਵਾਪਿਸ ਭੇਜ ਦਿੱਤਾ ਸੀ।

ਕਸ਼ਮੀਰ 'ਚ ਦਫਾ 370 ਅਤੇ 35 ਏ ਦੇ ਖਾਤਮੇ ਤੋਂ ਬਾਅਦ ਆਪ ਦੀ ਸਮੁੱਚੀ ਕਮਾਨ ਹੇਠ ਫੌਜ ਅਤੇ 'ਟੀਮ ਸਕਿਊਰਟੀ ਫੋਰਸਿਜ' ਵਲੋਂ ਕੀਤੇ ਅਗਾਊਂ ਪ੍ਰਬੰਧਾਂ ਕਰ ਕੇ ਅਤੇ ਬਣਾਈਆਂ ਰਣ-ਨੀਤੀਆਂ ਨੂੰ ਸਹੀ ਢੰਗ ਨਾਲ ਲਾਗੂ ਕਰਨ ਕਰ ਕੇ, ਪੂਰੀ ਸ਼ਾਂਤੀ ਬਣੀ ਰਹੀ। ਆਪ ਦੇ ਸਾਰੇ ਸੇਵਾ-ਕਾਲ ਦੀਆਂ ਸਾਰੀਆਂ ਪ੍ਰਾਪਤੀਆਂ 'ਚੋਂ ਇਹ ਮੁੱਖ ਹੈ।

ਕਸ਼ਮੀਰ 'ਚ ਅੱਤਵਾਦ ਨੂੰ ਨਜਿੱਠਣ ਲਈ ਉਨ੍ਹਾਂ ਨੇ ਆਪਣੀ ਫੌਜੀ ਸ਼ਕਤੀ ਤੋਂ ਕਿਤੇ ਵੱਧ ਇਨਸਾਨੀਅਤ ਨੂੰ ਵਰਤਿਆ। ਇਸ ਲਈ ਕਈ ਨਵੀਆਂ ਸਕੀਮਾਂ ਬਣਾਈਆਂ ਜਿਨ੍ਹਾਂ 'ਚੋਂ ਇੱਕ ਖਾਸ ਨੂੰ ਉਨ੍ਹਾਂ ਨੇ 'ਔਪਰੇਸ਼ਨ ਮਾਂ' ਦਾ ਨਾਓਂ ਦਿੱਤਾ, ਪਰਤੱਖ ਤੌਰ 'ਤੇ ਆਪਣੀ 'ਸ਼ੇਰ-ਮਾਰ' ਮਾਂ ਦੀ ਯਾਦ 'ਚ।

ਇਸ ਸਕੀਮ ਦਾ ਸਿਧਾਂਤ ਸੀ ਕਿ "ਕੋਈ ਵੀ ਮਾਂ ਬੱਚੇ ਤੋਂ ਵਿਰਵੀ ਨਾ ਹੋਵੇ ਤੇ ਕੋਈ ਵੀ ਬੱਚਾ ਮਾਂ ਤੋਂ ਵਿਰਵਾ ਨਾ ਰਹੇ।" ਇਹ ਬਹੁਤ ਹੀ ਸਫਲ ਸਕੀਮ ਸੀ ਅਤੇ ਆਪ ਆਪਣੀ ਇਸ ਪ੍ਰਾਪਤੀ ਨੂੰ ਬਹੁਤ ਫਖਰ ਨਾਲ ਯਾਦ ਕਰਦੇ ਹਨ।

ਆਪ ਦੀ ਮਾਨਤਾ ਹੈ ਕਿ ਫੌਜ ਦਾ ਕੰਮ, ਅੱਤਵਾਦੀਆਂ ਤੇ ਵੱਖਵਾਦੀਆਂ ਨੂੰ ਖਤਮ ਕਰਨ ਤੋਂ ਵੱਧ ਨਵੇਂ ਬਣਨ ਤੋਂ ਰੋਕਣ ਅਤੇ ਪਹਿਲਿਆਂ ਨੂੰ ਵਾਪਿਸ ਸਮਾਜਿਕ ਧਾਰਾ 'ਚ ਲਿਆਉਣ ਦਾ ਹੁੰਦਾ ਹੈ। ਇਸ ਟੀਚੇ ਨੂੰ ਪੂਰਾ ਕਰਨ ਲਈ ਲੋੜੀਂਦੇ ਬ੍ਰਿਤਾਂਤ ਅਤੇ ਯੋਗ ਵਾਤਾਵਰਨ ਸਿਰਜਣਾ ਵੀ ਫੌਜ ਦਾ ਕੰਮ ਹੈ। ਮੈਂ ਇਸ ਉਦੇਸ਼ ਦੀ ਪ੍ਰਾਪਤੀ ਲਈ ਸੋਸ਼ਲ, ਅਖ਼ਬਾਰੀ ਅਤੇ ਬਿਜਲੀ ਮੀਡੀਏ ਦਾ ਭਰਪੂਰ ਸਦ-ਉਪਯੋਗ ਕੀਤਾ। ਮਨੁੱਖੀ ਭਾਈਚਾਰੇ ਦਾ ਸੰਦੇਸ਼ ਦੇਣ ਲਈ ਹਰ ਧਰਮ ਦੇ ਸਮਾਗਮਾਂ 'ਚ ਖੁਲ ਕੇ ਹਿੱਸਾ ਲਿਆ।

ਆਪ ਨੇ 'ਟੀਮ ਸਕਿਊਰਟੀ ਫੋਰਸਿਜ' ਨਾਓਂ ਦਾ ਨਵਾਂ ਸੰਕਲਪ ਸਿਰਜ ਕੇ ਸਭ ਸੁਰੱਖਿਆ ਸੰਸਥਾਵਾਂ ਨੂੰ ਇੱਕ-ਸੁਰ ਕਰਨ ਦਾ ਸਲਾਘਾ-ਯੋਗ ਅਤੇ ਨਿਵੇਕਲਾ ਉਪਰਾਲਾ ਕੀਤਾ। ਕਿਤਾਬ 'ਚ ਇਸ ਗੱਲ ਦਾ ਖਾਸ ਜ਼ਿਕਰ ਕਰਦਿਆਂ ਆਪ ਨੇ ਕਿਹਾ ਹੈ ਕਿ 'ਵਰਦੀ ਦਾ ਰੰਗ ਮਹੱਤਵ-ਪੂਰਨ ਨਹੀਂ'। ਹਰ ਸੰਸਥਾ ਦੀ ਭੂਮਿਕਾ ਮਹੱਤਵ-ਪੂਰਨ ਹੈ।

ਸਪਸ਼ਟ ਹੈ ਕਿ ਆਪ ਕਸ਼ਮੀਰ ਸਮੱਸਿਆ ਦੇ ਚੋਟੀ ਦੇ ਚੋਣਵੇਂ ਜਾਣਕਾਰਾਂ 'ਚੋਂ ਹਨ ਅਤੇ ਕਿਤਾਬ ਦੇ ਅਖੀਰ 'ਚ ਆਪ ਨੇ ਇਸ ਸਮੱਸਿਆ ਨੂੰ ਨਜਿੱਠਣ ਲਈ ਆਪਣੇ ਸੁਝਾਓ ਦਿੱਤੇ ਹਨ। ਇਹ ਪੈਂਗਿਉਨ ਰੈਂਡਮ ਹਾਉਸ ਇੰਡੀਆ (ਗੁਰੂਗਰਾਮ) ਵਲੋਂ ਛਾਪੀ ਗਈ ਹੈ।

# ਚਿੱਕੜ ਵਿਚ ਜੰਮਿਆ ਕੰਵਲ ਗੁਰਦਿਆਲ ਦਲਾਲ

ਕਲਮੀ ਚਿੱਤਰ

ਲੇਖਕ ਦੇ ਰੂਪ ਵਿਚ ਮੈਂ ਗੁਰਦਿਆਲ ਦਲਾਲ ਦਾ ਨਾਂ ਚਿਰੋਕਣਾ ਜਾਣਦਾ ਸੀ। ਇਹਦੀ ਕੋਈ-ਕੋਈ ਰਚਨਾ ਕਦੀ-ਕਦੀ, ਕਿਤੇ-ਕਿਤੇ ਮੇਰੀ ਨਜ਼ਰ ਪੈਂਦੀ ਰਹੀ ਸੀ। ਇਕ ਦਿਨ ਅਖ਼ਬਾਰ ਵਿਚ ਮੈਂ ਇਹਦਾ ਇਕ ਮਿਡਲ ਪੜ੍ਹਨਾ ਸ਼ੁਰੂ ਕਰ ਲਿਆ। ਲਿਖਤ ਦੀ ਬੁਣਤੀ, ਭਾਸ਼ਾ ਅਤੇ ਪੇਸ਼ਕਾਰੀ ਪ੍ਰਭਾਵਿਤ ਕਰਨ ਵਾਲੀਆਂ ਸਨ। ਧਿਆਨ ਖਿੱਚਣ ਵਾਲੀ ਇਕ ਹੋਰ ਗੱਲ ਲੇਖਕ ਦੀ ਆਪਣੇ ਬਾਰੇ ਸੱਚ ਬੋਲਣ ਦੀ ਸਮਰੱਥਾ ਸੀ। ਉਸ ਪਿੱਛੋਂ ਮੈਂ ਇਹਦੀਆਂ ਰਚਨਾਵਾਂ ਗਹੁ ਨਾਲ ਪੜ੍ਹਨ ਲੱਗ ਪਿਆ। ਰਿਸ਼ਤਿਆਂ ਦੇ ਵਿੰਗ-ਵਲੇਵੇਂ ਤੇ ਗੋਰਖਧੰਦੇ, ਕਠੋਰਤਾ ਤੇ ਭਾਵੁਕਤਾ, ਨਿਸ਼ਕਾਮਤਾ ਤੇ



**ਗੁਰਬਚਨ ਸਿੰਘ ਭੁੱਲਰ**
**ਫੋਨ:+91-80763-63058**

ਸਵਾਰਥ, ਮੋਹ ਤੇ ਖ਼ੁਦਗਰਜ਼ੀ, ਤੰਦਾਂ ਦੀ ਅਟੁੱਟਤਾ ਤੇ ਤਿੜਕਣ ਤੱਕ ਪੁੱਜੇ ਖਿਚਾਓ, ਮੋਕਲੇ ਕਲਾਵੇ ਤੇ ਸਵੈਕੇਂਦਰਿਤਾ ਦਾ ਦਵੰਦ ਤੇ ਟਕਰਾਉ, ਸਮਾਨੰਤਰਤਾ ਦਾ ਕਦੀ ਸਿਮਟਣਾ ਤੇ ਕਦੀ ਫੈਲਣਾ, ਇਹ ਸਭ ਗੁਰਦਿਆਲ ਅਸਰਦਾਰ ਢੰਗ ਨਾਲ ਪੇਸ਼ ਕਰਦਾ।

ਮਿਡਲਾਂ ਦੇ ਨਾਲ-ਨਾਲ ਮੈਂ ਇਹਦੀਆਂ ਕੁਝ ਕਹਾਣੀਆਂ ਤੇ ਗ਼ਜ਼ਲਾਂ ਪੜ੍ਹੀਆਂ ਤਾਂ ਜੀਅ ਇਹਨੂੰ ਚਿੱਠੀ ਲਿਖਣ ਨੂੰ ਕਰ ਆਇਆ। ਇਹਦਾ ਉੱਤਰ ਮੇਰੀ ਕੀਤੀ ਪ੍ਰਸੰਸਾ ਸਦਕਾ ਉਤਸਾਹ-ਭਰਪੂਰ ਸੀ। ਇਉਂ ਸਾਡਾ ਚਿੱਠੀ-ਪੱਤਰ ਸ਼ੁਰੂ ਹੋ ਗਿਆ। ਇਹ ਚਿੱਠੀ-ਪੱਤਰ ਇਸ ਪੱਖੋਂ ਕਾਫ਼ੀ ਸੀ ਕਿ ਇਕ ਸਾਹਿਤਕ ਸਮਾਗਮ ਵਿਚ ਮਿਲਦਿਆਂ ਹੀ ਸਾਡੀ ਸਿੱਧੀ ਜਾਣ-ਪਛਾਣ ਹੋ ਜਾਂਦੀ ਤੇ ਫੇਰ ਕੁਝ ਹੀ ਸਮੇਂ ਵਿਚ ਇਹ ਜਾਣ-ਪਛਾਣ ਦੋਸਤੀ ਵਿਚ ਬਦਲ ਜਾਂਦੀ। ਓਦੋਂ ਤੱਕ ਉਹ ਚੰਗੀਆਂ ਕਹਾਣੀਆਂ ਤੇ ਗ਼ਜ਼ਲਾਂ ਲਿਖਣ ਵਾਲੇ ਲੇਖਕ ਵਜੋਂ ਜਾਣਿਆ ਜਾਣ ਲੱਗਿਆ ਸੀ।

ਵਾਹ ਪਿਆ ਤਾਂ ਉਹ ਸਨਿਮਰ-ਸਾਊ ਤੇ ਮਿੱਠ-ਬੋਲੜਾ ਬੰਦਾ ਨਿੱਕਲਿਆ। ਲੇਖਕ ਆਪਣੀ ਰਚਨਾ ਨੂੰ ਅਕਸਰ ਵਧਾ-ਚੜ੍ਹਾ ਕੇ ਅੰਗਦੇ ਹਨ ਪਰ ਇਹ ਓਨਾ ਮਾਣ ਵੀ ਨਹੀਂ ਸੀ ਕਰਦਾ ਜਿੰਨਾ ਉਨ੍ਹਾਂ ਉਤੇ ਕਰਨਾ ਵਾਜਬ ਸੀ। ਇਹਦੇ ਸੁਭਾਅ ਵਿਚ ਇਕ ਖ਼ਾਸ ਸਾਹਿਤਕ ਸੰਕੋਚ ਜਿਹਾ ਸੀ ਜੋ ਸਵੈਮੁਲਾਂਕਣ ਸਮੇਂ ਇਹਦੇ ਕੰਨ ਵਿਚ ਕਹਿੰਦਾ ਰਹਿੰਦਾ ਸੀ, ਨਹੀਂ, ਤੇਰੀ ਇਹ ਰਚਨਾ ਏਨੀ ਵਡਿਆਈ ਦੀ ਹੱਕਦਾਰ ਨਹੀਂ। ਇਹ ਕਹਾਣੀਆਂ ਵੀ ਚੰਗੀਆਂ ਨਹੀਂ, ਬਹੁਤ ਚੰਗੀਆਂ ਲਿਖਦਾ ਹੈ ਤੇ ਗ਼ਜ਼ਲਾਂ ਵੀ, ਪਰ ਇਹਦਾ ਇਹ ਭਰਮ ਬਣਿਆ ਰਹਿੰਦਾ ਹੈ ਕਿ ਅਜੇ ਓਨੀਆਂ ਚੰਗੀਆਂ ਨਹੀਂ। ਸ਼ਾਇਦ ਇਹ ਵੀ ਇਹਦੇ ਨਿਰੰਤਰ ਸਾਹਿਤਕ ਵਿਕਾਸ ਦਾ ਇਕ ਆਧਾਰ ਹੋਵੇ।

ਜਦੋਂ ਅਸੀਂ ਖਾਸੇ ਨੇੜੇ ਹੋ ਗਏ, ਮੈਂ ਇਹਦੀ ਇਸ ਲਗਭਗ ਹੀਣ-ਭਾਵਨਾ ਵਾਲੇ ਸੁਭਾਅ ਦੇ ਪਿਛੋਕੜ ਬਾਰੇ ਜਾਣਨਾ ਚਾਹਿਆ। ਇਹ ਮੈਨੂੰ ਆਪਣੇ ਬਚਪਨ ਤੇ ਚੜ੍ਹਦੀ ਜਵਾਨੀ ਦੀ ਫ਼ਿਲਮ ਦਿਖਾਉਣ ਲੱਗ ਪਿਆ। ਮੇਰਾ ਹੈਰਾਨ ਹੋਣਾ ਸੁਭਾਵਿਕ ਸੀ ਜਦੋਂ ਇਹ ਆਪਣਾ ਅੱਜ ਸਮਝਾਉਣ ਲਈ ਆਪਣਾ ਉਹ ਰੂਪ ਦਿਖਾਉਣ ਲੱਗਿਆ ਜੋ ਕਿਸੇ ਲਈ ਵੀ ਦਿਖਾਉਣਾ ਮੁਸ਼ਕਿਲ ਹੋ ਜਾਵੇ। ਇਹ ਆਪਣੀ ਫ਼ਿਲਮ ਕਿਤੋਂ ਵੀ ਸੈਂਸਰ ਨਹੀਂ ਸੀ ਕਰ ਰਿਹਾ। ਇਹਦਾ ਉਹੋ ਰੂਪ ਸਾਹਮਣੇ ਆ ਰਿਹਾ ਸੀ ਜਿਹੋ ਜਿਹਾ ਇਹ ਹੁੰਦਾ ਸੀ।

ਇਹਦਾ ਬਾਲਪਨ ਜਿਸ ਮਾਹੌਲ ਵਿਚ ਬੀਤਿਆ, ਪਿੰਡਾਂ ਦੇ ਬਹੁਤੇ ਲੋਕਾਂ ਲਈ ਉਹ ਅਣਪੜ੍ਹਤਾ, ਗ਼ਰੀਬੀ, ਜਹਾਲਤ, ਮਿਹਨਤ-ਮੁਸ਼ੱਕਤ, ਵਹਿਮਾਂ-ਭਰਮਾਂ, ਆਦਿ ਦਾ ਭਰਿਆ ਹੋਇਆ ਮਾਹੌਲ ਸੀ। ਉਹ ਮਾਹੌਲ ਦੇ ਹੋਰ ਬਹੁਤੇ ਮੁੰਡਿਆਂ ਵਾਂਗ ਇਹ ਇਕ ਅਮੋੜ ਉਲੱਥ ਮੁੰਡਾ ਸੀ। ਇਕ ਵਾਰ ਦੋਸਤ ਦਾ ਇਕ ਰੁਪਿਆ ਚੋਰੀ ਕਰਨ ਵਿਚ ਵੀ ਇਹ ਕੋਈ ਝਿਜਕ ਨਹੀਂ ਮੰਨਦਾ। ਭੌਂਦੂ ਹੈ ਹੀ ਨਹੀਂ ਸੀ, ਦੇਖਣ ਵਿਚ ਵੀ ਭੌਂਦੂ ਲਗਦਾ ਸੀ। ਸਕੂਲ ਭੇਜਿਆ ਤਾਂ ਮਾਸਟਰਾਂ ਤੋਂ ਮੁਰਗਾ ਬਣਦਾ ਰਹਿੰਦਾ। ਆਗਿਆਕਾਰ ਪੁੱਤ ਹੋਣਾ ਤਾਂ ਦੂਰ, ਇਹ ਕੋਈ ਵੀ ਛੋਟਾ-ਮੋਟਾ ਕੰਮ ਕਹੇ ਤੋਂ ਨਾਂਹ ਕਰ ਦਿੰਦਾ। ਨਤੀਜੇ ਵਜੋਂ, ਗੱਲ-ਗੱਲ ਉੱਤੇ ਮਾਂ ਤੇ ਮਾਮੇ ਤੋਂ ਛਿੱਤਰ ਖਾਂਦਾ। ਖਜੂਰ ਦੇ ਟੁੱਟਦੇ ਖੱਗੇ ਤੋਂ ਅੱਖ-ਮੂੰਹ ਬਚਾਉਣ ਦੀ ਨੇਕ ਸਲਾਹ ਦੇਣ ਵਾਲੀ ਨਾਨੀ ਨੂੰ 'ਭੌਂਕਣਾ ਬੰਦ ਕਰਨ' ਲਈ ਆਖਦਾ ਤੇ ਬਾਂਕ ਨਾਲ ਗਾਟਾ ਲਾਹ ਦੇਣ ਦਾ ਡਰਾਵਾ ਦਿੰਦਾ। ਉਹ ਬਿਚਾਰੀ ਅੱਗੋਂ ਗੁੱਸਾ ਕਰਨ ਦੀ ਥਾਂ 'ਦੋਹਤਿਆ ਹਰਾਮਖੋਰਾ' ਆਖ ਕੇ ਹੱਸ ਛੱਡਦੀ। ਮਾਂ ਹਉਕੇ ਲੈਂਦੀ, 'ਵੇ ਚੰਦਰਿਆ, ਤੂੰ ਵੀ ਕਦੇ ਕਿਸੇ ਨੂੰ ਜੀ ਕਹਿ ਦਿਆ ਕਰ!'

ਭਿੱਟ ਤੇ ਛੂਤਛਾਤ ਵਾਲੇ ਉਸ ਜ਼ਮਾਨੇ ਦੀ ਰੀਤ ਦੇ ਉਲਟ ਕਥਿਤ ਨੀਵੀਆਂ ਜਾਤਾਂ ਦੇ ਮੁੰਡਿਆਂ ਨਾਲ ਖੇਡਣ ਗਿਆ ਉਨ੍ਹਾਂ ਦੇ ਘਰਾਂ ਦਾ ਪੱਕਿਆ ਵੀ ਖਾ ਲੈਂਦਾ। ਇਹ ਮਲੀਨ ਧੰਦਾ ਕਰਨ ਤੇ ਸੂਰ ਪਾਲਣ ਵਾਲਿਆਂ ਦੇ ਮੁੰਡੇ ਜੋਗਿੰਦਰ ਦੇ ਘਰ ਜਾ ਕੇ ਖਾਣ-ਪੀਣ ਵਿਚ ਵੀ ਸੂਗ ਨਹੀਂ ਸੀ ਮੰਨਦਾ। ਹੋਰ ਸਾਂਝਾਂ ਦੇ ਬਾਵਜੂਦ ਹਿੰਦੂਆਂ-ਸਿੱਖਾਂ ਤੇ ਮੁਸਲਮਾਨਾਂ ਵਿਚਕਾਰ ਖਾਣ-ਪੀਣ ਦੀ ਸਾਂਝ ਵਰਜਿਤ ਸੀ। ਇਹਨੂੰ ਮੁਸਲਮਾਨਾਂ ਦੇ ਘਰੀਂ ਖਾਣ ਤੋਂ ਵੀ ਕੋਈ ਸੰਕੋਚ ਨਹੀਂ ਸੀ। ਮੁਸਲਮਾਨ ਤੇਲੀਆਂ ਦੇ ਮੁੰਡੇ ਬੀਰੂ ਨਾਲ ਵੀ ਇਕੋ ਥਾਲੀ ਵਿਚ ਛਕ ਆਉਂਦਾ ਸੀ ਅਤੇ ਵਿਹੜੇ ਵਾਲੇ ਅਰਜਨ ਅਮਲੀ ਦੇ ਜੂਠੇ ਹੁੱਕੇ ਦੀ ਗੁੜ-ਗੁੜ ਵੀ ਬੁਲਾ ਆਉਂਦਾ ਸੀ।

ਪਿੰਡ ਕੋਲੋਂ ਦੀ ਲੰਘਦੀ ਨਹਿਰ ਦਾ ਪਾਣੀ ਉਨ੍ਹਾਂ ਸਮਿਆਂ ਵਿਚ ਸ਼ਤੀਰੀਆਂ ਢੋਣ ਦਾ ਸਾਧਨ ਹੁੰਦਾ ਸੀ। ਸ਼ਤੀਰੀਆਂ ਦੇ ਮਾਲਕਾਂ ਦੇ ਬੰਦੇ ਪਟੜੀ ਉੱਤੇ ਘੁੰਮ-ਫਿਰ ਕੇ ਸ਼ਤੀਰੀਆਂ ਦੀ ਨਿਗਰਾਨੀ ਰਖਦੇ। ਪਿੰਡਾਂ ਵਾਲੇ ਦਾਅ ਲਗਦਿਆਂ ਹੀ ਸ਼ਤੀਰੀਆਂ ਚੋਰੀ ਕਰਨ ਦਾ ਯਤਨ ਕਰਦੇ। ਗੁਰਦਿਆਲ ਤੇ ਇਹਦੇ ਸਾਥੀ ਇਸ ਕੰਮ ਵਿਚ ਫਾਡੀ ਥੋੜ੍ਹੋ ਰਹਿ ਸਕਦੇ ਸਨ! ਸ਼ਤੀਰੀਆਂ ਵਾਲੇ ਇਨ੍ਹਾਂ ਭੱਜੇ ਜਾਂਦੇ ਮੁੰਡਿਆਂ ਨੂੰ ਗਾਲ਼ਾਂ ਦਿੰਦੇ। ਉਨ੍ਹਾਂ ਦੀਆਂ ਗੰਦੀਆਂ ਗਾਲ਼ਾਂ ਦੇ ਜਵਾਬ ਵਿਚ ਇਹ ਉਨ੍ਹਾਂ ਤੋਂ ਵੀ ਵੱਧ ਗੰਦੀਆਂ ਗਾਲ਼ਾਂ ਕਢਦਾ। ਸ਼ਤੀਰੀਆਂ ਵਾਲਿਆਂ ਨਾਲ ਗਾਲ਼ੋ-ਗਾਲ਼ੀ ਹੋਣ ਤੋਂ ਵਿਹਲੇ ਹੁੰਦੇ ਤਾਂ ਇਹ ਲੰਡੋਰ ਜਥਾ ਸ਼ਿਕਾਰੀਆਂ ਲਈ ਸਰਕੜਿਆਂ ਤੇ ਫ਼ਸਲਾਂ ਵਿਚ ਹਾ-ਹਾ ਕਰ ਕੇ ਝਾੜ ਪਾਉਣ ਜਾ ਲਗਦਾ। ਪਿੰਡ ਦਾ ਇਕ ਸੇਵਾ-ਮੁਕਤ ਕਪਤਾਨ ਸਾਹਿਬ ਗਰਾਮੋਫ਼ੋਨ ਦੇ ਤਵੇ ਸੁਣਨ ਦਾ ਸ਼ੌਕੀਨ ਸੀ। ਜਿਉਂ ਹੀ ਆਵਾਜ਼ ਕਿਸੇ ਮੁੰਡੇ ਦੇ ਕੰਨੀਂ ਪੈਂਦੀ, ਉਹ ਸਾਰੀ ਲੰਡੋਰ ਮੰਡਲੀ ਨੂੰ ਇਤਲਾਹ ਕਰ ਦਿੰਦਾ। ਇਹ ਖੁੱਲ੍ਹੇ ਬੂਹਿਉਂ ਵਿਹੜੇ ਵਿਚ ਜਾ ਕੇ ਸਾਊ ਸਰੋਤੇ ਬਣ ਬੈਠ ਜਾਂਦੇ। ਜਿਉਂ ਹੀ ਉਹ ਤਵਾ ਬਦਲਣ ਵੇਲੇ ਘਸੀ ਹੋਈ ਸੂਈ ਸੁੱਟਦਾ, ਗੁਰਦਿਆਲ ਉਹ ਸੂਈ ਖੋਹਣ ਲਈ ਹਾਣੀਆਂ ਨਾਲ ਸਭ ਤੋਂ ਬਹੁਤਾ ਗੁੱਥਮ-ਗੁੱਥਾ ਹੁੰਦਾ।

ਇਸੇ ਰਾਹ ਤੁਰਦਿਆਂ ਇਹ ਬਚਪਨ ਤੋਂ ਜਵਾਨੀ ਵਿਚ ਪੈਰ ਧਰਦਾ ਹੈ ਪਰ ਜਵਾਨ ਹੋ ਕੇ ਵੀ 'ਸੁਧਰਨ' ਤੋਂ ਨਾਬਰ ਬਣਿਆ ਰਹਿੰਦਾ ਹੈ। ਭੈਣ ਸੱਤਿਆ ਨਾਲ ਮਾਮੇ ਦੇ ਫੁੱਲ ਹਰਦੁਆਰ ਪਾ ਆਉਣ ਤੇ ਉਸ ਦੀ ਗਤੀ ਪਹੋਏ ਕਰਵਾ ਆਉਣ ਦਾ ਇਕਰਾਰ ਕਰ ਕੇ ਘਰੋਂ ਤੁਰਦਾ ਹੈ, ਪਰ ਭਰਾਵਾਂ ਦੀ ਸਲਾਹ ਨਾਲ ਸਭ ਕੁਝ ਸਰਹੰਦ ਨਹਿਰ ਵਿਚ ਸੁੱਟ ਕੇ ਘਰ ਪਰਤ ਆਉਂਦਾ ਹੈ। ਨੌਕਰੀ ਕਰਦਿਆਂ ਭਰਾ-ਭਾਬੀ ਕੋਲ ਰਹਿੰਦਾ ਹੈ ਤਾਂ ਪਹਿਲੀ ਤਨਖ਼ਾਹ ਮਾਂ ਵਰਗੀ ਭਾਬੀ ਨੂੰ ਫੜਾਉਣ ਦੀ ਥਾਂ ਪਹਿਲੀ ਕੀ, ਹਰ ਤਨਖ਼ਾਹ ਦੋਸਤਾਂ, ਕੁੜੀਆਂ ਤੇ ਫ਼ਿਲਮਾਂ ਉੱਤੇ ਉਡਾਉਂਦਾ ਰਹਿੰਦਾ ਹੈ ਤੇ ਮਨਮਰਜ਼ੀ ਦਾ ਪਹਿਨਦਾ-ਖਾਂਦਾ ਹੈ। ਕਾਲਜ ਵਿਚ ਜਮਾਤਣ ਰਹੀ ਚੰਨੀ ਨੂੰ ਆਪਣੇ ਸੱਚੇ ਪਿਆਰ ਦਾ ਭਰੋਸਾ ਦਿਵਾਉਣ ਲਈ ਹਨੂੰਮਾਨ ਮੰਦਰ ਵਿਚ ਝੂਠੀ ਸਹੁੰ ਸਾਂਝੀ ਕਰਦਾ ਹੈ। ਅੱਗੇ ਚੱਲ ਕੇ ਵਿਆਹਿਆ-ਵਰਿਆ ਤੇ ਪੜ੍ਹਿਆ-ਲਿਖਿਆ ਹੋਣ ਦੇ ਬਾਵਜੂਦ ਬੇਬੇ ਨੂੰ 'ਬੁੜ੍ਹੀਏ' ਆਖ ਕੇ ਬੁਲਾਉਂਦਾ ਹੈ। ਲੋਕ-ਲਾਜ ਦੇ ਅਹਿਸਾਸ ਤੇ ਭੈ ਦੇ ਬਾਵਜੂਦ ਇਹ ਮਾਮੇ ਦੀ ਮੌਤ ਮਗਰੋਂ ਮਾਮੀ ਨੂੰ ਸਾਂਭਣੋਂ ਕੰਨੀ ਕਤਰਾ ਜਾਂਦਾ ਹੈ, ਭਾਵੇਂ ਕਿ ਉਨ੍ਹਾਂ ਦੋਵਾਂ ਦਾ ਪਰਬਤੋਂ ਭਾਰਾ ਰਿਣ ਕਿਸੇ ਤਰ੍ਹਾਂ ਵੀ ਉਤਰਨਯੋਗ ਨਹੀਂ ਸੀ।

ਪਰ ਇਹਦੀ ਬਣਦੀ-ਵਿਗਸਦੀ ਸ਼ਖ਼ਸੀਅਤ ਦਾ ਪ੍ਰਭਾਵ ਕੁਝ ਅਜਿਹਾ ਪੈਂਦਾ ਹੈ ਕਿ ਇਸ ਸਭ ਕੁਝ ਦੇ ਬਾਵਜੂਦ ਇਸ ਨਾਲ ਹਮਦਰਦੀ ਜਾਗਦੀ ਹੈ ਤੇ ਮੋਹ ਆਉਂਦਾ ਹੈ। ਕਾਰਨ? ਇਹ ਅੰਦਰੋਂ ਮਾੜਾ ਨਹੀਂ, ਇਸ ਦਾ ਇਹ ਬਾਹਰਲਾ ਰੂਪ ਆਰਥਕ ਪੱਖੋਂ ਥੁੜੇ-ਟੁੱਟੇ, ਨਰਕੀ ਜੀਵਨ ਭੋਗਦੇ, ਅਨਪੜ੍ਹਤਾ ਤੇ ਜਹਾਲਤ ਵਿਚ ਕੁਰਬਲ-ਕੁਰਬਲ ਕਰਦੇ ਆਲੇ-ਦੁਆਲੇ ਦੀ ਸੁਭਾਵਿਕ ਦੇਣ ਸੀ। ਇਹ ਉਹ ਸਮਾਜ ਸੀ ਜਿਥੇ ਜਾਤ-ਪਾਤ ਤੇ ਭਿੱਟ-ਛੂਤ ਦਾ ਬੋਲ-ਬਾਲਾ ਸੀ ਤੇ 'ਉੱਚੀਆਂ' ਜਾਤਾਂ ਦੇ ਕੰਗਲੇ ਵੀ 'ਨੀਵੀਆਂ' ਜਾਤਾਂ ਦੇ ਚੰਗੇ ਭਲਿਆਂ ਤੋਂ ਉੱਚੇ ਸਨ। ਇਹ ਉਹ ਸਮਾਜ ਸੀ ਜਿਥੇ ਕਿਸੇ ਵੀ ਘਰ ਵਿਚ ਟੱਟੀ-ਗੁਸਲਖ਼ਾਨਾ ਨਹੀਂ ਸੀ ਤੇ ਲੋਕ ਨਹਿਰ ਜਾਂ ਬੂੰਬ 'ਤੇ ਨ੍ਹਾਉਂਦੇ-ਧੋਂਦੇ ਸਨ। ਸਾਬਣ ਪਹੁੰਚ ਤੋਂ ਬਾਹਰ ਹੋਣ ਕਰ ਕੇ ਔਰਤਾਂ ਰੇਹੀ ਨਾਲ ਕੱਪੜੇ ਧੋਂਦੀਆਂ ਸਨ। ਇਹ ਉਹ ਸਮਾਜ ਸੀ ਜਿਥੇ ਲੋਕ ਰੋਟੀ ਲਈ ਨਹਿਰ ਵਿਚੋਂ ਸ਼ਤੀਰੀਆਂ ਵਾਂਗ ਇਧਰੋਂ-ਉਧਰੋਂ ਹੋਰ ਵੀ ਛੋਟੀਆਂ-ਮੋਟੀਆਂ ਚੋਰੀਆਂ ਤੇ ਹੇਰਾ-ਫੇਰੀਆਂ ਕਰਦੇ ਸਨ। ਉਹ ਸੂਰਾਂ ਦੇ ਮਾਸ ਪਿੱਛੇ ਯੁੱਧ ਲੜਦੇ ਸਨ ਤੇ ਆਮ ਗੱਲਬਾਤ ਵਿਚ ਗੰਦੀਆਂ ਗਾਲ਼ਾਂ ਕਿਸੇ ਸੰਕੋਚ ਤੋਂ ਬਿਨਾਂ ਦਿਲ ਭਰ ਕੇ ਕਢਦੇ ਸਨ।

ਇਹ ਇਸ ਚਿੱਕੜ ਵਿਚ ਕੰਵਲ ਬਣ ਕੇ ਨਹੀਂ ਉਗਿਆ। ਇਹ ਚਿੱਕੜ ਵਿਚ ਚਿੱਕੜ ਦਾ ਅੰਗ ਬਣ ਕੇ ਜਨਮਿਆ ਅਤੇ ਵਿਕਾਸ ਕਰ ਕੇ ਚਿੱਕੜ ਤੋਂ ਕੰਵਲ ਬਣਿਆ। ਚਿੱਕੜ ਤੋਂ ਕੰਵਲ ਬਣਨ ਦੇ, ਲੰਡੋਰ ਤੋਂ ਲੇਖਕ ਬਣਨ ਦੇ ਇਸ ਰਾਹ ਉੱਤੇ ਦੋ ਗੱਲਾਂ ਇਹਦੀਆਂ ਸਹਾਇਕ ਬਣੀਆਂ।


ਇਕ ਹੈ ਮੂੰਹ-ਫੱਟ ਹੋਣ ਦੇ ਬਾਵਜੂਦ ਇਹਦਾ ਮੂਲ ਰੂਪ ਵਿਚ ਨਿਰਛਲ ਤੇ ਭਾਵੁਕ ਹੋਣਾ ਅਤੇ ਅਵੈੜਾ ਹੁੰਦਿਆਂ ਵੀ ਰਿਸ਼ਤਿਆਂ ਦੀ ਲਛਮਣਕਾਰ ਨੂੰ ਸਮਝਦੇ ਹੋਣਾ। ਇਹ ਮਾਂ ਵਰਗੀ ਭਾਬੀ ਦਾ ਮਿਹਣਾ ਸੁਣ ਕੇ ਰੋਣ ਲਗਦਾ ਹੈ ਅਤੇ ਪਤਨੀ ਦੇ ਥੱਪੜ ਮਾਰਨ ਦੀ ਗ਼ਲਤੀ ਨੂੰ ਸੁਧਾਰਨ ਲਈ ਥਾਂ-ਥਾਂ ਭਟਕਦਾ, ਲੇਲ੍ਹੜੀਆਂ ਕਢਦਾ ਤੇ ਪੈਰੀਂ ਹੱਥ ਲਾਉਂਦਾ ਫਿਰਦਾ ਹੈ। ਇਹ ਸੋਝੀ ਦੇ ਉਦੈ ਤੋਂ ਪਹਿਲਾਂ ਨਾਦਾਨ ਤੇ ਅਣਭੋਲ ਉਮਰ ਵਿਚ ਅਚੇਤ ਹੀ ਜਾਤ-ਪਾਤ, ਭਿੱਟ-ਸੁੱਚ ਤੇ ਊਚ-ਨੀਚ ਦੀਆਂ ਵਲਗਣਾਂ ਨੂੰ ਟਿੱਚ ਸਮਝਦਾ ਹੈ ਤੇ ਬਾਗ਼ੀ ਹੋ ਕੇ ਉਨ੍ਹਾਂ ਦੀ ਘੇਰਾਬੰਦੀ ਤੋਂ ਬਾਹਰ ਹੋ ਜਾਂਦਾ ਹੈ। ਇਹ ਜੇ ਦੋਸਤ ਦੇ ਇਕ ਰੁਪਏ ਦੀ ਚੋਰੀ ਕਰਦਾ ਹੈ ਤਾਂ ਚੋਰੀ ਫੜੀ ਜਾਣ ਉੱਤੇ ਸੱਚੇ ਦਿਲੋਂ ਸ਼ਰਮਿੰਦਗੀ ਵੀ ਮਹਿਸੂਸ ਕਰਦਾ ਹੈ। ਇਹ ਮਾਮੇ ਦੇ ਫੁੱਲ ਇਕਰਾਰ ਦੇ ਉਲਟ ਸਮੇਟ ਤਾਂ ਆਉਂਦਾ ਹੈ ਤੇ ਉਸ ਦੀ ਗਤੀ ਵੀ ਨਹੀਂ ਕਰਵਾਉਂਦਾ, ਪਰ ਸੱਤਿਆ ਭੈਣ ਸਾਹਮਣੇ ਮਾਮੇ ਦੀ ਝੂਠੀ ਸਹੁੰ ਖਾਣ ਦੀ ਹਿੰਮਤ ਨਹੀਂ ਕਰ ਸਕਦਾ ਤੇ ਸੱਚ ਦੱਸ ਕੇ ਸ਼ਰਮਿੰਦਗੀ ਪੱਲੇ ਪੁਆਉਣਾ ਕਬੂਲ ਕਰ ਲੈਂਦਾ ਹੈ। ਇਸ ਵਿਚ ਜੇ ਅਨੇਕ ਵਾਰ ਗ਼ਲਤੀਆਂ ਕਰ ਕੇ ਮਾਫ਼ੀ ਮੰਗਣ ਦੀ ਦਲੇਰੀ ਹੈ ਤਾਂ ਦੋਸਤਾਂ ਦੀਆਂ ਬੱਜਰ ਭੁੱਲਾਂ ਨੂੰ ਮਾਫ਼ ਕਰ ਦੇਣ ਵਾਲਾ ਖੁੱਲ੍ਹਾ ਦਿਲ ਵੀ ਹੈ। ਆਪਣੀਆਂ ਗਲਤੀਆਂ ਦੀ ਹਾਰਦਿਕ ਮਾਫ਼ੀ ਮੰਗਣ ਵਿਚ ਇਸ ਨੂੰ ਕੋਈ ਸੰਕੋਚ ਨਹੀਂ ਅਤੇ ਹੋਰਾਂ ਦੀਆਂ ਗ਼ਲਤੀਆਂ ਮਾਫ਼ ਕਰਨ ਦੀ ਵੀ ਕੋਈ ਝਿਜਕ ਨਹੀਂ। ਮੇਰਾ ਮੱਤ ਹੈ ਕਿ ਜੋ ਵਿਅਕਤੀ ਭਾਵੁਕ ਹੋ ਕੇ ਰੋ ਸਕਦਾ ਹੈ, ਉਸ ਦਾ ਦਿਲ ਜ਼ਰੂਰ ਮੀਂਹ-ਧੋਤੇ ਅੰਬਰ ਵਾਂਗ ਨਿਰਮਲ ਹੁੰਦਾ ਹੈ। ਲੇਖਕ ਮਾਂ, ਮਾਮੇ ਅਤੇ ਭਾਬੀ ਸਾਹਮਣੇ ਤਾਂ ਭਾਵੁਕ ਪਲਾਂ ਵਿਚ ਰੋਂਦਾ ਹੀ ਹੈ, ਜਮਾਤਣਾਂ ਵਲੋਂ ਕੀਤੀ ਥੋੜ੍ਹੀ ਜਿਹੀ ਪ੍ਰਸੰਸਾ ਵੀ ਇਸ ਦੀਆਂ ਅੱਖਾਂ ਗਿੱਲੀਆਂ ਕਰ ਦਿੰਦੀ ਹੈ।

ਦੂਜੀ ਹੈ, ਉਸ ਸਮੇਂ ਦੇ ਬਹੁਤ ਸਾਰੇ ਬੱਚਿਆਂ ਵਾਂਗ ਕੁੱਟ ਦੀ ਕੁਠਾਲੀ ਵਿਚੋਂ ਲੰਘਣਾ। ਇਹ ਉਹ ਜ਼ਮਾਨਾ ਸੀ ਜਦੋਂ ਬੱਚੇ ਵੱਡਿਆਂ ਦੀ ਕੁੱਟ ਨੂੰ ਆਪਣੀ ਭਲਾਈ ਦੇ ਉਦੇਸ਼ ਵਾਲੇ ਇਕ ਸਾਧਾਰਨ ਵਰਤਾਰੇ ਵਜੋਂ ਲੈਂਦੇ ਸਨ ਅਤੇ ਅੱਗੇ ਤੋਂ ਉਹੋ ਜਿਹਾ ਕੁਝ ਦੁਬਾਰਾ ਕਰਨੋਂ ਝਿਜਕਦੇ ਸਨ। ਇਹ ਕੁੱਟ ਉਨ੍ਹਾਂ ਵਿਚ ਨਾ ਕੋਈ ਹੀਣ-ਭਾਵਨਾ ਭਰਦੀ ਸੀ, ਨਾ ਕਥਿਤ ਮਾਨਸਿਕ ਗੁੰਝਲਾਂ ਪੈਦਾ ਕਰਦੀ ਸੀ ਅਤੇ ਨਾ ਰੁੱਸਣ, ਭੱਜਣ ਜਾਂ ਅੱਜ ਵਾਂਗ ਆਤਮਘਾਤ ਤੱਕ ਜਾਣ ਜਿਹਾ ਹਿੰਸਕ ਪ੍ਰਤੀਕਰਮ ਜਗਾਉਂਦੀ ਸੀ। ਜੇ ਮੂਲ ਤੱਕ ਘੋਖਿਆ ਜਾਵੇ, ਇਹ ਕੁੱਟ ਬਾਲ ਲਈ ਮੋਹ-ਪਿਆਰ ਦਾ ਅਤੇ ਉਸ ਦਾ ਭਵਿੱਖ ਸੰਵਾਰਨ ਦੀ ਤੀਬਰ ਇੱਛਾ ਦਾ ਹੀ ਇਕ ਪ੍ਰਗਟਾਵਾ ਹੁੰਦੀ ਸੀ। ਬਹੁਤੇ ਮਾਪੇ 'ਮੁੰਡਾ ਤੇ ਖੁਰਪਾ ਚੰਡਿਆਂ ਹੀ ਤਿੱਖੇ ਹੁੰਦੇ ਹਨ' ਦੇ ਸਿਧਾਂਤ ਦੇ ਧਾਰਨੀ ਹੁੰਦੇ ਸਨ ਅਤੇ ਬਹੁਤੇ ਬੱਚਿਆਂ ਦਾ ਬੇਪਰਵਾਹ ਨਾਅਰਾ 'ਦੋ ਪਈਆਂ, ਵਿੱਸਰ ਗਈਆਂ, ਸਦਕੇ ਮੇਰੀ ਢੂਹੀ ਦੇ' ਹੁੰਦਾ ਸੀ।

ਮਾਮੇ ਨਾਲੋਂ ਵੱਡਾ ਇਹਦਾ ਕੋਈ ਸ਼ੁਭਚਿੰਤਕ ਨਹੀਂ ਅਤੇ ਮਾਮੇ ਕੋਲ ਭਾਣਜੇ ਦੇ ਸਭੇ ਰੋਗਾਂ ਤੇ ਵਿਗਾੜਾਂ ਲਈ ਇਕੋ ਸੰਜੀਵਨੀ ਹੈ ਜੋ ਆਖ਼ਰ ਬੇਹੱਦ ਕਾਰਗਰ ਸਿੱਧ ਹੁੰਦੀ ਹੈ। ਬੇਬੇ ਵੀ ਲੋੜ ਅਨੁਸਾਰ ਦੁਸ਼ਾਂਦਾ ਦੇ ਕੇ ਆਪਣਾ ਯੋਗਦਾਨ ਦਿੰਦੀ ਹੈ ਅਤੇ ਅਧਿਆਪਕ ਵੀ ਸਿੱਧਾ ਮਾਰਗ ਦਿਖਾਉਣ ਲਈ ਇਸੇ ਕੰਪਾਸ ਦੀ ਵਰਤੋਂ ਕਰਦੇ ਹਨ। ਜਦੋਂ ਇਹ ਚੋਰੀਓਂ ਫ਼ਿਲਮ ਦੇਖਣ ਜਾਂਦਾ ਹੈ ਤੇ ਮਾਮਾ ਇਹਨੂੰ ਇੰਟਰਵਲ ਵੇਲੇ ਜਾ ਘੇਰਦਾ ਹੈ, ਉਹ ਉਥੇ ਹੀ ਛਿੱਤਰ-ਪਰੇਡ ਸ਼ੁਰੂ ਕਰ ਦਿੰਦਾ ਹੈ ਤੇ ਛਿੱਤਰ-ਪਰੇਡ ਕਰਦਿਆਂ ਹੀ ਉਥੋਂ ਧੂਹ ਲਿਆਉਂਦਾ ਹੈ। ਮਾਮਾ ਇਸ ਘਟਨਾ ਦੀ ਜਾਣਕਾਰੀ ਕਾਲਜ ਦੇ ਪ੍ਰਿੰਸੀਪਲ ਨੂੰ ਦਿੰਦਾ ਹੈ ਤਾਂ ਉਹ ਗਦਗਦ ਹੋ ਜਾਂਦਾ ਹੈ ਅਤੇ ਮਾਮੇ ਦੀ ਉਸਤਤ ਕਰਦਾ ਹੈ, 'ਤੁਹਾਡਾ ਮੁੰਡਾ ਹੁਣ, ਸਮਝ ਲਵੋ, ਪੜ੍ਹ ਗਿਆ। ਤੁਸੀਂ ਬਹੁਤ ਚੰਗਾ ਕੀਤਾ। ...ਇਹ ਬਾਂਦਰ-ਬੁੱਧੀ ਹੁੰਦੀ ਐ ਏਸ ਉਮਰ ਦੀ...'

ਇਹਨੂੰ ਆਪ ਵੀ ਇਹ ਮੰਨਣ ਵਿਚ ਕੋਈ ਸੰਕੋਚ ਨਹੀਂ ਕਿ ਪੈਰ ਚਿੱਕੜ ਵਿਚ ਖੁੱਭੇ ਹੋਣ ਦੇ ਬਾਵਜੂਦ ਜੇ ਇਹ ਆਪਣਾ ਸਿਰ ਸੋਝੀ ਦੀ ਪੌਣ ਅਤੇ ਵਿਦਿਆ ਦੇ ਚਾਨਣ ਤੱਕ ਉੱਚਾ ਚੁੱਕ ਸਕਿਆ ਹੈ ਅਤੇ ਚੰਗੇ ਰਹਿਣ-ਸਹਿਣ ਦੇ ਨਾਲ ਹੀ ਚੰਗੇ ਜੀਵਨ-ਮੁੱਲ ਕਮਾ ਸਕਿਆ ਹੈ, ਇਸ ਵਿਚ ਜਿੱਲ੍ਹਣ ਵਿਚੋਂ ਨਿੱਕਲਣ ਦੀ ਇਸ ਦੀ ਆਪਣੀ ਇੱਛਾ ਤੋਂ ਵੀ ਅਗੇਤ ਵਾਲੀ ਭੂਮਿਕਾ ਮਾਮੇ ਦੀ ਸਖ਼ਤੀ ਤੇ ਨਿਗਰਾਨੀ ਦੀ ਰਹੀ ਹੈ।

ਇਸ ਦੇ ਨਾਲ ਹੀ ਬਾਲਪਨ ਅਤੇ ਚੜ੍ਹਦੀ ਜਵਾਨੀ ਦੀ ਇਸ ਦੀ ਦਿਸ਼ਾਹੀਣਤਾ ਨੂੰ ਦਿਸ਼ਾ ਦੇਣ ਵਿਚ ਨੇਕੀ ਤੇ ਬਦੀ ਵਿਚਕਾਰ, ਠੀਕ ਤੇ ਗ਼ਲਤ ਵਿਚਕਾਰ ਨਿਖੇੜਾ ਕਰ ਸਕਣ ਦੀ ਇਸ ਦੀ ਯੋਗਤਾ ਸਹਾਈ ਹੁੰਦੀ ਹੈ। ਅੱਥਰੀ ਉਮਰ ਦੇ ਬਾਵਜੂਦ ਇਹ ਜਮਾਤਣਾਂ ਦਾ ਸਤਿਕਾਰ ਕਰਦਾ ਹੈ ਤੇ ਮਿੱਤਰ-ਧਰੋਹ ਤੋਂ ਬਚਦਾ ਹੈ। ਘਣਪਤ ਰਾਏ ਨਾਂ ਦਾ ਬੰਦਾ ਇਹਨੂੰ ਟਿਊਸ਼ਨ ਦੇ ਦੋ ਸੌ ਰੁਪਏ ਦੇਣ



ਦੀ ਥਾਂ ਮੰਦੀ ਦਾ ਰੋਣਾ ਰੋਂਦਾ ਹੈ ਤੇ ਵਾਰ-ਵਾਰ ਕਿਸੇ ਇਕ ਨੰਬਰ ਚੀਜ਼ ਵੱਲ ਚੱਕਰ ਲੁਆ ਦੇਣ ਦੀ ਪੇਸ਼ਕਸ਼ ਕਰਦਾ ਹੈ, ਪਰ ਇਹ ਵਾਰ-ਵਾਰ ਠੁਕਰਾ ਦਿੰਦਾ ਹੈ। ਇਹ ਬੁਰਿਆਂ ਦੀ ਰੀਸ ਕਰਨੋਂ ਟਲਦਾ ਹੈ ਅਤੇ ਚੰਗਿਆਂ ਦੀ ਚੰਗਿਆਈ ਤੋਂ ਪ੍ਰਭਾਵਿਤ ਹੋ ਕੇ ਉਹੋ ਜਿਹਾ ਬਣਨਾ ਚਾਹੁੰਦਾ ਹੈ। ਜਦੋਂ ਟੂਰ ਦਾ ਸਹਿ-ਪ੍ਰਬੰਧਕ ਡੇਨੀਅਲ ਉਡੀਕ ਕਰ ਰਹੇ ਪ੍ਰੋਫ਼ੈਸਰਾਂ ਤੇ ਵਿਦਿਆਰਥੀਆਂ ਦੀ ਪਰਵਾਹ ਕੀਤੇ ਬਿਨਾਂ ਸੜਕ ਉਤੇ ਪਏ ਕਿਸੇ ਜ਼ਖ਼ਮੀ ਨੂੰ ਹਸਪਤਾਲ ਪਹੁੰਚਾਉਂਦਾ ਹੈ ਤੇ ਉਸ ਬੰਦੇ ਦੀ ਜੇਬ ਖਾਲੀ ਨਿੱਕਲਣ 'ਤੇ ਹਸਪਤਾਲੀ ਫੀਸ ਆਪਣੇ ਕੋਲੋਂ ਭਰਦਾ ਹੈ, ਇਹਦੇ ਜ਼ੋਰ ਦੇਣ ਦੇ ਬਾਵਜੂਦ ਉਸ ਨੂੰ ਹੋਸ਼ ਆਉਣ ਤਕ ਉਥੋਂ ਹਿੱਲਣੋਂ ਇਨਕਾਰ ਕਰ ਦਿੰਦਾ ਹੈ ਅਤੇ ਉਹਦੇ ਹੋਸ਼ ਆਏ ਤੋਂ ਇਕ ਜਾਨ ਬਚਾ ਲੈਣ ਦੀ ਖ਼ੁਸ਼ੀ ਵਿਚ ਝੱਲਾ ਹੋਇਆ ਨੱਚਣ ਲਗਦਾ ਹੈ, ਇਹ ਇਸ ਸਾਰੀ ਘਟਨਾ ਨੂੰ ਸਹੀ ਪ੍ਰਸੰਗ ਵਿਚ ਚਿਤਵ ਕੇ ਕਬੂਲ ਕਰਦਾ ਹੈ ਕਿ ਡੇਨੀਅਲ ਦੇ ਇਸ ਵਿਹਾਰ ਨੇ ਇਹਦਾ ਜੀਵਨ-ਨਜ਼ਰੀਆ ਹੀ ਬਦਲ ਦਿੱਤਾ ਅਤੇ ਇਸ ਦੀ ਨਜ਼ਰ ਵਿਚ ਉਹ ਬੰਦੇ ਤੋਂ ਦੇਵਤਾ ਹੋ ਗਿਆ।

ਜਦੋਂ ਇਹਦਾ ਮਿਡਲ 'ਮਾਏ ਨੀ ਹੁਣ ਮਾਰ ਉਡਾਰੀ!' ਪੜ੍ਹਿਆ, ਮੈਂ ਝੰਜੋੜਿਆ ਗਿਆ। ਆਪਣੇ ਅੰਦਰਲੇ, ਆਪਣੇ ਪਰਿਵਾਰ ਦੇ ਹੋਰ ਜੀਆਂ ਅੰਦਰਲੇ ਛੋਟੇ ਮਨੁੱਖ ਬਾਰੇ ਏਨਾ ਕਠੋਰ ਸੱਚ, ਏਨਾ ਬੇਕਿਰਕ ਹੋ ਕੇ ਲਿਖ ਦੇਣਾ! ਅਜਿਹਾ ਕੇਵਲ ਉਹ ਕਰ ਸਕਦਾ ਹੈ ਜਿਸ ਅੰਦਰਲਾ ਵੱਡਾ ਮਨੁੱਖ ਏਨਾ ਵੱਡਾ ਜ਼ਰੂਰ ਹੋਵੇ ਕਿ ਇਸ ਛੋਟੇ ਮਨੁੱਖ ਦੇ ਛੋਟੇਪਣ ਤੋਂ ਭੈ ਨਾ ਖਾਂਦਾ ਹੋਵੇ। ਮੈਂ ਚਿੱਠੀ ਲਿਖ ਕੇ ਇਹ ਲੇਖ ਲਿਖਣ ਦੀ ਉਸ ਦੀ ਦਲੇਰੀ ਦੀ ਪ੍ਰਸੰਸਾ ਕੀਤੀ। ਮੇਰਾ ਹੈਰਾਨ ਹੋਣਾ ਸੁਭਾਵਿਕ ਸੀ ਜਦੋਂ ਉੱਤਰ ਵਿਚ ਉਹ ਭੁੱਬਾਂ ਮਾਰ ਕੇ ਰੋ ਪਿਆ। ਉਹਨੇ ਦੱਸਿਆ ਕਿ ਇਨ੍ਹਾਂ ਲੇਖਾਂ ਕਾਰਨ, ਖਾਸ ਕਰ ਕੇ ਬੇਬੇ ਦੀ ਉਡਾਰੀ ਵਾਲੇ ਲੇਖ ਕਾਰਨ ਸਕੇ-ਸੰਬੰਧੀਆਂ ਵਲੋਂ ਦੁਰਦੁਰ ਹੋ ਰਹੀ ਸੀ ਅਤੇ ਆਪ ਨੰਗਾ ਹੋਣ ਦੀ ਤੇ ਆਪਣਿਆਂ ਨੂੰ ਨੰਗਾ ਕਰਨ ਦੀ ਬੇਸ਼ਰਮੀ ਕਾਰਨ ਲਾਅਨਤਾਂ ਪਾਈਆਂ ਜਾ ਰਹੀਆਂ ਸਨ। ਉਹ ਪਰੇਸ਼ਾਨ ਵੀ ਸੀ ਤੇ ਨਿਰਾਸ ਵੀ। ਉਹਦਾ ਕਹਿਣਾ ਸੀ ਕਿ ਉਹਨੂੰ ਤਾਂ ਭੁੰਜੇ ਹੀ ਲਾਹ ਦਿੱਤਾ ਗਿਆ ਸੀ ਤੇ ਮੇਰੀ ਚਿੱਠੀ ਨੇ ਗਾਰ ਵਿਚੋਂ ਖਿੱਚ ਕੇ ਉਹਨੂੰ ਧਰਤੀ ਉੱਤੇ ਖੜ੍ਹਾ ਕਰ ਦਿੱਤਾ ਹੈ।

ਅਸਲ ਵਿਚ ਅਜਿਹੀ ਔਖ ਦਾ ਸਾਹਮਣਾ ਹੋਣ ਦੀ ਗੁਰਦਿਆਲ ਇਕ-ਮਾਤਰ ਮਿਸਾਲ ਨਹੀਂ। ਜਦੋਂ ਵੀ ਕੋਈ ਲੇਖਕ ਜੀਵਨ ਦੇ ਸੱਚ ਨੂੰ ਗਲਪ ਦਾ ਜਾਂ ਓਪਰੇ ਪਾਤਰਾਂ ਦਾ ਬੁਰਕਾ ਪੁਆਏ ਬਿਨਾਂ ਹੂਬਹੂ ਪੇਸ਼ ਕਰਦਾ ਹੈ, ਸਕੇ-ਸੰਬੰਧੀਆਂ ਲਈ ਅਜਿਹਾ ਸਵੈਦਰਸ਼ਨ ਬਹੁਤ ਪਰੇਸ਼ਾਨ ਕਰਨ ਵਾਲਾ ਬਣ ਜਾਂਦਾ ਹੈ। ਅਜਿਹੇ ਜੀਵਤ ਪਾਤਰਾਂ ਤੋਂ, ਜੋ ਰਚਨਾ ਵਿਚ ਆਪਣੇ ਆਪ ਨੂੰ ਬੇਪਰਦ ਹੋਏ ਸਮਝਦੇ ਹੋਣ, ਉਹ ਭਾਵੇਂ ਪੜ੍ਹੇ-ਲਿਖੇ ਹੀ ਕਿਉਂ ਨਾ ਹੋਣ, ਸਾਰੇ ਮਾਮਲੇ ਵਿਚ ਉਨ੍ਹਾਂ ਦੀ ਉਲਾਰਤਾ ਸ਼ਾਮਲ ਹੋ ਗਈ ਹੋਣ ਕਰ ਕੇ, ਗੱਲ ਨੂੰ ਸਹੀ ਪ੍ਰਸੰਗ ਵਿਚ ਦੇਖਣ ਦੀ ਆਸ ਘੱਟ ਹੀ ਹੁੰਦੀ ਹੈ।

ਇਹਦੀ ਭਾਸ਼ਾ ਵਿਚ ਸਾਦਗੀ, ਸਰਲਤਾ ਤੇ ਸੰਖੇਪਤਾ ਹੈ। ਇਹਦੀ ਸ਼ਬਦ-ਚਿਤਰਕਾਰੀ ਥਾਂ-ਥਾਂ ਬੰਨ੍ਹ ਖੜ੍ਹਾਉਂਦੀ ਹੈ। ਅਨੇਕ ਵਾਰ ਅਜਿਹਾ ਲਗਦਾ ਹੈ ਜਿਵੇਂ ਪਾਠਕ ਪੜ੍ਹ ਨਾ ਰਿਹਾ ਹੋਵੇ ਸਗੋਂ ਦਰਸ਼ਕ ਦੇਖ ਰਿਹਾ ਹੋਵੇ। ਜਿਵੇਂ ਨਿਪੁੰਨ ਸਕੈੱਚੀਆ ਦੋ-ਚਾਰ ਲਕੀਰਾਂ ਵਾਹ ਕੇ ਵਿਅਕਤੀ ਦੀ ਨੁਹਾਰ ਸਾਵੀਂ ਦੀ ਸਾਵੀਂ ਉਘਾੜ ਦਿੰਦਾ ਹੈ, ਇਹ ਗਿਣਵੀਆਂ ਸ਼ਬਦ-ਛੋਹਾਂ ਨਾਲ ਮਨੁੱਖ ਨੂੰ ਸਾਕਾਰ ਕਰ ਦਿੰਦਾ ਹੈ।

ਮਾਮਾ ਆਪਣੇ ਪੂਰੇ ਜਲੌਅ ਨਾਲ ਸਾਡੇ ਸਾਹਮਣੇ ਆਉਂਦਾ ਹੈ। ਇਕ ਦਿਨ ਉਹ 'ਤੁਸੀਂ ਭਾਈ ਮੰਨਣਾ ਨਹੀਂ' ਆਖ ਕੇ ਆਪਣੇ ਨਾਲ ਸਾਮਰਤੱਖ ਵਾਪਰੀ ਘਟਨਾ ਸੁਣਾਉਂਦਾ ਹੈ। ਸਿਰ ਉੱਤੇ ਸੋਨੇ ਦਾ ਮੁਕਟ ਤੇ ਤਨ ਉੱਤੇ ਸੋਨੇ ਦੇ ਵਸਤਰ ਸਜਾ ਕੇ ਮਹਾਰਾਜ ਉਹਨੂੰ ਪ੍ਰਤੱਖ ਦਰਸ਼ਨ ਦੇਣ ਲਈ ਆਪ ਚੱਲ ਕੇ ਆਉਂਦੇ ਹਨ। ਉਨ੍ਹਾਂ ਦੇ ਹੱਥ ਵਿਚ ਸੋਨੇ ਦੀ ਹੀ ਪੋਥੀ ਹੈ ਜਿਸ ਨੂੰ ਖੋਲ੍ਹ ਕੇ ਉਹ ਕਹਿੰਦੇ ਹਨ, 'ਅਮੀਂ ਚੰਦਾ, ਆਪਣੀ ਵਡੀ ਭੈਣ ਦੀ ਬਾਂਹ ਫੜ ਕੇ ਭਾਣਜਿਆਂ ਦੇ ਸਿਰਾਂ 'ਤੇ ਹੱਥ ਰੱਖ। ਕਿਥੇ ਤੂੰ ਬੇਔਲਾਦਾ ਸੀ, ਕਿਥੇ ਤੈਨੂੰ ਚਾਰ ਪੁੱਤਰ ਦਿੱਤੇ। ਇਹ ਵੱਡੇ ਹੋ ਕੇ ਤੈਨੂੰ ਸਾਂਭਣਗੇ। ਸਰਵਣ ਵਾਂਗ ਤੀਰਥਾਂ ਦੀ ਯਾਤਰਾ ਕਰਾਉਣਗੇ।' ਇਹ ਵਾਰਤਾ ਸੁਣਾ ਕੇ ਮਾਮਾ ਐਲਾਨ ਕਰਦਾ ਹੈ, 'ਮੈਂ ਵੀ ਭਾਈ ਸੋਚ ਲਿਆ ਐ, ਇਨ੍ਹਾਂ ਬੱਚਿਆਂ ਨੂੰ ਪੜ੍ਹਾ-ਲਿਖਾ ਕੇ ਵੱਡੇ ਬੰਦੇ ਬਣਾਊਂ।'

ਮਾਮੇ ਦੀ 'ਤੁਸੀਂ ਭਾਈ ਮੰਨਣਾ ਨਹੀਂ' ਆਖ ਕੇ ਸੁਣਾਈ ਇਸ ਕਥਾ ਨੇ ਮੈਨੂੰ ਸੋਚੀਂ ਪਾ ਦਿੱਤਾ। ਮਾਮਾ ਝੂਠ ਬੋਲਣ ਵਾਲਾ ਤਾਂ ਹੈ ਨਹੀਂ; ਤਾਂ ਕੀ ਉਸ ਨੂੰ ਮਹਾਰਾਜ ਨੇ ਸੱਚ-ਮੁੱਚ ਦਰਸ਼ਨ ਅਤੇ ਆਦੇਸ਼ ਦਿੱਤੇ? ਮੈਂ ਨਿਰਣਾ ਕੀਤਾ, ਜ਼ਰੂਰ ਦਿੱਤੇ ਹੋਣਗੇ। ਸੰਤ ਸਿੰਘ ਸੇਖੋਂ ਮੇਰੀ ਗੱਲ ਦੀ ਪੁਸ਼ਟੀ ਕਰਨ ਲਈ ਆ ਗਏ। ਇਕ ਵਾਰ ਪ੍ਰੀਤਮ ਸਿੰਘ ਸਫ਼ੀਰ ਨੇ ਮਾਸਕ 'ਆਰਸੀ' ਵਿਚ ਛਪੇ ਇਕ ਲੇਖ ਵਿਚ ਲਿਖਿਆ ਕਿ ਜਦੋਂ ਉਹ ਕਾਲਜ ਦੇ ਹੋਸਟਲ ਦੇ ਆਪਣੇ ਕਮਰੇ ਵਿਚ ਪਾਠ ਕਰਦਾ, ਸਾਹਮਣੇ ਵਾਲੇ ਪਿੱਪਲ ਉੱਤੇ ਇਕ ਬਾਜ ਆ ਬੈਠਦਾ। ਰੋਜ਼-ਰੋਜ਼ ਪਾਠ ਵੇਲੇ ਬੈਠਦਾ ਤੇ ਫੇਰ ਉੱਡ ਜਾਂਦਾ ਦੇਖ ਇਕ ਦਿਨ ਅਚਾਨਕ ਉਹਨੂੰ ਖ਼ਿਆਲ ਆਇਆ, 'ਇਹ ਤਾਂ ਮੇਰੇ ਸਤਿਗੁਰਾਂ ਦਾ ਬਾਜ ਹੈ!' ਇਸ ਖ਼ਿਆਲ ਨੂੰ ਪਰਖਣ ਲਈ ਉਹਨੇ ਕਿਹਾ, 'ਹੇ ਬਾਜ, ਜੇ ਤੂੰ ਮੇਰੇ ਸਤਿਗੁਰ ਦਾ ਬਾਜ ਹੈਂ ਤਾਂ ਉੱਡ ਜਾ।' ਬਾਜ ਦਰਖ਼ਤ ਤੋਂ ਉੱਚਾ ਉੱਠ ਖਲੋਤਾ। ਫੇਰ ਉਹਨੇ ਕਿਹਾ, 'ਹੇ ਬਾਜ, ਜੇ ਤੂੰ ਮੇਰੇ ਸਤਿਗੁਰ ਦਾ ਬਾਜ ਹੈਂ ਤਾਂ ਬੈਠ ਜਾ।' ਬਾਜ ਦਰਖ਼ਤ ਉੱਤੇ ਬੈਠ ਗਿਆ।

ਇਕ ਸਾਹਿਤਕ ਮਹਿਫ਼ਲ ਵਿਚ ਅਸੀਂ ਸੇਖੋਂ ਜੀ ਨੂੰ ਛੇੜਿਆ, 'ਤੁਸੀਂ ਤਾਂ ਸਫ਼ੀਰ ਨੂੰ ਪ੍ਰਗਤੀਵਾਦੀ ਲੇਖਕ ਕਹਿੰਦੇ ਆਏ ਹੋ!'

ਉਹ ਗੰਭੀਰ ਹੋ ਕੇ ਬੋਲੇ, 'ਮੁੰਡਿਓ ਹੱਸੋ ਨਾ। ਸਫ਼ੀਰ ਝੂਠ ਨਹੀਂ ਬੋਲਦਾ। ਉਸ ਦੀ ਸ਼ਰਧਾ ਨੂੰ ਬਾਜ ਜ਼ਰੂਰ ਦਿਸਦਾ ਹੋਵੇਗਾ••• ਪਰ ਬਾਜ ਉਥੇ ਹੋਣਾ ਨਹੀਂ।'

ਇਸੇ ਪ੍ਰਕਾਰ ਭਾਣਜਿਆਂ ਨੂੰ 'ਪੜ੍ਹਾ-ਲਿਖਾ ਕੇ ਵਡੇ ਬੰਦੇ ਬਣਾਉਣ' ਦੀ ਮਾਮੇ ਦੀ ਮੋਹ-ਮਮਤਾ ਨਾਲ ਛਲਕਦੀ ਤੀਬਰ ਇੱਛਾ ਉਸ ਸਾਹਮਣੇ ਮਹਾਰਾਜ ਦਾ ਦਰਸ਼ਨ ਤੇ ਆਦੇਸ਼ ਬਣ ਕੇ ਆ ਪ੍ਰਗਟ ਹੋਈ ਹੋਵੇਗੀ, ਪਰ ਉਸ ਨੇ ਇਸ ਆਦੇਸ਼ ਦੀ ਪੂਰਤੀ ਨੂੰ ਆਪਣੇ ਜੀਵਨ ਦਾ ਇਕੋ-

**ਬਾਕੀ ਅਗਲੇ ਸਫੇ 'ਤੇ**

# ਦਵਿੰਦਰ ਕੌਰ ਗੁਰਾਇਆ ਦੇ ਕਹਾਣੀ ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਦੀ ਕਥਾਕਾਰੀ ਦੀ ਸ਼ਨਾਖ਼ਤ

ਆਧੁਨਿਕ ਪੰਜਾਬੀ ਸਾਹਿਤ ਰੂਪਾਂ ਵਿੱਚੋਂ ਕਹਾਣੀ ਸਭ ਤੋਂ ਵੱਧ ਚਰਚਿਤ ਅਤੇ ਹਰਮਨ ਪਿਆਰੀ ਸਾਹਿਤਕ ਵੰਨਗੀ ਹੈ। ਕਹਾਣੀ ਸੁਣਨਾ-ਸੁਣਾਉਣਾ ਮਨੁੱਖ ਦੀ ਮੂਲ ਪ੍ਰਵਿਰਤੀ ਹੈ। ਇਸ ਵਿਚ ਮਨੁੱਖੀ ਭਾਵਾਂ ਦੀ ਪੇਸ਼ਕਾਰੀ ਇੰਝ ਕੀਤੀ ਜਾਂਦੀ ਹੈ ਕਿ ਪਾਠਕ ਜਾਂ ਸਰੋਤੇ ਇਸਨੂੰ ਆਪਣੇ ਇਰਦ-ਗਿਰਦ ਵਾਪਰਦਾ ਮਹਿਸੂਸ ਕਰਦੇ ਹਨ। ਕਹਾਣੀ ਸਾਹਿਤ ਦੀ ਉਹ ਵਿਧਾ ਹੈ ਜੋ ਮਨੁੱਖ



ਡਾ. ਰਜਵਿੰਦਰ ਕੌਰ
96460-01807

ਦੀਆਂ ਚੇਤਨ ਤੇ ਅਚੇਤਨ ਬਿਰਤੀਆਂ ਨੂੰ ਟੁੰਬਦੀ ਤੇ ਹਲੂਣਦੀ ਹੋਈ ਲੋਕ ਮਨਾਂ ਦੀ ਤਰਜਮਾਨੀ ਕਰਦੀ ਹੈ। ਇਸ ਮਾਧਿਅਮ ਰਾਹੀਂ ਕਹਾਣੀਕਾਰ ਸਮਾਜਿਕ, ਰਾਜਨੀਤਿਕ, ਧਾਰਮਿਕ ਤੇ ਆਰਥਿਕ ਦਸ਼ਾ ਦਾ ਖ਼ੁਲਾਸਾ ਕਰਦਾ ਹੋਇਆ ਮਨੁੱਖ ਦੇ ਦਰਪੇਸ਼ ਆ ਰਹੀਆਂ ਚੁਣੌਤੀਆਂ ਨੂੰ ਪਾਠਕਾਂ ਦੇ ਸਨਮੁਖ ਪੇਸ਼ ਕਰਦਾ ਹੈ।

ਪੰਜਾਬੀ ਦਾ ਤਕਰੀਬਨ ਹਰੇਕ ਸਾਹਿਤਕਾਰ ਕਿਸੇ ਵਿਸ਼ੇਸ਼ ਸਾਹਿਤਕ ਵਿਧਾ ਵਿਚ ਮੁਹਾਰਤ ਹਾਸਲ ਕਰਨ ਤੋਂ ਪਹਿਲਾਂ ਆਪਣੇ ਆਰੰਭਕ ਪੜਾਅ 'ਤੇ ਦਿਲ ਦੀ ਕੋਰੀ ਫੱਟੀ ਉੱਤੇ ਉਕਰੇ ਉਦਗਾਰਾਂ, ਗੁਣ-ਗੁਣਾਉਂਦੇ ਭਾਵਾਂ ਨੂੰ ਹਮੇਸ਼ਾ ਆਪਣੇ ਸ਼ਾਇਰਾਨਾ ਬੋਲਾਂ ਦੁਆਰਾ ਕਵਿਤਾਉਂਦਾ ਹੈ। ਇਹ ਗੱਲ ਦਵਿੰਦਰ ਕੌਰ ਗੁਰਾਇਆ 'ਤੇ ਵੀ ਢੁੱਕਦੀ ਹੈ, ਜਿਸਨੇ ਪੰਜਾਬੀ ਸਾਹਿਤ ਜਗਤ ਅੰਦਰ ਇੱਕ ਕਵਿਤਰੀ ਦੇ ਤੌਰ 'ਤੇ ਆਪਣੇ ਪਲੇਠੇ ਕਾਵਿ-ਸੰਗ੍ਰਹਿ 'ਕੱਚੇ ਕੋਠੇ ਦੀ ਛੱਤ' ਨਾਲ 2013 ਵਿਚ ਪ੍ਰਵੇਸ਼ ਕੀਤਾ ਤੇ ਉਪਰੰਤ ਜ਼ਿੰਦਗੀ ਦੇ ਹਲਕੇ-ਫੁਲਕੇ ਅਨੁਭਵਾਂ ਰਾਹੀਂ ਪਾਠਕਾਂ ਨਾਲ ਸਿੱਧੀ ਗੱਲ-ਬਾਤ ਕਰਨ ਦੇ ਉਦੇਸ਼ ਹਿੱਤ 2023 ਵਿੱਚ ਆਪਣੇ ਪਹਿਲੇ ਕਹਾਣੀ-ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਨਾਲ ਪੰਜਾਬੀ ਗਲਪ ਦੇ ਖੇਤਰ ਵਿੱਚ ਦਸਤਕ ਦਿੱਤੀ ਹੈ।

ਸੱਤ ਕਹਾਣੀਆਂ ਦਾ ਇਹ ਸੰਗ੍ਰਹਿ ਆਪਣੇ ਕਲਾਵੇ ਅੰਦਰ ਵੰਨ-ਸੁਵੰਨੇ ਵਿਸ਼ੇ ਸਮੋਈ ਬੈਠਾ ਹੈ ਤੇ ਸੰਗ੍ਰਹਿ ਦੀ ਤਕਰੀਬਨ ਹਰੇਕ ਕਹਾਣੀ ਵਿਚ ਕਹਾਣੀਕਾਰਾ 'ਮੈਂ ਪਾਤਰ ਦੇ ਰੂਪ ਵਿਚ ਹਰ ਥਾਂ ਆਪ ਖੜੀ ਦਿਖਾਈ ਦਿੰਦੀ ਹੈ।' ਸਾਵੀਂ ਤੋਰੇ ਤੁਰਦੀ ਜ਼ਿੰਦਗੀ ਦਾ ਪੈਂਡਾ ਪਾਰ ਕਰਦਿਆਂ ਉਸਦੇ ਹਿਰਦੇ ਦੀਆਂ ਡੂੰਘਾਣਾਂ ਵਿਚ ਸਮਾਇਆ ਕੌੜਾ-ਮਿੱਠਾ ਅਨੁਭਵ ਕਹਾਣੀਆਂ ਦਾ ਸ਼ਿੰਗਾਰ ਬਣ ਕੇ ਰੌਣਕ ਉਦਾਸੀ ਦਾ ਵਾਤਾਵਰਨ ਖਿਲਾਰਦਾ ਯਥਾਰਥਕ ਪ੍ਰਭਾਵ ਸਿਰਜਦਾ ਹੈ, ਜੋ ਪਾਠਕਾਂ ਵਿਚ ਅੱਗੇ ਜਾਣਨ ਦੀ ਇੱਛਾ ਜਗਾਉਂਦਾ ਹੋਇਆ ਦਿਲਚਸਪੀ ਦੀ ਭਾਵਨਾ ਬਣਾਈ ਰੱਖਦਾ ਹੈ ਤੇ ਕਹਾਣੀ ਵਾਹੋ-ਦਾਹੀ ਆਪਣੇ ਸਿਖਰ ਵੱਲ ਵੱਧਦੀ ਇਕ ਝਟਕਾ ਜਿਹਾ ਦੇ ਕੇ ਸਮਾਪਤੀ ਵੱਲ ਪੁਲਾਂਘਾਂ ਪੁੱਟਦੀ ਹੈ। ਪਰ ਉਸ ਦੁਆਰਾ ਸਿਰਜੇ ਖ਼ੋਤ-ਚਿਰੇ ਵਾਤਾਵਰਨ ਵਿਚ ਘਿਰਿਆ ਪਾਠਕ ਸਾਰੇ ਪਾਸਿਆਂ ਤੋਂ ਨਾਤਾ ਤੋੜ ਕੇ ਆਰੰਭ ਤੋਂ ਅੰਤ ਤੱਕ ਪੂਰਾ ਅਨੰਦ ਮਾਣਦਾ ਹੈ ਇਹੀ ਉਸ ਦੀਆਂ ਕਹਾਣੀਆਂ ਦਾ ਹਾਸਲ ਹੈ। ਭਾਵੇਂ ਔਰਤ ਹੋਣ ਦੇ ਨਾਤੇ ਉਸ ਦੀਆਂ ਬਹੁਤੀਆਂ ਕਹਾਣੀਆਂ ਨਾਰੀ ਸਮੱਸਿਆਵਾਂ ਨੂੰ ਪ੍ਰਗਟਾਉਣ ਤੇ ਸੁਲਝਾਉਣ ਤੱਕ ਸੀਮਤ ਹਨ।

ਲੇਖਿਕਾ ਅਮਰੀਕਾ ਵਿਚ ਵਸਦਿਆਂ ਹੋਇਆ ਵੀ ਪੰਜਾਬ ਦੀ ਮਿੱਟੀ ਅਤੇ ਪੰਜਾਬੀ ਬੋਲੀ ਨਾਲ ਜਿਸ ਤਰ੍ਹਾਂ ਅੰਦਰੋਂ ਜੁੜੀ ਹੋਈ ਹੈ ਇਸਦਾ ਪ੍ਰਮਾਣ ਇਨ੍ਹਾਂ ਦਾ ਕਹਾਣੀ ਸੰਗ੍ਰਹਿ 'ਮਰਿਆ ਨਹੀਂ ਜਿਉਂਦਾ ਹਾਂ' ਦੇ ਰਿਹਾ ਹੈ। ਲੇਖਿਕਾ ਦੀ ਸੋਚ ਵਿਸ਼ਵ ਵਿਆਪੀ ਹੈ ਅਤੇ ਉਹ ਸਾਰੀ ਦੁਨੀਆ ਨੂੰ ਮੁਖ਼ਾਤਿਬ ਹੋ ਕੇ ਲਿਖ ਰਹੀ ਹੈ। ਆਪਣੇ ਅੰਦਰੋਂ ਮਹਿਸੂਸ ਕੀਤੇ ਜਜ਼ਬਾਤਾਂ ਨੂੰ ਪੂਰੀ ਸ਼ਿੱਦਤ ਨਾਲ ਪਾਠਕਾਂ ਤੱਕ ਪਹੁੰਚਾਉਣ ਦਾ ਯਤਨ ਲੇਖਿਕਾ ਨੇ ਬਾਖ਼ੂਬੀ ਪੇਸ਼ ਕੀਤਾ ਹੈ। ਕਹਾਣੀ ਲਿਖਦੀ ਹੋਈ ਲੇਖਿਕਾ ਹਰ ਵਿਸ਼ੇ ਦਾ ਇਕ-ਇਕ ਚਿੱਤਰ ਅੱਖਾਂ ਸਾਹਮਣੇ ਪੇਸ਼ ਕਰ ਜਾਂਦੀ ਹੈ। ਉਸਦੇ ਜੀਵਨ ਅਨੁਭਵ ਜਾਂ ਤਜਰਬੇ ਦੀ ਮੋਹਰ ਉਸਦੀ ਹਰ ਸਤਰ 'ਤੇ ਲੱਗੀ ਹੋਈ ਹੈ।

ਹੱਥਲੇ ਸੰਗ੍ਰਹਿ ਦੀਆਂ ਕਹਾਣੀਆਂ ਪੰਜਾਬੀ ਸੱਭਿਆਚਾਰ ਦੇ ਵਿਭਿੰਨ ਪਸਾਰਾਂ ਤੇ ਘਟਨਾਵਾਂ ਨਾਲ ਸੰਬੰਧਤ ਹੁੰਦੀਆਂ ਹੋਈਆਂ ਵੀ ਮਨੁੱਖੀ ਮਾਨਸਿਕਤਾ ਉੱਪਰ ਪੈ ਰਹੇ ਮੌਜੂਦਾ ਮਨੋਵਿਗਿਆਨਕ ਪ੍ਰਭਾਵਾਂ ਦੇ ਤਾਣੇ-ਬਾਣੇ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ। ਇਸ ਸੰਗ੍ਰਹਿ ਦੀਆਂ ਸਮੁੱਚੀਆਂ ਕਹਾਣੀਆਂ ਜਿੱਥੇ ਪੰਜਾਬੀ ਸਮਾਜ ਵਿੱਚ ਕਿਰਿਆਸ਼ੀਲ ਵਿਅਕਤੀਗਤ ਤੇ ਸਮੂਹਿਕ ਘਟਨਾਵਾਂ ਨੂੰ ਵਿਭਿੰਨ ਤੌਂ ਪੇਸ਼ ਕਰਦੀਆਂ ਹਨ ਉਥੇ ਮਨੁੱਖੀ ਮਨ ਵਿਚ ਪਨਪ ਰਹੀਆਂ ਖ਼ਤਰਨਾਕ ਪ੍ਰਵਿਰਤੀਆਂ ਤੇ ਪਸ਼ੂ ਬਿਰਤੀਆਂ ਦਾ ਵੀ ਵਿਸ਼ਲੇਸ਼ਣ ਕਰਦੀਆਂ ਹਨ।

ਇਨ੍ਹਾਂ ਕਹਾਣੀਆਂ ਵਿਚ ਉਸਦੇ ਬਚਪਨ ਤੋਂ ਲੈ ਕੇ ਸਮਕਾਲ ਤੱਕ ਦਾ ਅਨੁਭਵ ਹੈ। ਇਨ੍ਹਾਂ ਦਾ ਰਚਨਾਵੀ ਧਰਾਤਲ ਉਸਦੇ ਪਿੰਡ ਤੋਂ ਲੈ ਕੇ ਅਮਰੀਕਾ ਤੱਕ ਫੈਲਿਆ ਹੋਇਆ ਹੈ। ਇਹ ਗੱਲ ਵੱਖਰੀ ਹੈ ਕਿ ਪਿੰਡ ਨਾਲ ਸੰਬੰਧਤ ਯਾਦਾਂ ਦੇ ਆਸਰੇ ਉਸਰੀਆਂ ਕਹਾਣੀਆਂ ਨੇ ਉਸਦੀ ਸਿਰਜਣਾ ਦਾ ਜ਼ਿਆਦਾ ਵਜੂਦ ਮੱਲਿਆ ਹੋਇਆ ਹੈ। ਵਿਦੇਸ਼ੀ ਜੀਵਨ ਅਨੁਭਵ ਵਿੱਚੋਂ ਉਸਦੀ ਸਿਰਜਣਕਾਰੀ ਦਾ ਅਜੇ ਭਰਵਾਂ ਰੂਪ ਵਿਚ ਪੇਸ਼ ਹੋਣਾ ਬਾਕੀ ਹੈ। 'ਕੁਝ ਆਪਣੇ ਪਲ' ਕਹਾਣੀ ਉਸਦੇ ਵਿਦੇਸ਼ ਵਿਚ ਜਾ ਵੱਸਣ ਉਪਰੰਤ ਦੇ ਅਨੁਭਵ 'ਤੇ ਆਧਾਰਿਤ ਹੈ।

ਪੇਂਡੂ ਪਿਛੋਕੜ ਵਾਲੀ ਲੇਖਿਕਾ ਨੂੰ ਪੇਂਡੂ ਜੀਵਨ ਦੀ ਡੂੰਘਿਆਈ ਤੀਕ ਸਮਝ ਹੈ। ਉਸਨੇ ਪਿੰਡ ਦੀਆਂ ਤੰਗੀਆਂ ਤੁਰਸ਼ੀਆਂ ਅਤੇ ਸਮੱਸਿਆਵਾਂ ਨੂੰ ਤਨ-ਮਨ 'ਤੇ ਹੰਢਾਇਆ ਹੈ। ਇਹ ਜੀਵਨ ਚੰਗੇ-ਮਾੜੇ ਦੋਵਾਂ ਪੱਖਾ ਨੂੰ ਨਾਲੋ-ਨਾਲ ਲੈ ਕੇ ਚਿਤਰਿਆ ਗਿਆ ਹੈ। ਇਨ੍ਹਾਂ ਕਹਾਣੀਆਂ ਵਿਚ ਪੇਂਡੂ ਲੋਕਾਂ ਦੀਆਂ ਲੋੜਾਂ, ਥੋੜਾਂ, ਦੁੱਖ-ਸੁੱਖ, ਰਿਸ਼ਤਿਆਂ ਵਿਚਲੀ ਜਟਿਲਤਾ, ਮਿੱਟੀ ਪ੍ਰਤੀ ਮੋਹ, ਦੇਸ਼ ਵੰਡ ਦਾ ਸੰਤਾਪ ਇਕ




ਯਥਾਰਥਵਾਦੀ ਦ੍ਰਿਸ਼ ਪੇਸ਼ ਕਰਦਾ ਹੈ।

ਇਸ ਸੰਗ੍ਰਹਿ ਦੀਆਂ ਵਧੇਰੇ ਕਹਾਣੀਆਂ ਮੱਧਵਰਗ ਤੇ ਉਸ ਨਾਲ ਜੁੜੀਆਂ ਜਾਂ ਵਾਹ-ਵਾਸਤਾ ਰੱਖਦੀਆਂ ਨਿਮਨ ਜਾਤਾਂ ਨਾਲ ਸਬੰਧਤ ਹਨ। ਲੇਖਿਕਾ ਨੇ ਕਹਾਣੀ ਲੇਖਣ ਦੀਆਂ ਅਨੇਕਾਂ ਸਾਹਿਤਕ ਤਕਨੀਕਾਂ ਵਰਤੀਆਂ ਹਨ। ਉਸ ਦੀਆਂ ਕਹਾਣੀਆਂ ਦੀ ਵੱਡੀ ਪ੍ਰਾਪਤੀ ਤਾਂ ਇਹੀ ਹੈ ਕਿ ਕਹਾਣੀਆਂ ਪਾਠਕ ਨੂੰ ਸਮਝਣ ਸਮਝਾਉਣ ਦੀ ਥਾਂ ਉਂਗਲੀ ਲਾ ਕੇ ਆਪਣੇ ਨਾਲ ਤੋਰ ਲੈਂਦੀਆਂ ਹਨ। ਪਾਠਕ ਕਹਾਣੀ ਨੂੰ ਪੜ੍ਹ ਕੇ ਸੋਚਣ ਲਈ ਮਜਬੂਰ ਹੋ ਜਾਂਦਾ ਹੈ, ਬੇਚੈਨ ਹੋ ਜਾਂਦਾ ਹੈ। ਇਹੀ ਬੇਚੈਨੀ ਪੈਦਾ ਕਰਨੀ ਕਿਸੇ ਲੇਖਕ ਲਈ ਉੱਤਮ ਪ੍ਰਾਪਤੀ ਹੁੰਦੀ ਹੈ।

ਪੰਜਾਬੀ ਸਾਹਿਤ ਵਿਚ ਇਹ ਵਰਤਾਰਾ ਬੜਾ ਅਫਸੋਸਨਾਕ ਹੈ ਕਿ ਕਈ ਲੇਖਕ ਨਿਰੰਤਰ ਰਚਨਸ਼ੀਲ ਰਹਿੰਦੇ ਹੋਏ ਵੀ ਅਣਗੌਲੇ ਰਹਿ ਜਾਂਦੇ ਹਨ ਜਾਂ ਕਰ ਦਿੱਤੇ ਜਾਂਦੇ ਹਨ। ਉਨ੍ਹਾਂ ਦੀਆਂ ਰਚਨਾਵਾਂ ਪਾਠਕਾਂ ਤੋਂ ਤਾਂ ਯੋਗ ਹੁੰਗਾਰਾ ਲੈ ਲੈਂਦੀਆਂ ਹਨ ਪਰ ਯੋਗ ਮੁਲਾਂਕਣ ਤੋਂ ਪਾਸੇ ਰਹਿ ਜਾਂਦੀਆਂ ਹਨ। ਆਲੋਚਕ ਵੀ ਨਵੇਂ ਲੇਖਕਾਂ ਤੋਂ ਕੰਨੀ ਕਤਰਾਉਂਦੇ ਨਜ਼ਰ ਆਉਂਦੇ ਹਨ। ਨਿਰਸੰਦੇਹ ਇਹ ਵਰਤਾਰਾ ਸੁਖਾਵਾਂ ਨਹੀਂ ਹੈ। ਕਿਸੇ ਵੀ ਰਚਨਾ ਦਾ ਅਗਾਂਹਵਧੂ ਕੇਂਦਰ 'ਤੇ ਸੇਧਤ ਆਲੋਚਨਾਤਮਕ ਵਿਸ਼ਲੇਸ਼ਣ ਹੋਣਾ ਬੜੀ ਮਹੱਤਤਾ ਰੱਖਦਾ ਹੈ।

ਮੈਂ ਦਵਿੰਦਰ ਕੌਰ ਗੁਰਾਇਆ ਦੀਆਂ ਕਹਾਣੀਆਂ ਦੀ ਮਿੱਥ ਕੇ ਕੋਈ ਨਿਸ਼ਾਨਦੇਹੀ ਨਹੀਂ ਕੀਤੀ। ਮੇਰੀ ਨਾਕਸ ਸਮਝ ਮੁਤਾਬਕ ਮੈਨੂੰ ਉਸ ਦੀਆਂ ਕਹਾਣੀਆਂ ਵਿਚ ਚਿੱਤਰੀ ਸਹਿਜਤਾ ਹੀ ਉਸਦੇ ਕਥਾ ਸਿਰਜਣ ਦੀ ਵੱਖਰੀ ਸ਼ਨਾਖ਼ਤ ਕਰਾਉਂਦੀ ਪ੍ਰਤੀਤ ਹੁੰਦੀ ਹੈ। ਕਹਾਣੀਆਂ ਦਾ ਭਾਵ ਬੌਧਿਕ ਸ਼ਿਲਪ ਤੇ ਉਸਦੇ ਅਨੁਕੂਲ ਸਿਰਜਿਆ ਵਾਤਾਵਰਨ ਹੀ ਉਨ੍ਹਾਂ ਨੂੰ ਜੀਵੰਤ ਕਥਾ ਸਥਿਤੀ ਵਿਚ ਬਦਲ ਦਿੰਦਾ ਹੈ। ਭਾਸ਼ਾ ਸੰਜਮ ਤੇ ਵਿਸਥਾਰ ਸੰਜਮ ਉਸਦੀ ਰਚਨਾਤਮਿਕਤਾ ਦਾ ਇਕ ਹੋਰ ਪ੍ਰਮੁੱਖ ਗੁਣ ਹੈ।

ਗੁਰਾਇਆ ਦੀਆਂ ਕਹਾਣੀਆਂ ਦਾ ਵਾਤਾਵਰਨ ਚਕਾਚੌਂਦ ਕਰਨ ਵਾਲਾ ਨਹੀਂ, ਧੀਮੀ ਸੁਰ 'ਚ ਮਹਿਸੂਸ ਕਰਨ ਵਾਲਾ ਹੈ। ਅਰੋਪਿਤ ਰੁਮਾਂਟਿਕਤਾ, ਅਸ਼ਲੀਲ ਤੇ ਸ਼ਬਦਿਕ ਖਿਲਾਰ ਤੋਂ ਉਸ ਦੀਆਂ ਕਹਾਣੀਆਂ ਨਿਰਲੇਪ ਹਨ। ਕਹਾਣੀਆਂ ਦੀ ਇਕ ਵਿਸ਼ੇਸ਼ਤਾ ਇਨ੍ਹਾਂ ਵਿਚਲਾ ਆਪਣਾਪਣ ਹੈ ਜੋ ਪਾਠਕ ਨਾਲ ਇਕ ਗਹਿਰਾ ਰਿਸ਼ਤਾ ਸਿਰਜਦਾ ਪ੍ਰਤੀਤ ਹੁੰਦਾ ਹੈ। ਉਸ ਦੀਆਂ ਕਹਾਣੀਆਂ ਦਾ ਕਥਾ ਪ੍ਰਵੇਸ਼ ਹਰ ਪਲ ਉਸਦੇ ਅੰਗ-ਸੰਗ ਰਹਿੰਦਾ ਹੈ। ਛੋਟੇ-ਮੋਟੇ ਦੁੱਖਾਂ-ਸੁੱਖਾਂ, ਵਿਗੋਚਿਆਂ, ਲੋੜਾਂ-ਥੁੜਾਂ ਨੂੰ ਹੰਢਾਉਂਦੇ ਉਸਦੇ ਪਾਤਰ ਵੇਖੇ ਪਹਿਚਾਣੇ ਮਹਿਸੂਸ ਹੁੰਦੇ ਹਨ।

ਦਵਿੰਦਰ ਗੁਰਾਇਆ ਨੇ ਜ਼ਿੰਦਗੀ ਵਿਚ ਕਾਮਯਾਬੀ ਹਾਸਲ ਕਰਨ ਲਈ ਬਹੁਤ ਸੰਘਰਸ਼ ਕੀਤਾ ਇਸ ਦੀ ਗਵਾਹੀ ਉਸਦੇ ਕਹਾਣੀ ਸੰਗ੍ਰਹਿ ਵਿਚ ਆਪਣੇ ਵੱਲੋਂ ਲਿਖੇ ਦੋ ਸ਼ਬਦ 'ਮੇਰੇ ਪੁਨਰ ਜਨਮ ਦਾ ਹਾਸਿਲ' ਵਿੱਚੋਂ ਮਿਲਦਾ ਹੈ ਜਿਵੇਂ

'ਮੇਰਾ ਮੁਢਲਾ ਜੀਵਨ ਸਹਿਜ ਨਹੀਂ ਸੀ। ਆਪਣੀ ਗੁਮਨਾਮ ਪਛਾਣ ਲਈ ਬੜਾ ਸੰਘਰਸ਼ ਕਰਨਾ ਪਿਆ। ਚਲਦੇ ਰਸਤਿਆਂ ਦੀ ਭੀੜ ਤੋਂ ਜਦੋਂ ਨਿਕਾਰੀ ਗਈ ਤਾਂ ਮੈਂ ਕੰਡਿਆਲੀਆਂ ਝਾੜੀਆਂ ਨੂੰ ਮਿੱਧ-ਮਿੱਧ ਕੇ ਆਪਣੇ ਤੁਰਨ ਲਈ ਪਗਡੰਡੀ ਬਣਾਈ ਸੀ। ਇਹ ਮੇਰੀ ਜੋਸ਼, ਜਜ਼ਬੇ ਅਤੇ ਜਨੂੰਨ ਨਾਲ ਲੜੀ ਪਹਿਲੀ ਲੜਾਈ ਸੀ, ਜਿਸ ਨੇ ਜ਼ਿੰਦਗੀ ਦੇ ਅਰਥ ਹੀ ਬਦਲ ਦਿੱਤੇ। ਸੰਘਰਸ਼ ਅੱਜ ਵੀ ਹੈ ਪਰ ਹੁਣ ਚਲਦੇ ਕਾਰਵਾਂ 'ਚ ਰਲਣ ਦੀ ਹਿੰਮਤ ਤੇ ਹੌਸਲਾ ਬੁਲੰਦ ਹੈ।'

ਇਸ ਪੁਸਤਕ ਵਿਚਲੀਆਂ ਕਹਾਣੀਆਂ ਗੁਰਾਇਆ ਨੇ ਪਿਛਲੇ ਲੰਮੇ ਸਮੇਂ ਵਿਚ ਲਿਖੀਆਂ ਹਨ, ਇਨ੍ਹਾਂ ਨੂੰ ਲਿਖਣ ਤੋਂ ਪਹਿਲਾਂ ਲੰਮਾ ਸਮਾਂ ਉਸਦੀ ਸਿਮਰਤੀ ਅੰਦਰ ਚਲਦੀਆਂ ਰਹੀਆਂ ਹਨ।

'ਚਾਚੀ ਵੀਰੋ' ਕਹਾਣੀ ਬਾਰੇ ਗੱਲ ਕਰਦਿਆਂ ਲੇਖਿਕਾ ਦੱਸਦੀ ਹੈ ਕਿ ਇਸ ਕਹਾਣੀ ਦੇ ਬੀਜ਼ ਘਰ ਦੇ ਬਜ਼ੁਰਗਾਂ ਤੋਂ ਬਚਪਨ ਵਿਚ ਪਿੰਡ ਦੀਆਂ ਹੋਈਆਂ-ਬੀਤੀਆਂ ਸੁਣਦਿਆਂ ਬੀਜੇ ਗਏ ਸਨ। ਇਹ ਉਸਦੀ ਜ਼ਿੰਦਗੀ ਦਾ ਉਹ ਸਮਾਂ ਸੀ ਜਦੋਂ ਉਹ ਅਜੇ ਅੱਖਰਾਂ ਤੋਂ ਵਾਕਿਫ਼ ਨਹੀਂ ਸੀ ਹੋਈ।

ਗੁਰਾਇਆ ਦੇ ਇਸ ਕਹਾਣੀ ਸੰਗ੍ਰਹਿ ਵਿਚ ਮਨੁੱਖਤਾ ਦਾ ਦਰਦ ਝਲਕਦਾ ਹੈ। ਉਸਨੇ ਜ਼ਿੰਦਗੀ ਦੀਆਂ ਕੁੜੱਤਣਾਂ ਨੂੰ ਇਨ੍ਹਾਂ ਕਹਾਣੀਆਂ ਵਿਚ ਚਿਤਰਿਆ ਹੈ। ਔਰਤ ਮਾਨਸਿਕਤਾ ਦੀਆਂ ਪਰਤਾਂ ਨੂੰ ਖੋਲ੍ਹਿਆ ਤੇ ਪੇਂਡੂ ਸਮਾਜ ਵਿਚ ਔਰਤ ਦੀ ਸਥਿਤੀ ਨੂੰ ਦਰਸਾਇਆ ਹੈ। ਲੇਖਿਕਾ ਦੀ ਸਿਰਲੇਖਨੁਮਾ ਕਹਾਣੀ 'ਮਰਿਆ ਨਹੀਂ ਜਿਉਂਦਾ ਹਾਂ' ਖਿੰਡੇ ਹੋਏ ਵਿਅਕਤਿਤਵ ਦੀ ਗੱਲ ਕਰਦੀ ਹੈ ਕਿ ਅਜੋਕੇ ਯੁੱਗ ਵਿਚ ਕਿਸੇ ਕੋਲ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣ ਦਾ ਸਮਾਂ ਨਹੀਂ ਹੈ। ਬਾਹਰ ਤੋਂ ਸਾਬਤ ਸੂਰਤ ਦਿਸਦਾ ਮਨੁੱਖ ਅੰਦਰੋਂ ਟੁੱਟ ਚੁੱਕਾ ਹੈ। ਪਦਾਰਥਵਾਦੀ ਇਸ ਯੁੱਗ ਵਿਚ ਰਿਸ਼ਤਿਆਂ ਵਿਚ ਅਪਣੱਤ ਦੀ ਭਾਵਨਾ ਨਹੀਂ ਰਹੀ।

ਇਸੇ ਤਰ੍ਹਾਂ ਹੀ 'ਬੇਰੀ' ਕਹਾਣੀ ਇਕ ਅਧੂਰੀ ਔਰਤ ਦੀ ਕਹਾਣੀ ਹੈ ਜੋ ਸੰਪੂਰਨ ਹੋਣ ਲਈ ਆਪਣੇ ਆਪ ਨਾਲ ਜਦੋ-ਜਹਿਦ ਕਰਦੀ ਹੈ। ਸਾਡੇ ਰਿਸ਼ਤਾ-ਨਾਤਾ ਪ੍ਰਬੰਧ 'ਤੇ ਚੋਟ ਮਾਰਦੀ ਉਸਦੀ ਕਹਾਣੀ 'ਰੀਝਾਂ ਦਾ ਮੁੱਲ' ਹੈ। ਇਹ ਕਹਾਣੀ ਗ਼ਰੀਬੀ ਦੀ ਜਿਲ੍ਹਤ ਹੰਢਾ ਰਹੇ ਪਰਿਵਾਰ ਦੀ ਕਹਾਣੀ ਹੈ। ਇਸੇ ਤਰ੍ਹਾਂ ਹੀ ਦੇਸ਼ ਵੰਡ ਦੇ ਦੁਖਾਂਤ ਨੂੰ ਦਰਸਾਉਂਦੀ ਕਹਾਣੀ 'ਤੂੰ ਇਸ ਨੂੰ ਵੰਡ ਆਖਦੀ ਏਂ?' ਹੈ। ਇਸ ਕਹਾਣੀ ਦੀਆਂ ਪਾਤਰ ਮੱਖੋ, ਜੈਨੇਵਰ ਤੇ ਨਿੱਕੀ ਜਿਹੀ ਬੱਚੀ ਇਸ ਤ੍ਰਾਸਦੀ ਜਾਂ ਅੱਤਿਆਚਾਰ ਦੀ ਉਦਾਹਰਣ ਹਨ।

ਦਵਿੰਦਰ ਕੌਰ ਗੁਰਾਇਆ ਜਿੱਥੇ ਵਿਚਾਰਾਂ ਦੀ ਮੁਦੱਈ ਹੈ ਉਥੇ ਉਨ੍ਹਾਂ ਦੀ ਕਲਾ ਜਾਂ ਸ਼ਿਲਪ ਵੀ ਸ਼ਲਾਘਾਯੋਗ ਹੈ। ਇਸ ਦੀਆਂ ਕਹਾਣੀਆਂ ਸਰਲ, ਸੰਚਾਰੀ, ਸੂਖ਼ਮ ਤੇ ਸੰਜਮੀ ਹਨ। ਲੇਖਿਕਾ ਨੇ ਪ੍ਰਸ਼ਨੋਤਰੀ ਸ਼ੈਲੀ ਦੀ ਬਾਖ਼ੂਬੀ ਵਰਤੋਂ ਕੀਤੀ ਹੈ।

ਸਮੁੱਚੇ ਰੂਪ ਵਿਚ ਦਵਿੰਦਰ ਗੁਰਾਇਆ ਦੀਆਂ ਕਹਾਣੀਆਂ ਦੀ ਸ਼ਿਲਪਕਾਰੀ ਨਿਵੇਕਲੇ ਤੇ ਅਰਥ ਭਰਪੂਰ ਅੰਦਾਜ਼ ਵਾਲੀ ਹੈ। ਉਸਨੇ ਕਹਾਣੀਆਂ ਵਿਚ ਬੜੇ ਯਥਾਰਥਕ ਪ੍ਰਤੀਕਾਂ ਤੇ ਬਿੰਬਾਂ ਰਾਹੀਂ ਸੰਵਾਦ ਰਚਾਇਆ ਹੈ। ਉਸਦੇ ਪਾਤਰ ਪੇਂਡੂ ਤੇ ਸ਼ਹਿਰੀ ਜ਼ਿੰਦਗੀ 'ਚੋਂ ਵਿਚਰਦੇ ਹਾਰ ਭਾਵੇਂ ਜਾਣ ਪਰ ਉਹ ਟੁੱਟਦੇ ਨਹੀਂ, ਹਾਲਾਤ ਨਾਲ ਗ਼ਲਤ ਸਮਝੌਤਾ ਨਹੀਂ ਕਰਦੇ। ਉਸਨੇ ਆਪਣੀਆਂ ਕਹਾਣੀਆਂ ਰਾਹੀਂ ਜ਼ਿੰਦਗੀ ਦੇ ਕੌੜੇ ਸੱਚ ਨੂੰ ਬੜੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ। ਸਾਰੀ ਪੁਸਤਕ ਪੜ੍ਹਨਯੋਗ ਹੈ। ਲੇਖਿਕਾ ਦਾ ਉਪਰਾਲਾ ਸਮਾਜ ਨੂੰ ਨਵੀਂ ਸੇਧ ਦੇਣ ਦਾ ਹੈ। ਦਵਿੰਦਰ ਕੌਰ ਗੁਰਾਇਆ ਵਧਾਈ ਦੀ ਪਾਤਰ ਹੈ, ਉਸਦੇ ਇਸ ਕਹਾਣੀ ਸੰਗ੍ਰਹਿ ਨੂੰ ਪੰਜਾਬੀ ਸਾਹਿਤ ਜਗਤ ਵੱਲੋਂ ਜੀ ਆਇਆਂ ਕਹਿਣਾ ਬਣਦਾ ਹੈ।

# ਚਿੱਕੜ ਵਿਚ ਜੰਮਿਆ ਕੰਵਲ ਗੁਰਦਿਆਲ ਦਲਾਲ

ਇਕ ਮਨੋਰਥ ਬਣਾ ਲਿਆ ਤੇ ਆਖ਼ਰ ਇਹ ਮਨੋਰਥ ਹਾਸਲ ਕਰ ਕੇ ਛੱਡਿਆ।

ਬੇਬੇ ਹੈ, ਜਿਸ ਬਾਰੇ ਪੜ੍ਹ ਕੇ ਮੈਨੂੰ ਆਪਣੀ ਕਹਾਣੀ 'ਥਕੇਵਾਂ' ਦੀ ਨਾਇਕਾ ਆਸੋ ਦੇਹ ਧਾਰ ਕੇ ਆ ਗਈ ਲੱਗੀ। ਉਸ ਨੂੰ ਆਪਣੇ ਕਿਰਤੀ ਹੱਥਾਂ ਉੱਤੇ ਮਾਣ ਹੈ ਅਤੇ ਉਸ ਲਈ ਇਹੋ ਉਹਦਾ ਰੱਬ ਹਨ। ਇਸੇ ਕਰ ਕੇ ਜਦੋਂ ਲੇਖਕ ਉਸ ਨੂੰ 'ਘਰ ਦੇ ਫ਼ਿਕਰ ਛੱਡ ਕੇ ਵਾਹਿਗੁਰੂ-ਵਾਹਿਗੁਰੂ ਕਰਨ' ਲਈ ਮਾਲ਼ਾ ਦਿੰਦਾ ਹੈ, ਉਹ ਉਸ ਨੂੰ ਵਗਾਹ ਕੇ ਮਾਰਦੀ ਹੈ ਅਤੇ ਕਹਿੰਦੀ ਹੈ, 'ਤੁਸੀਂ ਹੀ ਫੜ ਲਓ ਰੱਬ ਦੀ ਪੂਛ, ਮੈਨੂੰ ਨੀਂ ਲੋੜ!' ਇਹ ਹੈ ਰੱਬ ਤੋਂ ਵੱਡੀ ਅਤੇ ਉੱਚੀ ਸ਼ਖ਼ਸੀਅਤ।

ਤੇ ਫੇਰ ਇਕਬਾਲ ਹੈ, ਜੋ ਪਤੀ ਦੀ ਪਤਨੀ ਹੋਣ ਦੇ ਨਾਤੇ ਨਹੀਂ ਸਗੋਂ ਆਪਣੇ ਅਧਿਕਾਰ ਕਾਰਨ ਘਰ ਦੀ ਮਾਲਕ ਹੋਣ ਦਾ ਐਲਾਨ ਕਰਦੀ ਹੈ। ਉਹ ਸੂਰਜ ਪਤੀ ਤੋਂ ਚਾਨਣ ਹੁਧਾਰਾ ਲੈ ਕੇ ਚਮਕਣ ਵਾਲਾ ਚੰਦਰਮਾ ਬਣਨੋਂ ਇਨਕਾਰੀ ਹੈ, ਸਗੋਂ ਬਰਾਬਰ ਦਾ ਸੂਰਜ ਬਣ ਕੇ ਲਿਸ਼ਕਦੀ ਹੈ। ਮਾਮੇ ਤੋਂ ਮਗਰੋਂ ਜੇ ਲੇਖਕ ਨੂੰ ਕਿਸੇ ਨੇ ਉਸ ਦੀ ਅਸਲੀ ਥਾਂ ਦਾ ਅਹਿਸਾਸ ਸਫਲਤਾ ਨਾਲ ਕਰਵਾਇਆ ਹੈ, ਉਹ ਪਤਨੀ ਇਕਬਾਲ ਹੀ ਹੈ।

ਨਵੇਂ ਘਰ ਆਈ ਉਹ ਇੱਟਾਂ ਖੜ੍ਹੀਆਂ ਕਰ ਕੇ ਤੇ ਉਨ੍ਹਾਂ ਉੱਤੇ ਟੀਨ ਰੱਖ ਕੇ ਬਣਾਈ ਰਸੋਈ ਵਿਚ ਕੰਮ ਕਰਦਿਆਂ ਤੰਗ ਹੁੰਦੀ ਹੈ। ਉਹ ਬਾਕੀ ਮਕਾਨ ਵਿਚ, ਜਿਹੋ ਜਿਹਾ ਵੀ ਉਹ ਹੈ, ਗੁਜ਼ਾਰਾ ਕਰਨ ਲਈ ਤਿਆਰ ਹੈ, ਕਿਉਂਕਿ ਉਹ ਘਰ ਦੀ ਮਾਇਕ ਹਾਲਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ, ਪਰ ਰਸੋਈ ਨਵੀਂ ਬਣਾ ਲੈਣ ਦੀ ਮੰਗ ਵਾਰ-ਵਾਰ ਕਰਦੀ ਹੈ। ਸ੍ਰੀਮਾਨ ਜੀ ਮਸਤ ਰਹਿੰਦੇ ਹਨ, 'ਜ਼ਨਾਨੀਆਂ ਵਾਧੂ ਬੋਲਦੀਆਂ ਹੀ ਹੁੰਦੀਆਂ ਹਨ!' ਇਕ ਦਿਨ ਇਹ ਨੌਕਰੀ ਤੋਂ ਪਰਤਦਾ ਹੈ ਤਾਂ ਰਸੋਈ ਗ਼ਾਇਬ ਹੈ। ਇੱਟਾਂ ਇਕ ਪਾਸੇ ਚਿਣੀਆਂ ਪਈਆਂ ਹਨ ਤੇ ਟੀਨ ਦੀ ਚਾਦਰ ਕੰਧ ਨਾਲ ਖੜ੍ਹੀ ਹੈ। ਚੱਕਵੇਂ ਚੁੱਲ੍ਹੇ ਉੱਤੇ ਕੁਝ ਰਿੱਝ ਰਿਹਾ ਹੈ ਤੇ ਇਕਬਾਲ ਵਿਹੜੇ ਦੇ ਡੇਕ ਦੀ ਛਾਂਵੇਂ ਮੌਜ ਨਾਲ ਲੰਮੀ ਪਈ ਹੈ। ਉਹ ਇਹਨੂੰ ਆਇਆ ਦੇਖ ਪਾਣੀ ਦਾ ਗਲਾਸ ਫੜਾਉਂਦੀ ਹੈ ਤੇ ਇਹਦੇ ਸਵਾਲ 'ਰਸੋਈ ਕਿੱਥੇ ਗਈ' ਦੇ ਜਵਾਬ ਵਿਚ ਹੱਸ ਕੇ ਆਖਦੀ ਹੈ, 'ਜਹੰਨਮ ਵਿਚ!'

ਇਹਨੂੰ ਗੁੱਸਾ ਚੜ੍ਹ ਜਾਂਦਾ ਹੈ, 'ਦੰਦੀਆ ਕੀ ਕਢਦੀ ਐਂ! ਤੈਨੂੰ ਕਿਹੜੇ ਕੰਜਰ ਨੇ ਕਿਹਾ ਸੀ ਰਸੋਈ ਢਾਹੁਣ ਨੂੰ?'

ਉਹ ਹੱਸ ਕੇ ਆਖਦੀ ਹੈ, 'ਕਿਉਂ ਪੁੱਛਣਾ ਜ਼ਰੂਰੀ ਐ? ਮੇਰਾ ਘਰ ਐ, ਜੋ ਮਰਜ਼ੀ ਕਰਾਂ!'

ਇਹ ਉਹਦੀ ਭਾਵਨਾ ਦੀ ਕਦਰ ਕਰਨ ਦੀ ਥਾਂ ਆਪੇ ਤੋਂ ਬਾਹਰ ਹੋ ਕੇ ਮਾਰਨ ਲਈ ਹੱਥ ਚੁਕਦਾ ਹੈ ਤਾਂ ਉਹ ਪਿੱਛੇ ਹਟਦੀ ਹੋਈ ਚਿਤਾਵਨੀ ਦਿੰਦੀ ਹੈ, 'ਮਾਰਿਓ ਨਾ, ਮਹਿੰਗਾ ਪਊ! ਮੈਂ ਦੌੜ ਜਾਊਂ ਘਰੋਂ ਤੇ ਮੁੜ ਕੇ ਕਦੀ ਨਹੀਂ ਆਉਂਦੀ।'

ਇਹ ਪਰ ਥੱਪੜ ਮਾਰ ਦਿੰਦਾ ਹੈ। ਉਹ ਕੋਈ ਵੀ ਪ੍ਰਤੀਕਰਮ ਦਿਖਾਏ ਬਿਨਾਂ ਕਮਰੇ ਵਿਚ ਚਲੀ ਜਾਂਦੀ ਹੈ ਤੇ ਇਹ ਡੇਕ ਹੇਠ ਬੈਠ ਅਖ਼ਬਾਰ ਪੜ੍ਹਨ ਲਗਦਾ ਹੈ। ਉਹ ਬਾਹਰ ਆ ਕੇ ਨਲਕੇ ਕੋਲ ਚੱਕੀ ਦੇ ਪੁੜ ਉੱਤੇ ਬੈਠਦੀ ਹੈ, ਸਾਬਣ ਨਾਲ ਹੱਥ-ਮੂੰਹ ਧੋਂਦੀ ਹੈ, ਅੱਡੀਆਂ ਕੂਚਦੀ ਹੈ ਤੇ ਵਾਪਸ ਅੰਦਰ ਚਲੀ ਜਾਂਦੀ ਹੈ। ਹੁਣ ਬਾਹਰ ਆਉਂਦੀ ਹੈ ਤਾਂ ਕੱਪੜੇ ਬਦਲੇ ਹੋਏ ਹਨ, ਵਾਲ ਵਾਹੇ ਹੋਏ ਹਨ, ਸੁਰਖੀ-ਬਿੰਦੀ ਲਾਈ ਹੋਈ ਹੈ, ਗਹਿਣੇ ਪਾਏ ਹੋਏ ਹਨ ਤੇ ਉੱਚੀ ਅੱਡੀ ਦੇ ਸੈਂਡਲਾਂ ਦੀ ਖੱਟ-ਖੱਟ ਕਰਦੀ ਅਟੈਚੀ ਚੁੱਕੀਂ ਇਹਦੇ ਕੋਲ ਦੀ ਲੰਘ ਜਾਂਦੀ ਹੈ।

ਇਹ ਪੁਛਦਾ ਹੈ, 'ਹੁਣ ਕਿਥੇ ਚੱਲੀ ਹੈਂ?'

ਉਹ ਦਸਦੀ ਹੈ, 'ਜਹੰਨਮ ਵਿਚ!'

ਉਹ ਬਾਹਰ ਨਿੱਕਲ ਜਾਂਦੀ ਹੈ ਤੇ ਇਹ ਮੌਕੇ 'ਤੇ ਕੋਈ ਪ੍ਰਤੀਕਰਮ ਨਾ ਸੁਝਦਾ ਦੇਖ ਕੇ ਅੱਖਾਂ ਉੱਤੇ ਬਾਂਹ ਰੱਖ ਪੈ ਜਾਂਦਾ ਹੈ।

ਮਾਂ ਨੇ ਬਾਹਰੋਂ ਆ ਕੇ ਗੋਹੇ ਦਾ ਬੱਠਲ ਵਿਹੜੇ ਵਿਚ ਇਕ ਪਾਸੇ ਢੇਰੀ ਕੀਤਾ ਤੇ ਕਮਰਿਆਂ ਵਿਚੋਂ ਮੁੜ ਕੇ ਪੁੱਛਿਆ, 'ਬਹੂ?'

ਇਹਨੇ ਦੱਸਿਆ, 'ਗਈ!'

ਉਹ ਬੋਲੀ, 'ਕਿਥੇ?'

ਇਹਨੇ ਦੱਸਿਆ, 'ਜਹੰਨਮ ਵਿਚ!' ਤੇ ਕਹਿੰਦਾ ਹੈ, 'ਰਸੋਈ ਢਾਹ 'ਤੀ ਸੀ ਸਾਲ਼ੀ ਨੇ। ਮੈਂ ਖੜਕਾਅ 'ਤੀ।'

ਮਾਂ ਦੇ ਲੜਿਆਂ ਇਹ ਸਮਰਾਲੇ ਵਾਲੇ ਅੱਡੇ ਵਿਚ ਜਾਂਦਾ ਹੈ ਤਾਂ ਉਹ ਇਕ ਟੈਂਪੂ ਵਿਚ ਬੈਠੀ ਹੱਸ-ਹੱਸ ਜ਼ਨਾਨੀਆਂ ਨਾਲ ਗੱਲਾਂ ਕਰ ਰਹੀ ਹੈ। ਇਹ ਐਧਰ-ਉਧਰ ਘੁੰਮ ਕੇ ਮੁੜ ਆਉਂਦਾ ਹੈ। ਮਾਂ ਨਾਲ ਹੋਰ ਸਵਾਲ-ਜਵਾਬ ਹੁੰਦੇ ਹਨ ਤਾਂ ਉਹ ਕੜਕਦੀ ਹੈ, 'ਦੁਰ ਫਿੱਟੇ ਮੂੰਹ ਤੇਰਾ ਇਹੋ ਜਿਹੇ ਦਾ! ਔਰਤ 'ਤੇ ਹੱਥ ਚੁਕਦੈਂ ਕੰਜਰਾ, ਤੈਨੂੰ ਸ਼ਰਮ-ਹਿਆ ਹੈ ਭੋਰਾ!'

ਇਹਦੇ ਚੇਤੇ ਵਿਚ ਅਚਾਨਕ ਭੰਗੂ ਗਿਆਨੀ ਜੀ ਦੀ ਸਿੱਖਿਆ ਬਿਜਲੀ ਵਾਂਗ ਲਿਸ਼ਕ ਜਾਂਦੀ ਹੈ, 'ਔਰਤ ਉੱਤੇ ਕਦੀ ਹੱਥ ਨਹੀਂ ਚੁੱਕਣਾ ਚਾਹੀਦਾ। ਭੁਚਾਲ ਆ ਜਾਂਦਾ ਐ!'

ਫੇਰ ਵਿਚੋਲੇ ਅੱਗੇ ਤੇ ਸਹੁਰੇ ਰਿਸ਼ਤੇਦਾਰਾਂ ਅੱਗੇ ਗਿੜਗਿੜਾਉਣ ਦਾ ਤੇ ਉਨ੍ਹਾਂ ਦੇ ਪੈਰੀਂ ਪੈਣ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਬੜੇ ਧੱਕੇ-ਧੋੜੇ ਖਾਣ ਮਗਰੋਂ ਆਖ਼ਰ ਸੱਸ ਇਕਬਾਲ ਨੂੰ ਛੱਡ ਕੇ ਜਾਣ ਲਈ ਸਹਿਮਤ ਹੁੰਦੀ ਹੈ। ਬਾਕੀ ਮਾਜਰਾ ਪੁਸਤਕ 'ਛਾਤੀ ਅੰਦਰਲੇ ਥੇਹ' ਵਿਚੋਂ ਪੜ੍ਹਿਆ ਜਾ ਸਕਦਾ ਹੈ।

ਇਹ ਇਕ ਥਾਂ ਲਿਖਦਾ ਹੈ, 'ਮੈਂ ਜ਼ਿੰਦਗੀ ਵਿਚ ਕਈ ਗੁਸਤਾਖ਼ੀਆਂ, ਕਈ ਗ਼ਲਤੀਆਂ ਅਜਿਹੀਆਂ ਕੀਤੀਆਂ ਹਨ ਜੋ ਮੈਨੂੰ ਹੌਂਟ ਕਰਦੀਆਂ ਹਨ ਤੇ ਜਿਨ੍ਹਾਂ ਬਾਰੇ ਲਿਖਣ ਦੀ ਮੇਰੇ ਵਿਚ ਦਲੇਰੀ ਨਹੀਂ। ਲੋਕਾਂ ਦੀ ਭੀੜ ਵਿਚ ਆਪਣੇ ਆਪ ਨੂੰ ਨੰਗਾ ਕਰਨ ਵਾਲੀ ਗੱਲ ਹੈ।'

ਕਹਾਵਤ ਹੈ ਕਿ ਕੱਪੜਿਆਂ ਹੇਠ ਹਰ ਕੋਈ ਨੰਗਾ ਹੈ। ਪਰ ਜਿਵੇਂ ਅਪ੍ਰਕਿਰਤਕ ਕੱਪੜੇ ਉਤਾਰ ਕੇ ਪ੍ਰਕਿਰਤਕ ਰੂਪ ਵਿਚ ਸਭ ਸਾਹਮਣੇ ਹੋਣਾ ਸੌਖਾ ਨਹੀਂ, ਉਵੇਂ ਹਉਂ, ਲਘੂਤਾ, ਸਮਾਜਿਕਤਾ, ਰੱਖ-ਰਖਾਓ ਤੇ ਦੂਹਰ ਦਾ ਉਛਾੜ ਉਤਾਰ ਕੇ ਮਨੁੱਖ ਲਈ ਆਪਣੇ ਅੰਤਰੀਵ ਉੱਤੇ ਝਾਤ ਪੁਆਉਣਾ ਵੀ ਸੰਭਵ ਨਹੀਂ ਹੁੰਦਾ।


ਜੇ ਕੋਈ ਅਜਿਹਾ ਯਤਨ ਕਰਦਾ ਹੈ, ਉਹ ਯਤਨ ਚਾਹੇ ਊਣਾ-ਅਧੂਰਾ ਹੀ ਹੋਵੇ, ਪ੍ਰਸੰਸਾ ਦਾ ਅਧਿਕਾਰੀ ਹੁੰਦਾ ਹੈ। ਹਰੇਕ ਵਿਅਕਤੀ ਦੀਆਂ ਕੁਝ ਕਰਤੂਤਾਂ, ਕੁਝ ਕਾਰਨਾਮੇ ਅਜਿਹੇ ਹੁੰਦੇ ਹਨ ਜੋ ਸਾਰੀ ਉਮਰ ਬਾਹਰਲੀ ਹਵਾ ਲੱਗੇ ਬਿਨਾਂ ਉਸ ਦੇ ਨਾਲ ਹੀ ਚਿਤਾ ਵਿਚ ਜਾ ਮਚਦੇ ਹਨ। ਗੁਰਦਿਆਲ ਵਰਗਾ ਕੋਈ ਹਿੰਮਤੀ ਜਦੋਂ ਆਪਣੇ ਅੰਦਰਲੇ ਦੇ ਓਨੇ ਦਰਸ਼ਨ ਵੀ ਬੇਝਿਜਕ ਹੋ ਕੇ ਕਰਵਾਉਂਦਾ ਹੈ ਜਿੰਨੇ ਦੇ ਉਹ ਕਰਾਉਣੇ ਚਾਹੁੰਦਾ ਹੋਵੇ, ਉਹ ਵੀ ਕਦਰਜੋਗ ਤੇ ਸੁਆਗਤਜੋਗ ਹੁੰਦੇ ਹਨ।

ਹੁਣ ਤੱਕ ਗੁਰਦਿਆਲ ਦੀਆਂ 14 ਮੌਲਿਕ ਪੁਸਤਕਾਂ ਛਪ ਚੁੱਕੀਆਂ ਹਨ। ਇਨ੍ਹਾਂ ਵਿਚ 6 ਕਹਾਣੀ-ਸੰਗ੍ਰਹਿ, 1 ਮਿੰਨੀ ਕਹਾਣੀ-ਸੰਗ੍ਰਹਿ, 3 ਗ਼ਜ਼ਲ-ਸੰਗ੍ਰਹਿ, 1 ਨਾਵਲ, 1 ਸਵੈਜੀਵਨੀ, 1 ਯਾਦਾਂ ਤੇ 1 ਵਿਅੰਗ-ਸੰਗ੍ਰਹਿ ਸ਼ਾਮਲ ਹਨ। ਇਕ ਪੁਸਤਕ ਦਾ ਇਹਨੇ ਸੰਪਾਦਨ ਵੀ ਕੀਤਾ ਹੈ। ਕਿੱਥੋਂ ਤੁਰ ਕੇ ਇਹ ਕਿੱਥੇ ਪਹੁੰਚਿਆ ਹੈ, ਇਹ ਇਹਦੇ ਲਈ ਯਕੀਨਨ ਮਾਣ ਕਰਨ ਵਾਲੀ ਤੇ ਦੂਜਿਆਂ ਲਈ ਇਹਦੀ ਪ੍ਰਸੰਸਾ ਕਰਨ ਵਾਲੀ ਗੱਲ ਹੈ!

# ਦੋ ਬੀਘਾ ਜ਼ਮੀਨ: ਸੰਕਟ ਵਿਚ ਜੂਝਦੇ ਬੰਦੇ ਦੀ ਕਹਾਣੀ

***ਫਿਲਮ 'ਦੋ ਬੀਘਾ ਜ਼ਮੀਨ' ਬਿਮਲ ਰਾਏ ਦੀ ਮਿਸਾਲੀ ਫਿਲਮ ਹੈ। ਇਸ ਵਿਚ ਅਦਾਕਾਰ ਬਲਰਾਜ ਸਾਹਨੀ ਆਪਣੇ ਨਿਖਰੇ ਰੂਪ-ਰੰਗ ਵਿਚ ਪੇਸ਼ ਹੋਇਆ। ਇਹ ਫਿਲਮ ਰਾਬਿੰਦਰਨਾਥ ਟੈਗੋਰ ਦੀ ਕਵਿਤਾ 'ਦੁਈ ਬੀਘਾ ਜੋਮੀ' ਨੂੰ ਆਧਾਰ ਬਣਾ ਕੇ ਬਣਾਈ ਗਈ। ਇਸ ਵਿਚ ਕਿਸਾਨੀ ਦੇ ਸੰਕਟ ਅਤੇ ਸੰਘਰਸ਼ ਨੂੰ ਦਿਖਾਇਆ ਗਿਆ ਹੈ। ਫਿਲਮ ਦੇਖ ਕੇ ਇਹ ਗੱਲ ਸਮਝ ਆਉਂਦੀ ਹੈ ਕਿ ਕਿਸਾਨ ਵਾਸਤੇ ਜ਼ਮੀਨ ਕੀ ਮਾਇਨੇ ਰੱਖਦੀ ਹੈ।***








*ਫਿਲਮ 'ਦੋ ਬੀਘਾ ਜ਼ਮੀਨ' ਦੇ ਦੋ ਪੋਸਟਰ, ਫਿਲਮ ਦੇ ਇਕ ਦ੍ਰਿਸ਼ ਵਿਚ ਬਲਰਾਜ ਸਾਹਨੀ ਤੇ ਨਿਰੂਪਾ ਰਾਏ ਤੇ ਹੋਰ ਕਲਾਕਾਰ ਅਤੇ (ਐਨ ਸੱਜੇ) ਫਿਲਮ ਦੇ ਨਿਰਦੇਸ਼ਕ ਬਿਮਲ ਰਾਏ।*

ਜੇ ਤੁਸੀਂ 'ਦੋ ਬੀਘਾ ਜ਼ਮੀਨ' (1953) ਨਹੀਂ ਦੇਖੀ ਤਾਂ ਤੁਸੀਂ ਨਹੀਂ ਸਮਝ ਸਕਦੇ ਕਿ ਕਿਸੇ ਦੂਰ ਦ੍ਰਿਸ਼ਟੀ ਦੇ ਮਾਲਕ ਬੁੱਧੀਜੀਵੀ ਨੇ ਕਿਸਾਨ ਸੰਘਰਸ਼ ਬਾਰੇ ਪਹਿਲਾਂ ਹੀ ਦੱਸਿਆ ਹੋਇਆ ਹੈ, ਚਿਤਾਰ ਦਿੱਤਾ ਸੀ ਕਿ ਪੂੰਜੀਵਾਦੀ ਵਿਵਸਥਾ ਵਿਚ ਅਜਿਹੇ ਸੰਕਟ ਆਉਣਗੇ।



ਸ਼ਾਇਦ ਇਸ ਨੂੰ ਦੇਖੇ ਬਗ਼ੈਰ ਇਹ ਵੀ ਨਹੀਂ ਸਮਝ ਸਕਦੇ ਕਿ ਕਿਸਾਨ ਵਾਸਤੇ ਜ਼ਮੀਨ ਕੀ ਮਾਇਨੇ ਰੱਖਦੀ ਹੈ। ਉਸ ਵਾਸਤੇ ਇਸ ਦੇ ਕੀ ਅਰਥ ਹਨ। ਇਸ

**ਤਰਸੇਮ ਬਸ਼ਰ**

ਫਿਲਮ ਦੀ ਕਲਪਨਾ ਪਿੱਛੇ ਰਬਿੰਦਰ ਨਾਥ ਠਾਕੁਰ ਦੀ ਕਵਿਤਾ ਪ੍ਰੇਰਨਾ ਸਰੋਤ ਬਣੀ ਸੀ। ਇਹ ਕਵਿਤਾ ਕਿਸਾਨ ਅਤੇ ਮਿੱਟੀ ਦੇ ਪਰਸਪਰ ਭਾਵਨਾਤਮਕ ਲਗਾਅ 'ਤੇ ਆਧਾਰਿਤ ਸੀ। ਸਪਸ਼ਟ ਸੁਨੇਹਾ ਸੀ ਕਿ ਕਿਸਾਨ ਦੀ ਹੋਂਦ ਉਸ ਦੀ ਮਿੱਟੀ ਅਤੇ ਜ਼ਮੀਨ ਨਾਲ ਬਾਵਸਤਾ ਹੈ।

ਬੰਗਲਾ ਪਿੱਠਭੂਮੀ 'ਤੇ ਬਣੀ ਦੋ ਬੀਘਾ ਜ਼ਮੀਨ ਵਿਚ ਨਾਇਕ ਸਨ ਬਲਰਾਜ ਸਾਹਨੀ। ਇਹ ਦੋ ਵਿੱਘਿਆ ਦੇ ਮਾਲਕ ਐਸੇ ਕਿਸਾਨ ਦੀ ਕਹਾਣੀ ਜੋ ਜੋ ਆਪਣੇ ਦੋ ਵਿੱਘਿਆਂ ਨੂੰ ਬਚਾਉਣ ਲਈ ਅਨੇਕਾਂ ਦੁੱਖ ਸਹਿੰਦਾ ਹੈ। ਉਸ ਦਾ ਪਰਿਵਾਰ ਉੱਜੜ ਜਾਂਦਾ ਹੈ ਪਰ ਉਹ ਅਜਾਰੇਦਾਰਾਂ ਤੋਂ ਆਪਣੀ ਜ਼ਮੀਨ ਨਹੀਂ ਬਚਾਅ ਸਕਿਆ।

ਗੰਗੂ ਮਹਿਤੋ ਦਾ ਪਰਿਵਾਰ ਛੋਟਾ ਹੈ ਪਰ ਬਹੁਤ ਗ਼ਰੀਬ ਹੈ। ਉਨ੍ਹਾਂ ਕੋਲ ਦੋ ਵਿੱਘੇ ਜ਼ਮੀਨ ਹੈ ਜੋ ਠਾਕੁਰ ਦੀ ਜ਼ਮੀਨ ਨਾਲ ਲੱਗਦੀ ਹੈ ਜ਼ਿਮੀਂਦਾਰ ਨਾਲ ਲੈਣ ਦੇਣ ਚੱਲਦਾ ਰਹਿੰਦਾ ਹੈ; ਲਗਾਨ ਦਾ ਵੀ ਤੇ ਕਰਜ਼ ਦਾ ਵੀ। ਗੰਗੂ ਹੁਣ ਬੁੱਢਾ ਹੋ ਗਿਆ ਹੈ ਤਾਂ ਸ਼ੰਭੂ ਮਹਿਤੋ ਉਸ ਦਾ ਜਵਾਨ ਪੁੱਤਰ ਹੈ ਜੋ ਹਾਲੇ ਵੀ ਮਾਨਸਿਕ ਤੌਰ 'ਤੇ ਉਸ ਉਤੇ ਨਿਰਭਰ ਹੈ। ਉਸ ਦੀ ਬੀਵੀ ਹੈ ਪਾਰੋ ਅਤੇ ਬੱਚਾ ਕਨ੍ਹੱਈਆ। ਵੈਸੇ ਹੁਣ ਸਾਰੀ ਜ਼ਿੰਮੇਵਾਰੀ ਸ਼ੰਭੂ ਮਹਿਤੋ ਸੰਭਾਲ ਰਿਹਾ ਹੈ।


ਇਹ ਜ਼ਿਮੀਦਾਰੀ ਦਾ ਦੌਰ ਹੈ।

ਜ਼ਿਮੀਦਾਰ ਠਾਕੁਰ ਹਰਨਾਮ ਸਿੰਘ ਕੋਲ ਅਥਾਹ ਦੌਲਤ ਹੈ ਅਤੇ ਇੱਕ ਦਿਨ ਉਸ ਕੋਲ ਕਲਕੱਤੇ (ਹੁਣ ਕੋਲਕਾਤਾ) ਤੋਂ ਵਪਾਰੀ ਆਉਂਦੇ ਹਨ ਜੋ ਉਸ ਦੀ ਜ਼ਮੀਨ 'ਤੇ ਫੈਕਟਰੀ ਲਾਉਣਾ ਚਾਹੁੰਦੇ ਹਨ। ਠਾਕੁਰ ਹਰਨਾਮ ਸਿੰਘ ਉਨ੍ਹਾਂ ਨੂੰ ਇਸ ਵਾਸਤੇ ਹਾਂ ਕਰ ਦਿੰਦਾ ਹੈ ਪਰ ਅੜਿੱਕਾ ਹੈ ਕਿ ਉਸ ਵਿਚ ਦੋ ਵਿੱਘੇ ਜ਼ਮੀਨ ਸ਼ੰਭੂ ਮਹਿਤੋ ਦੀ ਹੈ। ਠਾਕੁਰ ਹਰਨਾਮ ਸਿੰਘ ਨੂੰ ਵਿਸ਼ਵਾਸ ਹੈ ਕਿ ਸ਼ੰਭੂ ਉਸ ਨੂੰ ਦੋ ਵਿੱਘੇ ਜ਼ਮੀਨ ਦੇ ਦੇਵੇਗਾ, ਉਹ ਉਸ ਤੋਂ ਕਿਸੇ ਵੀ ਸੂਰਤ ਵਿਚ ਬਾਹਰ ਨਹੀਂ ਹੋ ਸਕਦਾ ਪਰ ਅਜਿਹਾ ਨਹੀਂ ਹੁੰਦਾ। ਸ਼ੰਭੂ ਮਹਿਤੋ ਠਾਕੁਰ ਹਰਨਾਮ ਸਿੰਘ ਨੂੰ ਕਹਿੰਦਾ ਹੈ ਕਿ ਉਸ ਦੀ ਹਸਤੀ, ਉਸ ਦੇ ਪਰਿਵਾਰ ਦੀ ਹੋਂਦ ਤਾਂ ਉਸੇ ਦੋ ਵਿੱਘੇ ਜ਼ਮੀਨ ਨਾਲ ਜੁੜੀ ਹੋਈ ਹੈ। ਇਹ ਜ਼ਮੀਨ ਮਾਤਰ ਨਹੀਂ ਹੈ, ਇਹ ਉਹਨਾਂ ਲਈ ਹੋਰ ਵੀ ਬਹੁਤ ਕੁਝ ਹੈ। ਉਹ, ਇਹ ਜ਼ਮੀਨ ਉਨ੍ਹਾਂ ਨੂੰ ਨਹੀਂ ਦੇ ਸਕਦਾ। ਠਾਕੁਰ ਉਸ ਨੂੰ ਸਮਝਾਉਂਦਾ ਵੀ ਹੈ ਅਤੇ ਧਮਕਾਉਂਦਾ ਵੀ ਹੈ। ਉਹ ਕਹਿੰਦਾ ਹੈ ਕਿ ਫੈਕਟਰੀ ਲੱਗਣ ਨਾਲ ਸਾਰੇ ਪਿੰਡ ਵਿਚ ਖ਼ੁਸ਼ਹਾਲੀ ਆ ਜਾਵੇਗੀ, ਉਸ ਨੂੰ ਵੀ ਨੌਕਰੀ ਮਿਲ ਜਾਵੇਗੀ, ਪਿੰਡ ਵਾਲਿਆਂ ਨੂੰ ਵੀ ਪਰ ਸ਼ੰਭੂ ਕੁਝ ਵੀ ਸਮਝਣ ਨੂੰ ਤਿਆਰ ਨਹੀਂ। ਉਹ ਆਪਣੀ ਜ਼ਮੀਨ ਵੇਚਣ ਲਈ ਤਿਆਰ ਨਹੀਂ ਹੁੰਦਾ।

ਗੁੱਸੇ ਹੋਇਆ ਠਾਕੁਰ ਸ਼ੰਭੂ ਮਹਿਤੋ ਤੋਂ ਬਦਲਾ ਲੈਣ ਦੀ ਸੋਚਦਾ ਹੈ। ਦਰਅਸਲ, ਉਸ ਨੂੰ ਮਾਨਸਿਕ ਤੌਰ 'ਤੇ ਤੋੜਨ ਦੇ ਯਤਨ ਆਰੰਭ ਦਿੰਦਾ ਹੈ। ਉਹ ਸੰਭੂ ਮਹਿਤੋ ਨੂੰ ਦੂਜੇ ਦਿਨ ਤੱਕ ਬਕਾਇਆ ਕਰਜ਼ਾ ਮੋੜਨ ਬਾਰੇ ਹੁਕਮ ਦਿੰਦਾ ਹੈ। ਸ਼ੰਭੂ ਮਹਿਤੋ ਠਾਕੁਰ ਦੀ ਮਿੰਨਤ ਕਰਦਾ ਹੈ ਪਰ ਠਾਕੁਰ ਉਸ ਨਾਲ ਖ਼ਫ਼ਾ ਹੈ ਅਤੇ ਆਪਣੇ ਹੁਕਮ 'ਤੇ ਅਡਿੱਗ ਰਹਿੰਦਾ ਹੈ। ਸ਼ੰਭੂ ਘਰ ਦਾ ਸਾਰਾ ਕੁਝ ਵੇਚ ਕੇ, ਆਪਣੀ ਪਤਨੀ ਪਾਰਵਤੀ ਦੇ ਗਹਿਣੇ ਤੱਕ ਵੇਚ ਕੇ ਆਪਣੇ ਅੰਦਾਜ਼ੇ ਨਾਲ ਓਨੇ ਕੁ ਪੈਸੇ ਇਕੱਠੇ ਕਰਦਾ ਹੈ ਜੋ ਉਸ ਅਨੁਸਾਰ ਉਸ ਵੱਲ ਨਿਕਲਦੇ ਹਨ ਪਰ ਠਾਕੁਰ ਦੀ ਨੀਅਤ ਵਿਚ ਬੇਈਮਾਨੀ ਹੈ। ਉਹ ਉਸ ਵੱਲ ਨਿਕਲਦੇ ਪੈਸਿਆਂ ਦਾ ਚਾਰ ਗੁਣਾਂ ਉਸ ਵੱਲ ਕੱਢ ਦਿੰਦਾ ਹੈ; ਉਸ ਅਨੁਸਾਰ, ਇਸ ਲੈਣ ਦੇਣ ਵਿਚ ਸ਼ੰਭੂ ਦਾ ਅੰਗੂਠਾ ਵੀ ਲੱਗਿਆ ਹੋਇਆ ਹੈ।

ਮਾਮਲਾ ਅਦਾਲਤ ਵਿਚ ਜਾਂਦਾ ਹੈ ਤਾਂ ਅਦਾਲਤ ਸ਼ੰਭੂ ਮਹਿਤੋ ਨੂੰ ਕਾਗਜ਼ਾਂ ਦੇ ਆਧਾਰ 'ਤੇ ਹੁਕਮ ਦਿੰਦੀ ਹੈ ਕਿ ਉਸ ਨੇ ਇਹ ਕਰਜ਼ਾ ਠਾਕੁਰ ਨੂੰ ਦੇਣਾ ਹੈ। ਉਸ ਕੋਲ ਤਿੰਨ ਮਹੀਨੇ ਹਨ, ਜੇਕਰ ਤਿੰਨ ਮਹੀਨਿਆਂ ਵਿਚ ਕਰਜ਼ਾ ਵਾਪਸ ਨਹੀਂ ਕੀਤਾ ਤਾਂ ਜਾਇਦਾਦ ਦਾ ਮਾਲਕ ਠਾਕੁਰ ਹਰਨਾਮ ਸਿੰਘ ਹੋਵੇਗਾ।

ਸ਼ੰਭੂ ਮਹਿਤੋ ਅਦਾਲਤ ਮੂਹਰੇ ਗਿੜਗਿੜਾਉਂਦਾ ਹੈ ਕਿ ਇਹ ਸੰਭਵ ਨਹੀਂ ਪਰ



***ਰਬਿੰਦਰਨਾਥ ਟੈਗੋਰ ਜਿਨ੍ਹਾਂ ਦੀ ਕਵਿਤਾ 'ਦੁਈ ਬੀਘਾ ਜੋਮੀ' ਦੇ ਆਧਾਰ 'ਤੇ ਇਹ ਫਿਲਮ ਬਣੀ।***

ਉਸ ਦੀ ਨਹੀਂ ਸੁਣੀ ਜਾਂਦੀ। ਇਨ੍ਹਾਂ ਮੁਸ਼ਕਿਲ ਹਾਲਾਤ ਵਿਚ ਸ਼ੰਭੂ ਮਹਿਤੋ ਤਿੰਨ ਮਹੀਨਿਆਂ ਵਿਚ ਪੈਸੇ ਜੁਟਾਉਣ ਲਈ ਕਲਕੱਤੇ ਚਲਾ ਜਾਂਦਾ ਹੈ। ਉਸ ਦਾ ਛੋਟਾ ਜਿਹਾ ਪੁੱਤਰ ਕਨ੍ਹੱਈਆ ਵੀ ਉਸ ਨਾਲ ਜਾਂਦਾ ਹੈ। ਸ਼ੰਭੂ ਮਹਿਤੋ ਉਥੇ ਹੱਥ ਰਿਕਸ਼ਾ ਚਲਾਉਂਦਾ ਹੈ, ਉਹ ਰਿਕਸ਼ਾ ਜੋ ਆਦਮੀ ਖ਼ੁਦ ਭੱਜ ਕੇ ਖਿੱਚਦਾ ਹੈ। ਇਹ ਬੜੀ ਮੁਸ਼ੱਕਤ ਦਾ ਕੰਮ ਹੈ ਜੋ ਸ਼ੰਭੂ ਨੇ ਕਦੇ ਕੀਤਾ ਵੀ ਨਹੀਂ ਹੁੰਦਾ ਪਰ ਜ਼ਮੀਨ ਬਚਾਉਣ ਲਈ ਇਹ ਉਹ ਇਹ ਸਭ ਕੁਝ ਕਰਦਾ ਹੈ।

ਕਲਕੱਤੇ ਰਹਿੰਦਿਆਂ ਸ਼ੰਭੂ ਮਹਿਤੋ ਦੀ ਜ਼ਿੰਦਗੀ ਵਿਚ ਕਈ ਉਤਰਾਅ ਚੜ੍ਹਾਅ ਆਉਂਦੇ ਹਨ। ਫਿਲਮ ਦੇ ਇਸ ਹਿੱਸੇ ਵਿਚ ਕਲਕੱਤੇ ਦੀ ਉਸ ਸਮੇਂ ਦੀ ਰਹਿਣੀ ਬਹਿਣੀ ਬੜੀ ਦਿਲਚਸਪ ਢੰਗ ਨਾਲ ਦਿਖਾਈ ਗਈ ਹੈ। ਪੈਸੇ ਵੱਧ ਤੋਂ ਵੱਧ ਕਮਾਉਣ ਦੇ ਲਾਲਚ ਵਿਚ ਸ਼ੰਭੂ ਮਹਿਤੋ ਇਕ ਦਿਨ ਦੁਰਘਟਨਾ ਦਾ ਸ਼ਿਕਾਰ ਹੋ ਜਾਂਦਾ ਹੈ। ਉੱਧਰ ਉਡੀਕ ਕਰਦੀ ਉਸ ਦੀ ਪਤਨੀ ਪਿੰਡੋਂ ਕਲਕੱਤੇ ਆ ਜਾਂਦੀ ਹੈ। ਉਹ ਵੀ ਦੁਰਘਟਨਾ ਦਾ ਸ਼ਿਕਾਰ ਹੋ ਜਾਂਦੀ ਹੈ ਤਾਂ ਅਚਾਨਕ ਸ਼ੰਭੂ ਮਹਿਤੋ ਦਾ ਮੇਲ ਉਸ ਨਾਲ ਕੋਲਕਾਤਾ ਵਿਖੇ ਹੋ ਜਾਂਦਾ ਹੈ। ਬੱਚਾ ਕਨ੍ਹੱਈਆ ਵੀ ਕਲਕੱਤੇ ਵਿਚ ਜ਼ਮੀਨ ਬਚਾਉਣ ਲਈ ਮਿਹਨਤ ਕਰਦਾ ਹੈ। ਉਹ ਬੂਟ ਪਾਲਿਸ਼ ਕਰ ਕੇ ਜ਼ਮੀਨ ਬਚਾਉਣ ਲਈ ਪੈਸੇ ਜੋੜਦਾ ਹੈ ਪਰ ਹਾਲਾਤ ਉਨ੍ਹਾਂ ਨੂੰ ਪੈਸੇ ਜੋੜਨ ਨਹੀਂ ਦਿੰਦੇ।

ਇਹ ਸਾਰੇ ਤਿੰਨ ਮਹੀਨੇ ਆਪਣੀ ਹੋਂਦ ਦੀ ਹੀ ਨਹੀਂ, ਜ਼ਿੰਦਗੀ ਦੀ ਲੜਾਈ ਵੀ ਲੜਦੇ ਹਨ ਪਰ ਰਕਮ ਜੋੜਨ ਵਿਚ ਸਫਲ ਨਹੀਂ ਹੁੰਦੇ ਅਤੇ ਵਾਪਸ ਪਿੰਡ ਆ ਜਾਂਦੇ ਹਨ। ਉਨ੍ਹਾਂ ਦੇਖਿਆ ਕਿ ਉਨ੍ਹਾਂ ਦੀ ਜ਼ਮੀਨ ਦੀ ਤਾਂ ਨਿਲਾਮੀ ਹੋ ਰਹੀ ਹੈ, ਇਹ ਨਿਲਾਮੀ ਹੋ ਵੀ ਜਾਂਦੀ ਹੈ ਅਤੇ ਠਾਕੁਰ ਹਰਨਾਮ ਸਿੰਘ ਉਥੇ ਫੈਕਟਰੀ ਖੜ੍ਹੀ ਕਰਨ ਦੀਆਂ ਤਿਆਰੀਆਂ ਕਰ ਰਿਹਾ ਹੈ।

ਸ਼ੰਭੂ ਦਾ ਪਰਿਵਾਰ ਗਹਿਰੀ ਨਿਰਾਸ਼ਾ ਵਿਚ ਹੈ। ਉਹ ਆਪਣੀ ਜ਼ਮੀਨ ਤੋਂ ਬਗੈਰ ਆਪਣੀ ਹਸਤੀ ਬਾਰੇ ਸੋਚ ਵੀ ਨਹੀਂ ਸਕਦਾ। ਜ਼ਮੀਨ ਗੁਆ ਚੁੱਕਿਆ ਪਰਿਵਾਰ ਪਿੰਡ ਛੱਡ ਰਿਹਾ ਹੁੰਦਾ ਹੈ ਕਿ ਫਿਲਮ ਖ਼ਤਮ ਹੋ ਜਾਂਦੀ ਹੈ। ਇਹ ਬਹੁਤ ਉਦਾਸ ਸਮਾਪਤੀ ਹੈ ਜੋ ਇਸ ਫਿਲਮ ਨੂੰ ਦੂਜੀਆਂ ਰਵਾਇਤੀ ਫਿਲਮਾਂ ਤੋਂ ਵੱਖ ਕਰਦੀ ਹੈ। ਅੰਤ ਅਲਵਿਦਾ ਹੁੰਦਾ ਵੀ ਕਿਉਂ? ਮਜ਼ਲੂਮ ਦਾ ਜਗੀਰਦਾਰ ਤੋਂ ਜਿਤਨਾ ਕਿਵੇਂ ਸੰਭਵ ਹੋਵੇ?

ਇਸ ਫਿਲਮ ਦੀ ਪਟਕਥਾ ਰਿਸ਼ੀਕੇਸ਼ ਮੁਕਰਜੀ ਨੇ ਲਿਖੀ ਸੀ। ਉਸ ਸਮੇਂ ਅਜਿਹੀ ਪਟਕਥਾ ਲਿਖਣੀ ਆਸਾਨ ਨਹੀਂ ਸੀ ਜਿਸ ਵਿਚ ਕੋਈ ਪ੍ਰੇਮ ਕਹਾਣੀ ਨਹੀਂ। ਪ੍ਰੇਮ ਹੈ ਤਾਂ ਸਿਰਫ ਆਪਣੀ ਮਿੱਟੀ ਨਾਲ ਜਿਸ ਕਾਰਨ ਫਿਲਮ ਦੇ ਪੂਰੇ ਕਿਰਦਾਰ ਅਨੇਕਾਂ ਦੁੱਖ ਸਹਿੰਦੇ ਹਨ। ਬਿਮਲ ਰਾਏ, ਰਿਸ਼ੀਕੇਸ ਮੁਖਰਜੀ, ਬਲਰਾਜ ਸਾਹਨੀ ਅਤੇ ਰਵਿੰਦਰ ਨਾਥ ਠਾਕੁਰ ਸਾਹਮਣੇ ਸਿਰ ਝੁਕਦਾ ਹੈ ਜਿਨ੍ਹਾਂ ਨੇ ਅਨੇਕਾਂ ਦਹਾਕਿਆਂ ਪਹਿਲਾਂ ਹੀ ਮੌਜੂਦਾ ਹਾਲਾਤ ਬਾਰੇ ਲਿਖ ਦਿੱਤਾ ਸੀ, ਜ਼ਮਾਨੇ ਅੱਗੇ ਰੱਖ ਦਿੱਤਾ ਸੀ।

ਕਿਸਾਨ ਅੰਦੋਲਨ ਦੌਰਾਨ ਮੈਨੂੰ ਇਹ ਫਿਲਮ ਕਈ ਵਾਰ ਯਾਦ ਆਈ ਸੀ।

ਸਲਾਮ... ਬਿਮਲ ਰਾਏ ਸਰ...।

ਫਿਲਮ ਵਿਚ ਸੰਗੀਤ ਸਲਿਲ ਚੌਧਰੀ ਦਾ ਹੈ। ਇਸ ਵਿਚ ਜਗਦੀਪ ਚੜ੍ਹਦੀ ਉਮਰ ਦੇ ਮੁੰਡੇ ਦੀ ਭੂਮਿਕਾ ਵਿਚ ਨਜ਼ਰ ਆਉਂਦਾ ਹੈ। ਕਲਕੱਤੇ ਵਿਚ ਪਹਿਲਾਂ ਹੱਥ ਰਿਕਸ਼ਾ ਚੱਲਦੇ ਸਨ, ਮਨੁੱਖ ਹੀ ਮਨੁੱਖ ਨੂੰ ਢੋਂਹਦਾ ਸੀ। ਬਿਲਕੁਲ ਅਮਾਨਵੀ ਵਰਤਾਰਾ। ਕਹਿੰਦੇ ਹਨ, ਆਪਣੇ ਪਾਤਰ ਅੰਦਰ ਸੁਭਾਵਿਕਤਾ ਲਿਆਉਣ ਲਈ ਬਲਰਾਜ ਸਾਹਨੀ ਫਿਲਮਾਂਕਣ ਤੋਂ ਪਹਿਲਾਂ ਕੁਝ ਸਮਾਂ ਇਹ ਰਿਕਸ਼ਾ ਚਲਾਉਂਦੇ ਰਹੇ ਤਾਂ ਕਿ ਚਿਹਰੇ 'ਤੇ ਉਹੀ ਭਾਵ ਆ ਸਕੇ ਜੋ ਅਜਿਹੀ ਮੁਸ਼ੱਕਤ ਦਾ ਕੰਮ ਕਰਨ ਵਾਲੇ ਦੇ ਚਿਹਰੇ 'ਤੇ ਹੁੰਦਾ ਹੈ। ਇਸ ਦੌਰਾਨ ਉਹ ਬਿਮਾਰ ਵੀ ਹੀ ਗਏ ਸਨ।

ਪੰਜਾਬੀ ਪਿਠਭੂਮੀ ਨਾਲ ਬਾਵਸਤਾ ਇਸ ਮਹਾਨ ਫ਼ਨਕਾਰ ਨੇ ਸ਼ੋਸ਼ਿਤ ਬੰਗਲਾ ਕਿਸਾਨ ਦੀ ਭੂਮਿਕਾ ਵਿਚ ਅਜਿਹੀ ਅਦਾਇਗੀ ਦਿੱਤੀ ਕਿ ਜਿਸ ਦੀ ਮਿਸਾਲ ਕਿਤੇ ਹੋਰ ਨਹੀਂ ਮਿਲਦੀ।

# ਅਦਾਕਾਰਾ ਰੀਆ ਚੱਕਰਵਰਤੀ ਦੀ ਵਾਪਸੀ

ਅਦਾਕਾਰਾ ਰੀਆ ਚੱਕਰਵਰਤੀ ਨੇ ਫਿਲਮ ਸੈੱਟ 'ਤੇ ਤਿੰਨ ਸਾਲ ਬਾਅਦ ਵਾਪਸੀ ਕੀਤੀ ਹੈ। ਮਰਹੂਮ ਅਦਾਕਾਰ ਸੁਸ਼ਾਂਤ ਸਿੰਘ ਰਾਜਪੂਤ ਦੇ ਪਰਿਵਾਰ ਵਾਲਿਆਂ ਨੇ ਰੀਆ ਨੂੰ ਉਸ ਦੀ ਮੌਤ ਲਈ ਕਸੂਰਵਾਰ ਠਹਿਰਾਇਆ ਸੀ। ਸੁਸ਼ਾਂਤ ਦੀ ਸਾਲ 2020 ਵਿਚ ਮੌਤ ਹੋਣ ਤੋਂ ਬਾਅਦ ਰੀਆ ਨੇ ਫਿਲਮਾਂ ਤੋਂ ਲੰਬਾ ਸਮਾਂ ਦੂਰੀ ਬਣਾਈ ਰੱਖੀ।

ਰੀਆ ਨੇ ਹੁਣ ਇਕ ਵੀਡੀਓ ਜਾਰੀ ਕਰ ਕੇ ਆਖਿਆ, "ਸਮਾਂ ਕਾਫੀ ਔਖਾ ਰਿਹਾ ਹੈ ਤੇ ਮੈਂ ਫਿਲਮ ਸੈੱਟ 'ਤੇ ਵਾਪਸੀ ਕਰ ਲਈ ਹੈ।" ਉਸ ਨੇ ਕਲਿੱਪ ਵੀ ਸਾਂਝੀ ਕੀਤੀ ਜਿਸ ਵਿਚ



ਉਹ ਆਪਣਾ ਮੇਕਅੱਪ ਕਰਵਾਉਂਦੀ ਨਜ਼ਰ ਆ ਰਹੀ ਹੈ। ਜਦੋਂ ਉਸ ਨੂੰ ਵਾਪਸੀ ਬਾਰੇ ਪੁੱਛਿਆ ਤਾਂ ਉਸ ਨੇ ਕਿਹਾ, "ਮੈਂ ਤਿੰਨ ਸਾਲਾਂ ਤੋਂ ਸ਼ੂਟਿੰਗ ਨਹੀਂ ਕੀਤੀ ਪਰ ਮੈਂ ਸੈੱਟ 'ਤੇ ਵਾਪਸ ਆ ਗਈ ਹਾਂ। ਮੈਨੂੰ ਵੈਨਿਟੀ ਵੈਨ ਬਿਲਕੁਲ ਨਵੀਂ ਮਹਿਸੂਸ ਹੋ ਰਹੀ ਹੈ ਪਰ ਮੈਂ ਵਾਪਸੀ ਕਰ ਕੇ ਬਹੁਤ ਖ਼ੁਸ਼ ਹਾਂ।" ਦੱਸਣਾ ਬਣਦਾ ਹੈ ਕਿ ਸੁਸ਼ਾਂਤ ਸਿੰਘ ਰਾਜਪੂਤ ਦੀ ਰਹੱਸਮਈ ਹਾਲਾਤ ਵਿੱਚ ਮੌਤ ਹੋ ਗਈ ਸੀ। ਉਸ ਦੀ ਮੌਤ ਤੋਂ ਕੁਝ ਦਿਨ ਬਾਅਦ ਅਦਾਕਾਰ ਦੇ ਪਿਤਾ ਨੇ ਰੀਆ ਖਿਲਾਫ ਖ਼ੁਦਕੁਸ਼ੀ ਲਈ ਉਕਸਾਉਣ ਅਤੇ ਮਨੀ ਲਾਂਡਰਿੰਗ ਦੇ ਦੋਸ਼ ਹੇਠ ਕੇਸ ਦਰਜ ਕਰਵਾਇਆ ਸੀ।

# Noblesville

## *Trucks & Trailer Repair Shop*

**15203 Stony Creek Way,
Noblesville, IN 46060**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Sam Bhullar: 317-995-2020
Gurbaksh S Randhawa
Call: 317-800-2976

# Reliable

## *Trucks & Trailer Repair Shop*

**7401 Brookville Road
Indianapolis, IN 46239**



Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Gurbaksh S Randhawa:
317-800-2976
Sam Bhullar: 317-995-2020

# Reliable



## *Semi Trucks & Trailer Repair Shop*

**5520S Harding St., Suite : C,
Indianapolis, IN 46217**

Truck & Trailer Alignment
Truck Oil Change
Truck & Trailer Brakes
Shock and Chambers
Drive Lines & AC Work
Tire Chnage, Repair, And Balance
Reefer Oil Change * DPF Work
Nox Sensor
Truck & Trailer Bushings
Air Compressor * Air Dryer
Radiator Change

Jasbir Singh: 317-702-6302
Gurbaksh S Randhawa:
317-800-2976

# TRUCK PARTS KING USA

## Heavy duty Trucks & Trailer Parts

## 7401 Brookville Road
## Indianapolis, IN 46239

**We will sell Trucks & Trailers tires as well.**

*COMING SOON...*

Gurbaksh S Randhawa
Call: 317-800-2976
Sam Bhullar: 317-995-2020